ਕੁਲ ਸੰਸਾਰ ਇਕ ਪਰਵਾਰ...

# ਨਵੀਂ ਦੁਨੀਆ

# Nawi Dunia

Free

ਸਾਲ: 1 ਅੰਕ : 9 Phone : 780 465 9118, 403 775 2100 Fax: 780 465 0661, e-mail: info@nawidunia.com ਸਤੰਬਰ-2010




16 ਸਤੰਬਰ- ਜਨਮ ਦਿਨ
ਗੁਰਸ਼ਰਨ ਸਿੰਘ, ਨਾਟਕਕਾਰ


63 ਸਾਲ ਦੀ ਆਜ਼ਾਦੀ ਦੇ ਯਥਾਰਥ ਪੰਨਾ-10



ਆਪਣੇ ਆਪ ਵਿਚ ਸਿਮਟੇ ਵੋਟਰ- ਮ੍ਰਿਣਾਲ ਪਾਂਡੇ ਪੰਨਾ-13



ਮੇਰੀ ਮੰਜੀ ਦੇ ਤਿੰਨ ਪਾਵੇ ਹਨ-ਪ੍ਰੇਮ ਪ੍ਰਕਾਸ਼ ਪੰਨਾ-28



ਕਾਮਨ 'ਵੈਲਥ' ਦੀ ਲੁੱਟ ਪੰਨਾ-37




## ਡਾ. ਮਨਮੋਹਨ ਸਿੰਘ ਨੇ ਕਿਹਾ - ਕਾਂਗਰਸ ਤੇ ਸਰਕਾਰ ਵਿਚਾਲੇ ਮਤਭੇਦ ਨਹੀਂ

# ਮੈਂ ਰਿਟਾਇਰ ਨਹੀਂ ਹੋ ਰਿਹਾ




ਨਵੀਂ ਦਿੱਲੀ (ਨ.ਦ.ਬ) ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸਾਫ ਕਰ ਦਿੱਤਾ ਹੈ ਕਿ ਉਹ ਹਾਲੇ ਰਿਟਾਇਰ ਨਹੀਂ ਹੋਣਗੇ। ਉਨ੍ਹਾਂ ਦਾ ਮੰਨਣਾ ਹੈ ਕਿ ਮੌਜੂਦਾ ਦੌਰ ਵਿਚ ਦੇਸ਼ ਅੱਗੇ ਤਿੰਨ ਸਭ ਤੋਂ ਵੱਡੀਆਂ ਸਮੱਸਿਆਵਾਂ ਹਨ- ਨਕਸਲਵਾਦ, ਕਸ਼ਮੀਰ ਅਤੇ ਬਾਬਰੀ ਮਸਜਿਦ 'ਤੇ ਆਉਣ ਵਾਲਾ ਅਦਾਲਤ ਦਾ ਫੈਸਲਾ। ਉਨ੍ਹਾਂ ਨੇ ਆਪਣੀ ਸਰਕਾਰ ਅਤੇ ਕਾਂਗਰਸ ਪਾਰਟੀ ਵਿਚਾਲੇ ਵਧਦੀ ਦੂਰੀ ਤੋਂ ਇਨਕਾਰ ਕੀਤਾ ਅਤੇ ਕਿਹਾ ਕਿ ਸਹਿਯੋਗੀਆਂ ਵੱਲੋਂ ਵੱਖ ਵੱਖ ਰਾਏ ਜ਼ਾਹਰ ਕਰਨਾ ਜ਼ਰੂਰੀ ਨਹੀਂ ਕਿ ਝਗੜੇ ਦਾ ਸੰਕੇਤ ਹੋਵੇ। ਪ੍ਰਧਾਨ ਮੰਤਰੀ ਨੇ ਚੋਣਵੇਂ ਸੰਪਾਦਕਾਂ ਨਾਲ ਰੂ-ਬ-ਰੂ ਹੁੰਦਿਆਂ ਰਾਹੁਲ ਗਾਂਧੀ ਦੇ ਸੱਤਾ ਵਿਚ ਆਉਣ ਅਤੇ ਆਪਣੀ ਰਿਟਾਇਰਮੈਂਟ ਦੀਆਂ ਕਿਆਸਅਰਾਈਆਂ 'ਤੇ ਵਿਰਾਮ ਚਿੰਨ੍ਹ ਲਾਉਂਦੇ ਹੋਏ ਕਿਹਾ, 'ਮੇਰਾ ਮੰਨਣਾ ਹੈ ਕਿ ਕੈਬਨਿਟ ਜ਼ਿਆਦਾ ਨੌਜਵਾਨ ਹੋਣੀ ਚਾਹੀਦੀ ਹੈ ਪਰ ਮੈਂ ਹਾਲੇ ਰਿਟਾਇਰ ਹੋਣ ਦੀ ਨਹੀਂ ਸੋਚ ਰਿਹਾ।' ਉਨ੍ਹਾਂ ਨੇ ਰਾਹੁਲ ਗਾਂਧੀ ਦੇ ਇਸ ਵਿਚਾਰ ਨਾਲ ਸਹਿਮਤੀ ਪ੍ਰਗਟਾਈ ਕਿ ਦੇਸ਼ ਵਿਚ ਦੋ ਤਰ੍ਹਾਂ ਦੇ ਦੇਸ਼ ਹਨ-ਇਕ ਇੰਡੀਆ ਅਤੇ ਦੂਸਰਾ ਭਾਰਤ। ਅਰਥਸ਼ਾਸਤਰੀ ਪ੍ਰਧਾਨ ਮੰਤਰੀ ਦਾ ਮੰਨਣਾ ਹੈ ਕਿ ਜਦੋਂ ਤੱਕ ਪੇਂਡੂ ਅਰਥਵਿਵਸਥਾ ਨੂੰ ਮਜ਼ਬੂਤ ਨਹੀਂ ਕੀਤਾ ਜਾਵੇਗਾ ਉਦੋਂ ਤੱਕ ਇਹ ਫਰਕ ਨਹੀਂ ਮਿਟ ਸਕਦਾ। ਇਕ ਹੋਰ ਕਰਾਰਾ ਸਵਾਲ ਸੀ ਕਿ ਅਜਿਹਾ ਲਗਦਾ ਹੈ ਜਿਵੇਂ ਪਾਰਟੀ ਤੁਹਾਨੂੰ ਪਹਿਲੀ 'ਇਨਿੰਗ' ਦੇ ਮੁਕਾਬਲੇ ਕੁਝ ਘੱਟ ਸਮਰਥਨ ਦੇ ਰਹੀ ਹੈ। ਅਕਸਰ ਕੈਬਨਿਟ ਦੇ ਮੈਂਬਰ ਵੀ ਆਪਣੇ ਮਤਭੇਦ ਖੁੱਲ੍ਹ ਕੇ ਜ਼ਾਹਰ ਕਰਦੇ ਹਨ? ਇਸ 'ਤੇ ਉਨ੍ਹਾਂ ਦਾ ਜਵਾਬ ਸੀ, ਮੈਂ ਕਿਸੇ ਸਹਿਯੋਗੀ ਨੂੰ 'ਸ਼ਟਅਪ' ਤਾਂ ਨਹੀਂ ਕਹਿ ਸਕਦਾ ਪਰ ਸਾਡੇ ਸਾਰੇ ਫੈਸਲੇ ਲਗਭਗ ਸਰਬਸੰਮਤ ਹੁੰਦੇ ਹਨ। ਵਿਚਾਰਾਂ ਵਿਚ ਮਤਭੇਦ ਤਾਂ ਹੁੰਦਾ ਹੀ ਰਹਿੰਦਾ ਹੈ। ਪਾਰਟੀ ਅੰਦਰ ਆਲੋਚਨਾ ਝੱਲ ਰਹੇ ਗ੍ਰਹਿ ਮੰਤਰੀ ਪੀ. ਚਿਦੰਬਰਮ ਪ੍ਰਤੀ ਭਰੋਸਾ ਪ੍ਰਗਟਾਉਂਦੇ ਉਹਨਾਂ ਕਿਹਾ ਕਿ ਉਹ ਆਪਣਾ ਕੰਮ ਪੂਰੀ ਜ਼ਿੰਮੇਵਾਰੀ ਨਾਲ ਕਰ ਰਹੇ ਹਨ।

### ਸਵਾਲ

ਤੁਸੀਂ ਇਮਾਨਦਾਰ ਪ੍ਰਧਾਨ ਮੰਤਰੀ ਹੋ, ਪਰ ਤੁਹਾਡੇ ਮੰਤਰੀ ਮੰਡਲ ਦੇ ਮੈਂਬਰ ਜ਼ਿਆਦਾਤਰ ਭ੍ਰਿਸ਼ਟ ਮੰਨੇ ਜਾਂਦੇ ਹਨ?

ਜਵਾਬ-ਭ੍ਰਿਸ਼ਟਾਚਾਰ ਭਾਰਤ ਦੀ ਸਿਆਸਤ ਲਈ ਵੱਡੀ ਚੁਣੌਤੀ ਹੈ, ਪਰ ਹਰ ਵਿਰੋਧੀ ਨੂੰ ਭ੍ਰਿਸ਼ਟ ਦੱਸ ਕੇ ਉਸ ਦੀ ਨਿੰਦਾ ਨਹੀਂ ਕੀਤੀ ਜਾ ਸਕਦੀ। ਮੈਂ ਲੋੜੀਂਦੀ ਅਹਿਤਿਆਤ ਵਰਤੀ ਹੈ ਅਤੇ ਮੀਡੀਆ ਵਿਚ ਆਉਣ ਵਾਲੀਆਂ ਖਬਰਾਂ 'ਤੇ ਨਜ਼ਰ ਰੱਖੀ ਹੈ। ਅਸੀਂ ਅੱਗੋਂ ਵੀ ਸ਼ਿਕਾਇਤ ਮਿਲਣ 'ਤੇ ਕਾਰਵਾਈ ਕਰਾਂਗੇ।

### ਸਲਾਹ

ਸੁਪਰੀਮ ਕੋਰਟ ਨੂੰ-ਸਰਕਾਰ ਦੇ ਨੀਤੀਆਂ ਘੜਨ ਦੇ ਖੇਤਰ ਵਿਚ ਦਖਲ ਨਾ ਦਵੇ ਸੁਪਰੀਮ ਕੋਰਟ।

ਮੀਡੀਆ ਨੂੰ-ਮੈਂ ਪੀਪਲੀ ਲਾਈਵ ਫਿਲਮ ਦੇਖ ਲਈ ਅਤੇ ਤੁਹਾਨੂੰ ਲੋਕਾਂ ਨੂੰ ਵੀ ਇਹ ਦੇਖਣੀ ਚਾਹੀਦੀ ਹੈ।

### ਬਾਬਰੀ ਮਾਮਲਾ

ਬਾਬਰੀ ਮਾਮਲੇ ਵਿਚ ਆਉਣ ਵਾਲੇ ਫੈਸਲੇ ਤੋਂ ਬਾਅਦ ਅਣਕਿਆਸੀਆਂ ਸਥਿਤੀਆਂ 'ਤੇ ਉਨ੍ਹਾਂ ਦੀ ਟਿੱਪਣੀ ਸੀ ਕਿ ਦੇਸ਼ ਦੇ ਲੋਕ ਇਸ 'ਤੇ ਕਿਹੋ ਜਿਹੀ ਪ੍ਰਤੀਕ੍ਰਿਆ ਜ਼ਾਹਰ ਕਰਦੇ ਹਨ ਇਸ 'ਤੇ ਬਹੁਤ ਕੁਝ ਨਿਰਭਰ ਕਰੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਇਹ ਨਿਸ਼ਚਿਤ ਹੋਵੇਗਾ ਕਿ ਆਉਣ ਵਾਲੇ ਸਾਲਾਂ ਵਿਚ ਭਾਰਤ ਕਿਸ ਤਰ੍ਹਾਂ ਦੇ ਆਕਾਰ ਲਏਗਾ।

### ਕਸ਼ਮੀਰ

ਕਸ਼ਮੀਰ ਸਮੱਸਿਆ ਨੂੰ ਜਾਦੂ ਦੀ ਕਿਸੇ ਛੜੀ ਨਾਲ ਰਾਤੋ ਰਾਤ ਹੱਲ ਕਰਨ ਵਿਚ ਅਸਮਰਥਾ ਜ਼ਾਹਰ ਕਰਦੇ ਹੋਏ ਉਨ੍ਹਾਂ ਨੇ ਕਿਹਾ, 'ਮੈਂ ਤੁਹਾਡੇ ਨਾਲ ਵਾਅਦਾ ਨਹੀਂ ਕਰ ਸਕਦਾ ਕਿ ਮੈਂ ਆਪਣੇ ਹੈਟ ਤੋਂ ਕੋਈ ਖਰਗੋਸ਼ ਕੱਢ ਸਕਦਾ ਹਾਂ। ਦੇਸ਼ ਨੂੰ ਸੰਜਮ ਵਰਤਣਾ ਸਿੱਖਣਾ ਹੋਵੇਗਾ। ਪੁਲੀਸ ਬਲ ਨੂੰ ਵਧੇਰੇ ਅਧਿਕਾਰ ਮਿਲਣੇ ਚਾਹੀਦੇ ਹਨ।

### ਨਕਸਲਵਾਦ

ਪ੍ਰਧਾਨ ਮੰਤਰੀ ਨੇ ਕਿਹਾ ਕਿ ਨਕਸਲਵਾਦ ਪਹਿਲਾਂ ਤੋਂ ਕਿਤੇ ਵੱਧ ਘਾਤਕ ਰੂਪ ਲੈਂਦਾ ਜਾ ਰਿਹਾ ਹੈ। ਇਸ ਸਮੱਸਿਆ ਦਾ ਕੋਈ ਤੁਰੰਤ ਹੱਲ ਨਹੀਂ ਹੈ ਅਤੇ ਨਾ ਹੀ ਇਸ ਦਾ ਸਰਲੀਕਰਨ ਕੀਤਾ ਜਾ ਸਕਦਾ ਹੈ। ਬਿਹਾਰ ਅੱਜ ਖਬਰ ਵਿਚ ਹੈ ਪਰ ਝਾਰਖੰਡ ਦੇ ਜ਼ਿਆਦਾਤਰ ਜ਼ਿਲੇ ਇਸ ਸਮੱਸਿਆ ਤੋਂ ਪੀੜਤ ਹਨ।

# ਬਾਦਲ ਦੀ ਤਨਖਾਹ 300 ਫੀਸਦੀ ਵਧੀ



ਚੰਡੀਗੜ੍ਹ (ਨ.ਦ.ਬ) ਵਧਦੀ ਮਹਿੰਗਾਈ ਨਾਲ ਜੂਝ ਰਹੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਮੰਤਰੀਆਂ ਦੀਆਂ ਮੁਸ਼ਕਲਾਂ ਨੂੰ ਦੇਖਦੇ ਹੋਏ ਕੈਬਨਿਟ ਨੇ ਮੁੱਖ ਮੰਤਰੀ ਸਮੇਤ ਮੰਤਰੀਆਂ, ਵਿਧਾਇਕਾਂ, ਮੁੱਖ ਸੰਸਦੀ ਸਕੱਤਰਾਂ, ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖਾਹਾਂ ਵਿਚ ਵਾਧਾ ਕਰ ਦਿੱਤਾ ਹੈ। ਇਸ ਵਾਧੇ ਦਾ ਸਭ ਤੋਂ ਵੱਧ ਲਾਭ ਮੁੱਖ ਮੰਤਰੀ ਨੂੰ ਹੋਇਆ ਹੈ ਜਿਨ੍ਹਾਂ ਦੀ ਤਨਖਾਹ ਵਿਚ ਤਿੰਨ ਸੌ ਫੀਸਦੀ ਤੋਂ ਜ਼ਿਆਦਾ ਵਾਧਾ ਕੀਤਾ ਗਿਆ ਹੈ। ਉਨ੍ਹਾਂ ਨੂੰ ਹੁਣ 15 ਹਜ਼ਾਰ ਰੁਪਏ ਦੀ ਬਜਾਏ 50 ਹਜ਼ਾਰ ਰੁਪਏ ਤਨਖਾਹ ਮਿਲੇਗੀ। ਇਸ ਤੋਂ ਇਲਾਵਾ ਸਾਰੀਆਂ ਤਰ੍ਹਾਂ ਦੀਆਂ ਸਹੂਲਤਾਂ ਵੱਖਰੇ ਤੌਰ 'ਤੇ ਮਿਲਣਗੀਆਂ।


-ਵਿਸਥਾਰਤ ਖ਼ਬਰ ਪੜ੍ਹੋ ਸਫ਼ਾ -5 'ਤੇ


# ਕੈਨੇਡਾ ਨੇ ਭਾਰਤ ਨੂੰ ਜਾਅਲੀ ਇਮੀਗਰੇਸ਼ਨ ਸਲਾਹਕਾਰਾਂ 'ਤੇ ਸ਼ਿਕੰਜਾ ਕੱਸਣ ਲਈ ਕਿਹਾ



ਐਡਮਿੰਟਨ (ਨ.ਦ.ਬ) ਕੈਨੇਡਾ ਸਰਕਾਰ ਨੇ ਭਾਰਤ, ਫਿਲਪੀਨਜ਼ ਤੇ ਚੀਨ ਵਰਗੇ ਮੁਲਕਾਂ ਨੂੰ ਜਾਅਲੀ ਇਮੀਗਰੇਸ਼ਨ ਸਲਾਹਕਾਰਾਂ 'ਤੇ ਸ਼ਿਕਜਾ ਕੱਸਣ ਲਈ ਕਿਹਾ ਹੈ। ਭਾਰਤ ਦੀ ਫੇਰੀ ਤੋਂ ਪਹਿਲਾਂ ਕੈਨੇਡਾ ਦੇ ਇਮੀਗਰੇਸ਼ਨ ਮੰਤਰੀ ਜੈਸਨ ਕੈਨੀ ਨੇ ਅਖਬਾਰ 'ਗਲੋਬ ਐਂਡ ਮੇਲ' ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਹੈ ਕਿ ਉਹ ਆਪਣੀ ਭਾਰਤ ਦੀ ਫੇਰੀ ਦੌਰਾਨ ਅਧਿਕਾਰੀਆਂ ਨੂੰ ਕਹਿਣਗੇ ਕਿ ਉਹ ਉਨ੍ਹਾਂ ਧੋਖੇਬਾਜ਼ ਇਮੀਗਰੇਸ਼ਨ ਸਲਾਹਕਾਰਾਂ ਬਾਰੇ ਜਾਣਕਾਰੀ ਸਾਂਝੀ ਕਰਨ ਜੋ ਲੋਕਾਂ ਤੋਂ ਹਜ਼ਾਰਾਂ ਡਾਲਰ ਚਾਰਜ ਕਰਦੇ ਹਨ ਅਤੇ ਝੂਠੇ ਦਸਤਾਵੇਜ਼ਾਂ ਦੀ ਵਰਤੋਂ ਕਰਦੇ ਹਨ। ਕੈਨੇਡਾ ਦੇ ਚੰਡੀਗੜ੍ਹ ਵਿਚਲੇ ਦਫਤਰ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਖਾਸ ਤੌਰ 'ਤੇ ਕਿਹਾ ਕਿ ਉਥੇ ਹਜ਼ਾਰਾਂ ਝੂਠੇ ਦਸਤਾਵੇਜ਼ਾਂ ਦੀਆਂ ਕੁਝ ਉਦਾਹਰਣਾਂ ਦੇਣ ਲਈ ਸਾਡੇ ਕੋਲ ਇਕ 'ਸ਼ਰਮ ਦੀ ਦੀਵਾਰ' ਹੈ ਜਿਸ ਉਪਰ ਝੂਠੇ ਦਸਤਾਵੇਜ਼ ਚਿਪਕਾਏ ਹੋਏ ਹਨ। ਇਸ ਵਿਚ ਨਕਲੀ ਵਿਆਹ ਦੇ ਸਰਟੀਫਿਕੇਟ, ਨਕਲੀ ਮੌਤ ਦੇ ਸਰਟੀਫਿਕੇਟ, ਹਵਾਈ ਜਹਾਜ਼ਾਂ ਦੀਆਂ ਝੂਠੀਆਂ ਟਿਕਟਾਂ, ਬੈਂਕਾਂ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ। ਜ਼ਿਕਰਯੋਗ ਹੈ ਕਿ ਇਨ੍ਹਾਂ ਧੋਖੇਬਾਜ਼ ਸਲਾਹਕਾਰਾਂ ਕਾਰਨ ਬਹੁਤ ਸਾਰੇ ਸਹੀ ਕੇਸ ਵੀ ਰੱਦ ਹੋ ਜਾਂਦੇ ਹਨ। ਧੀਆਂ-ਪੁੱਤ ਆਪਣੇ ਮਾਪਿਆਂ ਦੇ ਸਸਕਾਰਾਂ ਵਿਚ ਸ਼ਾਮਲ ਹੋਣ ਤੋਂ ਵਾਂਝੇ ਰਹਿ ਜਾਂਦੇ ਹਨ ਅਤੇ ਮਾਪਿਆਂ ਨੂੰ ਆਪਣੇ ਧੀਆਂ-ਪੁੱਤਰਾਂ ਦੇ ਵਿਆਹਾਂ ਅਤੇ ਹੋਰ ਕਾਰਜਾਂ 'ਤੇ ਆਉਣ ਲਈ ਵੀਜ਼ੇ ਨਹੀਂ ਮਿਲਦੇ। ਸਰਕਾਰ ਦਾ ਇਕ ਹੀ ਜਵਾਬ ਹੁੰਦਾ ਹੈ ਕਿ ਅਪੀਲਕਰਤਾ ਦੇ ਕੈਨੇਡਾ ਤੋਂ ਵਾਪਸ ਆਉਣ ਦੀ ਸੰਭਾਵਨਾ ਨਹੀਂ ਹੈ। ਇਮੀਗਰੇਸ਼ਨ ਫਰਾਡ 'ਤੇ ਕਾਬੂ ਪਾ ਲਏ ਜਾਣ 'ਤੇ ਸਰਕਾਰ ਕੋਲ ਸ਼ਾਇਦ ਇਹ ਬਹਾਨੇਬਾਜ਼ੀ ਕਰਨ ਦਾ ਮੌਕਾ ਨਾ ਰਹੇ।


3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700



For All Your Real Estate Needs & Best Services
Just Contact Dan Sidhu
Your Real Estate Expert! Broker/Owner
ਨਵਾਂ ਜਾਂ ਪੁਰਾਣਾ ਘਰ ਜਾ ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ ਅੱਜ ਹੀ Dan Sidhu ਨੂੰ ਫੋਨ ਕਰੋ।
Each office individually owned and operated
Cell: 403 560 6300
Specialize in Residential/ Commercial & Investment Properties RE/MAX
Bus: 403 569 2900 Fax: 403 207 1237



A&K DRYWALL LTD.
Best Quality at reasonable rates
ਹੋਟਲ, ਮੋਟਲ, ਬਿਜਨਿਸ ਰੈਜ਼ੀਡੈਂਸ਼ੀਅਲ ਤੇ ਹਰ ਤਰ੍ਹਾਂ ਦੇ ਇੰਸੁਲੇਸ਼ਨ, ਡਰਾਈਵਾਲ, ਟੇਪਿੰਗ, ਟੈਕਸਚਰ ਦੇ ਕੰਮ ਲਈ ਐਡਮਿੰਟਨ/ਕੈਲਗਰੀ ਚ ਸੰਪਰਕ ਕਰੋ
Rana, Edmonton : 780 245 5192
Joga, Calgary : 403 616 2329

Bhalinder Dhaliwal B.Comm
Mortgage Specialist
40 ਤੋਂ ਵੱਧ ਬੈਂਕਾਂ ਨਾਲ ਗੱਲ ਕਰਕੇ ਘੱਟ ਰੇਟ ਤੇ ਮੋਰਗੇਜ ਜਾਂ ਲਾਈਨ ਆਫ ਕਰੈਡਿਟ ਦਿਵਾਉਣ ਵਾਲੇ ਭਲਿੰਦਰ ਧਾਲੀਵਾਲ ਨੂੰ ਫੋਨ ਕਰਕੇ ਮੁਫ਼ਤ ਤੇ ਸਹੀ ਸਲਾਹ ਲਵੋ
780.909.3317
www.bhalinderdhaliwal.com



LUTHRA LAW OFFICE
* Personal Injuries
* Real Estate Transactions
* Immigration Appeals
Services in Hindi, Punjabi, Urdu and Arabic also



SARJAN LUTHRA
B.Sc, LL.B.
Barrister Solicitor
# 10, 3908-97 Street, Edmonton, AB T6E 6N2
Tel: (780) 466-4660

Insurance & Financial Services
• Life Insurance
• Critical Illness
• Health Benefits
• Group Benefits
(Dental & Medical)
• Mortgage Insurance
• Travel & Visitor Insurance
• Disability Insurance
(Income Protection)
ਲਾਈਫ: ਯੂਨੀਵਰਸਲ, ਟਰਮ ਅਤੇ ਮੌਰਟਗੇਜ਼
ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼
ਹਰ ਤਰ੍ਹਾਂ ਦੀ ਇਂਸ਼ੋਰੈਂਸ ਲਈ ਸੰਪਰਕ ਕਰੋ
For All Insurance Needs
Call: Shalu Badesha
Phone:780-660-3071
Sponsor by Canada Life & Access to all Major Insurance Companies in Canada


STP ELECTRIC LTD.
stpelectric@hotmail.com
Offering Full Range of Electrical Services of

C. 780.984 2356
F. 780.463 6276
• Residential
• Commercial
• Industrial Installations
ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ
Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ,
ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ
ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:
Linda- 780 464 4653
Ext-2, Cell- 780 720 6895
EAGLE ROCK GOLF COURSE

50549, Range Road 234
Edmonton, AB
Catering
Wedding
Banquet
Birthday Parties
Ladies Sangeet
Golf Tournaments

ALPHA
Tent Rentals
All Events Big or Small
We are in this Business Since 2001

Ladies Sangeet Jago Equipment
**Tents** All Size and Different Colours,
**Tables** Rectangular & Round, **Chairs** All Colours,
**Lights**, Dance Floor, Heaters, Fans,
**Catering Equipment**, Coffee Brewers,
Food Warmers, Big Burners, Big Pots (Patila), Cutlery and Plates,
**Portable Bars**, Beer Tubs, Ice Boxes,
**Carpet, Stantions, Linens and Clips.**
ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week
Umrao Ghinger: 780 237 5556
Rana Pandher: 780 498 6375
www.alphatentrentals.com
Office: 780 490 5354




PASH
DRIVING SCHOOL LTD.
"Learn to drive for life...accident free with confidence"
✓Government Approved
Insurance Reduction Course
✓Defensive Driving Course
✓Refresher Courses
✓Preparation for Class 7
✓Road Test Preparation
✓Package & Hourly Rates
*Car Available for Road Test
*Free Pick Up & Drop Off
Lady Instructor
7 Days A Week

Jas Badesha

Shalu
ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ
ਵਿਚ ਸੇਵਾਵਾਂ ਹਾਜ਼ਰ ਹਨ।
Shalu Badesha 780-660-3071
Jas Badesha 780-908-2296
pashdrivingschool@ymail.com

Eat-In
Shan-E-Punjab
Sweets & Restaurant
Take-Out
Speicializing in East Indian &
Pakistani Sweets & Cuisine
* Puri Chole, Saag, Chicken, Biryani, Goat/Lamb Curry,
* Tandoori Chicken, Samosa, Papri Chat,Golgappey,
* Garlic, Chicken & Paneer Naan,Mixed Sweets,
* Gulab Jamun,Khoya Burfi, Rus-Gullas, Laddoo,
* Sev Chewra, Namak Para, Fish, Chicken &
* Veg. Pakora,Mango Shake & Lassi.
Seven Days a Week
Business Hours: 11am-9pm
Lunch Buffet &
Dinner Buffet
9393-34 Avenue,
Edmonton, AB.
Phone (780) 434-7373

Concept, Design and Installation
Cambridge Windows Mfg. Inc.
ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ
ਅੰਗਰੇਜ਼ੀ ਵਿਚ ਵਧੀਆ
ਤੇ ਭਰੋਸੇਯੋਗ ਸੇਵਾਵਾਂ
ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ
ਕੈਂਬਰਿਜ ਵਿੰਡੋ
780-436-0111
7941-Argyll Road Edmonton AB, T6C 4A9
BBB

www.cambridgewindow.com
Better Business Bureau ਦੇ ਮੈਂਬਰ

## ਪ੍ਰਧਾਨ ਮੰਤਰੀ ਹਾਰਪਰ ਦੀ ਅਪੀਲ

# ਜੇਕਰ ਮਿਲੀ ਜੁਲੀ ਸਰਕਾਰ ਨਹੀਂ ਚਾਹੀਦੀ ਤਾਂ ਸਾਨੂੰ ਜਿਤਾਓ

ਓਟਵਾ- ਨ ਦ ਬ-ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਅਗਾਮੀ ਚੋਣਾਂ ਵਾਸਤੇ ਆਮ ਮਤਦਾਤਾ ਅੱਗੇ ਸਿੱਧਾ ਸਪਸ਼ਟ ਸਵਾਲ ਰੱਖਿਆ ਹੈ। ਓਟਵਾ ਵਿਖੇ ਬੀਤੇ ਦਿਨੀਂ ਪਾਰਟੀ ਦੀ ਇਕ ਮੀਟਿੰਗ ਵਿਚ ਬੋਲਦਿਆਂ ਉਨ੍ਹਾਂ ਸਪਸ਼ਟ ਕਰ ਦਿੱਤਾ ਕਿ ਇਸ ਵਾਰੀ ਜਨਤਾ ਕੋਲ ਹੋਰ ਕੋਈ ਰਸਤਾ ਨਹੀਂ ਜਾਂ ਤਾਂ ਉਨ੍ਹਾਂ ਦੀ ਕੰਜ਼ਰਵੇਟਿਵ ਸਰਕਾਰ ਨੂੰ ਬਹੁਮਤ ਨਾਲ ਜਿਤਾ ਕੇ ਮੁਲਕ ਵਿਚ ਸਥਿਰਤਾ ਲਿਆਵੇ ਤੇ ਜਾਂ ਲਿਬਰਲ, ਨਿਊ ਡੈਮੋਕਰੈਟਿਕ ਅਤੇ ਕਿਊਬੈਕ ਦੇ ਵੱਖਵਾਦੀਆਂ ਦੀ ਮਿਲੀ ਜੁਲੀ ਬੇਮੇਲ ਸਰਕਾਰ ਨੂੰ ਚੁਣ ਲਏ। ਇਸ ਮਹੀਨੇ ਜਦੋਂ ਸੰਸਦ ਦੀ ਕਾਰਵਾਈ ਮੁੜ ਸ਼ੁਰੂ ਹੋਵੇਗੀ ਤਾਂ ਹਾਰਪਰ ਇਹੀ ਸਵਾਲ ਇਕ ਵਾਰੀ ਫਿਰ ਜਨਤਾ ਅੱਗੇ ਰੱਖਣਗੇ ਤੇ ਮਾਹਰਾਂ ਦੀ ਮੰਨੀਏ ਤਾਂ ਇਹੀ ਅਗਾਮੀ ਚੋਣਾਂ ਵਿਚ ਕੰਜ਼ਰਵੇਟਿਵ ਪਾਰਟੀ ਦਾ ਹਥਿਆਰ, ਮੁੱਖ ਮੁੱਦਾ ਅਤੇ 'ਬੈਲੇਟ ਬਾਕਸ' ਸਵਾਲ ਹੋਵੇਗਾ।



ਜ਼ਿਕਰਯੋਗ ਹੈ ਕਿ ਹਾਰਪਰ ਨੇ ਇਸ ਤੋਂ ਪਹਿਲਾਂ 2004, 2006 ਅਤੇ 2008 ਦੀਆਂ ਚੋਣ ਮੁਹਿੰਮਾਂ ਦੌਰਾਨ ਵੀ ਬਹੁਮਤ ਹਾਸਲ ਕਰਨ ਦੇ ਸਵੈ-ਭਰੋਸੇ ਨਾਲ ਇਹੀ ਸਵਾਲ ਜਨਤਾ ਵਿਚ ਉਛਾਲਿਆ ਸੀ ਪਰ ਲੋੜੋਂ ਵੱਧ ਸਵੈ ਭਰੋਸੇ ਦੇ ਚਲਦੇ ਉਨ੍ਹਾਂ ਦੀ ਮਕਬੂਲੀਅਤ ਸਗੋਂ ਕਾਫ਼ੀ ਹੇਠਾਂ ਆ ਗਈ ਸੀ ਅਤੇ ਘੱਟ ਗਿਣਤੀ ਸਰਕਾਰ ਬਣਾ ਕੇ ਹੀ ਗੁਜ਼ਾਰਾ ਕਰਨਾ ਪਿਆ ਸੀ ਤੇ ਇਕ ਵਾਰੀ ਫਿਰ ਹਾਰਪਰ ਅਜਿਹਾ ਹੀ ਖ਼ਤਰਾ ਮੁੱਲ ਲੈਣ ਜਾ ਰਹੇ ਹਨ।

ਹਾਰਪਰ ਦੇ ਨਜ਼ਦੀਕੀ ਸੂਤਰਾਂ ਦਾ ਮੰਨਣਾ ਹੈ ਕਿ ਚਾਰ ਸਾਲ ਸੱਤਾ ਉਧਰ ਕਾਬਜ ਰਹਿਣ ਮਗਰੋਂ ਕਿਤੇ ਨਾ ਕਿਤੇ ਪ੍ਰਧਾਨ ਮੰਤਰੀ ਹਾਰਪਰ ਨੂੰ ਜਨਤਾ ਦੀ ਨਬਜ਼ ਦੀ ਪਛਾਣ ਹੋ ਗਈ ਹੈ। ਉਹ ਜਾਣਦੇ ਹਨ ਕਿ ਅਗਾਮੀ ਚੋਣਾਂ ਵਿਚ ਜਨਤਾ ਇਕ ਸਥਿਰ ਅਤੇ ਮਜ਼ਬੂਤ ਬਹੁਮਤ ਵਾਰੀ ਸਰਕਾਰ ਨੂੰ ਹੀ ਤਰਜੀਹ ਦੇਵੇਗੀ ਜੋ ਮਿਲੀਆਂ ਜੁਲੀਆਂ ਪਾਰਟੀਆਂ ਦੇ ਆਪਸੀ ਝਗੜਿਆਂ ਵਿਚ ਉਲਝਣ ਦੀ ਬਜਾਏ ਵਿਕਾਸ ਲਈ ਕੰਮ ਕਰੇ।

ਬੀਤੇ ਕੁਝ ਦਿਨਾਂ ਦੌਰਾਨ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਓਨਟਾਰੀਓ ਅਤੇ ਵਾਈਟ ਹੌਰਸ ਵਿਖੇ ਇਸ ਵਾਰ ਚੋਣਾਂ ਵਿਚ ਹੋਣ ਵਾਲੇ ਪਾਰਟੀ ਦੇ ਇਸ ਥੀਮ ਨੂੰ ਦੂਹਰਾ ਚੁੱਕੇ ਹਨ। ਉਧਰ ਇਪਸੋਸ ਰੀਡ ਦੇ ਪ੍ਰਧਾਨ ਧੋਲਸਟਰ ਡੈਰਲ ਬਰਿਕਰ ਦਾ ਮੰਨਣਾ ਹੈ ਕਿ ਪਿਛਲੀ ਵਾਰੀ ਹਾਰਪਰ ਲਿਬਰਲ ਪਾਰਟੀ ਦੇ ਸਭ ਤੋਂ ਕਮਜ਼ੋਰ ਉਮੀਦਵਾਰ ਸਟੀਫ਼ਨ ਡਿਊਨ ਦੇ ਮੁਕਾਬਲੇ ਵਿਚ ਵੀ ਬਹੁਮਤ ਹਾਸਲ ਕਰਨ ਵਿਚ ਨਾਕਾਮ ਰਹੇ ਸੀ। ਸੋ ਇਸ ਵਾਰੀ ਹਾਰਪਰ ਨੂੰ ਘਿਸੇ ਪਿਟੇ ਮਸਲਿਆਂ ਜਿਵੇਂ ਕਿ ਬਿਹਤਰ ਲੀਡਰਸ਼ਿਪ ਅਤੇ ਭ੍ਰਿਸ਼ਟਾਚਾਰ ਦਾ ਅੰਤ ਵਗੈਰਾ ਤੋਂ ਹੱਟਵੀਂ ਕੋਈ ਨਾ ਕੋਈ ਗੱਲ ਕਰਨੀ ਪਵੇਗੀ, ਤਾਂ ਹੀ ਦਾਲ ਗਲੇਗੀ।

## ਐਡਮਿੰਟਨ ਪਬਲਿਕ ਸਕੂਲਜ਼ ਨੇ ਐਟਕੋ ਗੈਸ 'ਤੇ 30 ਮਿਲੀਅਨ ਡਾਲਰ ਦਾ ਮੁਕੱਦਮਾ ਠੋਕਿਆ

ਐਡਮਿੰਟਨ (ਨ.ਦ.ਬ) ਐਡਮਿੰਟਨ ਪਬਲਿਕ ਸਕੂਲਜ਼ ਅਥਾਰਟੀ ਨੇ ਸਾਲ 2008 ਵਿਚ ਐਨਵਾਇਰਮੈਂਟਲ ਐਜੂਕੇਸ਼ਨ ਸੈਂਟਰ ਵਿਚ ਲੱਗੀ ਅੱਗ ਬੁਝਾਉਣ ਵਿਚ ਲਾਈ ਦੇਰੀ ਕਾਰਨ ਹੋਏ ਨੁਕਸਾਨ ਲਈ ਐਟਕੋ ਗੈਸ ਖਿਲਾਫ 30 ਮਿਲੀਅਨ ਡਾਲਰ ਦਾ ਮੁਕੱਦਮਾ ਕੀਤਾ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਬੈਨੇਟ ਐਨਵਾਇਰਮੈਂਟਲ ਐਜੂਕੇਸ਼ਨ ਸੈਂਟਰ ਵਿਚ 2 ਸਾਲ ਪਹਿਲਾਂ ਲੀਕ ਹੋਈ ਗੈਸ ਰੋਕਣ ਵੇਲੇ ਐਟਕੋ ਕਰਮਚਾਰੀਆਂ ਨੇ ਕਾਫੀ ਕੋਤਾਹੀ ਅਤੇ ਲਾਪ੍ਰਵਾਹੀ ਦਾ ਸਬੂਤ ਦਿੱਤਾ ਜਿਸ ਕਾਰਨ ਨੁਕਸਾਨ ਕਿਤੇ ਵੱਧ ਹੋ ਗਿਆ। ਉਨ੍ਹਾਂ ਨੇ ਲੀਕ ਹੋ ਰਹੀ ਕੁਦਰਤੀ ਗੈਸ ਨੂੰ ਬੰਦ ਕਰਨ ਲਈ ਏਨਾ ਜ਼ਿਆਦਾ ਸਮਾਂ ਲਾਇਆ ਕਿ ਭਿਆਨਕ ਅੱਗ ਲਗ ਗਈ ਤੇ ਇਮਾਰਤ ਦੀ ਮੁਰੰਮਤ ਅੱਜ ਤੱਕ ਚੱਲ ਰਹੀ ਹੈ।

ਐਟਕੋ ਨੇ ਗੈਸ ਦਾ ਰਿਸਾਵ ਰੋਕਣ ਲਈ 90 ਮਿੰਟ ਲਾ ਦਿੱਤੇ। ਸਕੂਲ ਡਿਸਟ੍ਰਿਕਟ ਨੇ ਹਰਜਾਨੇ ਵਜੋਂ ਵੱਖ ਵੱਖ ਧਾਰਾਵਾਂ ਤਹਿਤ 2.2 ਮਿਲੀਅਨ ਡਾਲਰ, 115000 ਡਾਲਰ ਅਤੇ 450000 ਅਤੇ 200000 ਡਾਲਰ ਦੀ ਮੰਗ ਰੱਖੀ ਹੈ।

## ਕੈਲਗਰੀ ਦਾ ਹਸਪਤਾਲ ਵਿਵਾਦਾਂ 'ਚ ਘਿਰਿਆ

**ਬੱਚੇ ਦੇ ਬ੍ਰੇਨ ਡੈਮੇਜ ਦਾ ਮਾਮਲਾ**

ਕੈਲਗਰੀ (ਨ.ਦ.ਬ) ਕੈਲਗਰੀ ਦੇ ਰਹਿਣ ਵਾਲੇ ਇਕ ਪਰਿਵਾਰ ਨੇ ਐਲਬਰਟਾ ਚਿਲਡਰਨਜ਼ ਹੌਸਪਿਟਲ ਉਪਰ ਅਣਗਹਿਲੀ ਦਾ ਦੋਸ਼ ਲਾਇਆ ਹੈ। 11 ਸਾਲਾ ਹੈਨਾ ਦੇ ਪਿਤਾ ਬਾਕਰ ਅਲਜ਼ੀਨ ਦੀ ਸ਼ਿਕਾਇਤ ਹੈ ਕਿ ਉਹ ਆਪਣੀ ਬੱਚੀ ਨੂੰ ਜਨਵਰੀ 2008 ਨੂੰ ਇਲਾਜ ਵਾਸਤੇ ਹਸਪਤਾਲ ਲੈ ਕੇ ਗਏ ਸੀ। ਹਸਪਤਾਲ ਜਾਣ ਤੋਂ ਪਹਿਲਾਂ ਹੈਨਾ ਇਕ ਜ਼ਿੰਦਾਦਿਲ, ਖੁਸ਼ਮਿਜਾਜ਼ ਬੱਚੀ ਸੀ ਜੋ ਤੈਰਾਕੀ ਦੀ ਸ਼ੌਕੀਨ ਸੀ ਅਤੇ ਅਰਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਬੋਲ ਸਕਦੀ ਸੀ ਪਰ ਹੈਨਾ ਅਲਜ਼ੀਨ ਦਾ ਇਸ ਹਸਪਤਾਲ ਨੇ ਜ਼ੁਕਾਮ-ਖਾਂਸੀ ਦਾ ਅਜਿਹਾ ਇਲਾਜ ਕੀਤਾ ਕਿ ਉਹ ਦਿਮਾਗੀ ਤੌਰ 'ਤੇ ਇਕ ਦੋ ਸਾਲ ਦੇ ਬੱਚੇ ਵਰਗੀ ਹੋ ਗਈ। ਇਹ ਬੱਚੀ ਡਾਊਨ ਸਿੰਡਰੋਮ ਦੀ ਸ਼ਿਕਾਰ ਹੈ ਅਤੇ ਗਰੇਡ 4 ਵਿਚ ਪੜ੍ਹਦੀ ਸੀ ਪਰ ਇਲਾਜ ਮਗਰੋਂ ਇਹ ਬੱਚੀ ਅੰਨ੍ਹੀ ਹੋ ਗਈ। ਸ਼ਰੀਰ ਨੇ ਕੰਮ ਕਰਨਾ ਬੰਦ ਕਰ ਦਿੱਤਾ ਅਤੇ ਉਸ ਨੂੰ ਬ੍ਰੇਨ ਡੈਮੇਜ ਹੋ ਗਿਆ। ਇਸ ਬੱਚੀ ਦੇ ਮਾਂ-ਬਾਪ 6 ਮਹੀਨੇ ਤੱਕ ਇਸ ਨੂੰ ਲੈ ਕੇ ਐਲਬਰਟਾ ਚਿਲਡਰਨਜ਼ ਹਸਪਤਾਲ ਵਿਚ ਰਹਿੰਦੇ ਰਹੇ। ਪਰਿਵਾਰ ਦੇ ਵਕੀਲ ਨੇ ਹਸਪਤਾਲ ਅਤੇ ਐਲਬਰਟਾ ਹੈਲਥ ਸਰਵਿਸਿਜ਼ ਉਪਰ 950,000 ਡਾਲਰ ਦਾ ਮੁਕੱਦਮਾ ਕੀਤਾ ਹੈ। ਵਕੀਲ ਮੁਤਾਬਕ ਇਲਾਜ ਦੌਰਾਨ ਬੱਚੀ ਨੂੰ ਵੈਨਟੋਲਿਨ ਦਾ ਓਵਰ ਡੋਜ਼ ਦਿੱਤਾ ਗਿਆ, ਦਿਲ ਦਾ ਦੌਰਾ ਪੈਣ ਅਤੇ ਇਕ ਫੇਫੜਾ ਖਰਾਬ ਹੋਣ ਦੇ ਬਾਵਜੂਦ ਉਸ ਨੂੰ ਕਈ ਦੇਰ ਲੋੜੀਂਦੀ ਆਕਸੀਜਨ ਸਪਲਾਈ ਨਹੀਂ ਦਿੱਤੀ ਗਈ। ਹੋਰ ਤਾਂ ਹੋਰ ਹੈਨਾ ਨੂੰ ਕਿਸੇ ਮਰੀਜ਼ ਦੇ ਭੁਲੇਖੇ ਬਲੱਡ ਟਰਾਂਸਫਿਊਜ਼ਨ ਦੀ ਸਲਾਹ ਵੀ ਦਿੱਤੀ ਗਈ।

## ਫ਼ਰਸਟ ਨੇਸ਼ਨਜ਼ 'ਵਰਸਿਟੀ ਨੇ ਕੀਤੀ ਸਟਾਫ਼ ਤੇ ਕੋਰਸਾਂ ਦੀ ਕਟੌਤੀ

ਰਜਾਈਨਾ (ਨ.ਦ.ਬ) ਰਜਾਈਨਾ ਵਿਚ ਸਥਿਤ ਫਰਸਟ ਨੇਸ਼ਨਜ਼ ਯੂਨੀਵਰਸਿਟੀ ਕੈਂਪਸ ਨੇ ਇਸ ਮਹੀਨੇ ਤੋਂ ਆਪਣੇ ਸਾਲਾਨਾ ਬਜਟ ਵਿਚ 3 ਮਿਲੀਅਨ ਡਾਲਰ ਦੀ ਕਮੀ ਕਰਦਿਆਂ 46 ਅਸਾਮੀਆਂ ਖਤਮ ਕਰਨ ਦਾ ਐਲਾਨ ਕੀਤਾ ਹੈ।



ਯੂਨੀਵਰਸਿਟੀ ਦੇ ਢਾਂਚੇ ਨੂੰ ਮੁੜ ਅੰਜਾਮ ਦੇਣ ਵਾਸਤੇ ਯੂਨੀਵਰਸਿਟੀ ਨੇ ਸਸਕਾਟੂਨ ਵਿਚਲਾ ਆਪਣਾ ਸੈਟੇਲਾਈਟ ਕੈਂਪਸ ਵੇਚਣ ਦਾ ਫੈਸਲਾ ਕੀਤਾ ਹੈ ਅਤੇ ਆਉਂਦੇ ੴਸ਼ਨ ਤੋਂ ਇਮਾਰਤ ਨੂੰ ਲੀਜ਼ 'ਤੇ ਦੇਣ ਦਾ ਫੈਸਲਾ ਕੀਤਾ ਹੈ।

ਫਰਸਟ ਨੇਸ਼ਨਜ਼ ਯੂਨੀਵਰਸਿਟੀ ਦੇ ਅੰਤਰਿਮ ਮੁਖੀ ਸ਼ੌਨੀਨ ਪੀਟ ਦਾ ਕਹਿਣਾ ਹੈ ਕਿ ਫਰਸਟ ਨੇਸ਼ਨਜ਼ ਯੂਨੀਵਰਸਿਟੀ ਦੀ ਲੰਬੀ ਉਮਰ ਲਈ ਜੋ ਵੀ ਕੀਤਾ ਜਾਣਾ ਚਾਹੀਦਾ ਹੈ, ਉਹ ਸਭ ਕੀਤਾ ਜਾਵੇਗਾ। ਪ੍ਰਧਾਨ ਪੀਟ ਦਾ ਕਹਿਣਾ ਹੈ ਕਿ ਬਜਟ ਅਤੇ ਅਸਾਮੀਆਂ ਦੀ ਕਟੌਤੀ ਨਾਲ ਵੀ ਮੁਹੱਈਆ ਕਰਾਈ ਜਾਣ ਵਾਲੀ ਪੜ੍ਹਾਈ ਉਪਰ ਅਤੇ ਉਸ ਦੇ ਪੱਧਰ 'ਤੇ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਇਸ ਵੇਲੇ ਯੂਨੀਵਰਸਿਟੀ ਸਕੂਲ ਤੋਂ 500 ਵਿਦਿਆਰਥੀ ਵਿਦਿਆ ਗ੍ਰਹਿਣ ਕਰ ਰਹੇ ਹਨ ਅਤੇ ਇਨ੍ਹਾਂ ਕਟੌਤੀਆਂ ਦਾ 20 ਫੀਸਦੀ ਵਿਦਿਆਰਥੀਆਂ ਉਪਰ ਮਾੜਾ ਪ੍ਰਭਾਵ ਪਵੇਗਾ। ਕਈ ਕੋਰਸ ਰੱਦ ਕਰ ਦਿੱਤੇ ਗਏ ਹਨ, ਨਵੇਂ ਆਏ ਵਿਦਿਆਰਥੀਆਂ ਦੀ ਗਿਣਤੀ ਬਹੁਤ ਘੱਟ ਹੈ ਅਤੇ 9 ਅਕਾਦਮਿਕ ਵਿਭਾਗਾਂ ਨੂੰ ਇਕੱਠਾ ਕਰਕੇ ਦੋ ਵਿਚ ਤਬਦੀਲ ਕਰ ਦਿੱਤਾ ਗਿਆ ਹੈ। 17 ਫੈਕਲਟੀ ਅਤੇ 19 ਸਟਾਫ ਮੈਂਬਰਾਂ ਦੀ ਛੁੱਟੀ ਕਰ ਦਿੱਤੀ ਗਈ ਹੈ। ਕਈ ਸੇਵਾ ਮੁਕਤ ਹੋ ਗਏ ਹਨ ਅਤੇ ਉਨ੍ਹਾਂ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਅਜੇ ਤੱਕ ਮੁੜ ਭਰਿਆ ਨਹੀਂ ਗਿਆ। ਇਸ ਤੋਂ ਪਹਿਲਾਂ ਵੀ ਸਰਕਾਰੀ ਪੈਸੇ ਦੀ ਗਲਤ ਵਰਤੋਂ ਕਾਰਨ ਇਹ ਯੂਨੀਵਰਸਿਟੀ ਦੀਵਾਲੀਆ ਹੋਣ ਦੇ ਕਿਨਾਰੇ 'ਤੇ ਆ ਚੁੱਕੀ ਹੈ ਤੇ ਅਜਿਹੀਆਂ ਗਤੀਵਿਧੀਆਂ ਦੀਆਂ ਰਿਪੋਰਟਾਂ ਦਾ ਹੀ ਨਤੀਜਾ ਹੈ ਕਿ ਸਰਕਾਰ ਨੇ ਯੂਨੀਵਰਸਿਟੀ ਨੂੰ ਮਿਲਣ ਵਾਲੀ ਫੰਡਿੰਗ ਵਿਚ 12 ਮਿਲੀਅਨ ਡਾਲਰ ਦੀ ਕਟੌਤੀ ਕਰ ਦਿੱਤੀ ਸੀ।

## ਕੈਨੇਡਾ ਵਿਚ ਅਸਮਾਨ ਛੂੰਹਦੀਆਂ ਇਮਾਰਤਾਂ ਬਣੀਆਂ ਚਿੰਤਾ ਦਾ ਕਾਰਨ

ਕੈਨੇਡਾ (ਨ.ਦ.ਬ) ਕੈਨੇਡਾ ਦੀ ਹਾਊਸਿੰਗ ਮਾਰਕਿਟ ਦੇ 6 ਵੱਡੇ ਹਿੱਸਿਆਂ ਜਾਂ ਸ਼ਹਿਰਾਂ ਵਿਚ ਅਸਮਾਨ ਛੂੰਹਦੀਆਂ ਕੀਮਤਾਂ ਅਤੇ ਵਧ ਰਹੇ ਮੌਰਗੇਜ ਰੇਟ ਚਿੰਤਾ ਦਾ ਵਿਸ਼ਾ ਬਣ ਗਏ ਹਨ।




ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਵੈਨਕੂਵਰ, ਐਡਮਿੰਟਨ, ਕੈਲਗਰੀ, ਟਰਾਂਟੋ, ਓਟਾਵਾ ਅਤੇ ਮੌਂਟਰੀਅਲ ਦੀ ਹਾਊਸਿੰਗ ਮਾਰਕਿਟ ਦੀ ਵਿਸਫੋਟਕ ਸਥਿਤੀ ਨੂੰ ਸੁਧਾਰਨ ਲਈ ਸਮਝਦਾਰੀ ਨਾਲ ਮੌਰਗੇਜ ਰੇਟ ਸੈਟਿੰਗ ਦੀ ਜ਼ਰੂਰਤ ਹੈ।

ਹਾਲਾਤ ਇਹ ਹਨ ਕਿ ਮਾਹਰਾਂ ਨੇ ਇਸ ਨੂੰ ਇਕ ਇਤਿਹਾਸਕ ਘਟਨਾ ਕਰਾਰ ਦੇਣਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ 6 ਸ਼ਹਿਰਾਂ ਵਿਚ ਇਕ ਆਮ ਘਰ ਦੀ ਕੀਮਤ ਇਸ ਵੇਲੇ 300000 ਡਾਲਰ ਤੋਂ ਵੀ ਵੱਧ ਹੈ ਜਦੋਂਕਿ ਬਾਕੀ ਸ਼ਹਿਰਾਂ ਵਿਚ ਇਕ ਆਮ ਘਰ 150000 ਤੋਂ 200000 ਮਿਲ ਜਾਂਦਾ ਹੈ। ਹਾਊਸਿੰਗ ਬਬਲ ਬਰਸਟ ਦੀ ਅਜਿਹੀ ਸਥਿਤੀ ਕੈਨੇਡਾ ਵਿਚ ਤਿੰਨ ਵਾਰੀ ਪੈਦਾ ਹੋਈ ਹੈ। ਵੈਨਕੂਵਰ ਵਿਚ 1981 ਤੇ 1994 ਵਿਚ ਤੇ ਟਰਾਂਟੋ ਵਿਚ 1989 ਵਿਚ।

ਆਉਂਦੇ ਪੰਜ ਸਾਲਾਂ ਤੱਕ ਮੌਰਗੇਜ ਰੇਟ ਹੋਰ ਵਧਣ ਦੀ ਫਿਲਹਾਲ ਕੋਈ ਸੰਭਾਵਨਾ ਨਹੀਂ ਹੈ।

## ਫ਼ੋਰਟ ਮੈਕ ਮਰੀ ਵਿਚ ਔਰਤਾਂ ਦੇ ਸ਼ੈਲਟਰ ਲਈ ਭੁੱਖ ਹੜਤਾਲ

ਐਡਮਿੰਟਨ (ਨ.ਦ.ਬ) ਫੋਰਟ ਮੈਕਮਰੀ, ਐਡਮਿੰਟਨ ਵਿਚ ਵਰਕਰਾਂ ਨੇ ਲੰਬੀ ਚੱਲਣ ਵਾਲੀ ਭੁੱਖ ਹੜਤਾਲ ਅਰੰਭ ਕਰ ਦਿੱਤੀ ਹੈ। ਇਹ ਵਰਕਰ ਆਇਲ-ਸੈਂਡਸ ਬੂਮ ਟਾਊਨ ਵਿਚ ਔਰਤਾਂ ਲਈ ਸ਼ੈਲਟਰ ਬਣਾਏ ਜਾਣ ਲਈ ਸੂਬੇ ਤੋਂ ਪੈਸੇ ਦੀ ਮੰਗ ਕਰ ਰਹੇ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਘਰੇਲੂ ਹਿੰਸਾ ਦੀਆਂ ਸ਼ਿਕਾਰ ਭਾਈਚਾਰੇ ਦੀਆਂ ਔਰਤਾਂ ਕੋਲ ਰਹਿਣ ਲਈ ਕੋਈ ਥਾਂ ਨਹੀਂ ਹੈ। ਫੋਰਟ ਮੈਕਮੂਰੇ ਵਿਚ 30 ਸਾਲ ਪਹਿਲਾਂ ਚਲਾਇਆ ਗਿਆ ਇਕਲੌਤਾ ਵੂਮੈਨ ਸ਼ੈਲਟਰ ਹੁਣ ਨਾਕਾਫੀ ਸਾਬਤ ਹੋ ਰਿਹਾ ਹੈ ਕਿਉਂਕਿ ਉਸ ਵੇਲੇ ਇਥੋਂ ਦੀ ਆਬਾਦੀ 30000 ਸੀ ਜੋ ਕਿ ਹੁਣ ਤਿੰਨ ਗੁਣਾ ਵੱਧ ਚੁੱਕੀ ਹੈ।

35 ਮੰਜ਼ਿਆਂ ਵਾਲੇ ਇਸ 'ਯੂਨਿਟ ਹਾਊਸ' ਵਿਚ ਇਕ ਹੀ ਵੌਸ਼ਰ ਅਤੇ ਡਰਾਇਰ ਹੈ ਤੇ ਪਿਛਲੇ ਸਾਲ ਜਗ੍ਹਾ ਦੀ ਕਮੀ ਦੇ ਚਲਦਿਆਂ 400 ਔਰਤਾਂ ਅਤੇ ਬੱਚਿਆਂ ਨੂੰ ਨਿਰਾਸ਼ ਵਾਪਸ ਜਾਣਾ ਪਿਆ। ਇਹ ਵਰਕਰ ਮੰਗ ਕਰ ਰਹੇ ਹਨ ਕਿ ਇਲਾਕੇ ਵਿਚ ਪੰਜ ਕਰੋੜ ਦੀ ਲਾਗਤ ਨਾਲ ਨਵੇਂ ਕਮਰੇ ਹੋਣ। ਜਗ੍ਹਾ ਦੀ ਕਮੀ ਦੇ ਚਲਦਿਆਂ ਬਹੁਤੀਆਂ ਔਰਤਾਂਤੇ ਬੱਚੇ ਆਰ.ਸੀ.ਐਮ.ਪੀ. ਵੱਲੋਂ ਬਚਾਏ ਜਾਣ ਦੇ ਬਾਵਜੂਦ ਮੁੜ ਆਪਣੇ ਉਨ੍ਹਾਂ ਘਰਾਂ ਵਿਚ ਹੀ ਪਰਤ ਜਾਂਦੇ ਹਨ, ਜਿਥੋਂ ਜਾਨ ਬਚਾ ਕੇ ਉਹ ਆਏ ਸਨ। ਜ਼ਿਕਰਯੋਗ ਹੈ ਕਿ ਕੈਨੇਡਾ ਭਰ ਵਿਚ ਘਰੇਲੂ ਹਿੰਸਾ ਦੇ ਮਾਮਲੇ ਵਿਚ ਅਲਬਰਟਾ ਦੂਜੇ ਨੰਬਰ 'ਤੇ ਹੈ ਅਤੇ ਸੂਬੇ ਭਰ ਵਿਚ ਕੁਲ ਔਰਤਾਂ ਦੇ ਚਾਰ ਦਰਜਨ ਸ਼ੈਲਟਰਜ਼ ਵਿਚ 680 ਐਮਰਜੈਂਸੀ ਬੈੱਡ ਹਨ ਜਿਨ੍ਹਾਂ ਵਿਚੋਂ 96 ਨੂੰ ਕੋਈ ਸਥਾਈ ਫੰਡਿੰਗ ਨਹੀਂ।

## ਔਰਤ ਨੂੰ ਮਾਰਨ ਕੁੱਟਣ ਦੇ ਦੋਸ਼ 'ਚ ਮਾਊਂਟੀ ਨੂੰ ਨੌਂ ਮਹੀਨੇ ਦੀ ਸਜ਼ਾ

ਐਲਬਰਟਾ (ਨ.ਦ.ਬ) : ਸੈਂਟਰਲ ਐਲਬਰਟਾ ਵਿਚ ਇਕ ਮਾਊਂਟੀ ਨੂੰ ਇਕ ਔਰਤ ਨੂੰ ਬਾਰ ਦੀ ਪਾਰਕਿੰਗ ਵਿਚ ਮਾਰਨ ਕੁੱਟਣ ਦੇ ਦੋਸ਼ ਹੇਠ 9 ਮਹੀਨੇ ਦੀ ਪ੍ਰੋਬੇਸ਼ਨ ਦੀ ਸਜ਼ਾ ਸੁਣਾਈ ਗਈ ਹੈ। 29 ਸਾਲਾ ਡੈਰੇਨ ਰਾਇਸ ਨੇ ਮਾਰਚ 2009 ਵਿਚ, ਬਿਲੀ ਬੌਬਜ਼ ਨਾਈਟ ਕਲੱਬ ਵਿਚ ਇੱਕ ਔਰਤ ਨਾਲ ਹੱਥੋਪਾਈ ਕੀਤੀ ਸੀ। ਇਸ ਦੌਰਾਨ ਉਸ ਨੇ ਪੀੜਤ ਔਰਤ ਨੂੰ ਜ਼ਮੀਨ 'ਤੇ ਸੁੱਟਿਆ ਅਤੇ ਘਸੀਟਿਆ। ਨੌਂ ਮਹੀਨੇ ਦੀ ਪ੍ਰੋਬੇਸ਼ਨ ਤੋਂ ਇਲਾਵਾ ਮਾਊਂਟੀ ਨੂੰ ਸੌ ਘੰਟੇ ਦੀ ਕਮਿਊਨਿਟੀ ਸਰਵਿਸ ਅਤੇ ਐਂਗਰ ਮੈਨੇਜਮੈਂਟ ਕਲਾਸਾਂ ਲਾਉਣ ਦਾ ਵੀ ਹੁਕਮ ਹੋਇਆ ਹੈ।

## ਐਡਮਿੰਟਨ ਵਿਚ ਟਰੈਫਿਕ ਸਟੌਪ ਦੌਰਾਨ ਮਿਲਿਆ ਬੰਬ

ਐਡਮਿੰਟਨ (ਨ.ਦ.ਬ.) ਬੀਤੇ ਦਿਨੀਂ ਟਰੈਫਿਕ ਸਟੌਪ ਦੌਰਾਨ ਇਕ ਕਾਰ ਵਿਚੋਂ ਬੰਬ ਬਰਾਮਦ ਹੋਣ ਕਾਰਨ ਐਡਮਿੰਟਨ ਦੇ ਦੱਖਣ-ਪੂਰਬੀ ਇਲਾਕੇ ਦੇ ਘਰਾਂ ਅਤੇ ਸੜਕਾਂ ਨੂੰ ਖਾਲੀ ਕਰਾ ਲਿਆ ਗਿਆ। ਦਰਅਸਲ, ਪੁਲੀਸ ਨੂੰ ਸ਼ੱਕ ਹੋਣ 'ਤੇ ਕਾਰ ਵਿਚ ਸਵਾਰ ਦੋ ਵਿਅਕਤੀਆਂ ਨੂੰ ਬਾਹਰ ਕੱਢ ਕੇ ਕਾਰ ਦੀ ਤਲਾਸ਼ੀ ਲਈ ਗਈ ਜਿਸ ਵਿਚੋਂ ਸ਼ੱਕੀ ਹਾਲਤ ਵਿਚ ਇਕ ਪੈਕੇਟ ਬਰਾਮਦ ਹੋਇਆ। ਐਲਰੋਡ ਲੀ ਸਮਿਥ ਅਤੇ ਹੀਦ ਸਲਿਟਰ ਨਾਮੀ ਦੋਵੇਂ ਨੌਜਵਾਨ ਪੁਲੀਸ ਦੀ ਹਿਰਾਸਤ ਵਿਚ ਹਨ। ਦੱਸਿਆ ਜਾਂਦਾ ਹੈ ਕਿ ਕਾਰ ਸਵਿਫਟ ਕਰੰਟ, ਸਾਸਕ ਤੋਂ ਚੋਰੀ ਕੀਤੀ ਗਈ ਸੀ।

## ਅਲਬਰਟਾ ਵਿਧਾਨ ਸਭਾ ਦੇ ਸਪੀਕਰ ਕੋਵਾਲਸਕੀ 'ਤੇ ਰਾਜਸੀਆਂ ਸ਼ਕਤੀਆਂ ਦਾ ਗਲਤ ਇਸਤੇਮਾਲ ਕਰਨ ਦਾ ਇਲਜ਼ਾਮ



ਅਲਬਰਟਾ-ਨ ਦ ਬ- ਅਲਬਰਟਾ ਵਿਧਾਨ ਸਭਾ ਦੇ ਦੋ ਸਾਬਕਾ ਸਪੀਕਰਾਂ, ਡੀ ਜੇ ਕਾਰਟਰ (1986-1993) ਅਤੇ ਸਟੈਨ ਸ਼ੂਮਾਕਰ (1993-97) ਨੇ ਮੌਜੂਦਾ ਸਪੀਕਰ ਕੈਨ ਦੋਵਾਲਸਕੀ ਉਪਰ ਆਪਣੀਆਂ ਸ਼ਕਤੀਆਂ ਦਾ ਨਜਾਇਜ਼ ਇਸਤੇਮਾਲ ਕਰਨ ਦਾ ਦੋਸ਼ ਲਾਇਆ ਹੈ। ਇਲਜ਼ਾਮ ਲਾਉਣ ਵਾਲੇ ਦੋਵੇਂ ਸਾਬਕਾ ਸਪੀਕਰ ਟੋਰੀ ਵਿਧਾਇਕ ਹਨ।

ਕਾਰਟਰ ਦਾ ਕਹਿਣਾ ਹੈ ਕਿ 1997 ਤੋਂ ਵਾਰ ਵਾਰ ਚੁਣੇ ਜਾ ਰਹੇ ਕੋਵਾਲਸਕੀ ਵਲੋਂ ਬੀਤੇ ਕੁਝ ਮਹੀਨਿਆਂ ਤੋਂ ਆਪਣੇ ਕੰਜ਼ਰਵੇਟਿਵ ਭਾਈਵਾਲਾਂ ਦੀ ਹਮਾਇਤ ਵਿਚ ਗ਼ੈਰ ਲੋਕਤੰਤਰਿਕ ਆਦੇਸ਼ ਦਿੱਤੇ ਜਾ ਰਹੇ ਹਨ। ਇਨ੍ਹਾਂ ਵਿਚ ਆਡੀਟਰ ਜਨਰਲ ਦੀਆਂ ਸ਼ਕਤੀਆਂ ਵਿਚ ਕਟੌਤੀ ਦੀ ਕੋਸ਼ਿਸ਼, ਵਿਧਾਨ ਸਭਾ ਤੋਂ ਬਾਹਰ ਵਿਰੋਧੀ ਧਿਰ ਦੀਆਂ ਗਤੀਵਿਧੀਆਂ ਵਿਚ ਅੜੰਗੇ ਲਾਉਣੇ ਅਤੇ ਆਪਣੇ ਫੈਸਲਿਆਂ ਵਿਚ ਨਿਰਪੱਖਤਾ ਨਾ ਰੱਖਣਾ ਸ਼ਾਮਲ ਹੈ।

ਸ਼ਿਕਾਇਤ ਕਰਨ ਵਾਲੇ ਸਾਬਕਾ ਸਪੀਕਰਾਂ ਦਾ ਕਹਿਣਾ ਹੈ ਕਿ ਕੋਵਾਲਸਕੀ ਹੱਦ ਪਾਰ ਕਰ ਰਹੇ ਹਨ ਅਤੇ ਗੁੰਡਾਗਰਦੀ 'ਤੇ ਉਤਰ ਆਏ ਹਨ। ਉਧਰ ਇੰਟਰ ਗਵਰਨਮੈਂਟਲ ਰਿਲੇਸ਼ਨਜ਼ ਮੰਤਰੀ ਆਈਰਿਸ ਇਵਾਨਸ ਦਾ ਕਹਿਣਾ ਹੈ ਕਿ ਕੋਵਾਲਸਕੀ ਸੱਚਾਈ ਅਤੇ ਲੋਕਤੰਤਰ ਦੇ ਸਤੰਭ ਹਨ ਅਤੇ ਹਮੇਸ਼ਾ ਇਕ ਤਾਲਮੇਲ ਕਾਇਮ ਕਰਦੇ ਹੋਏ ਹੀ ਫੈਸਲੇ ਸੁਣਾਉਂਦੇ ਹਨ। ਜਦੋਂਕਿ ਵਿਰੋਧੀਆਂ ਦੀ ਸ਼ਿਕਾਇਤ ਹੈ ਕਿ ਕੋਵਾਲਸਕੀ ਹੁਣ ਨੋਟਿਸ ਜਾਰੀ ਕਰ ਕਰ ਕੇ ਉਨ੍ਹਾਂ ਨੂੰ ਇਹ ਵੀ ਦੱਸਣ ਲਗ ਪਏ ਹਨ ਕਿ ਵਿਰੋਧੀ ਧਿਰਾਂ ਆਪਣੇ ਪ੍ਰੈਸ ਰਿਲੀਜ਼ਾਂ ਵਿਚ ਕੀ ਲਿਖਣ ਤੇ ਕੀ ਨਾਂ ਲਿਖਣ। ਕਾਰਟਰ ਮੁਤਾਬਕ ਬੀਤੇ ਕੁਝ ਦਿਨਾਂ ਵਿਚ ਕਈ ਪਾਰਟੀਆਂ ਦੇ ਮੈਂਬਰਾਂ ਨੇ ਉਨ੍ਹਾਂ ਨੂੰ ਇਹ ਅਪੀਲ ਕੀਤੀ ਹੈ ਕਿ ਆਉਂਦੀਆਂ ਚੋਣਾਂ ਵਿਚ ਉਹ ਮੁਕਾਬਲੇ ਵਿਚ ਉਤਰਨ ਅਤੇ ਕੋਵਾਲਕੀ ਨੂੰ ਸੁਨੇਹਾ ਦੇਣ ਕਿ ਹੁਣ ਹੱਦ ਹੋ ਗਈ ਹੈ ਤੇ ਲੋਕ ਬਦਲਾਅ ਚਾਹੁੰਦੇ ਹਨ।

## ਆਇਲ ਸੈਂਡਸ ਨਦੀਆਂ ਵਿਚ ਵਹਾਅ ਰਿਹੈ ਜ਼ਹਿਰੀਲੇ ਪਦਾਰਥ



ਅਲਬਰਟਾ-ਨ ਦ ਬ- ਬੀਤੇ ਦਿਨੀਂ ਜਾਰੀ ਹੋਈ ਇਕ ਰਿਸਰਚ ਵਿਚ ਇਹ ਖੁਲਾਸਾ ਹੋਇਆ ਹੈ ਕਿ ਆਇਲ ਸੈਂਡਸ ਐਥਾਬਾਸਕਾ ਕਈ ਤਰ੍ਹਾਂ ਦੇ ਖ਼ਤਰਨਾਕ ਜ਼ਹਿਰੀਲੇ ਧਾਤੂ ਐਥਾਬਾਸਕਾ ਨਦੀ ਵਿਚ ਵਹਾ ਰਹੀ ਹੈ। ਨਦੀ ਵਿਚ ਵਹਾਏ ਜਾ ਰਹੇ ਕਾਡਮੀਅਮ, ਕੋਪਰ, ਲੀਡ, ਮਰਕਰੀ, ਚਾਂਦੀ ਅਤੇ ਜ਼ਿੰਕ ਦੀ ਮਿਕਦਾਰ ਦਾ ਪੱਧਰ ਨੈਸ਼ਨਲ ਅਤੇ ਪ੍ਰੋਵਿੰਸ਼ੀਅਲ ਸੇਫਟੀ ਗਾਈਡ ਲਾਈਨਜ਼ ਤੋਂ ਕਿਤੇ ਵੱਧ ਪਾਇਆ ਗਿਆ ਹੈ। ਖੋਜਕਰਤਾਵਾਂ ਦੀ ਰਿਪੋਰਟ ਮੁਤਾ-ਬਕ ਆਇਲਰਜ਼ ਸੈਂਡਸ ਐਥਾਬਾਸਕਾ ਸਨਅਤ ਅਜਿਹੇ 13 ਜ਼ਹਿਰੀਲੇ ਧਾਤੂ ਨਦੀ ਨਾਲਿਆਂ ਵਿਚ ਵਹਾ ਰਹੀ ਹੈ ਜੋ ਅਮਰੀਕੀ ਵਾਤਾਵਰਣ ਸੁਰੱਖਿਆ ਏਜੰਸੀ 'ਕਲੀਨ ਵਾਟਰ ਐਕਟ' ਤਹਿਤ ਪ੍ਰਾਇਆਰਟੀ ਪਲਯੂਟੈਂਟ ਐਲਾਨੇ ਗਏ ਹਨ। ਇਸ ਤੋਂ ਇਲਾਵਾ ਇਸ ਸਨਅਤ ਕਾਰਨ ਹਵਾ ਵਿਚ ਵੀ ਕਈ ਜ਼ਹਿਰੀਲੇ ਤੱਤ ਫੈਲ ਰਹੇ ਹਨ। ਲੇਕ ਐਥਾਬਾਸਕਾ ਵਿਚ ਵੀ ਇਨ੍ਹਾਂ ਤੱਤਾਂ ਦੀ ਮਾਤਰਾ ਬਹੁਤ ਵੱਧ ਪਾਈ ਗਈ ਹੈ।

## ਐਡਮਿੰਟਨ ਓਈਲਰਸ ਦੇ ਗੋਲਕੀਪਰ ਨੂੰ 30 ਦਿਨ ਦੀ ਕੈਦ




ਐਡਮਿੰਟਨ -ਨ ਦ ਬ-ਐਡਮਿੰਟਨ ਓਈਲਰਸ ਟੀਮ ਦੇ ਗੋਲਕੀਪਰ ਨਿਕੋਲਾਈ ਖਬੀਬੂਲਿਨ ਨੂੰ ਬੇਸ਼ੱਕ ਬੀਤੇ ਦਿਨੀਂ ਸਕੌਟਡੇਲ ਮਿਊਂਸਪਲ ਕੋਰਟ ਨੇ ਨਸ਼ੇ ਦੀ ਹਾਲਤ ਵਿਚ ਗੱਡੀ ਚਲਾਉਣ ਦੇ ਜੁਰਮ ਹੇਠ 30 ਦਿਨ ਦੀ ਜੇਲ੍ਹ ਦੀ ਸਜ਼ਾ ਸੁਣਾਈ ਹੈ, ਪਰ ਅਜਿਹਾ ਲਗਦਾ ਨਹੀਂ ਕਿ ਉਸ ਦਾ ਮੈਰੀਕੋਪਾ ਦੀ ਬਦਨਾਮ ਜੇਲ੍ਹ ਵਿਚ ਜਾਣ ਦਾ ਕੋਈ ਵੀ ਇਰਾਦਾ ਹੈ। ਇਹ ਉਹੀ ਜੇਲ੍ਹ ਹੈ ਜਿਥੇ ਕੈਦੀਆਂ ਨੂੰ ਗੁਲਾਬੀ ਨਿੱਕਰਾਂ ਅਤੇ ਧਾਰੀਦਾਰ ਵਰਦੀਆਂ ਪਾ ਕੇ ਰਹਿਣਾ ਪੈਂਦਾ ਹੈ, ਖਾਣ ਲਈ ਬਲੋਨੀ ਸੈਂਡਵਿਚ ਮਿਲਦੇ ਹਨ ਤੇ ਨਮਕ, ਸਿਗਰਟ, ਫਿਲਮਾਂ ਅਤੇ ਕੌਫ਼ੀ ਹਰਗਿਜ਼ ਮੁਹੱਈਆ ਨਹੀਂ ਕਰਾਈ ਜਾਂਦੀ। ਇਸ 37 ਸਾਲਾ ਰੂਸੀ ਗੋਲਕੀਪਰ ਨੇ ਸਜ਼ਾ ਦਾ ਐਲਾਨ ਹੁੰਦੇ ਹੀ ਅਪੀਲ ਦਾ ਇਰਾਦਾ ਜ਼ਾਹਰ ਕੀਤਾ ਤਾਂ ਜੋ 17 ਸਤੰਬਰ ਤੋਂ ਐਡਮਿੰਟਨ ਵਿਖੇ ਸ਼ੁਰੂ ਹੋਣ ਵਾਲੇ ਸਿਖਲਾਈ ਕੈਂਪ ਵਿਚ ਭਾਗ ਲੈ ਸਕੇ। ਜੇਕਰ ਅਰਜ਼ੀ ਮਨਜ਼ੂਰ ਹੋ ਗਈ ਤਾਂ ਉਹ ਪੂਰੇ ਨੈਸ਼ਨਲ ਹਾਕੀ ਲੀਗ ਸੀਜ਼ਨ ਦੌਰਾਨ ਬਾਹਰ ਆਜ਼ਾਦ ਘੁੰਮੇਗਾ ਅਤੇ ਇਹੀ ਉਸਦੀ ਮਨਸ਼ਾ ਵੀ ਹੈ। ਫਿਲਹਾਲ ਖਬੀਬੂਲਿਨ ਨੈਸ਼ਨਲ ਹਾਕੀ ਲੀਗ ਦੇ ਸਬਸਟੈਂਸ ਅਬਯੂਜ਼ ਐਂਡ ਬਿਹੇਵੀਅਰਲ ਹੈਲਥ ਪ੍ਰੋਗਰਾਮ ਵਿਚ ਭਾਗ ਲੈ ਰਿਹਾ ਹੈ। ਅਕਸਰ ਭਾਰੀ ਰਕਮ ਖਰਚ ਕਰਕੇ ਵੱਡੇ ਵੱਡੇ ਸਟਾਰ ਮੈਰੀਕੋਪਾ ਕਾਂਊਟੀ ਦੇ ਸ਼ੈਰਿਫ ਐਰਪਾਈਓ ਤੋਂ ਬਚਦੇ ਰਹੇ ਹਨ। ਅਜਿਹੀਆਂ ਕਈ ਨਾਮੀ ਗਿਰਾਮੀ ਹਸਤੀਆਂ ਹਨ ਜਿਨ੍ਹਾਂ ਦੀ ਲੰਬੀ ਸਜ਼ਾ ਨੂੰ ਅਪੀਲ ਮਗਰੋਂ ਕੁਝ ਦਿਨਾਂ ਜਾਂ ਕੁਝ ਘੰਟਿਆਂ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਪਿਛਲੇ ਸਾਲ 15 ਮਿਲੀਅਨ ਡੌਲਰ ਦੀ ਚਾਰ ਸਾਲਾ ਡੀਲ ਸਾਈਨ ਕਰਨ ਵਾਲੇ ਖਬੀਬੂਲਿਨ ਵਾਸਤੇ ਵੀ ਅਜਿਹਾ ਕਰਵਾਉਣਾ ਕੋਈ ਮੁਸ਼ਕਲ ਕੰਮ ਨਹੀਂ ਹੋਵੇਗਾ। ਅਜੇ ਤੱਕ ਓਈਲਰਜ਼ ਅਤੇ ਨੈਸ਼ਨਲ ਹਾਕੀ ਲੀਗ ਕਿਸੇ ਨੇ ਵੀ ਖਬੀਬੂਲਿਨ ਨੂੰ ਨਾ ਤਾਂ ਬਰਖਾਸਤ ਕਰਨ ਦਾ ਮਨ ਬਣਾਇਆ ਹੈ ਤੇ ਨਾ ਹੀ ਉਸ ਨੂੰ ਜਨਤਕ ਤੌਰ 'ਤੇ ਮਾਫੀ ਹੀ ਮੰਗਣ ਨੂੰ ਆਖਿਆ ਗਿਆ ਹੈ।

## ਕੈਨੇਡਾ ਦੇ ਕੌਂਸਲੇਟ ਜਨਰਲ ਵੱਲੋਂ ਬਾਦਲ ਨਾਲ ਮੁਲਾਕਾਤ

ਚੰਡੀਗੜ੍ਹ (ਨ.ਦ.ਬ) ਕੈਨੇਡਾ ਦੇ ਕੌਂਸਲ ਜਨਰਲ ਸਕਾਟ ਸੈਲੇਸਰ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕਰਕੇ ਸੂਬਾ ਸਰਕਾਰ ਵੱਲੋਂ ਜਾਅਲੀ ਵੀਜ਼ਾ ਮਾਮਲਿਆਂ ਦੇ ਹੱਲ ਲਈ ਸਹਿਯੋਗ ਦੀ ਮੰਗ ਕੀਤੀ ਹੈ। ਸ੍ਰੀ ਸੈਲੇਸਰ ਨੇ ਇਥੇ ਕੈਨੇਡਾ ਦੇ ਕੌਂਸਲੇਟ ਜਨਰਲ ਦਾ ਅਹੁਦਾ ਸੰਭਾਲਣ ਤੋਂ ਬਾਅਦ ਬਾਦਲ ਨਾਲ ਉਨ੍ਹਾਂ ਦੇ ਘਰ ਸਦਾਚਾਰਕ ਮਿਲਣੀ ਕੀਤੀ। ਉਨ੍ਹਾਂ ਨਾਲ ਕੌਂਸਲੇਟ ਪ੍ਰੋਗਰਾਮ ਮੈਨੇਜਰ ਟੇਰੀ ਵੀਨਰਸ ਵੀ ਸਨ। ਸੈਲੇਸਰ ਨੇ ਮੁੱਖ ਮੰਤਰੀ ਨੂੰ ਜਾਣੂ ਕਰਵਾਇਆ ਕਿ ਕੈਨੇਡਾ ਦੇ ਸਿਟੀਜਨਸ਼ਿਪ, ਇਮੀਗਰੇਸ਼ਨ ਅਤੇ ਮਲਟੀਕਲਚਰਲਿਜ਼ਮ ਮੰਤਰੀ ਜੈਸਨ ਕੈਨੀ ਭਾਰਤ ਫੇਰੀ ਦੌਰਾਨ ਪੰਜਾਬ ਸਰਕਾਰ ਦੇ ਸਿਵਲ ਤੇ ਪੁਲੀਸ ਉਚ ਅਧਿਕਾਰੀਆਂ ਨਾਲ ਗੈਰ ਕਾਨੂੰਨੀ ਪਰਵਾਸ ਦੇ ਰੁਝਾਨ ਨੂੰ ਪੱਕੇ ਤੌਰ 'ਤੇ ਰੋਕਣ ਲਈ ਗੱਲਬਾਤ ਕਰਨਗੇ। ਸ੍ਰੀ ਬਾਦਲ ਨੇ ਕੌਂਸਲ ਜਨਰਲ ਨੂੰ ਰਾਜ ਸਰਕਾਰ ਨਾਲ ਸਾਂਝੇ ਤੌਰ 'ਤੇ ਹੁਨਰ ਵਿਕਾਸ ਕੇਂਦਰ ਸਥਾਪਤ ਕਰਨ, ਕੈਨੇਡਾ ਵਿਚ ਸਨਅਤ ਦੀਆਂ ਲੋੜਾਂ ਮੁਤਾਬਕ ਸੂਬੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਕੈਨੇਡਾ ਦੇ ਉਘੇ ਉਦਯੋਗਪਤੀਆਂ ਤੋਂ ਸਿਖਲਾਈ ਦਿਵਾਉਣ ਲਈ ਆਖਿਆ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਇਨ੍ਹਾਂ ਤਰਜੀਹਾਂ ਨਾਲ ਗੈਰ ਕਾਨੂੰਨੀ ਢੰਗ ਨਾਲ ਇਮੀਗਰੇਸ਼ਨ ਨੂੰ ਠੱਲ ਪਏਗੀ ਅਤੇ ਬੇਰੁਜ਼ਗਾਰ ਨੌਜਵਾਨ ਜਾਅਲੀ ਟਰੈਵਲ ਏਜੰਟਾਂ ਦੀ ਲੁੱਟ ਖਸੁੱਟ ਤੋਂ ਬਚ ਸਕਣਗੇ। ਸ੍ਰੀ ਬਾਦਲ ਨੇ ਇਸ ਗੈਰ ਕਾਨੂੰਨੀ ਢੰਗ ਦੇ ਰੁਝਾਨ ਨੂੰ ਪੱਕੇ ਤੌਰ 'ਤੇ ਰੋਕਣ ਲਈ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਮੁੱਖ ਮੰਤਰੀ ਨੇ ਮੁੱਖ ਸਕੱਤਰ ਨੂੰ ਚੰਡੀਗੜ੍ਹ ਵਿਚ ਕੌਂਸਲ ਜਨਰਲ ਆਫ ਕੈਨੇਡਾ ਨਾਲ ਤਾਲਮੇਲ ਕਰਕੇ ਰੂਪ ਰੇਖਾ ਉਲੀਕਣ ਲਈ ਕਿਹਾ।

## ਲਿਖਤ ਸੁਧਾਰਦੇ-ਸੁਧਾਰਦੇ ਕੁੱਤੇ 'ਤੇ ਲਿਖ ਦਿਤਾ ਛੋਟਾ ਨਾਵਲ

### ਛੇ ਸਾਲ ਦੀ ਉਮਰ 'ਚ ਬਣਿਆ ਸ਼ੈਕਸਪੀਅਰ



ਲੰਦਨ : ਇਹ ਕਹਾਣੀ ਸਿਰਫ ਛੇ ਸਾਲ ਦੇ ਬੱਚੇ ਦੀ ਹੈ। ਹੈਰੀ ਪੋਟਰ ਦੇ ਇਸ ਨੰਨ੍ਹੇ ਦੀਵਾਨੇ ਨੂੰ ਸਕੂਲ 'ਚ ਅਧਿਆਪਕਾ ਨੇ 'ਖਰਾਬ ਸਟੋਰੀ ਰਾਈਟਿੰਗ' ਸੁਧਾਰਨ ਲਈ ਕਿਹਾ। ਅਧਿਆਪਕਾ ਦੀ ਇਹ ਗੱਲ ਉਸ ਦੇ ਦਿਲ ਤਕ ਮਾਰ ਕਰ ਗਈ। ਫਿਰ ਉਸ ਨੇ ਕਹਾਣੀ ਤੋਂ ਅੱਗੇ ਵਧਦਿਆਂ ਪਾਲਤੂ ਕੁੱਤੇ 'ਤੇ ਇਕ ਛੋਟਾ ਨਾਵਲ ਲਿਖ ਦਿਤਾ।ਇਹ ਹੀ ਨਹੀਂ ਇਕ ਪੁਸਤਕ ਪ੍ਰਕਾਸ਼ਨ ਕੰਪਨੀ ਨੂੰ ਉਸ ਦਾ ਕੰਮ ਇਨਾ ਪਸੰਦ ਆਇਆ ਕਿ ਉਸ ਨੇ ਬੱਚੇ ਨਾਲ 23 ਹੋਰ ਕਿਤਾਬਾਂ ਲਿਖਣ ਲਈ ਇਕਰਾਰਨਾਮਾ ਕੀਤਾ।

ਡਰਬੀਸ਼ਾਇਰ ਦੇ ਰਹਿਣ ਵਾਲੇ ਲੀਓ ਹੰਟਰ ਨਾਮ ਦੇ ਇਸ ਬੱਚੇ ਨੇ ਅਪਣੇ ਕੁੱਤੇ 'ਤੇ 'ਮੀ ਐਂਡ ਮਾਈ ਬੈਸਟ ਫਰੈਂਡ' ਨਾਮ ਨਾਲ ਇਕ ਛੋਟਾ ਨਾਵਲ ਲਿਖਿਆ। ਇਸ ਨਾਵਲ ਨੂੰ ਪੜ੍ਹ ਕੇ ਹੰਟਰ ਦੀ ਲੇਖਿਕਾ ਮਾਂ ਬੇਹੱਦ ਪ੍ਰਭਾਵਤ ਹੋਈ ਜਿਸ ਕਾਰਨ ਉਸ ਦੀ ਮਾਂ ਨੇ ਨਾਵਲ ਨੂੰ ਪ੍ਰਕਾਸ਼ਤ ਕਰਨ ਲਈ ਕਈ ਪ੍ਰਕਾਸ਼ਕਾਂ ਨਾਲ ਸੰਪਰਕ ਕੀਤਾ।

### 23 ਕਿਤਾਬਾਂ ਲਿਖਣ ਦਾ ਮਿਲਿਆ ਇਕਰਾਰਨਾਮਾ

ਬ੍ਰਿਟਿਸ਼ ਅਖ਼ਬਾਰ 'ਦ ਸਨ' ਦੇ ਅਨੁਸਾਰ, ਹੰਟਰ ਦੇ ਨਾਵਲ ਤੋਂ ਪ੍ਰਭਾਵਤ ਹੋ ਕੇ ਅਮਰੀਕੀ ਫਰਮ 'ਸਟ੍ਰੈਟੇਜਿਕ ਬੁਕ ਪਬਲਿਸ਼ਿੰਗ' ਨੇ ਉਸ ਨੂੰ ਅਜਿਹੇ 23 ਹੋਰ ਨਾਵਲ ਲਿਖਣ ਲਈ ਕਿਹਾ ਹੈ। ਵਾਅਦੇ ਅਨੁਸਾਰ 25 ਪੇਜਾਂ ਵਾਲੀ 10 ਪੌਂਡ (722 ਰੁਪਏ) ਕੀਮਤ ਦੀਆਂ ਇਨ੍ਹਾਂ ਕਿਤਾਬਾਂ ਦੀ 20 ਫ਼ੀ ਸਦੀ ਰਾਅਲਟੀ ਹੰਟਰ ਨੂੰ ਮਿਲੇਗੀ। ਇਨ੍ਹਾਂ ਕਿਤਾਬਾਂ ਦੀਆਂ ਪੰਜ ਸੌ ਤੋਂ ਵੱਧ ਕਾਪੀਆਂ ਵਿਕਣ ਤੋਂ ਬਾਅਦ ਇਹ ਰਿਆਲਟੀ ਵੱਧ ਕੇ 50 ਫ਼ੀ ਸਦੀ ਹੋ ਜਾਵੇਗੀ।

### ਰੋਲਿੰਗ ਤੋਂ ਵੱਡਾ ਲੇਖਕ

ਹੰਟਰ ਨੇ ਕਿਹਾ ਕਿ ਉਹ ਹੈਰੀਪਾਟਰ ਦੀ ਲੇਖਿਕਾ ਜੇ.ਕੇ. ਰੋਲਿੰਗ ਤੋਂ ਵੱਡਾ ਲੇਖਕ ਬਣਨਾ ਚਾਹੁੰਦਾ ਹੈ। ਹੰਟਰ ਨੇ ਕਿਹਾ ਕਿ ਮੈਨੂੰ ਹੈਰੀਪਾਟਰ ਪੜ੍ਹਨਾ ਚੰਗਾ ਲਗਦਾ ਹੈ ਪਰ ਮੈਨੂੰ ਅਪਣੀਆਂ ਕਿਤਾਬਾਂ ਜ਼ਿਆਦਾ ਪਸੰਦ ਹਨ। ਲਿਖਣ ਨਾਲ ਮੈਨੂੰ ਖ਼ੁਸ਼ੀ ਮਿਲਦੀ ਹੈ। ਹੰਟਰ ਦੀ ਅਧਿਆਪਕਾ ਉਸ ਦੀ ਸਫ਼ਲਤਾ ਨੂੰ ਵੇਖ ਕੇ ਬਹੁਤ ਖ਼ੁਸ਼ ਹੈ।

## ਫ਼ੋਕਲੋਰਮਾ ਉਤਸਵ ਵਿਚ ਭਾਰਤੀ ਪੈਵੀਲੀਅਨ ਦੀਆਂ ਧੁੰਮਾਂ



ਵਿਨੀਪੈਗ (ਨ.ਦ.ਬ) ਵਿਸ਼ਵ ਦਾ ਸਭ ਤੋਂ ਵੱਡਾ ਤੇ ਲੰਮਾ ਚੱਲਣ ਵਾਲਾ ਫੋਕਲੋਰਮਾ ਤਿਓਹਾਰ ਇਸ ਵਾਰ ਵੀ ਪੂਰੇ ਧੂਮ ਧਾਮ ਨਾਲ ਮਨਾਇਆ ਗਿਆ। ਸੰਗੀਤ ਤੇ ਹੁਲਾਸ ਭਰੇ ਮਾਹੌਲ ਵਿਚ ਲੋਕਾਂ ਨੇ ਇਸ ਦਾ ਖ਼ੂਬ ਆਨੰਦ ਲਿਆ। ਇਹ ਪਹਿਲੀ ਤੋਂ 14 ਅਗਸਤ ਤੱਕ ਚਲਿਆ ਜਿਸ ਵਿਚ 45 ਪੈਵੀਲੀਅਨਜ਼ (ਸਟਾਲਾਂ) ਲੱਗੀਆਂ। ਦੋ ਹਫਤੇ ਚੱਲੇ ਇਸ ਬਹੁ ਸਭਿਆਚਾਰਕ ਮੇਲੇ ਵਿਚ ਇਸ ਵਾਰ ਸਭ ਤੋਂ ਵੱਧ ਹਾਜ਼ਰੀ ਰਹੀ ਪਰ ਅਮਰੀਕੀ ਗਰੁੱਪਾਂ ਵਿਚ ਕਮੀ ਸੀ। ਇਨ੍ਹਾਂ 45 ਪੈਵੀਲੀਅਨਾਂ 'ਤੇ 4,47,000 ਲੋਕਾਂ ਨੇ ਦੌਰਾ ਕੀਤਾ। ਇਹ ਸੰਖਿਆ ਪਿਛਲੇ ਸਾਲ ਨਾਲੋਂ 5000 ਹਜ਼ਾਰ ਜ਼ਿਆਦਾ ਸੀ। ਅਮਰੀਕਾ ਤੋਂ ਇਸ ਵਾਰ ਸਿਰਫ 12 ਟੂਰ ਬੱਸਾਂ ਹੀ ਆਈਆਂ ਜਦਕਿ ਪਿਛਲੀ ਵਾਰ ਇਨ੍ਹਾਂ ਦੀ ਗਿਣਤੀ 21 ਸੀ। ਇਸ ਵਿਚ ਸਭ ਤੋਂ ਵੱਧ 122 ਗਰੁੱਪ ਸ਼ਾਮਲ ਹੋਏ। ਟੂਰਿਜ਼ਮ ਇੰਡਸਟਰੀ ਐਸੋਸੀਏਸ਼ਨ ਆਫ ਕੈਨੇਡਾ ਨੇ ਇਸ ਉਤਸਵ ਨੂੰ ਇਵੈਂਟ ਆਫ ਦੀ ਈਅਰ ਦਾ ਨਾਂ ਦਿੱਤਾ। ਫੋਕਲੋਰਮਾ ਦਾ ਇਤਿਹਾਸ ਬਹੁਤ ਪੁਰਾਣਾ ਹੈ। ਮੈਨੀਟੋਬਾ ਨੇ ਕੈਨੇਡਾ ਦਾ ਹਿੱਸਾ ਬਨਣ ਦੀ ਆਪਣੀ 100ਵੀਂ ਵਰ੍ਹੇਗੰਢ ਮਨਾਈ ਤੇ ਹਰ ਸਾਲ ਇਸ ਉਤਸਵ ਲਈ ਉਤਸ਼ਾਹ ਵਧਦਾ ਗਿਆ ਤੇ ਹੌਲੀ ਹੌਲੀ ਇਹ ਟੂਰਿਜ਼ਮ ਦੀ ਵੱਡੀ ਖਿੱਚ ਬਣ ਗਿਆ। ਇਸ ਉਤਸਵ ਰਾਹੀਂ ਕਰੀਬ 15 ਮਿਲੀਅਨ ਡਾਲਰ ਦਾ ਵਪਾਰ ਹੁੰਦਾ ਹੈ। ਭਾਰਤੀ ਪੈਵਲੀਅਨ ਹੀਥਰ ਕਰਲਿੰਗ ਕਲੱਬ ਵਿਚ 8 ਤੋਂ 14 ਤੱਕ ਲੱਗੀ। ਇੰਡੀਆ ਐਸੋਸੀਏਸ਼ਨ ਆਫ ਮੈਨੀਟੋਬਾ ਦੇ ਪ੍ਰਧਾਨ ਅਨੁਪਮ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਇਸ ਉਤਸਵ ਲਈ ਸਖ਼ਤ ਮਿਹਨਤ ਕੀਤੀ ਹੈ। ਭਾਰਤੀ ਪੈਵੀਲੀਅਨ ਨੇ ਹਰੇਕ 45 ਮਿੰਟ ਵਿਚ 23 ਸ਼ੋਅ ਕੀਤੇ। ਹਰੇਕ ਸ਼ੋਅ ਵਿਚ ਮਨੋਹਰ ਪਰਫੋਰਮਿੰਗ ਆਰਟਸ ਦੇ ਬੱਚਿਆਂ ਨੇ 'ਓਮ ਸ਼ਿਵਾ' ਕਥਕ ਨਾਚ ਕੀਤਾ। ਬੰਗਾਲੀ ਡਾਂਸ ਨੂੰ ਲੋਕਾਂ ਨੇ ਬਹੁਤ ਸਰਾਹਿਆ। ਨਵੀਨ ਅਤੇ ਜੈਸਮੀਨ ਦੇ ਪੈਰ ਪੰਜਾਬੀ ਗਾਣਿਆਂ ਦੀਆਂ ਧੁੰਨਾਂ 'ਤੇ ਖ਼ੂਬ ਥਿਰਕੇ। ਦਸ ਸਾਲਾ ਪ੍ਰਿਯਾ ਨੇ ਕਿਰਨ ਤੇ ਜੈਸਮੀਨ ਨਾਲ ਮਿਲ ਕੇ ਕਮਾਲ ਦੀ ਪੇਸ਼ਕਾਰੀ ਕੀਤੀ। ਸ਼ਰਨਜੀਤ, ਤਰਨਜੀਤ, ਲਵਜੋਤ ਅਤੇ ਮਨਜੋਤ ਨੇ ਗਿੱਧੇ ਵਿਚ ਨਚ ਨਚ ਕੇ ਧੂੜਾਂ ਪੱਟੀਆਂ। ਕੈਲਗਰੀ ਤੋਂ ਸ਼ਿਆਮਕ ਡਾਵਰ ਇੰਟਰਨੈਸ਼ਨਲ ਦੀ ਪੇਸ਼ਕਾਰੀ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ। ਉਨ੍ਹਾਂ ਦਾ ਸ਼ੋਅ ਆਜ਼ਾਦੀ ਦਿਹਾੜੇ ਨੂੰ ਸਮਰਪਿਤ ਸੀ। ਛੋਟੇ ਛੋਟੇ ਬੱਚਿਆਂ ਨੇ ਭੰਗੜੇ ਵਿਚ ਧਮਾਲਾਂ ਪਾਈਆਂ।

ਸਥਾਨਕ ਵਪਾਰੀਆਂ ਵੱਲੋਂ ਮਲਿਆਲਮ ਐਸੋਸੀਏਸ਼ਨ ਆਫ ਮੈਨੀਟੋਬਾ, ਰਾਜਸਥਾਨ ਪੈਵੀਲੀਅਨ, ਸਹਿਜ ਬਟੀਕ, ਭਾਰਤ ਗਰੋਸਰੀ, ਹੀਨਾ ਟੈਟੂਜ਼ ਦੇ ਸਟਾਲ ਲਾਏ ਗਏ। ਕਲੇਅ ਓਵਨ ਰੇਸਤਰਾਂ ਵੱਲੋਂ ਤਰ੍ਹਾਂ ਤਰ੍ਹਾਂ ਦੇ ਵਿਅੰਜਨ ਪਰੋਸੇ ਗਏ। ਕਿੰਗਫਿਸ਼ਰ , ਚੀਥ ਬੀਅਰ, ਓਲਡ ਮੋਂਕ ਵਿਸ਼ੇਸ਼ ਤੌਰ 'ਤੇ ਪਸੰਦ ਕੀਤੇ ਗਏ। ਕੈਨੇਡਿਆਈ ਔਰਤਾਂ ਸਾੜੀ ਅਤੇ ਮਹਿੰਦੀ ਦੇ ਟੈਟੂਜ਼ ਲਈ ਕਾਫੀ ਉਤਸ਼ਾਹਤ ਨਜ਼ਰ ਆਈਆਂ। ਪੈਵੀਲੀਅਨ ਵਿਚ ਡਾ. ਪਰਮਜੀਤ ਤਾਪੀਆ ਦਾ ਸਹਿਯੋਗ ਰਿਹਾ। ਸੈਂਡੀ ਚਾਹਲ ਵੱਲੋਂ ਸ਼ੋਅ ਸਪਾਂਸਰ ਕੀਤਾ ਗਿਆ। ਲੀਅਨ ਵਿਚ ਡਾ. ਪਰਮਜੀਤ ਤਾਪੀਆ ਦਾ ਸਹਿਯੋਗ ਰਿਹਾ।

# ਪੰਜਾਬ ਦੇ ਮੰਤਰੀਆਂ ਤੇ ਵਿਧਾਇਕਾਂ ਦੀਆਂ ਤਨਖ਼ਾਹਾਂ 'ਚ ਭਾਰੀ ਵਾਧੇ ਦਾ ਫ਼ੈਸਲਾ

ਚੰਡੀਗੜ੍ਹ (ਨ.ਦ.ਬ) ਵਧਦੀ ਮਹਿੰਗਾਈ ਨਾਲ ਜੂਝ ਰਹੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਮੰਤਰੀਆਂ ਦੀਆਂ ਮੁਸ਼ਕਲਾਂ ਨੂੰ ਦੇਖਦੇ ਹੋਏ ਕੈਬਨਿਟ ਨੇ ਮੁੱਖ ਮੰਤਰੀ ਸਮੇਤ ਮੰਤਰੀਆਂ, ਵਿਧਾਇਕਾਂ, ਮੁੱਖ ਸੰਸਦੀ ਸਕੱਤਰਾਂ, ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖ਼ਾਹਾਂ ਵਿਚ ਵਾਧਾ ਕਰ ਦਿੱਤਾ ਹੈ। ਇਸ ਵਾਧੇ ਦਾ ਸਭ ਤੋਂ ਵੱਧ ਲਾਭ ਮੁੱਖ ਮੰਤਰੀ ਨੂੰ ਹੋਇਆ ਹੈ ਜਿਨ੍ਹਾਂ ਦੀ ਤਨਖਾਹ ਵਿਚ ਤਿੰਨ ਸੌ ਫੀਸਦੀ ਤੋਂ ਜ਼ਿਆਦਾ ਵਾਧਾ ਕੀਤਾ ਗਿਆ ਹੈ। ਉਨ੍ਹਾਂ ਨੂੰ ਹੁਣ 15 ਹਜ਼ਾਰ ਰੁਪਏ ਦੀ ਬਜਾਏ 50 ਹਜ਼ਾਰ ਰੁਪਏ ਤਨਖਾਹ ਮਿਲੇਗੀ। ਇਸ ਤੋਂ ਇਲਾਵਾ ਸਾਰੀਆਂ ਤਰ੍ਹਾਂ ਦੀਆਂ ਸਹੂਲਤਾਂ ਵੱਖਰੇ ਤੌਰ 'ਤੇ ਮਿਲਣਗੀਆਂ।

ਮੰਤਰੀਆਂ ਦੀ ਤਨਖਾਹ ਦੁੱਗਣੀ ਹੋ ਗਈ ਹੈ। ਪਹਿਲਾਂ ਉਨ੍ਹਾਂ ਨੂੰ 15 ਹਜ਼ਾਰ ਰੁਪਏ ਮਿਲਦੇ ਸਨ, ਜੋ ਹੁਣ ਵੱਧ ਕੇ ਤੀਹ ਹਜ਼ਾਰ ਰੁਪਏ ਹੋ ਗਏ ਹਨ। ਇਸ ਵਿਚ ਉਪ ਮੁੱਖ ਮੰਤਰੀ, ਸਪੀਕਰ ਅਤੇ ਵਿਰੋਧੀ ਧਿਰ ਦੇ ਨੇਤਾ ਵੀ ਸ਼ਾਮਲ ਹਨ। ਮੁੱਖ ਸੰਸਦੀ ਸਕੱਤਰਾਂ, ਸੰਸਦੀ ਸਕੱਤਰਾਂ ਅਤੇ ਡਿਪਟੀ ਸਪੀਕਰ ਦੀ ਤਨਖਾਹ ਵੀ ਸ਼ਾਮਲ ਹੈ। ਮੁੱਖ ਸੰਸਦੀ ਸਕੱਤਰਾਂ, ਸੰਸਦੀ ਸਕੱਤਰਾਂ ਅਤੇ ਡਿਪਟੀ ਸਪੀਕਰ ਦੀ ਤਨਖਾਹ ਵੀ ਦੁੱਗਣੀ ਹੋ ਗਈ ਹੈ। ਇਨ੍ਹਾਂ ਨੂੰ ਹੁਣ ਦਸ ਹਜ਼ਾਰ ਰੁਪਏ ਦੀ ਬਜਾਏ ਵੀਹ ਹਜ਼ਾਰ ਰੁਪਏ ਮਿਲਣਗੇ। ਇਸ ਤੋਂ ਇਲਾਵਾ ਡੀ.ਏ. ਵੱਖਰੇ ਮਿਲਣੇ ਹਨ। ਵਿਧਾਇਕ ਵੀ ਤਨਖਾਹ ਵਾਧੇ ਤੋਂ ਵਾਂਝੇ ਨਹੀਂ ਰਹੇ। ਜਨਰਲ ਪਰਪਜ਼ ਕਮੇਟੀ ਦੀਆਂ ਸ਼ਿਫਾਰਸ਼ਾਂ ਨੂੰ ਮੰਨਦੇ ਹੋਏ ਵਿਧਾਇਕਾਂ ਦੀ ਤਨਖਾਹ 4000 ਤੋਂ ਦਸ ਹਜ਼ਾਰ, ਮਹਿਮਾਨ-ਨਵਾਜ਼ੀ ਭੱਤਾ ਦੋ ਹਜ਼ਾਰ ਤੋਂ ਤਿੰਨ ਹਜ਼ਾਰ, ਸਫਰ ਭੱਤਾ 6 ਰੁਪਏ ਲੀਟਰ ਤੋਂ 12 ਰੁਪਏ ਲੀਟਰ, ਡੀ.ਏ. 500 ਤੋਂ ਵਧਾ ਕੇ 1000, ਮੁਫਤ ਸਫਰ ਸਹੂਲਤ1.25 ਲੱਖ ਤੋਂ 2 ਲੱਖ, ਰਿਹਾਇਸ਼ ਕਰਜ਼ਾ 10 ਲੱਖ ਤੋਂ 40 ਲੱਖ, ਮੁਰੰਮਤ ਲਈ 1.75 ਲੱਖ, ਪੈਨਸ਼ਨ 5000 ਤੋਂ ਵਧਾ ਕੇ 7500 ਅਤੇ ਹਰ ਮੈਂਬਰੀ 'ਤੇ 5000 ਨਾਲ ਹੀ ਡੀ.ਏ। ਕੰਪਨਸੇਟਰੀ ਅਲਾਊਂਸ ਪਹਿਲਾਂ ਵਾਂਗ 5000 ਵੀ ਦੇਣ ਦੀ ਸਿਫਾਰਸ਼ ਕੀਤੀ ਗਈ ਸੀ। ਇਸ ਤੋਂ ਇਲਾਵਾ ਸਾਬਕਾ ਮੈਂਬਰਾਂ ਨੂੰ ਪੈਨਸ਼ਨ ਅਤੇ ਭੱਤੇ ਵੀ ਵਧਾਉਣ ਲਈ ਕੈਬਨਿਟ ਨੇ ਮਨਜ਼ੂਰੀ ਦੇ ਦਿੱਤੀ ਹੈ।

## ਹਰਿਆਣਾ ਵਿਚ ਵਿਧਾਇਕਾਂ ਨੂੰ ਹੁਣ ਦਸ ਹਜ਼ਾਰ ਤਨਖਾਹ

ਚੰਡੀਗੜ੍ਹ (ਨ.ਦ.ਬ) ਹਰਿਆਣਾ ਵਿਧਾਨ ਸਭਾ ਦੇ ਮੈਂਬਰਾਂ ਲਈ ਮੌਨਸੂਨ ਸੈਸ਼ਨ ਦੇ ਆਖਰੀ ਦਿਨ ਦਸ ਹਜ਼ਾਰ ਰੁਪਏ ਤਨਖਾਹ ਲਾਗੂ ਕਰਨ ਦਾ ਐਲਾਨ ਕੀਤਾ ਗਿਆ। ਹੁਣ ਤੱਕ ਵਿਧਾਇਕਾਂ ਨੂੰ ਸਿਰਫ ਭੱਤੇ ਹੀ ਮਿਲਦੇ ਸਨ। ਇਸ ਤੋਂ ਇਲਾਵਾ ਸਾਬਕਾ ਵਿਧਾਇਕਾਂ ਦੀ ਮੂਲ ਪੈਨਸ਼ਨ ਵਿਚ ਵੀ 2500 ਰੁਪਏ ਵਾਧਾ ਕਰਨ ਦਾ ਐਲਾਨ ਕੀਤਾ ਗਿਆ ਹੈ। ਸੰਸਦੀ ਕਾਰਜ ਮੰਤਰੀ ਰਣਦੀਪ ਸਿੰਘ ਸੁਰਜੇਵਾਲਾ ਨੇ ਦੱਸਿਆ ਕਿ ਸੋਧੇ ਤਨਖਾਹ ਅਤੇ ਹੋਰ ਭੱਤੇ ਤੁਰੰਤ ਪ੍ਰਭਾਵ ਤੋਂ ਲਾਗੂ ਸਮਝੇ ਜਾਣਗੇ। ਹੁਣ ਵਿਧਾਇਕਾਂ ਲਈ ਵਿਧਾਨ ਸਭਾ ਖੇਤਰ ਭੱਤਾ 15 ਹਜ਼ਾਰ ਤੋਂ 20 ਹਜ਼ਾਰ ਰੁਪਏ, ਦਫਤਰੀ ਭੱਤਾ 2500 ਤੋਂ 5000 ਰੁਪਏ, ਸੈਂਚੁਰੀ ਭੱਤਾ 3000 ਤੋਂ 5000 ਰੁਪਏ, ਸਕੱਤਰੇਤ ਭੱਤਾ 5000 ਤੋਂ ਦਸ ਹਜ਼ਾਰ ਰੁਪਏ, ਰੋਜ਼ਾਨਾ ਭੱਤਾ 1000 ਤੋਂ 1500 ਰੁਪਏ ਕਰਨ ਦਾ ਪ੍ਰਸਤਾਵ ਹੈ। ਇਸ ਤੋਂ ਇਲਾਵਾ ਵਾਹਨ ਵਰਤੋਂ ਲਈ 15 ਰੁਪਏ ਪ੍ਰਤੀ ਕਿਲੋਮੀਟਰ ਦੀ ਦਰ ਨਾਲ ਵਾਹਨ ਭੱਤਾ ਵੀ ਦਿੱਤਾ ਜਾਵੇਗਾ।

## ਡੇਂਗੂ ਦੇ ਡੰਗ ਤੋਂ ਡਰੇ 25 ਦੇਸ਼




ਜਿਵੇਂ ਜਿਵੇਂ ਕੌਮਨਵੈਲਥ ਖੇਡਾਂ ਨੇੜੇ ਆ ਰਹੀਆਂ ਹਨ, ਦਿੱਲੀ ਵਿਚ ਫੈਲੇ ਡੇਂਗੂ ਦਾ ਖੌਫ਼ ਕੌਮਨਵੈਲਥ ਦੇ ਦੇਸ਼ਾਂ ਵਿਚ ਵੱਧਦਾ ਜਾ ਰਿਹਾ ਹੈ। ਡੇਂਗੂ ਨੂੰ ਲੈ ਕੇ ਚਿੰਤਤ 25 ਦੇਸ਼ਾਂ ਨੇ ਪ੍ਰਬੰਧਕੀ ਕਮੇਟੀ ਨੂੰ ਪੱਤਰ ਲਿਖ ਕੇ ਤਾਜ਼ਾ ਹਾਲਾਤ ਅਤੇ ਇਸ 'ਤੇ ਕਾਬੂ ਪਾਉਣ ਦੇ ਪ੍ਰਬੰਧਾਂ ਬਾਰੇ ਜਾਣਕਾਰੀ ਮੰਗੀ ਹੈ। ਇਹ ਦੇਸ਼ ਜਾਣਨਾ ਚਾਹੁੰਦੇ ਹਨ ਕਿ ਦਿੱਲੀ ਵਿਚ ਡੇਂਗੂ ਕਿਤੇ ਮਹਾਮਾਰੀ ਤਾਂ ਨਹੀਂ ਬਣ ਚੁੱਕਾ ਹੈ?

ਇਧਰ ਦਿੱਲੀ ਵਿਚ ਕਈ ਨਿਰਮਾਣ ਥਾਵਾਂ 'ਤੇ ਕੰਮ ਕਰ ਰਹੇ ਮਜ਼ਦੂਰਾਂ ਨੂੰ ਡੇਂਗੂ ਅਤੇ ਮਲੇਰੀਆ ਹੋ ਗਿਆ ਹੈ। ਸਮਾਂ ਰਹਿੰਦੇ ਕਦਮ ਨਾ ਚੁੱਕੇ ਗਏ ਤਾਂ ਡੇਂਗੂ-ਮਲੇਰੀਆ ਮਹਾਮਾਰੀ ਦਾ ਰੂਪ ਧਾਰਨ ਕਰ ਸਕਦਾ ਹੈ। ਦਿੱਲੀ ਅਥਾਰਟੀ ਦੇ ਸਕੱਤਰ ਆਸ਼ਾ ਮੈਨਨ ਦੀ ਇਸ ਰਿਪੋਰਟ ਤੋਂ ਬਾਅਦ ਹਾਈਕੋਰਟ ਵਿਚ ਮੁੱਖ ਜੱਜ ਜਸਟਿਸ ਦੀਪਕ ਮਿਸ਼ਰਾ ਤੇ ਮਨਮੋਹਨ ਦੇ ਬੈਂਚ ਨੇ ਐਮ.ਸੀ.ਡੀ. ਅਤੇ ਐਨ.ਡੀ.ਐਮ.ਸੀ. ਨੂੰ ਸਖਤ ਝਾੜ ਪਾਈ ਹੈ। ਕੋਰਟ ਨੇ ਕਿਹਾ ਹੈ ਕਿ ਕਿਰਤ ਕਮਿਸ਼ਨਰ ਅਤੇ ਸੀ.ਪੀ.ਡਬਲਯੂ.ਡੀ ਦੇ ਖੇਤਰੀ ਕਮਿਸ਼ਨਰ (ਸੈਂਟਰਲ) ਏ.ਸੀ. ਕਮਰਿਆਂ ਤੋਂ ਨਿਕਲ ਕੇ ਨਿਰਮਾਣ ਥਾਵਾਂ ਦਾ ਦੌਰਾ ਕਰਨ ਅਤੇ ਇਹ ਨਿਸ਼ਚਿਤ ਕਰਨ ਕਿ ਠੇਕੇਦਾਰ ਸੁਰੱਖਿਆ ਮਾਪਦੰਡਾਂ ਦਾ ਪੂਰਾ ਖਿਆਲ ਰੱਖਣ। ਨਾਲ ਹੀ ਕੋਰਟ ਨੇ ਸ਼ਿਵਾਜੀ ਸਟੇਡੀਅਮ ਵਿਚ ਮਾਰੇ ਗਏ ਮਜ਼ਦੂਰ ਬਾਰੇ ਸੀ.ਪੀ.ਡਬਲਯੂ. ਦੇ ਮੁੱਖ ਅਧਿਕਾਰੀ ਨਾਲ ਜਵਾਬ ਤਲਬੀ ਕੀਤੀ ਜਦਕਿ ਜਵਾਹਰਲਾਲ ਨਹਿਰੂ ਸਟੇਡੀਅਮ ਵਿਚ ਟਰਾਲੀ ਹੇਠ ਦਬ ਕੇ ਦੋ ਸਾਲ ਦੀ ਬੱਚੀ ਦੀ ਮੌਤ ਦੇ ਮਾਮਲੇ ਦੀ ਜਾਂਚ ਸਬੰਧਤ ਪੁਲੀਸ ਡਿਪਟੀ ਕਮਿਸ਼ਨਰ ਨੂੰ ਕਰਨ ਲਈ ਕਿਹਾ ਹੈ। ਹਾਈ ਕੋਰਟ ਨੇ ਇਹ ਹੁਕਮ ਗੈਰ ਸਰਕਾਰੀ ਸੰਗਠਨ 'ਪੀਪਲ ਫਾਰ ਡੈਮੋਕਰੈਟਿਕ ਰਾਈਟ' ਵੱਲੋਂ ਦਾਇਰ ਜਨਤਕ ਪਟੀਸ਼ਨ 'ਤੇ ਦਿੱਤਾ ਹੈ।

### ਚਿਦੰਬਰਮ ਨੇ ਲਿਆ ਜਾਇਜ਼ਾ

ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕੇਂਦਰੀ ਗ੍ਰਹਿ ਸਕੱਤਰ ਜੀ.ਕੇ. ਪਿੱਲੈਈ ਤੇ ਦਿੱਲੀ ਪੁਲੀਸ ਕਮਿਸ਼ਨਰ ਵਾਈ.ਐਸ. ਡਡਵਾਲ ਨਾਲ ਵੱਖ ਵੱਖ ਖੇਡ ਸਟੇਡੀਅਮਾਂ ਦਾ ਦੌਰਾ ਕਰਨ ਤੋਂ ਬਾਅਦ ਕਿਹਾ ਕਿ ਨਿਰਨਾਇਕ ਸੁਰੱਖਿਆ ਜਾਇਜ਼ਾ 15 ਸਤੰਬਰ ਤੋਂ ਬਾਅਦ ਲਿਆ ਜਾਵੇਗਾ।

# ਭਾਰਤ ਵਿਚ ਹੜਤਾਲ ਨਾਲ ਕੰਮਕਾਜ ਪ੍ਰਭਾਵਤ

## ਪੰਜਾਬ-ਹਰਿਆਣਾ ਵਿਚ ਰੋਡਵੇਜ਼ ਸੇਵਾਵਾਂ ਠੱਪ ਰਹੀਆਂ



ਨਵੀਂ ਦਿੱਲੀ (ਨ.ਦ.ਬ) ਆਕਾਸ਼ ਛੂੰਹਦੀ ਮਹਿੰਗਾਈ, ਕਿਰਤ ਕਾਨੂੰਨਾਂ ਦੀ ਉਲੰਘਣਾ ਅਤੇ ਅਪਨਿਵੇਸ਼ ਦੇ ਖਿਲਾਫ ਇਕ ਦੀ ਦੇਸ਼ ਵਿਆਪੀ ਹੜਤਾਲ ਨਾਲ ਸਰਕਾਰੀ ਦਫਤਰਾਂ ਵਿਚ ਕੰਮਕਾਜ ਪ੍ਰਭਾਵਤ ਹੋਇਆ। ਹੜਤਾਲ ਦਾ ਸਭ ਤੋਂ ਜ਼ਿਆਦਾ ਅਸਰ ਪੱਛਮੀ ਬੰਗਾਲ ਅਤੇ ਕੇਰਲ ਵਿਚ ਦੇਖਣ ਨੂੰ ਮਿਲਿਆ। ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਵਿਚ ਇਸਦਾ ਰਲਿਆ-ਮਿਲਿਆ ਅਸਰ ਰਿਹਾ।

ਹੜਤਾਲ ਦਾ ਸੱਦਾ ਇੰਟਕ, ਏ.ਆਈ.ਟੀ.ਯੂ.ਸੀ., ਸੀਟੂ, ਐਚ.ਐਮ.ਐਸ., ਆਈ.ਏ.ਯੂ.ਟੀ.ਯੂ.ਸੀ., ਟੀ.ਯੂ.ਸੀ.ਸੀ., ਏ.ਆਈ.ਸੀ.ਸੀ.ਟੀ.ਯੂ ਅਤੇ ਯੂ.ਟੀ.ਯੂ.ਸੀ ਨੇ ਕੀਤਾ ਸੀ। ਇਸ ਵਿਚ ਕੋਲਾ, ਬਿਜਲੀ, ਦੂਰਸੰਚਾਰ, ਬੈਂਕਾਂ, ਬੀਮਾ ਕੰਪਨੀਆਂ, ਬੰਦਰਗਾਹ, ਸੜਕੀ ਆਵਾਜਾਈ, ਪੈਟਰੋਲੀਅਮ ਅਤੇ ਨਿਰਮਾਣ ਖੇਤਰ ਦੀਆਂ ਵੱਖ ਵੱਖ ਯੂਨੀਅਨਾਂ ਨੇ ਵੀ ਹਿੱਸਾ ਲਿਆ। ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿਚ ਹੜਤਾਲ ਦਾ ਵਿਆਪਕ ਅਸਰ ਰਿਹਾ। ਬੱਸ, ਬੈਂਕਿੰਗ ਅਤੇ ਹਸਪਤਾਲਾਂ ਵਿਚ ਸੇਵਾਵਾਂ ਪ੍ਰਭਾਵਤ ਹੋਣ ਨਾਲ ਲੋਕਾਂ ਨੂੰ ਕਾਫੀ ਮੁਸ਼ਕਲਾਂ ਝਲਣੀਆਂ ਪਈਆਂ। ਹੜਤਾਲ ਕਾਰਨ ਰਾਜ ਭਰ ਵਿਚ ਤਿੰਨ ਹਜ਼ਾਰ ਬੱਸਾਂ ਦਾ ਚੱਕਾ ਲਗਭਗ ਪੂਰੀ ਤਰ੍ਹਾਂ ਜਾਮ ਰਿਹਾ ਅਤੇ ਗੱਡੀਆਂ ਵਿਚ ਭਾਰੀ ਭੀੜ ਰਹੀ। ਕਈ ਥਾਵਾਂ 'ਤੇ ਸ਼ਾਮ ਤੱਕ ਬੱਸ ਸੇਵਾ ਬਹਾਲ ਨਾ ਹੋ ਸਕੀ।

ਇਹ ਦੇਸ਼ ਭਰ ਵਿਚ ਵੱਡੀ ਹੜਤਾਲ ਸੀ। ਇਹ ਟਰੇਡ ਯੂਨੀਅਨਾਂ ਦੀ ਇਕਜੁੱਟਤਾ ਹੈ, ਜਿਸ ਨੇ ਕਰਮਚਾਰੀਆਂ ਨੂੰ ਹੜਤਾਲ ਵਿਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ। ਇਸ ਦਾ ਵਿਆਪਕ ਅਸਰ ਪਿਆ। ਜੇਕਰ ਸਰਕਾਰ ਸਾਡੀਆਂ ਮੰਗਾਂ ਨਹੀਂ ਮੰਨਦੀ ਹੈ ਤਾਂ ਫਰਵਰੀ ਵਿਚ ਸੰਸਦ ਤੱਕ ਮਾਰਚ ਕਰਾਂਗੇ - ਗੁਰੂਦਾਸ ਦਾਸਗੁਪਤਾ, ਏ.ਆਈ.ਟੀ.ਯੂ.ਸੀ. ਦੇ ਜਨਰਲ ਸਕੱਤਰ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਸੰਸਦ ਮੈਂਬਰ

# ਗੁਰਦਾਸ ਮਾਨ ਨੂੰ ਲੰਡਨ ਵਿਚ ਡਾਕਟਰੇਟ ਨਾਲ ਨਵਾਜਿਆ




ਲੰਡਨ-ਦੁਨੀਆ ਭਰ ਵਿਚ ਮਸ਼ਹੂਰ ਪੰਜਾਬੀ ਲੋਕ ਗਾਇਕ ਗੁਰਦਾਸ ਮਾਨ ਨੂੰ ਬਰਤਾਨੀਆ ਦੀ ਇਕ ਯੂਨੀਵਰਸਿਟੀ ਨੇ ਵਿਸ਼ਵ ਸੰਗੀਤ ਵਿਚ ਡਾਕਟਰੇਟ ਦੀ ਆਨਰੇਰੀ ਡਿਗਰੀ ਦਿੱਤੀ ਹੈ। ਬਰਤਾਨੀਆ ਦੀ ਵੁਲਵਰ ਹੈਂਪਟਨ ਯੂਨੀਵਰਸਿਟੀ ਦੇ ਸਕੂਲ ਆਫ ਸਪੋਰਟ, ਪਰਫਾਰਮਿੰਗ ਆਰਟਸ ਐਂਡ ਲੇਜ਼ਰ ਨੇ ਏਸ਼ੀਆਈ ਸੰਗੀਤ ਨੂੰ ਉਤਸ਼ਾਹਤ ਕਰਨ ਅਤੇ ਸੰਗੀਤ ਵਿਚ ਉਨ੍ਹਾਂ ਦੇ ਕਰੀਅਰ ਦੇ ਮੱਦੇਨਜ਼ਰ ਇਹ ਉਪਾਧੀ ਦਿੱਤੀ ਹੈ।

ਇਸ ਮੌਕੇ ਗੁਰਦਾਸ ਮਾਨ ਨੇ ਕਿਹਾ ਕਿ ਇਸ ਸਨਮਾਨ ਨੇ ਮੈਨੂੰ ਅੰਦਰੋਂ ਛੂਹਿਆ ਹੈ। ਮੈਂ ਆਪਣੇ ਸਰੋਤਿਆਂ ਦਾ ਸ਼ੁਕਰਗੁਜ਼ਾਰ ਹਾਂ। ਇਹ ਪੰਜਾਬ ਅਤੇ ਉਸ ਤੋਂ ਵੀ ਵਧ ਕੇ ਭਾਰਤ ਦਾ ਸਨਮਾਨ ਹੈ। ਉਨ੍ਹਾਂ ਕਿਹਾ, 'ਮੈਂ ਪਹਿਲਾਂ ਵਾਂਗ ਸਰੋਤਿਆਂ ਦਾ ਮਨੋਰੰਜਨ ਕਰਦਾ ਰਹਾਂਗਾ। ਗੁਰਦਾਸ ਮਾਨ ਨੇ ਦੋ ਸੌ ਤੋਂ ਵੱਧ ਗਾਣੇ ਲਿਖੇ ਹਨ ਅਤੇ ਤੀਹ ਤੋਂ ਜ਼ਿਆਦਾ ਐਲਬਮਾਂ ਬਣਾਈਆਂ ਹਨ। ਇਸ ਤੋਂ ਇਲਾਵਾ ਉਹ ਅਦਾਕਾਰੀ ਦੇ ਖੇਤਰ ਵਿਚ ਵੀ ਲੋਹਾ ਮਨਵਾ ਚੁੱਕੇ ਹਨ। ਉਨ੍ਹਾਂ ਨੂੰ ਪੰਜਾਬੀ ਸੰਗੀਤ ਨੂੰ ਦੁਨੀਆ ਭਰ ਵਿਚ ਲੋਕ ਪ੍ਰਿਯ ਬਣਾਉਣ ਦਾ ਸਿਹਰਾ ਦਿੱਤਾ ਜਾਂਦਾ ਹੈ। ਇਸ ਤੋਂ ਪਹਿਲਾਂ ਪਾਲ ਮੈਕਟਰਨੀ, ਬਿਲ ਕਾਸਬੋ ਅਤੇ ਬਾਬ ਡਿਲਾਨ ਵਰਗੀਆਂ ਸ਼ਖਸੀਅਤਾਂ ਨੂੰ ਇਸ ਯੂਨੀਵਰਸਿਟੀ ਨੇ ਡਾਕ-ਟਰੇਟ ਦੀ ਉਪਾਧੀ ਨਾਲ ਨਿਵਾਜਿਆ ਹੈ।

## ਪੰਜਾਬ 'ਚ ਵੱਧ ਰਹੀ ਹੈ ਬੇਰੁਜ਼ਗਾਰਾਂ ਦੀ ਫ਼ੌਜ

# ਪੰਜ ਸਾਲਾਂ 'ਚ ਸਿਰਫ਼ 23 ਹਜ਼ਾਰ ਨੂੰ ਨੌਕਰੀ



ਚੰਡੀਗੜ੍ਹ (ਨ.ਦ.ਬ) ਪੰਜਾਬ ਸਰਕਾਰ ਬੇਸ਼ੱਕ ਨੌਜਵਾਨਾਂ ਨੂੰ ਰੁਜ਼ਗਾਰ ਦਿਵਾਉਣ ਦੇ ਵੱਡੇ ਵੱਡੇ ਦੱਮਗਜ਼ੇ ਮਾਰ ਰਹੀ ਹੈ ਪਰ ਪੰਜਾਬ ਵਿਚ ਬੇਰੁਜ਼ਗਾਰਾਂ ਦੀ ਗਿਣਤੀ ਦਿਨੋ ਦਿਨ ਵਧਦੀ ਜਾ ਰਹੀ ਹੈ। ਸੂਬੇ ਦੇ ਜ਼ਿਲ੍ਹਿਆਂ ਵਿਚ ਚਲ ਰਹੇ ਰੁਜ਼ਗਾਰ ਦੇ ਕੇਂਦਰਾਂ ਵਿਚ ਪਿਛਲੇ ਪੰਜ ਸਾਲਾਂ ਵਿਚ 21 ਲੱਖ 40 ਹਜ਼ਾਰ 589 ਬੇਰੁਜ਼ਗਾਰਾਂ ਨੇ ਰੁਜ਼ਗਾਰ ਲਈ ਰਜਿਸਟਰੇਸ਼ਨ ਕਰਵਾਈ ਪਰ ਰੁਜ਼ਗਾਰ ਵਿਭਾਗ 23 ਹਜ਼ਾਰ 234 ਨੌਜਵਾਨਾਂ ਨੂੰ ਹੀ ਰੁਜ਼ਗਾਰ ਦਿਵਾ ਸਕਿਆ। ਇਸ ਗੱਲ ਦਾ ਖੁਲਾਸਾ ਸੂਚਨਾ ਅਧਿਕਾਰ ਤਹਿਤ ਮੰਗੀ ਗਈ ਜਾਣਕਾਰੀ ਤਹਿਤ ਹੋਇਆ। ਰੁਜ਼ਗਾਰ ਵਿਭਾਗ ਨੌਜਵਾਨਾਂ ਨੂੰ ਰੁਜ਼ਗਾਰ ਦਿਵਾਉਣ 'ਚ ਬੇਸ਼ੱਕ ਅਸਰਦਾਰ ਸਾਬਤ ਨਹੀਂ ਹੋਇਆ ਪਰ ਵਿਭਾਗ ਦੀਆਂ ਇਮਾਰਤਾਂ ਦੀ ਰੈਨੋਵੇਸ਼ਨ ਅਤੇ ਹੋਰ ਕਾਰਜਾਂ 'ਤੇ ਕਰੋੜਾਂ ਰੁਪਏ ਖਰਚ ਕੀਤੇ ਗਏ ਹਨ। ਇਸ ਤੋਂ ਇਲਾਵਾ ਕਰਮਚਾਰੀਆਂ ਦੇ ਤਨਖ਼ਾਹਾਂ, ਭੱਤਿਆਂ ਤੇ ਹੋਰ ਸਾਧਨਾਂ 'ਤੇ ਹਰ ਸਾਲ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਰੁਜ਼ਗਾਰ ਵਿਭਾਗ ਵਿਚ 349 ਅਧਿਕਾਰੀ ਅਤੇ ਕਰਮਚਾਰੀ ਕੰਮ ਕਰ ਰਹੇ ਹਨ। ਵਿਭਾਗ ਵਿਚ ਇਸ ਸਮੇਂ ਦਰਜਾ ਇਕ ਅਤੇ ਦੋ ਦੇ ਕੁਲ 61 ਅਧਿਕਾਰੀ ਅਤੇ ਕਰਮਚਾਰੀ ਹਨ। ਦਰਜਾ ਤਿੰਨ ਤਹਿਤ 167 ਅਤੇ ਦਰਜਾ ਚਾਰ ਤਹਿਤ 121 ਕਰਮਚਾਰੀ ਹਨ।

# ਪ੍ਰੋਵਿੰਸ਼ੀਅਲ ਸੇਲਜ਼ ਟੈਕਸ ਉਪਰ ਸਰਕਾਰ ਨੇ ਦਿੱਤੀ ਸਫਾਈ



ਐਲਬਰਟਾ (ਨ.ਦ.ਬ) ਸਰਕਾਰ ਅੱਜ ਕੱਲ ਐਲਬਰਟਾ ਵਾਸੀਆਂ ਨੂੰ ਇਹ ਭਰੋਸਾ ਦੁਆਉਣ ਵਿਚ ਰੁੱਝੀ ਹੋਈ ਹੈ ਕਿ ਉਨ੍ਹਾਂ ਨੂੰ ਫਿਲਹਾਲ ਪ੍ਰੋਵਿੰਸ਼ੀਅਲ ਸੇਲਜ਼ ਲਿਵਾਈ ਦਾ ਭੁਗਤਾਨ ਨਹੀਂ ਕਰਨਾ ਪਏਗਾ। ਦਰਅਸਲ, ਵਿੱਤ ਮੰਤਰੀ ਟੈਡ ਮੌਰਟਨ ਨੇ ਆਪਣੇ ਇਕ ਬਿਆਨ ਵਿਚ ਆਖਿਆ ਸੀ ਕਿ ਲੌਂਗ ਟਰਮ ਟੈਕਸ ਯੋਜਨਾ ਬੰਦੀ ਸਬੰਧੀ ਯੋਜਨਾਵਾਂ ਇਸ ਵੇਲੇ ਉਨ੍ਹਾਂ ਦੇ ਟੇਬਲ 'ਤੇ ਹਨ ਭਾਵ ਉਨ੍ਹਾਂ ਉਪਰ ਕੰਮ ਚੱਲ ਰਿਹਾ ਹੈ।

ਉਧਰ ਸਰਕਾਰ ਨੇ ਇਸ ਵਾਰੀ 4.8 ਬਿਲੀਅਨ ਡਿਫਿਸਿਟ ਹੋਣ ਦੀ ਸੰਭਾਵਨਾ ਪ੍ਰਗਟਾਈ ਹੈ। ਇਨ੍ਹਾਂ ਦੋ ਤਰਫ਼ਾ ਬਿਆਨਾਂ ਕਾਰਨ ਆਮ ਜਨਤਾ ਵਿਚ ਅਸਮੰਜਸ ਦੀ ਸਥਿਤੀ ਪੈਦਾ ਹੋ ਗਈ। ਨਤੀਜੇ ਵਜੋਂ ਮੌਰਟਨ ਦੇ ਬੁਲਾਰੇ ਬਾਰਟ ਜੌਨਸਨ ਨੂੰ ਹੁਣਕੈਨੇਡਾ ਵਿਚ ਅਸਮਾਨ ਛੂੰਹਦੀਆਂ ਇਮਾਰਤਾਂ ਬਣੀਆਂ ਚਿੰਤਾ ਦਾ ਕਾਰਨ

ਕੈਨੇਡਾ (ਨ.ਦ.ਬ) ਕੈਨੇਡਾ ਦੀ ਹਾਊਸਿੰਗ ਮਾਰਕਿਟ ਦੇ 6 ਵੱਡੇ ਹਿੱਸਿਆਂ ਜਾਂ ਸ਼ਹਿਰਾਂ ਵਿਚ ਅਸਮਾਨ ਛੂੰਹਦੀਆਂ ਕੀਮਤਾਂ ਅਤੇ ਵਧ ਰਹੇ ਮੌਰਗੇਜ ਰੇਟ ਚਿੰਤਾ ਦਾ ਵਿਸ਼ਾ ਬਣ ਗਏ ਹਨ।

ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਵੈਨਕੂਵਰ, ਐਡਮਿੰਟਨ, ਕੈਲਗਰੀ, ਟਰਾਂਟੋ, ਓਟਾਵਾ ਅਤੇ ਮੌਂਟਰੀਅਲ ਦੀ ਹਾਊਸਿੰਗ ਮਾਰਕਿਟ ਦੀ ਵਿਸਫੋਟਕ ਸਥਿਤੀ ਨੂੰ ਸੁਧਾਰਨ ਲਈ ਸਮਝਦਾਰੀ ਨਾਲ ਮੌਰਗੇਜ ਰੇਟ ਸੈਟਿੰਗ ਦੀ ਜ਼ਰੂਰਤ ਹੈ।

ਹਾਲਾਤ ਇਹ ਹਨ ਕਿ ਮਾਹਰਾਂ ਨੇ ਇਸ ਨੂੰ ਇਕ ਇਤਿਹਾਸਕ ਘਟਨਾ ਕਰਾਰ ਦੇਣਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ 6 ਸ਼ਹਿਰਾਂ ਵਿਚ ਇਕ ਆਮ ਘਰ ਦੀ ਕੀਮਤ ਇਸ ਵੇਲੇ 300000 ਡਾਲਰ ਤੋਂ ਵੀ ਵੱਧ ਹੈ ਜਦੋਂਕਿ ਬਾਕੀ ਸ਼ਹਿਰਾਂ ਵਿਚ ਇਕ ਆਮ ਘਰ 150000 ਤੋਂ 200000 ਮਿਲ ਜਾਂਦਾ ਹੈ। ਹਾਊਸਿੰਗ ਬਬਲ ਬਰਸਟ ਦੀ ਅਜਿਹੀ ਸਥਿਤੀ ਕੈਨੇਡਾ ਵਿਚ ਤਿੰਨ ਵਾਰੀ ਪੈਦਾ ਹੋਈ ਹੈ। ਵੈਨਕੂਵਰ ਵਿਚ 1981 ਤੇ 1994 ਵਿਚ ਤੇ ਟਰਾਂਟੋ ਵਿਚ 1989 ਵਿਚ।

ਆਉਂਦੇ ਪੰਜ ਸਾਲਾਂ ਤੱਕ ਮੌਰਗੇਜ ਰੇਟ ਹੋਰ ਵਧਣ ਦੀ ਫਿਲਹਾਲ ਕੋਈ ਸੰਭਾਵਨਾ ਨਹੀਂ ਹੈ।

ਸਫਾਈਆਂ ਦੇਣੀਆਂ ਪੈ ਰਹੀਆਂ ਹਨ ਕਿ ਮੰਤਰੀ ਸਾਹਿਬ ਨੇ ਸਿਰਫ ਏਨਾ ਆਖਿਆ ਸੀ ਕਿ ਭਵਿੱਖ ਵਿਚ ਰੈਵੀਨਿਊ ਵੌਲੇਟੈਲਿਟੀ ਉਪਰ ਕੰਟਰੋਲ ਰੱਖਣ ਲਈ ਸਾਰੀਆਂ ਸੰਭਾਵਨਾ ਅਤੇ ਯੋਜਨਾਵਾਂ ਉਪਰ ਗੌਰ ਕੀਤਾ ਜਾ ਰਿਹਾ ਪਰ ਇਹ ਨਹੀਂ ਸੀ ਕਿਹਾ ਕਿ ਇਹ ਲਾਗੂ ਵੀ ਕਰ ਦਿੱਤੀਆਂ ਜਾਣਗੀਆਂ। ਮੌਰਟਨ ਨੇ ਸਪਸ਼ਟੀਕਰਨ ਵਿਚ ਆਖਿਆ ਹੈ ਕਿ ਜਦੋਂ ਤੱਕ ਉਹ ਪ੍ਰੀਮੀਅਰ ਹਨ, ਕੋਈ ਸੇਲਜ਼ ਟੈਕਸ ਨਹੀਂ ਹੋਵੇਗਾ।

# ਪੰਜਾਬ

## ਅੱਜ-ਕੱਲ੍ਹ

## ਟੀਚਰਜ਼ ਡੇ 'ਤੇ ਬੇਰੁਜ਼ਗਾਰ ਅਧਿਆਪਕਾਂ ਨੂੰ ਡੰਡਿਆਂ ਦਾ 'ਤੋਹਫ਼ਾ'

ਅਮ੍ਰਿਤਸਰ (ਨ.ਦ.ਬ) ਟੀਚਰਜ਼ ਡੇ 'ਤੇ ਇਕ ਪਾਸੇ ਜਿਥੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਅਧਿਆਪਕਾਂ ਦਾ ਸਨਮਾਨ ਕੀਤਾ ਜਾ ਰਿਹਾ ਸੀ, ਉਥੇ ਦੂਜੇ ਪਾਸੇ ਯੂਨੀਵਰਸਿਟੀ ਦੇ ਬਾਹਰ ਬੇਰੁਜ਼ਗਾਰ ਈ.ਟੀ.ਟੀ. ਅਧਿਆਪਕਾਂ ਨੂੰ ਪੁਲੀਸ ਨੇ ਨਾ ਸਿਰਫ਼ ਧੱਕੇ ਮਾਰੇ ਬਲਕਿ ਬੇਰਹਿਮੀ ਨਾਲ ਲਾਠੀਆਂ ਵੀ ਵਰ੍ਹਾਈਆਂ। ਭਗਦੜ ਵਿਚ ਅੱਧਾ ਦਰਜਨ ਬੇਰੁਜ਼ਗਾਰ ਈ.ਟੀ.ਟੀ. ਅਧਿਆਪਕ ਜ਼ਖਮੀ ਹੋ ਗਏ। ਪੁਲੀਸ ਨੇ ਦੋ ਦਰਜਨ ਬੇਰੁਜ਼ਗਾਰ ਅਧਿਆਪਕਾਂ ਨੂੰ ਹਿਰਾਸਤ ਵਿਚ ਲਿਆ ਹੈ। ਅਧਿਆਪਕਾਂ ਨੇ ਕਿਹਾ ਕਿ ਜਦੋਂ ਤੱਕ ਉਨ੍ਹਾਂ ਨੂੰ ਪੰਜਾਬ ਸਰਕਾਰ ਨੌਕਰੀ ਨਹੀਂ ਦਿੰਦੀ, ਉਹ ਇਸੇ ਤਰ੍ਹਾਂ ਵਿਰੋਧ ਜਾਰੀ ਰੱਖਣਗੇ।

ਟੀਚਰਜ਼ ਡੇ 'ਤੇ ਅਮ੍ਰਿਤਸਰ ਸਥਿਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸੂਬਾ ਪੱਧਰੀ ਸਨਮਾਨ ਸਮਾਰੋਹ ਕੀਤਾ ਗਿਆ ਸੀ, ਜਿਸ ਵਿਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਸਿਖਿਆ ਮੰਤਰੀ ਬੀਬੀ ਉਪਿੰਦਰਜੀਤ ਕੌਰ ਵੀ ਮੌਜੂਦ ਸਨ। ਭਰੋਸੇ ਮਗਰੋਂ ਵੀ ਮੰਗਾਂ ਪੂਰੀਆਂ ਨਾ ਹੋਣ 'ਤੇ ਬੇਰੁਜ਼ਗਾਰ ਈ.ਟੀ.ਟੀ. ਅਧਿਆਪਕਾਂ ਨੇ ਮੰਤਰੀਆਂ ਦਾ ਘਿਰਾਓ ਕਰਨ ਦਾ ਫੈਸਲਾ ਲਿਆ ਸੀ। ਪਰ ਯੂਨੀਵਰਸਿਟੀ ਗੇਟ 'ਤੇ ਪੁਲੀਸ ਨੇ ਉਨ੍ਹਾਂ 'ਤੇ ਬੇਰਹਿਮੀ ਨਾਲ ਡੰਡੇ ਵਰ੍ਹਾਏ। ਅਧਿਆਪਕਾਂ ਦੀ ਅਗਵਾਈ ਕਰ ਰਹੇ ਦਲਜੀਤ ਸਿੰਘ ਨੇ ਕਿਹਾ ਕਿ ਜੂਨ ਵਿਚ ਮੁੱਖ ਮੰਤਰੀ ਨੇ ਵਾਅਦਾ ਕੀਤਾ ਸੀ ਕਿ ਉਨ੍ਹਾਂ ਨੂੰ ਜਲਦੀ ਹੀ ਨੌਕਰੀ 'ਤੇ ਰੱਖ ਲਿਆ ਜਾਵੇਗਾ। ਪਰ ਸਰਕਾਰ ਨੇ ਵਾਅਦਾ ਪੂਰਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਨੌਕਰੀ ਮਿਲਣ ਤੱਕ ਉਹ ਇਸੇ ਤਰ੍ਹਾਂ ਵਿਰੋਧ ਕਰਦੇ ਰਹਿਣਗੇ। ਪ੍ਰਦਸ਼ਨ ਵਿਚ ਸ਼ਾਮਲ ਬੇਰੁਜ਼ਗਾਰ ਈ.ਟੀ.ਟੀ. ਅਧਿਆਪਕਾਂ ਨੇ ਕਿਹਾ ਕਿ ਉਨ੍ਹਾਂ ਦਾ ਪ੍ਰਦਰਸ਼ਨ ਸ਼ਾਂਤੀਪੂਰਵਕ ਸੀ, ਪਰ ਪੁਲੀਸ ਨੇ ਜਾਣਬੁੱਝ ਕੇ ਅਧਿਆਪਕਾਂ ਨੂੰ ਭੜਕਾਇਆ।

ਉਧਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਮਨਪ੍ਰੀਤ ਸਿੰਘ ਬਾਦਲ ਅਤੇ ਬੀਬੀ ਉਪਿੰਦਰਜੀਤ ਕੌਰ ਨੇ ਖੇਤਰ ਵਿਚ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ 22 ਅਧਿਆਪਕਾਂ ਨੂੰ ਸਨਮਾਨਿਆ।

## ਅਕਾਲੀ ਦਲ ਦੇ ਵੋਟ ਬੈਂਕ ਹਲਕਿਆਂ 'ਚ ਜ਼ਿਆਦਾ ਪੈਸਾ ਲਾਉਣ ਦਾ ਇਲਜ਼ਾਮ





ਚੰਡੀਗੜ੍ਹ : ਨ ਦ ਬ-ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕਾਰਜਸ਼ੈਲੀ ਦੋ ਭਾਜਪਾ ਮੰਤਰੀਆਂ ਨੂੰ ਪਸੰਦ ਨਹੀਂ ਆ ਰਹੀ ਹੈ। ਬਾਦਲ ਦੇ ਫ਼ੈਸਲਿਆਂ ਤੋਂ ਭਾਜਪਾ ਮੰਤਰੀ ਨਾਖ਼ੁਸ਼ ਹਨ। ਭਾਜਪਾ ਦੀ ਤੇਜ਼ਤਰਾਰ ਮੰਤਰੀ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਨੂੰ ਉਨ੍ਹਾਂ ਦੇ ਵਿਭਾਗ ਅਧੀਨ ਕੰਮ ਕਰ ਰਹੀ ਹੈਲਥ ਸਿਸਟਮ ਕਾਰਪੋਰੇਸ਼ਨ ਵਿਚ ਵਾਈਸ ਚੇਅਰਮੈਨ ਦੇ ਰੂਪ ਵਿਚ ਗੁਰਦੀਪ ਸਿੰਘ ਨੂੰ ਲਾਉਣਾ ਪਸੰਦ ਨਹੀ ਆ ਰਿਹਾ ਹੈ। ਇਸ ਦੇ ਇਲਾਵਾ 25-25 ਸਾਲਾਂ ਤੋਂ ਚੰਡੀਗੜ੍ਹ ਵਿਚ ਡੈਪੂਟੇਸ਼ਨ 'ਤੇ ਗਏ ਡਾਕਟਰਾਂ ਨੂੰ ਵਾਪਸ ਬੁਲਾਉਣ ਸਬੰਧੀ ਵੀ ਉਨ੍ਹਾਂ ਦੇ ਵਾਰ ਵਾਰ ਅਪੀਲ ਕਰਨ ਦੇ ਬਾਵਜੂਦ ਮੁੱਖ ਮੰਤਰੀ ਨੇ ਕੋਈ ਫ਼ੈਸਲਾ ਨਹੀਂ ਲਿਆ ਹੈ। ਪ੍ਰੋ. ਚਾਵਲਾ ਦੇ ਇਲਾਵਾ ਭਾਜਪਾ ਵਿਧਾਇਕ ਦਲ ਦੇ ਨੇਤਾ ਮਨੋਰੰਜਨ ਕਾਲੀਆ ਵੀ ਨਾਰਾਜ਼ ਹਨ। ਉਨ੍ਹਾਂ ਨੂੰ ਲਗ ਰਿਹਾ ਹੈ ਕਿ ਸ਼ਹਿਰੀ ਵਿਕਾਸ ਵਿਭਾਗ ਅਧੀਨ ਬਣੇ ਬੋਰਡ ਅਤੇ ਐਥਾਰਟੀਜ਼ ਰਾਹੀਂ ਸਿਰਫ਼ ਉਨ੍ਹਾਂ ਸ਼ਹਿਰਾਂ ਵਿਚ ਹੀ ਪੈਸਾ ਲਾਇਆ ਜਾ ਰਿਹਾ ਹੈ ਜਿਥੇ ਭਾਜਪਾ ਦਾ ਘੱਟ ਅਕਾਲੀ ਦਲ ਦਾ ਵੋਟ ਬੈਂਕ ਜ਼ਿਆਦਾ ਹੈ। ਇਸ ਤੋਂ ਇਲਾਵਾ ਵੈਟ 'ਤੇ 10 ਫ਼ੀ ਸਦੀ ਸਰਚਾਰਜ ਲਾ ਕੇ ਇਹ ਰਾਸ਼ੀ ਸਥਾਨਕ ਵਿਭਾਗ ਨੂੰ ਦੇਣ ਦੀ ਬਜਾਏ ਇਸ ਦਾ ਇਸਤੇਮਾਲ ਹੋਰਨਾਂ ਥਾਵਾਂ 'ਤੇ ਕੀਤਾ ਜਾ ਰਿਹਾ ਹੈ। ਕਾਲੀਆ ਨੇ ਦਸਿਆ ਕਿ ਇਹ ਮਾਮਲਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਨਜ਼ਰ ਵਿਚ ਲਿਆ ਦਿਤਾ ਹੈ ਅਤੇ ਅਪਣੀ ਨਾਖ਼ੁਸ਼ੀ ਨਾਲ ਵੀ ਉਨ੍ਹਾਂ ਨੂੰ ਜਾਣੂ ਕਰਵਾ ਦਿਤਾ ਗਿਆ ਹੈ ਪਰ ਹਾਲੇ ਤਕ ਉਨ੍ਹਾਂ ਇਸ 'ਤੇ ਕੋਈ ਫ਼ੈਸਲਾ ਨਹੀਂ ਲਿਆ ਹੈ। ਜ਼ਿਕਰਯੋਗ ਹੈ ਕਿ ਗਰੇਟਰ ਲੁਧਿਆਣਾ ਅਰਬਨ ਡਿਵੈਲਪਮੈਂਟ ਐਥਾਰਟੀ, ਪੁੱਡਾ ਅਤੇ ਪੀ.ਆਈ.ਡੀ.ਬੀ. ਰਾਹੀਂ ਬਠਿੰਡਾ ਅਤੇ ਲੁਧਿਆਣਾ ਵਿਚ ਸਿੱਧਾ ਪੈਸਾ ਖ਼ਰਚ ਕੀਤਾ ਜਾ ਰਿਹਾ ਹੈ ਜਦਕਿ ਸਥਾਨਕ ਵਿਭਾਗ ਮੰਤਰੀ ਮਨੋਰੰਜਨ ਕਾਲੀਆ ਦਾ ਕਹਿਣਾ ਹੈ ਕਿ ਇਹ ਪੈਸਾ ਉਨ੍ਹਾ ਦੇ ਵਿਭਾਗ ਰਾਹੀਂ ਖ਼ਰਚ ਕੀਤਾ ਜਾਣਾ ਚਾਹੀਦਾ ਹੈ। ਕਾਲੀਆ ਨੂੰ ਬਠਿੰਡਾ ਅਤੇ ਲੁਧਿਆਣਾ ਵਿਚ 733 ਕਰੋੜ ਰੁਪਏ ਖ਼ਰਚ ਕਰਨ 'ਤੇ ਇਤਰਾਜ਼ ਹੈ।

ਦੂਜੇ ਪਾਸੇ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਨੇ ਸਿਹਤ ਸਿਸਟਮ ਕਾਰਪੋਰੇਸ਼ਨ ਵਿਚ ਖ਼ਾਲਿਸਤਾਨ ਸਮਰਥਕ ਰਹੇ ਗੁਰਦੀਪ ਸਿੰਘ ਨੂੰ ਲਾਉਣ 'ਤੇ ਵੀ ਨਾਖ਼ੁਸ਼ੀ ਜ਼ਾਹਰ ਕੀਤੀ ਹੈ। ਹਾਲਾਂਕਿ ਸਾਫ਼ ਤੌਰ 'ਤੇ ਉਨ੍ਹਾਂ ਇਹ ਨਹੀਂ ਕਿਹਾ ਕਿ ਉਹ ਨਾਰਾਜ਼ ਹਨ ਪਰ ਏਨਾ ਕਿਹਾ ਹੈ ਕਿ ਘੱਟ ਤੋਂ ਘੱਟ ਉਨ੍ਹਾਂ ਨਾਲ ਸਲਾਹ ਤਾਂ ਕਰ ਲਈ ਹੁੰਦੀ।

## ਪੰਜਾਬ ਦੇ 37 ਫ਼ੀ ਸਦੀ ਕਿਸਾਨ ਅੱਜ ਹੀ ਖੇਤੀ ਤਿਆਗ਼ਣ ਲਈ ਤਿਆਰ

ਚੰਡੀਗੜ੍ਹ : ਨ ਦ ਬ- ਹਰੀ ਕ੍ਰਾਂਤੀ ਦੇ ਬਾਨੀਆਂ ਦੀ ਅਗਲੀ ਪੀੜ੍ਹੀ ਦੇ 20 ਫ਼ੀ ਸਦੀ ਕਿਸਾਨ ਜਿਹੜੇ ਲਗਭਗ ਦੋ ਲੱਖ ਬਣਦੇ ਹਨ, ਪਿਛਲੇ ਇਕ ਦਹਾਕੇ ਤੋਂ ਖੇਤੀ ਛੱਡ ਚੁੱਕੇ ਹਨ ਜਦਕਿ ਨੈਸ਼ਨਲ ਸਰਵੇ ਆਰਗੇਨਾਈਜੇਸ਼ਨ ਦਾ ਕਹਿਣਾ ਹੈ ਕਿ 37 ਫ਼ੀ ਸਦੀ ਕਿਸਾਨ ਅੱਜ ਹੀ ਖੇਤੀ ਦਾ ਕੰਮ ਛੱਡਣਾ ਚਾਹੁੰਦੇ ਹਨ। ਖੇਤੀ 'ਚ ਘੱਟ ਰਹੀ ਆਮਦਨੀ ਤੋਂ ਨਿਰਾਸ਼ ਇਹ ਉਸ ਰਾਜ ਦੇ ਕਿਸਾਨਾਂ ਦੀ ਕਹਾਣੀ ਹੈ ਜੋ ਪੂਰੇ ਦੇਸ਼ ਵਿਚ ਸਭ ਤੋਂ ਜ਼ਿਆਦਾ ਅਨਾਜ ਪੈਦਾ ਕਰਦੇ ਹਨ। ਇਸ ਤੋਂ ਇਲਾਵਾ ਜਿਹੜੇ ਕਿਸਾਨਾਂ ਕੋਲ ਖੇਤੀ ਲਈ ਜ਼ਮੀਨਾਂ ਨਹੀਂ ਹਨ ਤੇ ਠੇਕੇ 'ਤੇ ਖੇਤੀ ਕਰਦੇ ਹਨ ਉਨ੍ਹਾਂ ਦਾ ਹਾਲ ਇਨ੍ਹਾਂ ਕਿਸਾਨਾਂ ਨਾਲੋਂ ਵੀ ਬਦਤਰ ਹੈ। ਇਨ੍ਹਾਂ ਲੋਕਾਂ ਨੂੰ ਕਿਤੇ ਹੋਰ ਰੁਜ਼ਗਾਰ ਨਾ ਮਿਲਣ ਕਾਰਨ ਪੇਂਡੂ ਆਰਥਕ ਸਥਿਤੀ ਵਿਸਫ਼ੋਟਕ ਮੁਕਾਮ 'ਤੇ ਖੜੀ ਹੋ ਗਈ ਹੈ। ਇਹ ਨਿਚੋੜ ਉਸ ਵਿਚਾਰ ਗੋਸ਼ਟੀ ਦਾ ਹੈ ਜਿਹੜੀ ਚੰਡੀਗੜ੍ਹ ਪ੍ਰੈੱਸ ਕਲੱਬ ਨੇ 'ਐਗ੍ਰੇਰਿਅਨ ਕਰਾਇਸਸ' 'ਤੇ ਕਰਵਾਈ। ਇਸ ਗੋਸ਼ਟੀ ਵਿਚ ਕਿਸਾਨਾਂ ਦਾ ਕਰਜ਼ੇ ਦੇ ਜਾਲ ਵਿਚ ਫਸਣਾ ਤੇ ਉਨ੍ਹਾਂ ਵਲੋਂ ਆਤਮ ਹਤਿਆ ਕਰਨਾ, ਪਾਣੀ ਦਾ ਪੱਧਰ ਹੇਠਾਂ ਡਿੱਗਣਾ, ਵਪਾਰ ਲਈ ਮੰਡੀਆਂ ਵਿਚ ਬਹੁਗਿਣਤੀ ਵਿਚ ਕੰਪਨੀਆਂ ਦਾ ਆਉਣਾ, ਜਿਹੇ ਕਈ ਵਿਸ਼ੇ ਸਨ, ਜਿਨ੍ਹਾਂ 'ਤੇ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ, ਮੰਡੀ ਬੋਰਡ ਦੇ ਚੇਅਰਮੈਨ ਅਜਮੇਰ ਸਿੰਘ ਲੱਖੋਵਾਲ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਰਥਸ਼ਾਸਤਰ ਵਿਭਾਗ ਦੇ ਪ੍ਰਮੁੱਖ ਡਾ. ਰਣਜੀਤ ਸਿੰਘ ਘੁੰਮਣ ਨੇ ਭਾਗ ਲਿਆ। ਉਨ੍ਹਾਂ ਕਿਹਾ ਕਿ ਰਾਜਨੀਤਕ ਪਾਰਟੀਆਂ ਨੂੰ ਚਾਹੀਦਾ ਹੈ ਕਿ ਉਹ ਨਿੱਜੀ ਏਜੰਡਿਆਂ ਤੋਂ ਉਪਰ ਉਠ ਕੇ ਇਸ ਗੰਭੀਰ ਸਮੱਸਿਆ ਵਲ ਧਿਆਨ ਦੇਣ। ਪੇਂਡੂ ਸਿਖਿਆ ਦਾ ਬੁਰਾ ਹਾਲ ਹੈ। ਸ. ਲੱਖੋਵਾਲ ਨੇ ਸੁਝਾਅ ਦਿਤਾ ਕਿ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕਾਨੂੰਨ ਬਣਾ ਕੇ ਪੰਜਾਬ ਨੂੰ ਪੰਜ ਜ਼ੋਨਾਂ 'ਚ ਵੰਡਿਆ ਜਾਵੇ ਅਤੇ ਜ਼ੋਨ ਵਾਈਜ਼ ਫ਼ਸਲਾਂ ਬੀਜੀਆਂ ਜਾਣ। ਕੰਡੀ ਖੇਤਰਾਂ 'ਚ ਮੱਕੀ, ਗੁਰਦਾਸਪੁਰ, ਅੰਮ੍ਰਿਤਸਰ ਵਿਚ ਬਾਸਮਤੀ, ਕੇਂਦਰੀ ਪੰਜਾਬ ਵਿਚ ਮੋਟਾ ਚਾਵਲ ਅਤੇ ਮਾਲਵੇ ਵਿਚ ਕਪਾਹ ਨੂੰ ਤਰਜੀਹ ਦਿਤੀ ਜਾਵੇ। ਰਾਜੇਵਾਲ ਨੇ ਕਿਹਾ ਕਿ ਪਾਣੀ ਦਾ ਪੱਧਰ ਡਿੱਗਣ ਲਈ ਕਿਸਾਨਾਂ ਨੂੰ ਹੀ ਜ਼ੁੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ, ਸ਼ਹਿਰਾਂ ਵਿਚ ਪਾਣੀ ਦੀ ਬਰਬਾਦੀ ਵੀ ਇਸ ਲਈ ਜ਼ੁੰਮੇਵਾਰ ਹੈ, ਇਸ ਨੂੰ ਰੋਕਿਆ ਜਾਵੇ। ਚੈੱਕ ਅਦਾਇਗੀ 'ਤੇ ਤਕਰਾਰ : ਕਿਸਾਨਾਂ ਨੂੰ ਏਜੰਸੀਆਂ ਵਲੋਂ ਸਿੱਧੀ ਚੈੱਕ ਦੀ ਅਦਾਇਗੀ 'ਤੇ ਰਾਜੇਵਾਲ ਅਤੇ ਲੱਖੋਵਾਲ 'ਚ ਕੁਝ ਤਕਰਾਰ ਵੀ ਹੋ ਗਈ। ਲੱਖੋਵਾਲ ਨੇ ਸਿੱਧੀ ਅਦਾਇਗੀ ਦੀ ਵਕਾਲਤ ਕੀਤੀ ਅਤੇ ਰਾਜੇਵਾਲ ਨੇ ਮੌਜੂਦਾ ਸਿਸਟਮ ਤੋੜੇ ਬਗੈਰ ਇਸ 'ਚ ਸੁਧਾਰ ਲਿਆਉਣ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਖ਼ੁਦ ਮੰਡੀ ਬੋਰਡ ਕੰਪਨੀਆਂ ਨੂੰ ਮੰਡੀਆਂ ਵਿਚ ਆਪਣਾ ਸਥਾਨ ਬਨਾਉਣ ਦੇ ਨਿਯਮ ਬਣਾ ਰਿਹਾ ਹੈ।


Asian Western Grocery Store

8324 - 160 Ave. Edmonton, AB. T5Z 3P1

NOW OPEN

*All indian, Fijian, South African Grocery*

ਏਸ਼ੀਅਨ ਵੈਸਟ੍ਰਨ ਗਰ੍ਰੋਸਰੀ ਐਂਡ ਮੂਵੀ ਸਟੋਰ

ਸਾਫ ਸੁਥਰੀ ਅਤੇ ਵਧੀਆ ਗਰ੍ਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ,
ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ
ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











For more information call
Balraj @
780-756-2225
780-660-2061

# ਭਾਰਤ ਅੱਜ-ਕੱਲ੍ਹ

# ਵਕਤ ਦੀ ਬਰਬਾਦੀ ਪਰ ਸੰਸਦ ਮੈਂਬਰਾਂ ਦੀ ਮੌਜ

ਨਵੀਂ ਦਿੱਲੀ (ਨ.ਦ.ਬ) ਹੁਣੇ ਹੁਣੇ ਸਮਾਪਤ ਹੋਏ ਮੌਨਸੂਨ ਸੈਸ਼ਨ ਭਾਵੇਂ ਹੀ ਇਸ ਗੱਲ ਲਈ ਸਭ ਤੋਂ ਜ਼ਿਆਦਾ ਯਾਦ ਕੀਤਾ ਜਾਵੇਗਾ ਕਿ ਇਸ ਸੈਸ਼ਨ ਵਿਚ ਸੰਸਦ ਮੈਂਬਰਾਂ ਦੇ ਤਨਖਾਹ-ਭੱਤਿਆਂ ਵਿਚ ਤਿੰਨ ਗੁਣਾ ਵਾਧਾ ਹੋਇਆ ਹੈ, ਪਰ ਇਹ ਵੀ ਆਪਣੇ ਆਪ ਵਿਚ ਇਕ ਸੱਚਾਈ ਹੈ ਕਿ ਇਸ ਸੈਸ਼ਨ ਦੀਆਂ 26 ਮੀਟਿੰਗਾਂ ਵਿਚ ਕੁਲ 45 ਘੰਟੇ ਹੰਗਾਮਿਆਂ ਦੀ ਭੇਟ ਚੜ੍ਹ ਗਏ। ਭਾਵ ਕੁਲ 136 ਘੰਟੇ ਲੋਕ ਸਭਾ ਚਲਾਉਣ ਦਾ ਪ੍ਰੋਗਰਾਮ ਸੀ ਪਰ ਚੱਲੀ ਸਿਰਫ 91 ਘੰਟੇ ਹੀ। ਲੋਕ ਸਭਾ ਸਪੀਕਰ ਮੀਰਾ ਕੁਮਾਰ ਨੇ ਸੈਸ਼ਨ ਦੀ ਸਮਾਪਤੀ 'ਤੇ ਇਸ ਗੱਲ 'ਤੇ ਡੂੰਘੀ ਨਾਰਾਜ਼ਗੀ ਪ੍ਰਗਟਾਈ ਕਿ ਗੱਲ ਗੱਲ 'ਤੇ ਕਾਰਵਾਈ ਵਿਚ ਵਿਘਨ ਪਾਉਣ ਕੁਝ ਮੈਂਬਰਾਂ ਦੀ ਆਦਤ ਬਣ ਚੁੱਕੀ ਹੈ। ਉਨ੍ਹਾਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਸੰਸਦ ਦੀ ਕਾਰਵਾਈ ਵਿਚ ਵਿਘਨ ਪਾਉਣ ਦੇ ਰੁਝਾਨ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਪੈ ਰਿਹਾ ਹੈ ਅਤੇ ਉਨ੍ਹਾਂ ਨੂੰ ਇਸ ਸਥਿਤੀ ਨਾਲ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸੰਸਦ ਮੈਂਬਰਾਂ ਨੂੰ ਕਿਹਾ ਕਿ ਸਦਨ ਵਿਚ ਨਾਅਰੇਬਾਜ਼ੀ ਅਤੇ ਸ਼ੋਰ ਸ਼ਰਾਬੇ ਦੀ ਬਜਾਏ ਉਨ੍ਹਾਂ ਦੇ ਚੈਂਬਰ ਵਿਚ ਬੈਠ ਕੇ ਚਰਚਾ ਕਰਨ।

ਮੀਰਾ ਕੁਮਾਰ ਨੇ ਸੰਸਦ ਮੈਂਬਰਾਂ ਨੂੰ ਧਿਆਨ ਦਿਵਾਇਆ ਕਿ ਦੇਸ਼ ਦੀ ਆਜ਼ਾਦੀ ਲਈ ਦੇਸ਼ ਭਗਤਾਂ ਨੇ ਆਪਣੀਆਂ ਕੁਰਬਾਨੀਆਂ ਦਿੱਤੀਆਂ। ਇਹ ਸੰਸਦ ਉਸ ਸੁਤੰਤਰਤਾ ਅੰਦੋਲਨ ਦੀ ਵਿਰਾਸਤ ਦਾ ਪ੍ਰਤੀਕ ਹੈ। ਹਾਲਾਂਕਿ ਮੀਰਾ ਕੁਮਾਰ ਨੇ ਇਸ ਸੈਸ਼ਨ ਨੂੰ ਕਈ ਮਾਇਨਿਆਂ ਤੋਂ ਵਰਣਨਯੋਗ ਦੱਸਿਆ। ਉਨ੍ਹਾਂ ਦੱਸਿਆ ਕਿ ਸੈਸ਼ਨ ਵਿਚ 18 ਨਵੇਂ ਬਿਲ ਪੇਸ਼ ਕੀਤੇ ਗਏ ਅਤੇ 20 ਬਿਲ ਪਾਸ ਹੋਏ। ਸੰਸਦ ਦੀਆਂ ਸਥਾਈ ਸਮਿਤੀਆਂ ਦੀਆਂ 45 ਰਿਪੋਰਟਾਂ ਸਦਨ ਵਿਚ ਪੇਸ਼ ਕੀਤੀਆਂ ਗਈਆਂ।

### ਹਾਮਿਦ ਅੰਸਾਰੀ ਚਾਹੁੰਦੇ ਹਨ ਸਿਫਰ ਕਾਲ ਤੋਂ ਆਰੰਭ ਹੋਵੇ ਕਾਰਵਾਈ

ਰਾਜ ਸਭਾ ਦੇ ਸਭਾਪਤੀ ਸ਼੍ਰੀ ਹਾਮਿਦ ਅੰਸਾਰੀ ਨੇ ਵੀ ਸਦਨ ਵਿਚ ਵਿਘਨ ਪਾਉਣ ਦੇ ਰੁਝਾਨ 'ਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਸਿਫਰ ਕਾਲ ਦੀ ਕਾਰਵਾਈ ਵਾਰ ਵਾਰ ਰੁਕਾਵਟਾਂ ਵਾਲੀ ਹੁੰਦੀ ਹੈ ਕਿਉਂਕਿ ਸਦਨ ਸ਼ੁਰੂ ਹੁੰਦੇ ਹੀ ਪਹਿਲਾਂ ਸਿਫਰ ਕਾਲ ਆਉਂਦਾ ' । ਉਨ੍ਹਾਂ ਮੈਂਬਰਾਂ ਨੂੰ ਸੁਝਾਅ ਦਿੱਤਾ ਕਿ ਕਿਉਂ ਨਾ ਪਹਿਲਾਂ ਸਿਫਰ ਕਾਲ ਨਾਲ ਸਦਨ ਦੀ ਕਾਰਵਾਈ ਸ਼ੁਰੂ ਕੀਤੀ ਜਾਵੇ ਅਤੇ ਪ੍ਰਸ਼ਨਕਾਲ ਨੂੰ ਇਸ ਤੋਂ ਬਾਅਦ ਰੱਖਿਆ ਜਾਵੇ, ਤਾਂ ਕਿ ਪ੍ਰਸ਼ਨਕਾਲ ਨੂੰ ਬਚਾਇਆ ਜਾ ਸਕੇ। ਸਭਾਪਤੀ ਨੇ ਕਿਹਾ ਇਸ ਸੈਸ਼ਨ ਵਿਚ 59 ਨਵੇਂ ਮੈਂਬਰਾਂ ਨੇ ਰਾਜ ਸਭਾ ਦੀ ਮੈਂਬਰਸ਼ਿਪ ਲਈ ਹੈ। ਜਿਨ੍ਹਾਂ ਵਿਚੋਂ 26 ਨੇ ਬਕਾਇਦਾ ਚਰਚਾ ਵਿਚ ਹਿੱਸਾ ਲਿਆ। ਸਦਨ ਦੀ ਕਾਰਵਾਈ 120 ਘੰਟੇ ਚੱਲੀ।



# ਸੰਸਦ ਦੇ ਨਾਂ 'ਤੇ 45 ਕਰੋੜ ਫੂਕੇ

ਨਵੀਂ ਦਿੱਲੀ (ਨ.ਦ.ਬ) ਸੰਸਦ ਦਾ ਮੌਨਸੂਨ ਸੈਸ਼ਨ ਪ੍ਰਮਾਣੂ ਜ਼ਿੰਮੇਵਾਰੀ ਬਿਲ, ਸਾਂਸਦਾਂ ਦੇ ਤਨਖਾਹ-ਭੱਤਿਆਂ ਵਿਚ ਵਾਧੇ ਸਬੰਧੀ ਬਿਲ, ਭੁਪਾਲ ਗੈਸ ਕਾਂਡ 'ਤੇ 26 ਸਾਲ ਬਾਅਦ ਚਰਚਾ ਆਦਿ ਨੂੰ ਲੈ ਕੇ ਕਾਫੀ ਗਰਮਾਗਰਮੀ ਭਰਿਆ ਰਿਹਾ ਪਰ ਇਸ ਗਰਮਾਗਰਮੀ ਵਿਚ ਇਸ ਗੱਲ ਨੂੰ ਅਣਦੇਖਿਆਂ ਕਰ ਦਿੱਤਾ ਗਿਆ ਕਿ ਸੰਸਦ ਮੈਂਬਰਾਂ ਵੱਲੋਂ ਹੰਗਾਮਾ ਕੀਤੇ ਜਾਣ ਕਾਰਨ ਸਰਕਾਰੀ ਖਜਾਨੇ ਦੀ ਕਰੀਬ 45 ਕਰੋੜ ਰੁਪਏ ਦੀ ਰਕਮ 'ਤੇ ਪਾਣੀ ਫਿਰ ਗਿਆ। ਮਹਿੰਗਾਈ, ਕਿਸਾਨਾਂ 'ਤੇ ਗੋਲੀਬਾਰੀ, ਜਾਤੀ ਆਧਾਰਤ ਜਨਗਣਨਾ ਅਤੇ ਸੰਸਦ ਮੈਂਬਰਾਂ ਦੇ ਤਨਖਾਹ ਭਤਿਆਂ ਨੂੰ ਲੈ ਕੇ ਨਾ ਸਿਰਫ ਸੰਸਦ ਦੇ 6 ਬਹੁਮੁੱਲੇ ਦਿਨਾਂ ਦਾ ਸਮਾਂ ਨਸ਼ਟ ਹੋਇਆ ਬਲਕਿ ਕਰਦਾਤਾਵਾਂ ਦੀ ਕਰੀਬ 45 ਕਰੋੜ ਰੁਪਏ ਦੀ ਗਾੜ੍ਹੀ ਕਮਾਈ ਮੌਨਸੂਨ ਸੈਸ਼ਨ ਵਿਚ ਵਹਾ ਦਿੱਤੀ ਗਈ। ਲੋਕ ਸਭਾ ਸੂਤਰਾਂ ਅਨੁਸਾਰ ਸੰਸਦ ਦੀ ਇਕ ਦਿਨ ਦੀ ਕਾਰਵਾਈ 'ਤੇ ਕਰੀਬ 7.65 ਕਰੋੜ ਰੁਪਏ ਦਾ ਖਰਚ ਆਉਂਦਾ ਹੈ ਅਤੇ ਸੰਸਦ ਮੈਂਬਰਾਂ ਦੇ ਹੰਗਾਮੇ ਕਾਰਨ 6 ਕਰੋੜ ਰੁਪਏ ਤੋਂ ਵੱਧ ਰਕਮ ਬੇਅਰਥ ਚਲੀ ਗਈ। 2010-11 ਲਈ ਸੰਸਦੀ ਕਾਰਜ ਮੰਤਰਾਲੇ ਦਾ ਕੁਲ ਬਜਟ 535 ਕਰੋੜ ਰੁਪਏ ਹੈ ਅਤੇ ਇਕ ਸਾਲ ਵਿਚ ਸੰਸਦ ਤਿੰਨ ਵਾਰ ਬੈਠਦੀ ਹੈ। ਪਿਛਲੇ ਪੰਜ ਸਾਲਾਂ ਹਰ ਸਾਲ ਸੰਸਦ ਦੀਆਂ ਔਸਤਨ 70 ਮੀਟਿੰਗਾਂ ਹੋਈਆਂ ਹਨ। ਇਸ ਲਿਹਾਜ਼ ਨਾਲ ਨਾਲ ਇਕ ਸੈਸ਼ਨ ਦੀ ਇਕ ਦਿਨ ਦੀ ਕਾਰਵਾਈ 'ਤੇ 7.65 ਕਰੋੜ ਰੁਪਏ ਦਾ ਖਰਚ ਆਉਂਦਾ '। ਸਕੱਤਰੇਤ ਦੇ ਸੂਤਰਾਂ ਅਨੁਸਾਰ ਸੰਸਦ ਦਾ ਇਹ ਬਜਟ ਨਾ ਸਿਰਫ ਮੀਟਿੰਗਾਂ ਲਈ ਨਿਸ਼ਚਿਤ ਹੁੰਦਾ ਹੈ ਬਲਕਿ ਇਸ ਵਿਚ ਲੋਕ ਸਭਾ ਅਤੇ ਰਾਜ ਸਭਾ ਸਕੱਤਰਾਂ ਦੇ ਸਾਰੇ ਕਰਮਚਾਰੀਆਂ ਅਤੇ ਹੋਰ ਸਬੰਧਤ ਗਤੀਵਿਧੀਆਂ 'ਤੇ ਆਉਣ ਵਾਲਾ ਖਰਚ ਵੀ ਸ਼ਾਮਲ ਹੈ।

**ਸੰਸਦ ਨਾਲ ਸਬੰਧਤ ਖਰਚੇ**

ਸੰਸਦ ਦੇ ਖਰਚ ਦਾ ਸਾਲਾਨਾ ਕੁਲ ਬਜਟ 565 ਕਰੋੜ ਰੁਪਏ
ਲੋਕ ਸਭਾ ਸਪੀਕਰ ਤੇ ਡਿਪਟੀ ਸਪੀਕਰ 'ਤੇ 67 ਲੱਖ
ਵਿਰੋਧੀ ਧਿਰ ਦੇ ਨੇਤਾ ਅਤੇ ਉਨ੍ਹਾਂ ਦੇ ਦਫਤਰ 'ਤੇ 93 ਲੱਖ
ਸਦਨ ਦੇ 545 ਮੈਂਬਰਾਂ 'ਤੇ 171 ਕਰੋੜ
ਲੋਕ ਸਭਾ ਸਕੱਤਰੇਤ 'ਤੇ 175 ਕਰੋੜ
ਦਲਾਂ ਦੇ ਮੁੱਖ ਆਗੂਆਂ 'ਤੇ 29 ਲੱਖ
ਹੋਰ ਮਦਾਂ 'ਤੇ ਹੋਣ ਵਾਲਾ ਖਰਚ 87 ਲੱਖ

**ਰਾਜ ਸਭਾ**

ਸਭਾਪਤੀ ਤੇ ਉਪ ਸਭਾਪਤੀ 'ਤੇ 72 ਲੱਖ
ਵਿਰੋਧੀ ਧਿਰ ਦੇ ਨੇਤਾ ਅਤੇ ਉਨ੍ਹਾਂ ਦੇ ਦਫਤਰ 'ਤੇ 88 ਲੱਖ
ਸਦਨ ਦੇ 250 ਮੈਂਬਰਾਂ 'ਤੇ 75 ਕਰੋੜ
ਰਾਜ ਸਭਾ ਸਕੱਤਰੇਤ 'ਤੇ 96 ਕਰੋੜ
ਦਲਾਂ ਦੇ ਮੁੱਖ ਆਗੂਆਂ ਲਈ 17 ਲੱਖ
ਹੋਰਨਾਂ ਮਦਾਂ ਦਾ ਖਰਚਾ 61 ਲੱਖ
ਸੰਸਦੀ ਮਾਮਲਿਆਂ ਦੇ ਮੰਤਰਾਲੇ ਲਈ 8.5 ਕਰੋੜ ਰੁਪਏ ਵੱਖ ਤੌਰ 'ਤੇ

**ਇਸ ਵਾਰ ਦਾ ਹਿਸਾਬ**

ਮੌਨਸੂਨ ਸੈਸ਼ਨ ਵਿਚ ਤੈਅ ਮੀਟਿੰਗਾਂ 24
ਹੰਗਾਮਿਆਂ ਦੀ ਭੇਟ ਚੜ੍ਹੇ 5 ਦਿਨ
ਵਿਸ਼ੇਸ਼ ਮੀਟਿੰਗ 1 ਦਿਨ
ਕੁਲ ਦਿਨ ਵਧੇ 6
ਸਦਨ ਦੇ ਇਕ ਦਿਨ ਦਾ ਖਰਚ 7.65 ਕਰੋੜ

# ਸਿਆਸੀ ਦਲ ਕਰ ਰਹੇ ਨੇ ਮੰਦੀ 'ਚ ਵੀ ਮੋਟੀ ਕਮਾਈ

## ਕਮਾਈ 'ਚ ਰਾਜਨੀਤਕ ਦਲਾਂ ਨੇ ਵਪਾਰਕ ਘਰਾਣਿਆਂ ਨੂੰ ਪਛਾੜਿਆ

ਨਵੀਂ ਦਿੱਲੀ-ਨ ਦ ਬ-ਦੇਸ਼ ਦੀ ਅੱਧੀ ਆਬਾਦੀ ਤੋਂ ਵੱਧ ਲੋਕਾਂ ਨੂੰ ਰੋਜ਼ 20 ਰੁਪਏ ਵੀ ਹਾਸਲ ਨਹੀਂ ਹੋ ਰਹੇ ਪਰ ਗਰੀਬ ਵਰਗ ਦਾ ਢੋਲ ਵਜਾ ਕੇ ਵੋਟਾਂ ਬਟੋਰਨ ਵਾਲੇ ਸਿਆਸੀ ਨੇਤਾਵਾਂ ਦੇ ਖਜ਼ਾਨੇ ਦਿਨ ਦੁੱਗਣੀ ਰਾਤ ਚੌਗਣੀ ਰਫਤਾਰ ਨਾਲ ਭਰ ਰਹੇ ਹਨ। ਆਲਮ ਇਹ ਹੈ ਕਿ ਮੁੱਖ ਰਾਜਨੀਤਕ ਪਾਰਟੀਆਂ ਨੇ ਤਾਂ ਕਮਾਈ ਦੇ ਮਾਮਲੇ ਵਿਚ ਵੱਡੇ-ਵੱਡੇ ਵਪਾਰਕ ਘਰਾਣਿਆਂ ਨੂੰ ਪਛਾੜ ਕੇ ਰੱਖ ਦਿੱਤਾ ਹੈ। ਇਨ੍ਹਾਂ ਦਲਾਂ ਨੇ ਮੰਦੀ ਦੇ ਦੌਰ ਵਿਚ ਵੀ ਕਰੋੜਾਂ ਰੁਪਏ ਕਮਾਏ। ਆਮ ਲੋਕਾਂ ਨੂੰ ਹੈਰਾਨ ਕਰਨ ਵਾਲਾ ਇਹ ਖੁਲਾਸਾ ਰਾਜਨੀਤਕ ਦਲਾਂ ਵਲੋਂ ਭਰੇ ਗਏ ਆਮਦਨ ਟੈਕਸਾਂ ਰਾਹੀਂ ਹੋਇਆ ਹੈ। ਇਸ ਦੀ ਜਾਣਕਾਰੀ ਸਮਾਜ ਸੇਵੀ ਸੰਸਥਾ ਏ.ਡੀ.ਆਰ. ਨੂੰ ਸੂਚਨਾ ਦੇ ਅਧਿਕਾਰ ਤਹਿਤ ਮਿਲੀ। ਕਮਾਈ ਦੇ ਮਾਮਲੇ ਵਿਚ ਭਾਰਤੀ ਕਮਿਊਨਿਸਟ ਪਾਰਟੀ ਸੱਭ ਤੋਂ ਫਾਡੀ ਸਾਬਤ ਹੋਈ।



**ਜਾਇਦਾਦਾਂ ਕਰੋੜਾਂ 'ਚ**

ਜਾਇਦਾਦਾਂ ਦੀ ਕੀਮਤਾਂ 'ਚ ਵਾਧੇ ਦੇ ਮਾਮਲੇ ਵਿਚ ਇਹ ਦਲ ਵੱਡੇ ਵਪਾਰਕ ਘਰਾਣਿਆਂ ਤੋਂ ਘੱਟ ਨਹੀਂ

| | |
|---|---|
| ਕਾਂਗਰਸ 611.77, | ਸਪਾ 177.80 |
| ਬਸਪਾ 286.15, | ਐਨ.ਸੀ.ਪੀ. 32.32 |
| ਭਾਜਪਾ 260.70, | ਭਾਕਪਾ 7.10 |
| ਮਾਕਪਾ 185.47, | ਰਾਜਦ 3.28 |

**ਨਕਦ ਵੀ ਘੱਟ ਨਹੀਂ**

ਸੱਭ ਤੋਂ ਵੱਡੇ ਲੋਕਤੰਤਰ ਦੇ ਸਿਆਸੀ ਦਲਾਂ ਦੇ ਕੋਲ ਨਕਦੀ ਦੀ ਕੋਈ ਘਾਟ ਨਹੀਂ

| | |
|---|---|
| ਕਾਂਗਰਸ 549, | ਸੀ ਪੀ ਐਮ 135 |
| ਬਸਪਾ 286, | ਐਨ.ਸੀ.ਪੀ. 32.06 |
| ਭਾਜਪਾ 245, | ਸੀ ਪੀ ਆਈ 6.92 |
| ਸਪਾ 177, | ਰਾਜਦ 58 ਲੱਖ |

# ਐਨ.ਆਰ.ਆਈ. ਵੀ ਬਣ ਸਕਣਗੇ ਐਮ ਪੀ

ਦਿੱਲੀ : ਕੇਂਦਰ ਸਰਕਾਰ ਵਿਦੇਸ਼ਾਂ ਵਿਚ ਰਹਿ ਰਹੇ ਭਾਰਤੀਆਂ ਨੂੰ ਭਾਰਤ ਵਿਚ ਚੋਣਾਂ ਲੜਨ ਅਤੇ ਵੋਟ ਦਾ ਅਧਿਕਾਰ ਦੇਣ ਜਾ ਰਹੀ ਹੈ। ਕਾਨੂੰਨ ਮੰਤਰੀ ਵੀਰੱਪਾ ਮੋਈਲੀ ਨੇ ਇਸ ਸਬੰਧੀ ਇਕ ਬਿਲ ਪੇਸ਼ ਕੀਤਾ। ਮੋਈਨੀ ਨੇ ਬਿਲ ਪੇਸ਼ ਕਰਦਿਆਂ ਕਿਹਾ ਕਿ ਇਸ ਵਿਚ ਪ੍ਰਵਾਸੀ ਭਾਰਤੀਆਂ ਦੇ ਨਾਮ ਮਤਦਾਤਾ ਸੂਚੀਆਂ ਵਿਚ ਦਰਜ ਕਰਨ, ਮਤਦਾਨ ਕਰਨ ਅਤੇ ਚੋਣਾਂ ਲੜਨ ਦੇ ਢੰਗਾਂ ਦਾ ਵੇਰਵਾ ਦਿਤਾ ਗਿਆ ਹੈ। ਵਿਦੇਸ਼ਾਂ 'ਚ ਰਹਿ ਰਹੇ ਭਾਰਤੀ ਲੰਬੇ ਸਮੇਂ ਤੋਂ ਮਤਦਾਨ ਦੇ ਅਧਿਕਾਰ ਦੀ ਮੰਗ ਕਰ ਰਹੇ ਸਨ। ਉਨ੍ਹਾਂ ਦੀ ਮੰਗ ਜਾਇਜ਼ ਹੈ ਤੇ ਇਹ ਅਧਿਕਾਰ ਦੇਣ ਨਾਲ ਲੋਕੰਤਤਰੀ ਪ੍ਰਕ੍ਰਿਆ 'ਚ ਉਨ੍ਹਾਂ ਦੀ ਹਿੱਸੇਦਾਰੀ ਯਕੀਨੀ ਹੋ ਜਾਵੇਗੀ।

# ਤਿੰਨ ਗੁਣਾਂ ਵਧੀਆਂ ਤਨਖ਼ਾਹਾਂ ਪਰ 'ਦਿਲ ਮੰਗੇ ਹੋਰ'

ਕੇਂਦਰੀ ਕੈਬਨਿਟ ਨੇ ਸੰਸਦ ਅਧਿਕਾਰੀਆਂ ਦੀਆਂ ਤਨਖਾਹਾਂ 'ਚ ਤਿੰਨ ਗੁਣਾਂ ਤੋਂ ਵੀ ਜ਼ਿਆਦਾ ਦੇ ਵਾਧੇ ਦੀ ਮਨਜ਼ੂਰੀ ਦੇ ਦਿਤੀ ਹੈ ਪਰ ਫਿਰ ਵੀ ਬਹੁਤੇ ਸੰਸਦ ਮੈਂਬਰ ਨਾਖੁਸ਼ ਸਨ।

ਰਾਜਦ ਪ੍ਰਮੁੱਖ ਰਾਲੂ ਪ੍ਰਸਾਦ ਅਤੇ ਸਮਾਜਵਾਦੀ ਪਾਰਟੀ ਦੇ ਨੇਤਾ ਮੁਲਾਇਮ ਸਿੰਘ ਯਾਦਵ ਨੇ ਹੰਗਾਮਾ ਕੀਤਾ ਜਿਸ ਕਾਰਨ ਸੰਸਦ ਦੀ ਕਾਰਵਾਈ ਪਹਿਲਾਂ ਦੋ ਵਾਰ ਅਤੇ ਦੁਪਹਿਰ ਦੀ ਰੋਟੀ ਤੋਂ ਬਾਅਦ ਸਾਰੇ ਦਿਨ ਲਈ ਰੋਕਣੀ ਪਈ। ਰਾਜਦ, ਸਮਾਜਵਾਦੀ ਪਾਰਟੀ, ਬਸਪਾ, ਜਦ (ਯੂ), ਸ਼ਿਵ ਸੈਨਾ ਅਤੇ ਅਕਾਲੀ ਦਲ ਦੇ ਮੈਂਬਰਾਂ ਨੇ 'ਸਾਂਸਦਾਂ ਨੂੰ ਬੇਇੱਜ਼ਤ ਕਰਨਾ ਬੰਦ ਕਰੋ' ਅਤੇ 'ਸੰਸਦੀ ਸਮਿਤੀ ਦੀ ਰੀਪੋਰਟ ਲਾਗੂ ਕਰੋ' ਦੇ ਨਾਹਰੇ ਲਾਏ। ਇਹ ਸੰਸਦ ਮੈਂਬਰ ਚਾਹੁੰਦੇ ਹਨ ਕਿ ਉਨ੍ਹਾਂ ਦੀਆਂ ਤਨਖਾਹਾਂ ਵਧਾ ਕੇ 80,001 ਕਰ ਦਿਤੀਆਂ ਜਾਣ।

### ਹੋਰ ਸਹੂਲਤਾਂ

- ਨਿੱਜੀ ਵਾਹਨ ਖਰੀਦਣ ਲਈ ਵਿਆਜ ਮੁਕਤ ਕਰਜ਼ੇ ਦੀ ਰਕਮ ਇਕ ਲੱਖ ਤੋਂ ਵੱਧ ਕੇ ਚਾਰ ਲੱਖ ਹੋਈ।
- ਵਾਹਨਾਂ ਲਈ ਭੱਤਾ 13 ਪ੍ਰਤੀ ਕਿਲੋਮੀਟਰ ਤੋਂ ਵੱਧ ਕੇ 16 ਪ੍ਰਤੀ ਕਿਲੋਮੀਟਰ
- ਸਾਂਸਦ ਦੇ ਪਤੀ ਜਾਂ ਪਤਨੀ ਨੂੰ ਪਹਿਲੀ ਜਾਂ ਐਕਜ਼ੀਕਊਟਿਵ ਸ਼੍ਰੇਣੀ ਵਿਚ ਕਿੰਨੀ ਵੀ ਵਾਰ ਯਾਤਰਾ ਦੀ ਸਹੂਲਤ

# ਪਲਾਸਟਿਕ ਕਰੰਸੀ ਘੁਟਾਲੇ 'ਚ ਫਸਣਗੇ ਕਈ ਵੀ.ਆਈ.ਪੀ

ਨਵੀਂ ਦਿੱਲੀ :ਨ ਦ ਬ- ਭਾਰਤ ਵਿਚ ਪਲਾਸਟਿਕ ਦੇ ਨੋਟ ਚਲਾਏ ਜਾਣ ਦੀ ਯੋਜਨਾ ਵਿਚ ਵੀ ਘੋਟਾਲੇ ਦੀ ਬੂ ਆ ਰਹੀ ਹੈ। ਖਦਸ਼ਾ ਹੈ ਕਿ ਜਾਂਚ ਹੋਣ 'ਤੇ ਕਈ ਨੇਤਾ, ਅਫ਼ਸਰ ਅਤੇ ਪੱਤਰਕਾਰ ਵੀ ਲਪੇਟ ਵਿਚ ਆ ਸਕਦੇ ਹਨ। ਆਸਟ੍ਰੇਲੀਆ ਵਿਚ ਇਸ ਸਬੰਧੀ ਹੋਏ ਖੁਲਾਸੇ ਤੋਂ ਬਾਅਦ ਇਥੇ ਵੀ ਪਲਾਸਟਿਕ ਨੋਟ ਚਲਾਣ ਦੀ ਯੋਜਨਾ ਨਾਲ ਜੁੜੇ ਵਿਵਾਦਾਂ ਦਾ ਪਿਟਾਰਾ ਖੁਲ੍ਹਣ ਦੀ ਤਿਆਰੀ ਹੈ। ਇਕ ਆਸਟ੍ਰੇਲੀਆ ਦੀ ਫ਼ਰਮ ਨੇ ਪਲਾਸਟਿਕ ਦੇ ਨੋਟ ਸਪਲਾਈ ਕਰਨ ਦਾ ਠੇਕਾ ਲਿਆ ਹੈ ਜਿਹੜਾ ਵਿਵਾਦਾਂ 'ਚ ਘਿਰ ਗਿਆ ਹੈ। ਆਸਟ੍ਰੇਲੀਆ ਮੀਡੀਆ 'ਚ ਆਈ ਖ਼ਬਰ ਮੁਤਾਬਕ ਇਕ ਦਾਗ਼ੀ ਅਤੇ ਰਸੂਖ਼ਦਾਰ ਵਿਅਕਤੀ ਨੂੰ ਏਜੰਟ ਬਣਾ ਕੇ ਆਸਟ੍ਰੇਲੀਆ ਦੀ ਸਕਿਉਰੈਂਸੀ ਨਾਮ ਦੀ ਕੰਪਨੀ ਨੇ ਪਾਲੀਮਾਰ ਨੋਟ ਸਪਲਾਈ ਕਰਨ ਦਾ ਠੇਕਾ ਹਾਸਲ ਕੀਤਾ ਹੈ। ਇਸ ਲਈ ਆਸਟ੍ਰੇਲੀਆ ਸਰਕਾਰ ਦੇ ਮੰਤਰੀਆਂ ਅਤੇ ਨੌਕਰਸ਼ਾਹਾਂ ਨੇ ਵੀ 1999 ਤੋਂ ਹੀ ਕੋਸ਼ਿਸ਼ ਸ਼ੁਰੂ ਕਰ ਦਿਤੀ ਸੀ। ਇਸ ਤਹਿਤ ਉਦੋਂ ਦੇ ਵਿਦੇਸ਼ ਮੰਤਰੀ ਸਟੀਫ਼ਲ ਸਿਮਥ ਅਤੇ ਵਣਜ ਮੰਤਰੀ ਮਾਰਕ ਵੈਲ ਸਹਿਤ ਕਈ ਨੌਕਰਸ਼ਾਹਾਂ ਨੇ ਭਾਰਤੀ ਮੰਤਰੀਆਂ ਅਤੇ ਅਫ਼ਸਰਾਂ ਨਾਲ ਸੰਪਰਕ ਕਰ ਕੇ ਸਕਿਉਰੈਂਸੀ ਦੀ ਸਿਫ਼ਾਰਸ਼ ਕੀਤੀ।

ਇਥੋਂ ਤਕ ਕਿ ਆਸਟ੍ਰੇਲੀਆ ਸਰਕਾਰ ਨੇ ਭਾਰਤੀ ਪੱਤਰਕਾਰਾਂ ਦੇ ਇਕ ਦਲ ਨੂੰ ਆਸਟ੍ਰੇਲੀਆ ਦੌਰੇ 'ਤੇ ਭੇਜਿਆ ਤਾਕਿ ਮੀਡੀਆ ਦਾ ਸਮਰਥਨ ਹਾਸਲ ਕੀਤਾ ਜਾ ਸਕੇ। ਭਾਰਤ ਵਿਚ ਰਿਜ਼ਰਵ ਬੈਂਕ ਇਸ ਸਾਲ ਦੇ ਅੰਤ ਤਕ ਪਲਾਸਟਿਕ ਦੇ ਨੋਟ ਚਲਾਉਣ ਦੇ ਰੌਅ 'ਚ ਹੈ। ਸ਼ੁਰੂਆਤ 10 ਰੁਪਏ ਦੇ ਨੋਟ ਤੋਂ ਹੋਵੇਗੀ। ਭਾਰਤ ਦਾ ਕਰੰਸੀ ਬਾਜ਼ਾਰ ਬਹੁਤ ਵੱਡਾ ਹੈ। ਇਸ ਲਈ ਪਲਾਸਟਿਕ ਨੋਟ ਬਨਾਉਣ ਵਾਲੀਆਂ ਕੰਪਨੀਆਂ ਨੂੰ ਇਥੇ ਕਾਰੋਬਾਰ ਦੀ ਚੰਗੀ ਸੰਭਾਵਨਾ ਦਿਖਾਈ ਦੇ ਰਹੀ ਹੈ। ਇਸੇ ਲਈ ਹੀ ਆਸਟ੍ਰੇਲੀਆ ਦੀ ਕੰਪਨੀ ਸਿਕਯੂਰੈਂਸੀ ਨੇ ਇਥੇ ਠੇਕਾ ਲੈਣ ਲਈ ਬੜੀ ਮਿਹਨਤ ਕੀਤੀ ਹੈ।

# ਵਿਸ਼ਵ

## ਅੱਜ-ਕੱਲ੍ਹ

### ਅਮਰੀਕਾ ਉਪਰ ਚੜ੍ਹ ਰਿਹੈ ਨਾਜ਼ੀਵਾਦ ਦਾ ਰੰਗ



ਅਜਿਹਾ ਲੱਗਦਾ ਹੈ ਜਿਵੇਂ ਕੱਲ ਦੀ ਗੱਲ ਹੋਵੇ ਜਦੋਂ ਅਮਰੀਕੀ ਲੋਕਾਂ ਨੇ, ਉਨ੍ਹਾਂ ਨੂੰ ਦੱਸੇ ਬਗੈਰ ਉਨ੍ਹਾਂ ਦੀ ਜਾਸੂਸੀ ਕੀਤੇ ਜਾਣ ਦੇ ਮਸਲੇ 'ਤੇ ਬੁਸ਼ ਦੀ ਸਖਤ ਆਲੋਚ-ਨਾ ਕੀਤੀ ਸੀ। ਲੋਕਾਂ ਦੇ ਗੁੱਸੇ ਨੂੰ ਵੇਖਦਿਆਂ ਐਫ.ਆਈ.ਐਸ.ਏ. ਕੋਰਟ ਦੇ ਫੈਡਰਲ ਜੱਜ ਨੇ ਅਸਤੀਫਾ ਤੱਕ ਦੇ ਦਿੱਤਾ ਸੀ। ਜਵਾਬ ਵਿਚ ਇਹ ਕਿਹਾ ਗਿਆ ਕਿ ਦੇਸ਼ ਦੀ ਸੁਰੱਖਿਆ, ਦੇਸ਼ ਦੇ ਕਾਨੂੰਨ ਨਾਲੋਂ ਕਿਤੇ ਵੱਡਾ ਮਸਲਾ ਹੈ। ਇਸ ਤੋਂ ਉਤਸ਼ਾਹਤ ਹੋ ਕੇ ਐਗਜ਼ੀਕਿਉਟਿਵ ਬਰਾਂਚ ਨੇ ਇਸ ਸਾਲ ਇਥੋਂ ਤੱਕ ਐਲਾਨ ਕਰ ਦਿੱਤਾ ਕਿ ਓਬਾਮਾ ਪ੍ਰਸ਼ਾਸਨ ਨੂੰ ਪੂਰਾ ਹੱਕ ਹੈ ਕਿ ਉਹ ਕਿਸੇ ਵੀ ਅਮਰੀਕੀ ਨੂੰ ਕਤਲ ਕਰ ਦੇਵੇ, ਜੇਕਰ ਇਹ ਸੱਚ ਹੈ ਕਿ ਉਹ ਮੁਲਕ ਲਈ ਖ਼ਤਰਾ ਹੈ ਅਤੇ ਇਸ ਕੰਮ ਲਈ ਸਰਕਾਰ ਨੂੰ ਜੇਕਰ ਲੋਕਾਂ ਦੀ ਜਸੂਸੀ ਕਰਨੀ ਪਏ ਤਾਂ ਪੂਰੀ ਤਰ੍ਹਾਂ ਜਾਇਜ਼ ਹੈ। ਪਰ ਮੁਸ਼ਕਲ ਇਹ ਹੈ ਕਿ ਜਦੋਂ ਅਜਿਹਾ ਸਿਲਸਿਲਾ ਸ਼ੁਰੂ ਹੋ ਜਾਂਦਾ ਤਾਂ ਫਿਰ ਮੁਸ਼ਕਲ ਨਾਲ ਹੀ ਰੁਕਦਾ ਹੈ। ਜ਼ਿਆਦਾਤਰ ਅਮਰੀਕੀਆਂ ਨੂੰ ਇਹ ਰਵੱਈਆ ਬਿਲਕੁਲ ਜਾਇਜ਼ ਲਗਦਾ ਹੈ। ਉਨ੍ਹਾਂ ਨੂੰ ਭਰੋਸਾ ਹੈ ਕਿ ਸਰਕਾਰ ਇਕ ਆਮ ਨਾਗਰਿਕ ਅਤੇ ਅਤਿਵਾਦੀ ਵਿਚਾਲੇ ਫਰਕ ਨੂੰ ਜਾਨਣ ਵਿਚ ਕੋਈ ਗਲਤੀ ਨਹੀਂ ਕਰੇਗੀ। ਪਰ ਕੁਝ ਮਾਹਰਾਂ ਨੂੰ ਸ਼ਕਤੀ ਦਾ ਗਲਤ ਇਸਤੇਮਾਲ ਕੀਤੇ ਜਾਣ ਦੀ ਸੰਭਾਵਨਾ ਸਾਫ ਵਿਖਾਈ ਦੇ ਰਹੀ ਹੈ। ਹਿਟਲਰ ਅਤੇ ਸਟਾਲਿਨ ਦੇ ਫਲਸਫੇ 'ਤੇ ਚਲਦਿਆਂ ਅਮਰੀਕੀ ਸਰਕਾਰ ਡੈਮੋਕਰੈਟਿਕ ਐਕਸਟ੍ਰੀਮਿਜ਼ਮ ਨੂੰ ਠੱਲ ਪਾਉਣ ਦੇ ਨਾਂ ਅਤੇ 'ਫਰਸਟ ਅਮੈਂਡਮੈਂਟ' ਨੂੰ ਰੱਦ ਕਰ ਚੁੱਕੀ ਹੈ ਅਤੇ ਡੋਮੈਸਟਿਕ ਐਕਸਟ੍ਰੀਮਿਜ਼ਮ ਦੇ ਨਾਂ 'ਤੇ ਲੋਕਾਂ ਨੂੰ ਮੌਤ ਦੀ ਸਜ਼ਾ ਦੇਣ ਦੀ ਪੂਰੀ ਤਿਆਰੀ ਹੋ ਚੁੱਕੀ ਹੈ। ਜਿਵੇਂ ਜਰਮਨ ਅਦਾਲਤਾਂ ਦੇ ਵਿਰੋਧ ਤੋਂ ਬਚਣ ਲਈ ਹਿਟਲਰ ਨੇ ਆਪਣਾ ਵੱਖਰਾ ਕੋਰਟ ਸਿਸਟਮ ਸਥਾਪਤ ਕਰਕੇ ਮਨਮਾਨੀਆਂ ਕੀਤੀਆਂ ਸਨ, ਠੀਕ ਉਸੇ ਤਰ੍ਹਾਂ ਸਾਬਕਾ ਰਾਸ਼ਟਰਪਤੀ ਬੁਸ਼ ਨੇ ਆਪਣੀਆਂ ਮਨਆਈਆਂ ਹਰਕਤਾਂ ਨੂੰ ਜਾਇਜ਼ ਠਹਿਰਾਉਣ ਲਈ ਮਿਲਟਰੀ ਟ੍ਰਿਬਿਊਨਲਜ਼ ਦਾ ਗਠਨ ਕੀਤਾ ਸੀ। ਉਹ ਦਿਨ ਦੂਰ ਨਹੀਂ ਜਦੋਂ ਹਰ ਉਸ ਅਦਾਲਤੀ ਫੈਸਲੇ ਨੂੰ ਸਿਰੇ ਤੋਂ ਨਜ਼ਰਅੰਦਾਜ਼ ਕਰ ਦਿੱਤਾ ਜਾਏਗਾ ਜੋ ਸਰਕਾਰ ਦੀਆਂ ਨੀਤੀਆਂ ਦੇ ਖਿਲਾਫ ਹੋਵੇਗਾ। 'ਕਾਉਂਟਰ ਨਾਮਕ ਪਰਚੇ ਵਿਚ ਐਂਡੀ ਵਰਖਿੰਗਟਨ ਨੇ ਲਿਖਿਆ ਹੈ ਕਿ ਇਹ ਸਭ ਅਮਰੀਕਾ ਦੀ ਕਠਪੁਤਲੀ ਕੈਨੇਡਾ ਵਿਚ ਪਹਿਲਾਂ ਤੋਂ ਹੀ ਵਾਪਰ ਰਿਹਾ ਹੈ। ਉਮਰ ਖ਼ਦਰ ਨਾਲ ਜੋ ਕੁਝ ਹੋਇਆ ਉਹ ਇਸੇ ਦਾ ਸਬੂਤ ਹੈ। 9/11ਦੇ ਹਮਲਿਆਂ ਨੇ ਲੋਕਾਂ ਦੇ ਨਾਲ, ਇਮਾਰਤਾਂ, ਅਮਰੀਕੀਆਂ ਦੀ ਭਾਵੁਕਤਾ, ਲੋਕਾਂ ਦੀ ਆਜ਼ਾਦੀ ਅਤੇ ਕਾਨੂੰਨ ਦਾ ਵੀ ਹਮੇਸ਼ਾ ਲਈ ਕਤਲ ਕਰ ਦਿੱਤਾ।

### ਇਰਾਨ ਨੇ ਆਪਣੇ ਪਹਿਲੇ ਪ੍ਰਮਾਣੂ ਪਲਾਂਟ ਦੀ ਕੀਤੀ ਫਿਊਲਿੰਗ



ਇਰਾਨ (ਨ.ਦ.ਬ) ਇਰਾਨ ਅਤੇ ਰੂਸੀ ਇੰਜਨੀਅਰਾਂ ਨੇ ਇਰਾਨ ਦੇ ਪਹਿਲੇ ਪ੍ਰਮਾਣੂ ਪਲਾਂਟ ਵਿਚ ਫਿਊਲ ਭਰਨ ਦਾ ਕਾਰਜ ਆਰੰਭ ਕਰ ਦਿੱਤਾ ਹੈ। ਸੰਯੁਕਤ ਰਾਸ਼ਟਰ ਮੰਡਲ ਦੀ ਮਨਜ਼ੂਰੀ ਤੋਂ ਬਿਨਾਂ ਅਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲੱਗ ਜਾਣ ਦੀ ਸੰਭਾਵਨਾ ਦੇ ਬਾਵਜੂਦ ਕੀਤਾ ਗਿਆ ਇਹ ਪ੍ਰਯੋਗ ਇਰਾਨ ਦੇ ਐਟਮੀ ਪ੍ਰੋਗਰਾਮ ਲਈ ਵੱਡਾ ਕਦਮ ਹੈ। ਕਿਸੇ ਵੇਲੇ ਇਸ ਐਟਮੀ ਪ੍ਰੋਗਰਾਮ ਨੂੰ ਪੂਰਾ ਨਾ ਹੋਣ ਦੇਣ ਲਈ ਅਮਰੀਕਾ ਨੇ ਆਪਣਾ ਪੂਰਾ ਜ਼ੋਰ ਲਾਇਆ ਸੀ। ਇਰਾਨ ਦੇ ਪ੍ਰਮਾਣੂ ਚੀਫ ਨੇ ਇਸ ਨੂੰ ਇਰਾਨ ਦੀ ਸਹਿਣਸ਼ਕਤੀ ਦਾ ਪ੍ਰਤੀਕ ਦੱਸਿਆ ਹੈ।

ਰੂਸ ਨੇ ਇਸ ਪਲਾਂਟ ਦੀ ਉਸਾਰੀ ਵਿਚ ਇਰਾਨ ਦੀ ਪੂਰੀ ਪੂਰੀ ਮਦਦ ਕੀਤੀ ਅਤੇ ਇਸ ਦੀ ਸੁਰੱਖਿਆ ਦਾ ਪੂਰਾ ਵਾਅਦਾ ਕੀਤਾ ਹੈ ਅਤੇ ਭਰੋਸਾ ਦਿਵਾਇਆ ਹੈ ਕਿ ਇਸ ਪ੍ਰਮਾਣੂ ਫਿਊਲ ਦੀ ਵਰਤੋਂ ਹਥਿਆਰ ਬਣਾਉਣ ਅਤੇ ਤਬਾਹੀ ਲਈ ਨਹੀਂ ਹੋਣ ਦਿੱਤੀ ਜਾਵੇਗੀ।

ਉਧਰ ਅਮਰੀਕੀ ਸਰਕਾਰ ਨੂੰ ਇਰਾਨ ਅਤੇ ਉਸ ਦੇ ਭਾਈਵਾਲ ਦੀ ਇਹ ਕਾਮਯਾਬੀ ਰਾਸ ਨਹੀਂ ਆ ਰਹੀ ਅਤੇ ਉਸ ਦਾ ਕਹਿਣਾ ਹੈ ਕਿ ਸੰਯੁਕਤ ਰਾਸ਼ਟਰ ਮੰਡਲ ਦੇ ਆਦੇਸ਼ਾਂ ਦੀ ਉਲੰਘਣਾ ਕਰਨ ਵਾਲੇ ਮੁਲਕ ਨੂੰ ਕੌਮਾਂਤਰੀ ਭਾਈਚਾਰੇ ਦੀ ਹਮਾਇਤ ਬਿਲਕੁਲ ਨਹੀਂ ਮਿਲਣੀ ਚਾਹੀਦੀ। ਵਾਈਟ ਹਾਊਸ ਦਾ ਕਹਿਣਾ ਹੈ ਕਿ ਜੇਕਰ ਵਾਕਯ ਇਰਾਨ ਦੇ ਇਰਾਦੇ ਕਿਸੇ 'ਤੇ ਹਮਲਾ ਕਰਨ ਦੇ ਨਹੀਂ ਹਨ ਤਾਂ ਇਹ ਸਭ ਕਰਨ ਦੀ ਕੀ ਤੁਕ ਬਣਦੀ ਹੈ?

ਜੋ ਮਦਦ ਇਰਾਨ ਦੀ ਰੂਸ ਨੇ ਕੀਤੀ ਹੈ, ਉਸ ਮਦਦ ਦੀ ਪੇਸ਼ਕਸ਼ ਤਾਂ ਅਮਰੀਕਾ ਅਤੇ ਚੀਨ, ਫਰਾਂਸ, ਜਰਮਨੀ, ਰੂਸ ਅਤੇ ਬਰਤਾਨੀਆ ਨੇ ਮਿਲ ਕੇ ਵੀ ਕੀਤੀ ਸੀ ਪਰ ਇਰਾਨ ਦੇ ਅੜੀਅਲ ਰਵੱਈਏ ਨੇ ਗੱਲ ਸਿਰੇ ਲੱਗਣ ਨਹੀਂ ਦਿੱਤੀ। ਇਰਾਨ ਦੀਆਂ ਯੂਰੇਨੀਅਮ ਐਨਰਿਚਮੈਂਟ ਗਤੀਵਿਧੀਆਂ ਚਿੰਤਾ ਦਾ ਵਿਸ਼ਾ ਹਨ। ਉਧਰ ਫਿਊਲਿੰਗ ਦਾ ਕੰਮ ਹੋ ਗਿਆ ਹੈ ਅਤੇ ਇਰਾਨੀ ਸ਼ਹਿਰਾਂ ਨੂੰ 1000 ਮੈਗਾਵਾਟ ਲਾਈਟ-ਵਾਟਰ ਰਿਐਕਟਰ ਨਾਲ ਬਿਜਲੀ ਪੁੱਜਣ ਵਿਚ ਅਜੇ ਦੋ ਮਹੀਨੇ ਹੋਰ ਲਗ ਜਾਣਗੇ। ਇਰਾਨ ਨੇ ਮੁੜ ਭਰੋਸਾ ਦਵਾਇਆ ਹੈ ਕਿ ਪ੍ਰਮਾਣੂ ਪਲਾਂਟ ਦਾ ਮੰਤਵ ਬਿਜਲੀ ਪੈਦਾ ਕਰਨਾ ਹੈ, ਬੰਬ ਬਨਾਉਣਾ ਨਹੀਂ ਹੈ। ਆਈ.ਏ.ਈ.ਏ. ਅਧਿਕਾਰੀ ਜਦੋਂ ਚਾਹੁਣ ਆ ਕੇ ਜਾਂਚ ਕਰ ਸਕਦੇ ਹਨ ਕਿ ਤਾਜ਼ਾ ਫਿਊਲ ਦੀ ਕੋਈ ਦੁਰਵਰ ਤੋਂ ਹੋ ਰਹੀ ਹੈ ਜਾਂ ਨਹੀਂ।

ਕੁਝ ਇਰਾਨੀ ਲੀਡਰਾਂ ਨ ਇਸ ਨੂੰ ਇਕ ਸੰਕਤ ਦੱਸਿਆ ਹੈ ਕਿ ਇਰਾਨ, ਅਮਰੀਕਾ ਦੀ ਸ਼ਹਿ 'ਤੇ ਉਸ ਉਪਰ ਲਗਾਈਆਂ ਗਈਆਂ ਪਾਬੰਦੀਆਂ ਦੇ ਬਾਵਜੂਦ ਵਿਕਾਸ ਕਰ ਸਕਦਾ ਹੈ।

### 'ਆਪਰੇਸ਼ਨ ਇਰਾਕੀ ਫ਼ਰੀਡਮ' ਖਤਮ



ਵਾਸ਼ਿੰਗਟਨ (ਨ.ਦ.ਬ) ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਸੱਤ ਸਾਲ ਪੁਰਾਣੇ ਆਪਰੇਸ਼ਨ ਇਰਾਕੀ ਫਰੀਡਮ ਦੀ ਸਮਾਪਤੀ ਦਾ ਐਲਾਨ ਕੀਤਾ ਹੈ । ਇਰਾਕ ਵਿਚ ਜੰਗੀ ਮੁਹਿੰਮ ਖਤਮ ਹੋਣ ਨੂੰ ਅਮਰੀਕਾ ਅਤੇ ਇਰਾਕ ਦੇ ਇਤਿਹਾਸ ਦਾ ਵਰਣਨਯੋਗ ਅਧਿਆਏ ਕਰਾਰ ਦਿੰਦੇ ਹੋਏ ਓਬਾਮਾ ਨੇ ਕਿਹਾ ਕਿ ਹੁਣ ਨਵੀਂ ਇਬਾਰਤ ਲਿਖਣ ਦਾ ਵਕਤ ਆ ਗਿਆ ਹੈ। ਓਬਾਮਾ ਨੇ ਕਿਹਾ ਕਿ ਇਹ ਇਰਾਕੀਆਂ ਦਾ ਆਪਣੀ ਸੁਰੱਖਿਆ ਦੀ ਜ਼ਿੰਮੇਵਾਰੀ ਖੁਦ ਸੰਭਾਲਣ ਦਾ ਸਮਾਂ ਹੈ।

ਹਾਲਾਂਕਿ ਇਰਾਕੀ ਫੌਜ ਨੂੰ ਸਿਖਲਾਈ ਦੇਣ ਲਈ ਕਰੀਬ 50,000 ਅਮਰੀਕੀ ਫੌਜਾ ਇਰਾਕ ਵਿਚ ਰਹਿਣਗੇ। ਓਬਾਮਾ ਨੇ ਕਿਹਾ ਕਿ ਇਰਾਕ ਵਿਚ ਜੰਗੀ ਮੁਹਿੰਮ ਖਤਮ ਹੋਣ ਤੋਂ ਬਾਅਦ ਹੁਣ ਅਮਰੀਕਾ ਅਫਗਾਨਿਸਤਾਨ ਵਿਚ ਅਤਿਵਾਦੀਆਂ ਖਿਲਾਫ ਜਾਰੀ ਮੁਹਿੰਮ ਲਈ ਜ਼ਰੂਰੀ ਸਾਧਨਾਂ ਦਾ ਇਸਤੇਮਾਲ ਕਰ ਸਕੇਗਾ।

ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਹੁਣ ਅਮਰੀਕੀ ਅਰਥ ਵਿਵਸਥਾ ਨੂੰ ਪਹਿਲੀ ਸਥਿਤੀ 'ਤੇ ਲਿਆਉਣਾ ਅਤੇ ਆਪਣੀ ਨੌਕਰੀ ਖੋ ਚੁੱਕੇ ਦੇਸ਼ ਦੇ ਲੱਖਾਂ ਲੋਕਾਂ ਨੂੰ ਰੁਜ਼ਗਾਰ ਦਿਵਾਉਣਾ ਸਭ ਤੋਂ ਅਹਿਮ ਕੰਮ ਹੈ। ਓਬਾਮਾ ਨੇ ਕਿਹਾ ਕਿ ਦੇਸ਼ ਦੇ ਮੱਧ ਵਰਗ ਨੂੰ ਮਜ਼ਬੂਤ ਕਰਨ ਲਈ ਸਾਨੂੰ ਸਾਰੇ ਬੱਚਿਆਂ ਨੂੰ ਸਿਖਿਆ ਅਤੇ ਸਾਰੇ ਕਾਮਿਆਂ ਨੂੰ ਵਿਸ਼ਵੀ ਅਰਥ ਵਿਵਸਥਾ ਮੁਤਾਬਕ ਕਮ ਕਰਨ ਲਾਇਕ ਬਣਾਉਣ ਵਾਲੀ ਸਮਰਥਾਵਾਂ ਨਾਲ ਲੈਸ ਕਰਨਾ ਹੋਵੇਗਾ।

### ਤਾਲਿਬਾਨ ਨਾਲ ਕੋਈ ਗੱਲਬਾਤ ਨਹੀਂ ਹੋ ਰਹੀ - ਅਮਰੀਕਾ



ਅਮਰੀਕਾ ਨੇ ਇਸ ਗੱਲ ਦਾ ਖੰਡਨ ਕੀਤਾ ਹੈ ਕਿ ਅਫਗਾਨਿਸਤਾਨ ਅਤੇ ਪਾਕਿਸਤਾਨ ਲਈ ਉਸ ਦੇ ਵਿਸ਼ੇਸ਼ ਦੂਤ ਰਿਚਰਡ ਹਾਲਬਰੂਕ ਨੇ ਹਾਲ ਹੀ ਵਿਚ ਅਫਗਾਨ ਤਾਲਿਬਾਨ ਅਤੇ ਹਿਜਬੇ ਇਸਲਾਮੀ ਆਗੂਆਂ ਨਾਲ ਮੁਲਾਕਾਤ ਕਰ ਕੇ ਅਮਰੀਕੀ ਫੌਜੀਆਂ ਦੀ ਵਾਪਸੀ ਤੋਂ ਬਾਅਦ ਕੌਮੀ ਸਰਕਾਰ ਬਣਾਉਣ 'ਤੇ ਉਨ੍ਹਾਂ ਨਾਲ ਚਰਚਾ ਕੀਤੀ ਸੀ। ਵਿਦੇਸ਼ ਮੰਤਰਾਲੇ ਦੇ ਇਕ ਅਧਿਕਾਰੀ ਨੇ ਕਿਹਾ, ਹਾਲਬਰੂਕ ਤਾਲਿਬਾਨ ਆਗੂਆਂ ਨਾਲ ਨਹੀਂ ਮਿਲੇ ਹਨ। ਕਿਹਾ ਜਾ ਰਿਹਾ ਸੀ ਕਿ ਹਾਲਬਰੂਕ ਦੇ ਪ੍ਰਤੀਨਿਧੀਆਂ ਹਾਲੈਂਡ ਦੇ ਮਿਸ਼ੇਲ ਸਿੰਬਲ ਅਤੇ ਬਰਤਾਨੀਆ ਤੋਂ ਜਾਰਜ ਡਾਕਓਈਨ ਨੇ 17 ਜੁਲਾਈ ਅਤੇ 1 ਅਗਸਤ ਨੂੰ ਇਸਲਾਮਾਬਾਦ ਅਤੇ ਪੇਸ਼ਾਵਰ ਵਿਚ ਜਮਾਤ ਉਦ ਦਾਵਾ ਅਤੇ ਸੁੰਨਾਹ ਉਰਫ ਸਲਫੀ ਤਾਲਿਬਾਨ ਦੇ ਆਗੂਆਂ ਨਾਲ ਮੁਲਾਕਾਤ ਕੀਤੀ ਸੀ।

### ਫਰਾਂਸਿਸੀ ਸਪਾਈਡਰ ਮੈਨ ਚੜ੍ਹਿਆ 57 ਮੰਜ਼ਲੀ ਇਮਾਰਤ 'ਤੇ



ਸਿਡਨੀ (ਨ.ਦ.ਬ) ਫਰਾਂਸਿਸੀ ਜਾਂਬਾਜ਼ ਸਪਾਈਡਰ ਮੈਨ ਐਲੇਨ ਰੌਬਰਟ (48) ਬੀਤੇ ਦਿਨੀਂ ਸਿਡਨੀ ਵਿਚ ਇਕ 57 ਮੰਜ਼ਲੀ ਇਮਾਰਤ 'ਤੇ ਚੜ੍ਹ ਗਿਆ। ਪਰ ਵਾਪਸੀ 'ਤੇ ਪੁਲੀਸ ਦੇ ਹੱਥੇ ਚੜ੍ਹ ਗਿਆ। ਰੌਬਰਟ ਨੇ ਲੂਮਿਅਰ ਬਿਲਡਿੰਗ ਦੀ 57ਵੀਂ ਮੰਜ਼ਲ 'ਤੇ ਪੁੱਜਣ ਲਈ 20 ਮਿੰਟ ਲਾਏ। ਇਸ ਵਾਸਤੇ ਨਾ ਉਸ ਨੇ ਕਿਸੇ ਰੱਸੀ ਦੀ ਵਰਤੋਂ ਕੀਤੀ ਤੇ ਨਾ ਹੀ ਸੁਰੱਖਿਆ ਦਾ ਕੋਈ ਹੋਰ ਪ੍ਰਬੰਧ। ਇਸ ਤੋਂ ਪਹਿਲਾਂ ਰੌਬਰਟ ਦੁਨੀਆ ਭਰ ਵਿਚ 85 ਉੱਚੀਆਂ ਇਮਾਰਤਾਂ 'ਤੇ ਚੜ੍ਹ ਚੁੱਕਿਆ ਹੈ। ਉਸ ਦੇ ਏਜੰਟ ਮੈਕਸ ਸਾਰਕਸਨ ਨੇ ਆਪਣੇ ਬਿਆਨ ਵਿਚ ਉਸ ਦੀ ਇਸ ਕਾਰਗੁਜ਼ਾਰੀ ਨੂੰ ਬਹੁਤ ਵੱਡੀ ਕਾਮਯਾਬੀ ਦੱਸਦਿਆਂ ਉਸ ਦੀ ਗ੍ਰਿਫਤਾਰੀ ਨੂੰ ਮੰਦਭਾਗੀ ਘਟਨਾ ਕਰਾਰ ਦਿੱਤਾ ਹੈ। ਰੌਬਰਟ ਇਸ ਤੋਂ ਪਹਿਲਾਂ ਵੀ ਗੈਰ ਕਾਨੂੰਨੀ ਢੰਗ ਨਾਲ ਅਜਿਹੇ ਕਾਰਨਾਮਿਆਂ ਨੂੰ ਅੰਜਾਮ ਦੇਣ ਬਦਲੇ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।

ਪਿਛਲੇ ਸਾਲ ਵੀ ਉਸ ਨੂੰ ਆਸਟਰੇਲੀਆ ਵਿਚ 41 ਮੰਜ਼ਿਲਾ ਰੌਇਲ ਬੈਂਕ ਆਫ ਸਕੌਟਲੈਂਡ ਦੀ ਇਮਾਰਤ 'ਤੇ ਚੜ੍ਹ ਜਾਣ ਕਾਰਨ 750 ਡਾਲਰ ਦਾ ਜੁਰਮਾਨਾ ਲਾਇਆ ਗਿਆ ਸੀ। ਸਾਲ 2003 ਵਿਚ ਉਹ ਸਿਡਨੀ ਹਾਰਵਾਰ ਬ੍ਰਿਜ 'ਤੇ ਚੜ੍ਹ ਗਿਆ ਸੀ। ਰੌਬਰਟ ਸਭ ਤੋਂ ਪਹਿਲਾਂ 12 ਸਾਲ ਉਮਰ ਵਿਚ ਉਸ ਵੇਲੇ 8ਵੀਂ ਮੰਜ਼ਿਲ 'ਤੇ ਆਪਣੇ ਅਪਾਰਟਮੈਂਟ ਦੀ ਖਿੜਕੀ ਵਿਚ ਇਸ ਤਰ੍ਹਾਂ ਦਾਖਲ ਹੋਇਆ ਸੀ ਜਦੋਂ ਗਲਤੀ ਨਾਲ ਉਹ ਇਕ ਦਿਨ ਅਪਾਰਟਮੈਂਟ ਦੇ ਬਾਹਰ ਰਹਿ ਗਿਆ ਤੇ ਤਾਲਾ ਲਗ ਗਿਆ। ਉਹ ਟੀਪੇਅ ਵਿਚ 101 ਮੰਜ਼ਿਲਾ ਇਮਾਰਤ ਉਪਰ ਵੀ ਇਸੇ ਤਰ੍ਹਾਂ ਸਪਾਈਡਰ ਮੈਨ ਦੇ ਅੰਦਾਜ਼ ਵਿਚ ਚੜ੍ਹ ਚੁੱਕਾ ਹੈ।




# ਸਕੂਲ ਮੁੜ ਖੁੱਲ੍ਹਣ 'ਤੇ...



ਕੌਲੀਨ ਮਕਲੌ ਕਲਿੰਕ

ਇਹ ਕਿਸ ਤਰ੍ਹਾਂ ਹੋ ਗਿਆ? ਗਰਮੀ ਕਿੱਧਰ ਗਈ? ਸਕੂਲ ਅੱਜ ਮੁੜ ਸ਼ੁਰੂ ਹੋ ਗਿਆ। ਪਹਿਲੀ ਸਤੰਬਰ ਨੂੰ। ਮੈਂ ਨਵੀਂ ਜੁੱਤੀ ਤੇ ਨਵੇਂ ਕਪੜੇ ਖ਼ਰੀਦੇ। ਪਿਛਲੀ ਰਾਤ ਦਾ ਤਿਆਰ ਕੀਤਾ ਲੰਚ ਲਿਆ। 'ਸਵਾਗਤ ਹੈ ਬੱਚਿਓ' ਮੈਂ ਮਾਣ ਨਾਲ ਮੁਸਕਰਾਈ। ਮੈਂ ਉਨ੍ਹਾਂ ਨੂੰ ਮਿਲ ਕੇ ਤੇ ਉਨ੍ਹਾਂ ਦੀਆਂ ਗਰਮੀਆਂ ਦੀਆਂ ਛੁੱਟੀਆਂ ਬਾਰੇ ਸੁਣ ਕੇ ਉਤੇਜਿਤ ਹੋ ਗਈ। ਸਕੂਲ ਦਾ ਪਹਿਲਾ ਦਿਨ ਨਵ ਵਰਸ਼ ਦਿਵਸ ਵਰਗਾ ਹੁੰਦਾ ਹੈ। ਨਵੀਆਂ ਪੁਸਤਕਾਂ, ਨਵੇਂ ਨਿਸ਼ਾਨੇ, ਸੁਪਨੇ, ਨਵੇਂ ਕਾਗ਼ਜ ਤੇ ਪੈਨ, ਨਵਾਂ ਲਾਕਰ ਅਤੇ ਸ਼ਾਇਦ ਨਵੀਂ ਸਮਾਜਿਕ ਵਿਵਸਥਾ ਵੀ ਦਿਸਹੱਦੇ 'ਤੇ ਹੁੰਦੀ ਹੈ। ਦੱਸ ਨਹੀਂ ਸਕਦੀ ਕਿ ਅੱਜ ਮੈਂ ਕਿੰਨੀ ਵਾਰ ਸੁਣ ਚੁੱਕੀ ਹਾਂ, 'ਮੈਂ ਇਸ ਸਾਲ ਵਧੀਆ ਕੰਮ ਕਰਨ ਜਾ ਰਿਹਾ ਹਾਂ।' ਜਾਂ 'ਮੈਂ ਇਸ ਸਾਲ ਵਧੀਆ ਕੰਮ ਕਰਨਾ ਚਾਹੁੰਦਾ ਹਾਂ' ਕਿਉਂਕਿ ਇਹ ਇਕ ਡਿਪਲੋਮਾ ਕੋਰਸ ਹੈ।' ਮੈਂ ਦਿਨ ਵਿਚ ਆਪਣੇ ਵਿਦਿਆਰਥੀਆਂ ਨੂੰ ਕੇਵਲ 80 ਮਿੰਟ ਹੀ ਮਿਲਦੀ ਹਾਂ। ਮੈਂ ਆਪਣੇ ਸਿਰ ਪਹਿਲਾਂ ਹੀ ਉਨ੍ਹਾਂ ਦੇ ਟੀਚਿਆਂ ਦੀ ਜ਼ੁੰਮੇਵਾਰੀ ਮਹਿਸੂਸ ਕਰਦੀ ਹਾਂ। ਉਹ ਮੈਨੂੰ ਆਪਣੀ ਸੁਰੱਖਿਅਕ ਵਜੋਂ ਦੇਖਦੇ ਹਨ। ਮੈਂ ਉਨ੍ਹਾਂ ਦੀ ਸਹਾਇਤਾ ਕਰ ਸਕਦੀ ਹਾਂ। ਪਰ ਮੈਨੂੰ ਕੀ ਪਤਾ ਮੇਰੇ ਕਲਾਸ ਰੂਮ ਛੱਡਣ ਤੇ ਘਰ ਜਾਣ ਮਗਰੋਂ ਉਨ੍ਹਾਂ ਨਾਲ ਕੀ ਵਾਪਰਦਾ ਹੈ? ਕੀ ਤੁਸੀਂ ਸੱਚਮੁਚ ਜਾਣਦੇ ਹੋ ਕਿ ਤੁਹਾਡੇ ਬੱਚੇ ਕਿਹੜੀਆਂ ਯੋਗਤਾਵਾਂ ਰੱਖਦੇ ਹਨ ਤੇ ਕਿਹੜੀਆਂ ਦੀ ਉਨ੍ਹਾਂ ਵਿਚ ਘਾਟ ਹੈ?

ਇਸ ਕਰ ਕੇ ਇਸ ਸਾਲ ਤੁਹਾਨੂੰ, ਮਾਪਿਆਂ ਨੂੰ ਬੱਚਿਆਂ ਦੀ ਪੜ੍ਹਾਈ ਵਿਚ ਸ਼ਾਮਲ ਕਰਨ ਦਾ ਮਨ ਬਣਾਇਆ ਹੈ। ਮੈਂ ਤੁਹਾਡੇ ਤੋਂ ਥੋੜ੍ਹਾ ਇਕਬਾਲ ਕਰਵਾਉਣਾ ਚਾਹੁੰਦੀ ਹਾਂ। ਮੈਂ ਸੱਚਮੁੱਚ ਤੁਹਾਨੂੰ ਮਿਲਣਾ ਚਾਹੁੰਦੀ ਹਾਂ ਜਾਂ ਤੁਹਾਡੇ ਤੋਂ ਸੁਣਨਾ ਚਾਹੁੰਦੀ ਹਾਂ। ਮੈਨੂੰ ਇਹ ਜਾਣਨ ਦੀ ਲੋੜ ਹੈ ਕਿ ਤੁਸੀਂ ਸ਼ਾਮਲ ਹੋ ਸਕਦੇ ਹੋ ਤੇ ਆਪਣੇ ਬੱਚੇ ਦੀ ਸਫ਼ਲਤਾ ਲਈ ਪ੍ਰਤੀਬੱਧ ਹੋ। ਮੇਰਾ ਖ਼ਿਆਲ ਹੈ ਕਿ ਕਈ ਵਾਰ ਅਸੀਂ ਸੋਚਦੇ ਹਾਂ ਕਿ ਜਿਉਂ-ਜਿਉਂ ਸਾਡੇ ਬੱਚੇ ਵੱਡੇ ਹੁੰਦੇ ਜਾਂਦੇ ਹਨ, ਸਾਨੂੰ ਮਾਪਿਆਂ ਨੂੰ ਸਕੂਲ ਘੱਟ ਜਾਣ ਦੀ ਲੋੜ ਹੁੰਦੀ ਹੈ। ਤੁਹਾਨੂੰ ਐਲੀਮੈਂਟਰੀ ਯਾਦ ਹੈ, ਜਦੋਂ ਜੋ ਕੁੱਝ ਹੋ ਰਿਹਾ ਹੁੰਦਾ ਸੀ ਉਸ ਸੱਭ ਕੁੱਝ ਦੀ ਤੁਹਾਨੂੰ ਜਾਣਕਾਰੀ ਹੁੰਦੀ ਸੀ। ਠੀਕ ਹੈ ਪਰ ਹੁਣ ਤੁਹਾਡੇ ਵਿਦਿਆਰਥੀ ਨੂੰ ਤੁਹਾਡੀ ਪਹਿਲਾਂ ਤੋਂ ਵੀ ਜ਼ਿਆਦਾ ਲੋੜ ਹੈ।

ਸਾਨੂੰ ਇਹ ਕੁੱਝ ਇਕੱਠਿਆਂ ਕਰਨ ਦੀ ਲੋੜ ਹੈ:

ਮੈਂ ਤੁਹਾਡੇ ਤੋਂ ਲੋੜਦੀ ਹਾਂ ਕਿ ਤੁਸੀਂ ਆਪਣੇ ਵਿਦਿਆਰਥੀ ਨਾਲ ਘਰ ਦਾ ਕੰਮ (ਹੋਮ ਵਰਕ) ਕਰੋ ਅਤੇ ਯਕੀਨੀ ਬਣਾਓ ਕਿ ਉਹ ਅੰਗਰੇਜ਼ੀ ਦੀਆਂ ਕਿਤਾਬਾਂ ਪੜ੍ਹ ਰਹੇ ਹਨ..... ਹਰ ਰਾਤ ਕਿਉਂਕਿ ਉਨ੍ਹਾਂ ਦੀ ਸਫ਼ਲਤਾ ਸਾਡੇ ਦੋਵਾਂ 'ਤੇ ਨਿਰਭਰ ਹੈ। ਹਰ ਜਨਤਕ ਲਾਇਬਰੇਰੀ ਸਾਡੇ ਵਿਦਿਆਰਥੀਆਂ ਨੂੰ ਮੁਫ਼ਤ ਲਾਇਬਰੇਰੀ ਕਾਰਡ ਦਿੰਦੀ ਹੈ।

ਮੈਂ ਤੁਹਾਡੇ ਤੋਂ ਲੋੜਦੀ ਹਾਂ ਕਿ ਤੁਹਾਨੂੰ ਪਤਾ ਹੋਵੇ ਕਿ ਇਕ 'ਸਕੂਲ ਜ਼ੋਨ' ਵੀ ਹੈ, ਜਿਸ ਵਿਚ ਅਧਿਆਪਕ ਆਪਣੀਆਂ ਰੋਜ਼ਾਨਾ ਹੋਮ ਵਰਕ ਅਸਾਈਨਮੈਂਟਸ, ਟੈਸਟ ਅਤੇ ਕੁਇਜ਼ ਸ਼ਾਮਲ ਕਰਦੇ ਹਨ। ਇਹ ਦੇਖਣ ਦਾ ਇਹ ਇਕ ਸ਼ਾਨਦਾਰ ਵਸੀਲਾ ਹੈ ਕਿ ਤੁਹਾਡਾ ਵਿਦਿਆਰਥੀ ਕਿਵੇਂ ਚੱਲ ਰਿਹਾ ਹੈ? ਇਹ ਹਰ ਰੋਜ਼ ਅੰਕ ਤੇ ਹਾਜ਼ਰੀ ਰਿਕਾਰਡ ਕਰਦਾ ਹੈ।

ਮੈਂ ਤੁਹਾਡੇ ਤੋਂ ਲੋੜਦੀ ਹਾਂ ਕਿ ਤੁਹਾਨੂੰ ਪਤਾ ਹੋਵੇ ਕਿ ਸਾਡਾ ਅੰਗਰੇਜ਼ੀ ਵਿਭਾਗ ਪਹਿਲਾਂ ਹੀ ਸਬਕਾਂ ਦੀ ਯੋਜਨਾਬੰਦੀ ਤੇ ਪੜ੍ਹਾਉਣ ਦੇ ਤੌਰ ਤਰੀਕੇ ਤੈਅ ਕਰਨ 'ਚ ਰੁਝਿਆ ਹੋਇਆ ਹੈ। ਸਾਰੇ ਵਿਦਿਆਰਥੀਆਂ ਨੂੰ ਨਵੇਂ ਸਾਲ ਵਿਚ 'ਨਵੇਂ ਸੁਤੰਤਰ ਅਧਿਐਨ' ਦੀ ਲੋੜ ਹੈ। ਅਸੀਂ ਹਰ ਬੁੱਧਵਾਰ ਸਕੂਲ ਤੋਂ ਮਗਰੋਂ ਇਕ ਘੰਟੇ ਦਾ ਟਟੋਰੀਅਲ ਸ਼ੁਰੂ ਕਰਾਂਗੇ।

ਸਕੂਲ ਵੀ ਸਵੇਰੇ ਨੌਂ ਵਜੇ ਸ਼ੁਰੂ ਹੁੰਦਾ ਹੈ। ਇਸ ਦਾ ਅਰਥ ਹੈ ਕਿ ਤੁਹਾਡੇ ਵਿਦਿਆਰਥੀ ਸਾਡੇ ਕੋਲ 8.45 ਤੋਂ ਲੇਟ ਨਾ ਆਉਣ ਤਾਕਿ ਉਹ ਲਾਕਰ ਕੋਲ ਜਾ ਸਕਣ, ਆਪਣੇ ਦੋਸਤਾਂ ਨੂ ਮਿਲ ਸਕਣ ਅਤੇ ਸਮੇਂ ਸਿਰ ਕਲਾਸ ਰੂਮ 'ਚ ਹੋਣ ਤੇ ਸਿੱਖਣ ਲਈ ਤਿਆਰ ਹੋਣ। ਜੇਕਰ ਉਹ ਬੱਸ ਵਿਚ ਆਉਣ ਵਾਲੇ ਵਿਦਿਆਰਥੀ ਹਨ ਤਾਂ ਮੈਂ ਤੁਹ-ਾਡੇ ਤੋਂ ਲੋੜਦੀ ਹਾਂ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਉਹ ਸਹੀ ਬੱਸ ਵਿਚ ਬੈਠਣਗੇ, ਜਿਹੜੀ ਉਨ੍ਹਾਂ ਨੂੰ ਠੀਕ ਸਵੇਰ 8.45 'ਤੇ ਸਕੂਲ ਲੈ ਆਵੇਗੀ। ਮੈਂ ਜਾਣਦੀ ਹਾਂ ਕਿ ਵੱਖੋ ਵੱਖਰੀਆਂ ਭਾਸ਼ਾਵਾਂ ਹੋਣ ਕਾਰਨ ਅਸੀਂ ਇਕ ਦੂਜੇ ਨੂੰ ਮਿਲਣ ਤੋਂ ਡਰਦੇ ਹਾਂ। ਪਰ ਸਾਡਾ ਇਕੱਠਿਆਂ ਕੰਮ ਕਰਨਾ ਤੁਹਾਡੇ ਬੱਚਿਆਂ ਦੀ ਲੋੜ ਹੈ ਤੇ ਉਨ੍ਹਾਂ ਨੂੰ ਇਹ ਜਾਨਣ ਦੀ ਲੋੜ ਹੈ ਕਿ ਅਸੀਂ ਉਨ੍ਹਾਂ ਖ਼ਾਤਰ ਸੰਪਰਕ ਵਿਚ ਹਾਂ।

ਮੈਂ ਲੋੜਦੀ ਹਾਂ ਕਿ ਤੁਹਾਨੂੰ ਪਤਾ ਹੋਵੇ ਕਿ ਅੰਗਰੇਜ਼ੀ ਦੀਆਂ ਕਲਾਸਾਂ ਤੁਹਾਡੇ ਬੱਚਿਆਂ ਵਿਚੋਂ ਬਹੁਤਿਆਂ ਅੱਗੇ ਇਕ ਵੱਡੀ ਰੁਕਾਵਟ ਹਨ। ਪਰ ਜ਼ਰੂਰੀ ਹੈ ਕਿ ਉਹ ਸਾਰੇ ਸਫ਼ਲਤਾ ਸਹਿਤ 30-1 ਕੋਰਸ ਮੁਕੰਮਲ ਕਰਨ ਜੇਕਰ ਕਿਸੇ ਦਿਨ ਉਨ੍ਹਾਂ ਨੇ ਡਾਕਟਰ ਜਾਂ ਇੰਜੀਨੀਅਰ ਬਣਨਾ ਹੈ, ਜੋ ਕਿ ਤੁਸੀਂ ਉਨ੍ਹਾਂ ਦਾ ਬਣਨਾ ਪਸੰਦ ਕਰਦੇ ਹੋ।

ਮੈਂ ਤੁਹਾਨੂੰ 16 ਸਤੰਬਰ ਵੀਰਵਾਰ ਨੂੰ ਹੋਣ ਵਾਲੀ 'ਅਧਿਆਪਕਾਂ ਨਾਲ ਰਾਤਰੀ ਮਿਲਣੀ ਲਈ ਨਿਮੰਤ੍ਰਿਤ ਕਰਨਾ ਚਾਹੁੰਦੀ ਹਾਂ। ਜਾਂ ਤੁਸੀਂ ਸਕੂਲ ਫ਼ੋਨ ਕਰ ਕੇ ਅੰਗਰੇਜ਼ੀ ਦੇ ਅਧਿਆਪਕਾਂ ਵਿਚੋਂ ਕਿਸੇ ਨਾਲ ਵੀ ਗੱਲ ਕਰ ਸਕਦੇ ਹੋ। ਸਾਡਾ ਫ਼ੋਨ ਨੰ: ਹੈ 780 462 3322 ਜਾਂ ਈਮੇਲ ਦੀ ਵਰਤੋਂ ਕਰੋ।

ਕੀ ਤੁਹਾਡੇ ਕੋਲ ਸਾਡੇ ਅੰਗਰੇਜ਼ੀ ਦੇ ਪ੍ਰੋਗਰਾਮ ਲਈ ਕੋਈ ਪ੍ਰਸ਼ਨ ਹਨ? ਚਿੰਤਾਵਾਂ ਹਨ? ਟਿੱਪਣੀਆਂ ਹਨ? ਮੈਨੂੰ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇ ਕੇ ਅਤਿਅੰਤ ਪ੍ਰਸੰਨਤਾ ਹੋਵੇਗੀ। ਕ੍ਰਿਪਾ ਕਰ ਕੇ ਮੈਨੂੰ ਸੱਭ ਕੁੱਝ ਦੱਸੋ ਅਤੇ ਬੱਚਿਆਂ ਖ਼ਾਤਰ ਇਹ ਸਾਡਾ ਇਕ ਸ਼ਾਨਦਾਰ ਸਾਲ ਹੋਵੇ।

ਮੁਖੀ ਅੰਗਰੇਜ਼ੀ ਵਿਭਾਗ,
ਜੇ ਪਰਸੀ ਪੇਜ ਹਾਈ ਸਕੂਲ।

## ਰਿਸ਼ਤਿਆਂ 'ਚ ਦਲੀਲਬਾਜ਼ੀ ਦੀ ਥਾਂ ਲੈ ਰਹੀ ਦਲਾਲਬਾਜ਼ੀ

# ਐਡਮਿੰਟਨ 'ਚ ਗੁਰਦੀਪ ਭੁੱਲਰ ਵਲੋਂ ਨਿਰਦੇਸ਼ਿਤ ਨਾਟਕ 'ਰਿਸ਼ਤੇ' ਦੀ ਪੇਸ਼ਕਾਰੀ

ਐਡਮਿੰਟਨ (ਨ.ਦ.ਬ) ਅਨਮੋਲ ਕੌਰ ਦਾ ਲਿਖਿਆ ਅਤੇ ਗੁਰਦੀਪ ਭੁੱਲਰ ਦੀ ਨਿਰਦੇਸ਼ਨਾ ਹੇਠ ਖੇਡਿਆ ਨਾਟਕ 'ਰਿਸ਼ਤੇ' ਦਰਸ਼ਕਾਂ ਨੂੰ ਪਰਿਵਾਰਕ/ਸਮਾਜਿਕ ਰਿਸ਼ਤਿਆਂ 'ਚ ਆ ਰਹੇ ਨਿਘਾਰ ਪ੍ਰਤੀ ਸੁਚੇਤ ਕਰਨ ਦੇ ਨਾਲ ਨਾਲ ਸਾਡੀ ਇੱਕ ਸਭਿੱਅਕ ਸਮਾਜ ਦੀ ਦੁਹਾਈ ਅਤੇ ਇਸ ਵਿੱਚ ਆ ਰਹੇ ਵਿਗਾੜਾਂ ਪ੍ਰਤੀ ਉਦਾਸੀਨਤਾ ਨੂੰ ਬਿਆਨ ਕਰਦੀ ਪੇਸ਼ਕਾਰੀ ਸੀ। ਨਾਟਕ ਦਾ ਆਧਾਰ ਪੰਜਾਬੀ ਕਿਸਾਨ ਤੇ ਪੇਂਡੂ ਵਰਗ ਨਾਲ ਜੁੜਿਆ ਹੋਇਆ ਹੈ। ਨਾਟਕ ਦਾ ਵਿਸ਼ਾ ਅਜੋਕੇ ਸਮਾਜਿਕ ਤਾਣੇਬਾਣੇ 'ਚ ਬਦਲਦੇ ਸਰੋਕਾਰਾਂ, ਕਦਰਾਂ ਕੀਮਤਾਂ, ਨਵੀਆਂ ਸਮਾਜਿਕ ਸਮੀਕਰਣਾਂ ਅਤੇ ਰਿਸ਼ਤਿਆਂ 'ਚ ਆ ਰਹੇ ਬਨਾਵਟੀਪਣ/ਗਿਰਾਵਟ ਪਿੱਛੇ ਲੁਕੇ ਬਹੁਪਰਤੀ ਕਾਰਣਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰਦਾ ਹੈ। ਮਾਪਿਆਂ ਵੱਲੋਂ ਕਿਸੇ ਵੀ ਕੀਮਤ 'ਤੇ ਆਪਣੇ ਨਸ਼ਈ ਪੁੱਤ ਨੂੰ ਭਾਰਤ 'ਚੋਂ ਕੱਢਣ ਲਈ ਆਪਣੀ ਨੌਜਵਾਨ ਧੀ ਦੇ ਵਿਆਹ ਜ਼ਰੀਏ ਵਿਦੇਸ਼ ਪੁਚਾਣ ਦਾ ਹਰ ਸੰਭਵ ਉਪਰਾਲਾ ਕੀਤਾ ਜਾਂਦਾ ਹੈ, ਜੋ ਕਿ ਰਿਸ਼ਤਿਆਂ ਦੇ ਹੋ ਰਹੇ ਵਪਾਰੀਕਰਣ ਨੂੰ ਦਰਸਾਉਂਦਾ ਹੈ। ਧੀ ਤੋਂ ਸਿਵਾਏ ਨਾਟਕ ਵਿਚ ਹਰ ਪਾਤਰ ਜਾਣਦਾ ਸੀ ਕਿ ਰਿਸ਼ਤਾ ਬਨਾਵਟੀ ਹੈ। ਸਮੁੱਚਾ ਨਾਟਕ ਸਮਾਜਿਕ ਚੇਤਨਾ ਖਾਸਕਰ ਰਿਸ਼ਤਿਆਂ 'ਚ ਦਲੀਲਬਾਜ਼ੀ ਦੀ ਥਾਂ ਲੈ ਰਹੀ ਦਲਾਲਬਾਜ਼ੀ ਨੂੰ ਬਿਆਨ ਕਰਦਾ ਪ੍ਰਤੀਤ ਹੁੰਦਾ ਹੈ ਪਰ ਕਹਾਣੀ ਪੱਖ ਤੋਂ ਸੁਧਾਰ ਦੀ ਕਾਫੀ ਗੁੰਜ਼ਾਇਸ਼ ਹਾਲੇ ਵੀ ਮੌਜੂਦ ਹੈ।

ਪਾਤਰਾਂ ਦੇ ਰੂਪ 'ਚ ਮੁੱਖ ਪਾਤਰ ਮੀਰਾ ਗਿੱਲ (ਕਮਲ),ਦਰਸ਼ਪ੍ਰੀਤ (ਤਾਇਆ), ਰੌਬਿਨ (ਤਾਈ), ਕਨੇਡਾ ਦਾ ਜੰਮਪਲ ਜਸਪਾਲ ਜੱਸਾ (ਯੁੱਧਵੀਰ), ਸੁਖਮਿੰਦਰ (ਤਰਸੇਮ,ਹੈਰੀ,ਬਿੱਲਾ),ਬਲਵਿੰਦਰ ਰੋਡੇ ਤੇ ਹਰਮੀਤ ਗਿੱਲ (ਵਿਚੋਲੇ), ਇੰਦਰਜੀਤ ਰੋਡੇ (ਪਿਆਰਾ,ਗੁਰਪਾਲ,ਮੱਘਰ ਸਿੰਘ), ਗੁਰਚਰਨ ਦੁਆ (ਈਸ਼ਰ ਸਿੰਘ) ਆਦਿ ਤੋਂ ਇਲਾਵਾ ਬੱਚਿਆਂ ਦੇ ਰੋਲ 'ਚ ਜੋਬਨ ਪਲਕ ਅਤੇ ਸਰਗਮ ਸੰਧੂ ਨੇ ਸਲਾਹੁਣਯੋਗ ਅਦਾਕਾਰੀ ਕੀਤੀ।

ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਪਵਿੱਤਰ ਧਾਲੀਵਾਲ ਨੇ ਮੌਕੇ ਤੇ ਢੁਕਵੀਂ ਆਪਣੀ ਕਵਿਤਾ 'ਰਿਸ਼ਤੇ'' ਸਰੋਤਿਆਂ ਨਾਲ ਸਾਂਝੀ ਕੀਤੀ। ਇਸ ਤੋਂ ਬਾਅਦ ਪੰਜਾਬੀ ਹੈਰੀਟੇਜ਼ ਸੋਸਾਇਟੀ ਆਫ ਅਲਬਰਟਾ ਦੇ ਪ੍ਰਧਾਨ ਪਰਮਜੀਤ ਗਿੱਲ ਨੇ ਸੰਖੇਪ ਸ਼ਬਦਾਂ 'ਚ ਨਾਟਕ ਬਾਰੇ ਜਾਣਕਾਰੀ ਦਿੱਤੀ। ਤਕਰੀਬਨ ਦੋ ਸੌ ਦਰਸ਼ਕ ਆਪਣੇ ਪਰਿਵਾਰਾਂ ਸਮੇਤ ਇਸ ਨਾਟਕ ਨੂੰ ਦੇਖਣ ਲਈ ਫੈਸਟੀਵਲ ਪਲੇਸ, ਸ਼ੇਰਵੁੱਡ ਪਾਰਕ ਪਹੁੰਚੇ। ਭਾਵੇਂ ਪੰਜਾਬੀਆਂ ਦੀ ਆਬਾਦੀ ਅੱਗੇ ਨਾਲੋਂ ਕਾਫੀ ਵੱਧ ਗਈ ਹੈ, ਪਰ ਦਰਸ਼ਕਾਂ ਦੀ ਘੱਟ ਗਿਣਤੀ ਚਿੰਤਾ ਦਾ ਵਿਸ਼ਾ ਜ਼ਰੂਰ ਹੈ।

# ਕਾਮਰੇਡ ਸੁਰਜੀਤ ਦੀ ਕੈਲਗਰੀ ਵਿਖੇ ਮਨਾਈ ਦੂਸਰੀ ਬਰਸੀ



ਬਰਸੀ ਸਮੇਂ ਸੰਬੋਧਨ ਕਰਦੇ ਵੱਖ-ਵੱਖ ਸਾਥੀ ਆਗੂ। (ਹੇਠਾਂ) ਸਮਾਗਮ ਸਮੇਂ ਇਕੱਤਰ ਵਰਕਰ ਅਤੇ ਹੋਰ ਆਗੂ ਦਿਖਾਈ ਦੇ ਰਹੇ ਹਨ।

ਕੈਲਗਰੀ, ਨ ਦ ਬ - ਇੰਡੀਅਨ ਵਰਕਰਜ਼ ਐਸੋਸੀਏਸ਼ਨ (ਆਈ. ਡਬਲਯੂ. ਏ.) ਵੱਲੋਂ ਮਾਰਕਸੀ ਆਗੂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ ਦੂਸਰੀ ਬਰਸੀ ਕੈਲਗਰੀ ਵਿਖੇ ਮਨਾਈ ਗਈ। ਸਮਾਗਮ ਵਿਚ ਵੱਖ-ਵੱਖ ਆਗੂਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਕਾਮਰੇਡ ਜਗਦੀਸ਼ ਸਿੰਘ ਚੌਹਕਾ ਨੇ ਕਾਮਰੇਡ ਸੁਰਜੀਤ ਦੇ ਜੀਵਨ, ਸੰਘਰਸ਼ ਅਤੇ ਪਾਰਟੀ ਨੂੰ ਦਿੱਤੀ ਸੇਧ ਅਤੇ ਸਾਮਰਾਜੀ ਸ਼ਕਤੀਆਂ ਖਿਲਾਫ ਕੀਤੀ ਜੱਦੋ-ਜਹਿਦ ਅਤੇ ਭਾਰਤ ਦੀ ਰਾਜਨੀਤੀ ਵਿਚ ਪਾਏ ਯੋਗਦਾਨ ਬਾਰੇ ਚਾਨਣਾ ਪਾਇਆ। ਇਸ ਸਮੇਂ ਗੁਰਬਚਨ ਸਿੰਘ ਬਰਾੜ ਅਤੇ ਬਲਵਿੰਦਰ ਸਿੰਘ ਬਿੱਲ ਕਾਹਲੋਂ ਨੇ ਕਾਮਰੇਡ ਸੁਰਜੀਤ ਦੇ ਜੀਵਨ ਅਤੇ ਕੰਮ ਬਾਰੇ ਜਾਣਕਾਰੀ ਸਾਂਝੀ ਕੀਤੀ।

ਪ੍ਰੋ: ਮਨਜੀਤ ਸਿੰਘ ਸਿੱਧੂ ਨੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨਾਲ ਨਿਭਾਈ ਸਾਂਝ ਅਤੇ ਬਿਤਾਏ ਦਿਨਾਂ ਨੂੰ ਯਾਦ ਕਰਕੇ ਸ਼ਰਧਾਂਜਲੀ ਭੇਟ ਕੀਤੀ। ਸਾਬਕਾ ਪ੍ਰਿੰਸੀਪਲ ਸਤਪਾਲ ਕੌਸ਼ਲ, ਨਰਿੰਦਰ ਸਿੰਘ ਢਿੱਲੋਂ, ਡਾ: ਹਰਭਜਨ ਸਿੰਘ ਢਿੱਲੋਂ ਨੇ ਉਨ੍ਹਾਂ ਦੀ ਮਾਰਕਸਵਾਦੀ ਪਹੁੰਚ ਨੂੰ ਸਿੱਖੀ ਦੇ ਸੰਦਰਭ ਵਿਚ ਇਕ ਵਿਸ਼ੇਸ਼ ਨਜ਼ਰੀਏ ਤੋਂ ਪੇਸ਼ ਕੀਤਾ। ਰਾਜਿੰਦਰ ਕੌਰ ਚੌਹਕ ਮੈਂਬਰ ਸੂਬਾ ਕਮੇਟੀ ਸੀ. ਪੀ. ਐਮ. ਨੇ ਭਾਵੁਕ ਲਹਿਜ਼ੇ ਵਿਚ ਕਾਮਰੇਡ ਸੁਰਜੀਤ ਦੇ ਹੁਸ਼ਿਆਰ-ਪੁਰ ਨਾਲ ਵਿਸ਼ੇਸ ਸੰਬੰਧਾਂ ਦਾ ਜ਼ਿਕਰ ਕੀਤਾ। ਐਡਵੋਕੇਟ ਅਮਰਪ੍ਰੀਤ ਸਿੰਘ ਨੇ ਕਾਮਰੇਡ ਸੁਰਜੀਤ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਕਾਮਰੇਡ ਜਸਵੰਤ ਸਿੰਘ ਗਿੱਲ ਪ੍ਰਧਾਨ ਆਈ. ਡਬਲਯੂ. ਏ. ਨੇ ਆਏ ਸਾਰਿਆਂ ਸਾਥੀਆਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਕਾਰਵਾਈ ਬਚਿੱਤਰ ਸਿੰਘ ਗਿੱਲ ਨੇ ਨਿਭਾਈ।

## ਐਡਮਿੰਟਨ ਦੇ ਮਿਲਵੁਡਜ਼ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਦਰਬਾਰ

*ਐਡਮਿੰਟਨ (ਨ.ਦ.ਬ) ਸਿੱਖ ਪੰਥ ਦੇ ਮੰਨੇ-ਪ੍ਰਮੰਨੇ ਦੋ ਕੀਰਤਨ ਜੱਥੇ ਗੁਰਦੁਆਰਾ ਮਿਲਵੁਡਜ਼ ਐਟਮਿੰਟਨ ਵਿਖੇ ਆਪਣੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਭਾਈ ਹਰਜ਼ਿੰਦਰ ਸਿੰਘ ਸ੍ਰੀ ਨਗਰ ਵਾਲੇ ਅਤੇ ਭਾਈ ਦਵਿੰਦਰ ਸਿੰਘ ਲੁਧਿਆਣਾ ਵਾਲੇ ਸੋਮਵਾਰ 6 ਸਤੰਬਰ ਤੋਂ 12 ਸਤੰਬਰ ਐਤਵਾਰ ਤੱਕ ਹਰ ਸ਼ਾਮ ਆਪਣੇ ਪ੍ਰੋਗਰਾਮ ਦੇਣਗੇ। ਐਤਵਾਰ 12 ਸਤੰਬਰ ਨੂੰ ਸਵੇਰੇ ਸਵਾ ਦਸ ਤੋਂ ਬਾਅਦ ਦੁਪਹਿਰ ਇਕ ਵਜੇ ਤੱਕ ਭਾਈ ਦਲਬੀਰ ਸਿੰਘ ਹਜ਼ੂਰੀ ਰਾਗੀ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਵੀ ਭਾਈ ਹਰਜਿੰਦਰ ਸਿੰਘ ਅਤੇ ਭਾਈ ਦਵਿੰਦਰ ਸਿੰਘ ਨਾਲ ਕੀਰਤਨ ਦਰਬਾਰ ਦੀ ਸ਼ੋਭਾ ਵਧਾਉਣਗੇ।*



# 63 ਸਾਲ ਦੀ ਆਜ਼ਾਦੀ ਦੇ ਯਥਾਰਥ



ਮੰਗਤ ਰਾਮ ਪਾਸਲਾ

## ਯਥਾਰਥ ਨੰਬਰ-1

### ਕਿਉਂਕਿ ਅਸੀਂ ਦਲਿਤ ਤੇ ਗਰੀਬ ਹਾਂ....

ਇਸ ਲਈ ਕੁਰੂਕੁਸ਼ੇਤਰ ਦੀ ਧਰਤੀ-ਹਰਿਆਣਾ ਵਿਚ ਸਮਾਜ ਵਿਰੋਧੀ ਤੇ ਉਚ ਜਾਤੀ ਦੇ ਲੋਕਾਂ ਵਲੋਂ ਬਿਨਾ ਕਿਸੇ ਦੋਸ਼ ਦੇ ਸਾਡੇ ਘਰ ਜਲਾਏ ਜਾ ਸਕਦੇ ਹਨ, ਸਾਨੂੰ ਕਤਲ ਕੀਤਾ ਜਾ ਸਕਦਾ ਹੈ ਤੇ ਉਜਾੜਿਆ ਵੀ। ਸਾਡੇ ਵਲੋਂ ਕੀਤੇ ਗਏ ਵਿਆਹ ਵਰਗੇ ਪਵਿੱਤਰ ਬੰਧਨ ਨੂੰ ਅਪਵਿੱਤਰ ਦੱਸ ਕੇ ਲਾੜਾ-ਲਾੜੀ ਦੋਨਾਂ ਦਾ ਕਤਲ ਕੀਤਾ ਜਾ ਸਕਦਾ ਹੈ। ਇਸ ਕਤਲ ਨੂੰ 'ਇੱਜ਼ਤ ਲਈ ਕਤਲ' ਆਖ ਕੇ ਵਡਿਆਉਣ ਦਾ ਯਤਨ ਕਰਨਾ ਤਾਂ ਹੋਰ ਵੀ 'ਚੰਗੇਰੀ ਸੋਚ' ਦੀ ਨਿਸ਼ਾਨੀ ਹੈ। ਸਮਾਜ ਦੇ ਗੁੰਡਾ ਤੱਤਾਂ ਨੂੰ ਵੋਟਾਂ ਪਾਉਣ ਜਾਂ ਨਾ ਪਾਉਣ ਲਈ ਸਾਨੂੰ ਬਲੀ ਦਾ ਬਕਰਾ ਬਣਾਇਆ ਜਾ ਸਕਦਾ ਹੈ। ਬਦਕਿਸਮਤੀ ਨਾਲ ਜੇਕਰ ਲੋਕਾਂ ਵਲੋਂ ਸਾਡੇ ਵਿਚੋਂ ਕਿਸੇ ਨੂੰ ਵੋਟ ਪਾ ਕੇ ਪਿੰਡ ਦਾ ਮੁਖੀਆ (ਸਰਪੰਚ) ਚੁਣ ਲਿਆ ਜਾਂਦਾ ਹੈ ਤਾਂ ਸਾਡੀ ਕੀ ਮਜਾਲ ਕਿ ਅਸੀਂ ਉਸ ਅਹੁਦੇ ਉਤੇ ਹੱਥ ਵੀ ਧਰ ਸਕੀਏ! ਅਜੇਹੀ ਭੁੱਲ ਬਦਲੇ ਸਾਨੂੰ ਜ਼ਲੀਲ ਕੀਤਾ ਜਾ ਸਕਦਾ ਹੈ ਤੇ ਸਮਾਜਕ ਬਾਈਕਾਟ ਦੀ ਤੇਜ਼ ਧਾਰ ਉਤੇ ਜ਼ਿਬ੍ਹਾ ਕੀਤਾ ਜਾ ਸਕਦਾ ਹੈ। ਸਾਡੇ ਵਾਸਤੇ ਅਜਿਹੀਆਂ ਹਾਲਤਾਂ ਵਿਚ ਜੰਮਣ ਭੌਂ ਛੱਡ ਕੇ ਜਾਣ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਬਚਦਾ। ਇਕ ਗੱਲੋਂ ਤਸੱਲੀ ਹੈ ਕਿ ਸਾਡਾ ਸਤਿਕਾਰਯੋਗ ਮੁੱਖ ਮੰਤਰੀ ਦਿੱਲੀ ਦੇ ਅਸਲੀ ਸੁਲਤਾਨਾਂ ਦਾ ਬਹੁਤ ਹੀ ਕਰੀਬੀ ਹੈ ਤੇ ਅਜਿਹੀਆਂ ਸ਼ਰਮਨਾਕ ਘਟਨਾਵਾਂ ਵਾਪਰਨ ਤੇ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਾ ਕਰਨ ਲਈ ਸਪੱਸ਼ਟ ਰੂਪ ਵਿਚ ਗੁਨਾਹਗਾਰ ਹੋਣ ਦੇ ਬਾਵਜੂਦ ਉਸਦਾ ਕਦੀ ਵਾਲ ਵਿੰਗਾ ਨਹੀਂ ਹੋਇਆ।

### ਕਿਉਂਕਿ ਅਸੀਂ ਗਰੀਬ ਹਾਂ....

ਇਸ ਕਰਕੇ ਉਚੀਆਂ ਜਾਤੀਆਂ ਵਲੋਂ ਵਿਆਹ ਸਮੇਂ ਸਾਡੇ ਲਾੜੇ ਨੂੰ ਘੋੜੀ ਚੜ੍ਹਨ ਤੋਂ ਰੋਕਿਆ ਜਾ ਸਕਦਾ ਹੈ ਜਾਂ ਉਸਨੂੰ ਪੱਥਰ ਮਾਰ ਕੇ ਭਜਾਇਆ ਜਾ ਸਕਦਾ ਹੈ। ਰੱਬ ਨੂੰ ਪੂਜਣ ਦੇ ਸਾਡੇ ਅਸਥਾਨ ਅਲੱਗ ਹਨ ਤੇ ਕਈ ਵੱਡੇ ਤੇ ਉਚੇ ਗੁਰੂ ਘਰਾਂ ਵਿਚ ਸਾਡਾ ਦਾਖਲਾ ਵਰਜ਼ਿਤ ਹੈ। ਵੈਸੇ ਧਾਰਮਕ ਤੇ ਸਮਾਜਕ ਸਮਾਗਮਾਂ ਵਿਚ ਆਮ ਤੌਰ 'ਤੇ ਸਾਨੂੰ ਹਟਵਾਂ ਹੀ ਬਹਿਣਾ ਪੈਂਦਾ ਹੈ ਤੇ ਗੁਰੂ ਦੇ 'ਇਕੋ ਸੰਗਤ ਪੰਗਤ ਦੇ ਸਿਧਾਂਤ' ਉਤੇ ਅਮਲ ਹੋਣ ਲਈ ਉਡੀਕ ਦੀ ਮੁਦਰਾ ਵਿਚ ਰਹਿਣਾ ਪੈਂਦਾ ਹੈ। ਬਰਾਬਰੀ ਦਾ ਸੁਪਨਾ ਨਾਂ ਲੈਣ ਦੀ ਸਖਤ ਹਦਾਇਤ ਹੈ ਕਿਉਂਕਿ ਇਸ ਨਾਲ ਸਮਾਜ ਵਿਚ ਉਥਲ ਪੁਥਲ ਪੈਦਾ ਹੋ ਸਕਦੀ ਹੈ। ਇਸ ਹਦਾਇਤ ਦੀ ਅਵੱਗਿਆ ਬਦਲੇ ਸਾਨੂੰ ਕੋਈ ਵੀ ਸਜ਼ਾ ਦਿੱਤੀ ਜਾ ਸਕਦੀ ਹੈ। ਉਂਝ ਸਾਡੇ ਵਸੇਵੇ ਵੱਖਰੇ ਹਨ ਤੇ ਪਾਣੀ ਪੀਣ ਦੇ ਸਾਧਨ ਵੀ। ਬਹੁਤੀ ਵਾਰ ਤਾਂ ਸਾਡੇ ਮੁਰਦਾਘਾਟ ਵੀ ਅਲੱਗ ਹਨ ਕਿਉਂਕਿ ਅਸੀਂ ਜੀਉਂਦੇ ਵੀ ਖਤਰਨਾਕ ਹਾਂ ਤੇ ਮਰਕੇ ਵੀ।

### ਕਿਉਂਕਿ ਅਸੀਂ ਗਰੀਬ ਹਾਂ....

ਇਸ ਲਈ ਸਾਨੂੰ ਆਪਣੇ ਬੱਚੇ ਸਕੂਲ ਜਾਂ ਕਾਲਜ ਭੇਜਣ ਦੀ ਥਾਂ ਕਿਸੇ ਕੋਲ ਮਜ਼ਦੂਰੀ ਕਰਨ ਲਈ ਭੇਜਣੇ ਪੈਂਦੇ ਹਨ। ਇਸ ਤਰ੍ਹਾਂ 'ਬਾਲ ਮਜ਼ਦੂਰੀ ਰੋਕੂ ਐਕਟ' ਦੀ ਕੋਈ ਉਲੰਘਣਾ ਨਹੀਂ ਹੁੰਦੀ। ਉਲਟਾ ਸਾਨੂੰ ਉਨ੍ਹਾਂ ਲੋਕਾਂ ਦੇ ਅਹਿਸਾਨਮੰਦ ਹੋਣਾ ਚਾਹੀਦਾ ਹੈ ਜੋ ਸਾਡੇ ਮਾਸੂਮ ਬੱਚਿਆਂ ਕੋਲੋਂ ਭਾਂਡੇ ਮਜਵਾਉਂਦੇ ਹਨ, ਕੱਪੜੇ ਧੁਆਉਂਦੇ ਹਨ, ਕਾਰਖਾਨਿਆਂ ਵਿਚ ਮਸ਼ੀਨਾਂ ਨਾਲ ਜੋੜ੍ਹ ਕੇ ਪੈਦਾਵਾਰ ਕਰਾਉਂਦੇ ਹਨ, ਭੱਠਿਆਂ ਉਤੇ ਇੱਟਾਂ ਪਥਵਾਉਂਦੇ ਹਨ ਅਤੇ, ਸਭ ਤੋਂ ਵੱਧ, ਸਾਨੂੰ ਉਹ ਹਰ ਕੰਮ ਕਰਨ ਦਾ ਸੁਨਹਿਰੀ ਮੌਕਾ ਦਿੰਦੇ ਹਨ ਜੋ ਕਿਸੇ ਹੋਰ ਦੇ ਕਰਨ ਦੇ ਯੋਗ ਨਹੀਂ ਹੁੰਦਾ। ਸਾਨੂੰ ਬੇਇਲਾਜ਼ੇ ਤੜਪ ਤੜਪ ਕੇ ਮਰਨ ਦਾ ਵੀ ਪੂਰਾ-ਪੂਰਾ ਅਧਿਕਾਰ ਹੈ ਕਿਉਂਕਿ ਅਸੀਂ ਪ੍ਰਾਈਵੇਟ, ਸ਼ਾਨਦਾਰ, ਅਤੀ ਆਧੁਨਿਕ ਪ੍ਰੰਤੂ ਮਹਿੰਗੇ ਹਸਪਤਾਲਾਂ ਵੱਲ ਸਿਰਫ ਦੇਖ ਹੀ ਸਕਦੇ ਹਾਂ ਇਲਾਜ਼ ਲਈ ਭਰਤੀ ਨਹੀਂ ਹੋ ਸਕਦੇ। ਦੁਕਾਨਾਂ ਵਿਚ ਦਵਾਈਆਂ ਤਾਂ ਹਨ ਪ੍ਰੰਤੂ ਸਾਡੀ ਜੇਬ ਖਰੀਦਣ ਦੀ ਇਜਾਜ਼ਤ ਨਹੀਂ ਦਿੰਦੀ। ਜਿੰਨਾ ਖਰਚਾ ਸਾਡਾ ਇਕ ਮਰੀਜ਼ ਬਚਾਉਣ 'ਤੇ ਆਉਂਣਾ ਹੈ ਉਨਾ ਤਾਂ ਸਾਡੇ ਸਾਰੇ ਕੁਨਬੇ ਦੀ ਜਾਇਦਾਦ ਵੇਚ ਕੇ ਵੀ ਪੂਰਾ ਨਹੀਂ ਉਤਰਨਾ। ਅਸੀਂ ਸ਼ੁਕਰ ਗੁਜ਼ਾਰ ਹਾਂ ਆਪਣੇ ਉਤੇ ਰਾਜ ਕਰਨ ਵਾਲਿਆਂ ਦੇ ਜਿਨ੍ਹਾਂ ਨੇ ਆਪਣੇ ਨੇਕ ਇਰਾਦਿਆਂ ਨਾਲ ਸਾਡੇ ਮਰਨ ਨੂੰ ਜੀਊਣ ਤੋਂ ਥੋੜਾ ਜਿਹਾ ਸਸਤਾ ਬਣਾ ਰੱਖਿਆ ਹੈ। ਜਨਮ ਮਰਨ ਦੇ ਗੇੜ ਤੋਂ ਸਦਾ ਸਦਾ ਲਈ ਛੁਟਕਾਰਾ ਤੇ ਮੋਕਸ਼ ਦੀ ਪ੍ਰਾਪਤੀ! ਇਸਨੂੰ ਉਹਨਾਂ ਦੀ ਅਹਿਸਾਨਮੰਦੀ ਹੀ ਕਿਹਾ ਜਾਣਾ ਚਾਹੀਦਾ ਹੈ ਨਾ!

### ਕਿਉਂਕਿ ਅਸੀਂ ਗਰੀਬ ਹਾਂ....

ਇਸ ਲਈ ਇਸੇ ਅਵਸਥਾ ਵਿਚ ਕਾਇਮ ਰੱਖਣ ਲਈ ਸਾਡੀ ਸਰਕਾਰ ਨੇ ਇਕ ਬਹੁਤ ਹੀ ਕਾਰਗਰ ਯੋਜਨਾ ਤਿਆਰ ਕੀਤੀ ਹੈ। ਉਹ ਹੈ, ਸਾਨੂੰ ਵਿਹਲੇ ਰੱਖਣ ਦੀ। ਸਾਨੂੰ ਤੇ ਸਾਡੇ ਬੱਚਿਆਂ ਨੂੰ ਵਿਹਲੇ ਰੱਖਕੇ ਸਾਡੇ ਜੀਵਨ ਸਤਰ ਵਿਚ ਚੋਖਾ ਨਿਘਾਰ ਲਿਆਂਦਾ ਗਿਆ ਹੈ। ਜੇਕਰ ਕੰਮ ਮੰਗਦੇ ਹਾਂ ਤਾਂ ਇਸ ਵਾਸਤੇ ਸਰਕਾਰੀ ਤੰਤਰ ਨੂੰ ਸਾਡੇ ਉਤੇ ਡਾਂਗਾਂ, ਸੋਟੇ ਫੇਰਨ ਦੀ ਪੂਰੀ ਪੂਰੀ ਜਾਚ ਹੈ ਤੇ ਇਸ ਵਾਸਤੇ ਬਹਾਨੇ ਵੀ ਖੂਬਸੂਰਤ ਹਨ-ਕਾਨੂੰਨ ਤੇ ਪ੍ਰਬੰਧ ਦੀ ਵਿਵਸਥਾ ਕਾਇਮ ਰੱਖਣ ਦੇ ਤੇ ਦੇਸ਼ ਵਿਰੋਧੀ ਤੱਤਾਂ ਨਾਲ ਸਖਤੀ ਨਾਲ ਨਜਿੱਠਣ ਦੇ। ਹੁਣ ਸਾਡੇ ਕੁੱਝ ਇਕ ਬੱਚਿਆਂ ਨੇ ਮਜ਼ਬੂਰੀ ਵਸ ਨਸ਼ਿਆਂ ਦਾ ਸੇਵਨ ਕਰਨ ਜਾਂ ਨਸ਼ੇ ਵੇਚਣ ਦਾ ਰਾਹ ਫੜ ਲਿਆ ਹੈ। ਇਸ ਨਾਲ ਗੁਜ਼ਾਰੇ ਜੋਗੀ ਕੁੱਝ ਰਕਮ ਵੀ ਬਣ ਜਾਂਦੀ ਹੈ ਤੇ ਮਸਤੀ ਵਾਧੂ ਦੀ। ਇਸ ਕੰਮ ਨਾਲ ਭਾਵੇਂ ਸਾਡੇ ਜਵਾਨ ਧੀਆਂ-ਪੁੱਤਰਾਂ ਦੇ ਚਿਹਰੇ ਜੋ ਪਹਿਲਾਂ ਹੀ ਗੁਰਬਤ ਕਾਰਨ ਝੁਰੜਾਏ ਪਏ ਹਨ, ਹੁਣ ਹੋਰ ਵੀ ਵਿੰਗੇ ਟੇਢੇ ਹੋ ਗਏ ਹਨ। ਇਸ ਕੰਮ ਲਈ ਸਰਕਾਰ ਤੇ ਇਸ ਦੀ ਮਸ਼ੀਨਰੀ, ਖਾਸਕਰ ਪੁਲਸ ਪ੍ਰਸ਼ਾਸਨ, ਦੇ ਅਸੀਂ ਅਤੀ ਰਿਣੀ ਹਾਂ ਜੋ ਇਸ ਕਾਰਜ ਵਿਚ ਪੂਰੀ ਤਨਦੇਹੀ ਨਾਲ ਸਾਡੀ ਮਦਦ ਕਰ ਰਿਹਾ ਹੈ।

### ਕਿਉਂਕਿ ਅਸੀਂ ਗਰੀਬ ਹਾਂ....

ਇਸ ਕਰਕੇ ਸਾਨੂੰ ਥਾਣਿਆਂ ਵਿਚ ਜਦੋਂ ਜੀ ਕਰੇ ਬਿਨਾਂ ਕਸੂਰ ਸੱਦਿਆ ਜਾ ਸਕਦਾ ਹੈ, ਕੁਟਿਆ ਜਾ ਸਕਦਾ ਹੈ ਤੇ ਝੂਠੇ ਕੇਸਾਂ ਵਿਚ ਫਸਾ ਕੇ ਜੇਲ੍ਹ ਭੇਜਿਆ ਜਾ ਸਕਦਾ ਹੈ। ਇਥੋਂ ਤੱਕ ਕਿ ਸਾਡੀਆਂ ਧੀਆਂ-ਭੈਣਾਂ ਨੂੰ ਥਾਣੇ ਦੇ ਵਿਹੜੇ ਵਿਚ ਨੰਗਿਆਂ ਕੀਤਾ ਜਾ ਸਕਦਾ ਹੈ। ਉਨ੍ਹਾਂ ਦੀ ਇੱਜ਼ਤ ਨਾਲ ਖੇਡਣ ਦੀ ਵੀ ਇਜਾਜ਼ਤ ਹੈ, ਖਾਕੀ ਵਰਦੀ ਵਾਲਿਆਂ ਨੂੰ। ਫੇਰ ਕਿਸੇ ਵਿਰੁੱਧ ਸ਼ਿਕਾਇਤ ਕਰਨ ਦੀ ਤਾਂ ਗੁੰਜਾਇਸ਼ ਹੀ ਨਹੀਂ ਬਚਦੀ। ਹੁਣ ਤਾਂ ਇਕ ਨਵਾਂ ਕਾਰਨਾਮਾ ਦਿੱਲੀ ਪੁਲਿਸ ਵਲੋਂ (11 ਜੂਨ 2010 ਨੂੰ ਅਖਬਾਰੀ ਖਬਰ ਅਨੁਸਾਰ) ਕੀਤਾ ਗਿਆ ਹੈ ; ਚੋਰੀ ਦੇ ਕੇਸ ਵਿਚ ਫੜੇ ਮੁੰਡੇ ਨੂੰ ਥਾਣੇ ਵਿਚ ਆਪਣੀ ਨੰਗੀ ਮਾਂ ਨਾਲ ਸੰਭੋਗ ਕਰਨ ਲਈ ਮਜ਼ਬੂਰ ਕੀਤਾ ਗਿਆ। ਅਸਚਰਜ ਦੀ ਗੱਲ ਹੈ ਕਿ ਅਜਿਹੀਆਂ ਹਜ਼ਾਰਾਂ ਘਟਨਾਵਾਂ ਵਿਚੋਂ ਜੇ ਕਿਸੇ ਇਕ ਅੱਧੀ ਘਟਨਾ ਦਾ ਮਾਨਯੋਗ ਅਦਾਲਤ ਵਲੋਂ ਨੋਟਿਸ ਲੈ ਵੀ ਲਿਆ ਜਾਂਦਾ ਹੈ ਤਦ ਵੀ ਦੋਸ਼ੀ ਦਾ ਵਾਲ ਤੱਕ ਵਿੰਗਾ ਨਹੀਂ ਹੁੰਦਾ। ਕਦੀ ਕਦੀ ਕਿਸੇ ਇਸ ਤਰ੍ਹਾਂ ਦੇ ਸ਼ੈਤਾਨ ਨੂੰ ਅਦਾਲਤ ਵਲੋਂ ਮਿਲੀ ਥੋੜੀ ਬਹੁਤ ਸਜਾ ਦੇਸ਼ ਦੇ ਮੌਜੂਦਾ ਢਾਂਚੇ ਦੇ ਇਨਸਾਫ ਪਸੰਦ ਹੋਣ ਦਾ ਭੁਲੇਖਾ ਪੈਦਾ ਕਰਨ ਲਈ ਧੂੰਮਧਾਮ ਨਾਲ ਪ੍ਰਚਾਰੀ ਜ਼ਰੂਰ ਜਾਂਦੀ ਹੈ। ਇਸ ਤਰ੍ਹਾਂ ਦੀਆਂ ਅਮਾਨਵੀ ਘਟਨਾਵਾਂ ਸੁਣਕੇ, ਸੰਵੇਦਨਸ਼ੀਲ ਬਣੇ ਰਹਿਣ ਦੀ ਰੁਚੀ ਲਗਾਤਾਰ ਘਟਦੀ ਜਾ ਰਹੀ ਹੈ। ਸ਼ਾਇਦ ਕੰਨ ਆਦੀ ਹੋ ਗਏ ਹਨ ਇਹੋ ਜਿਹੀਆਂ ਗੱਲਾਂ ਸੁਣਨ ਦੇ, ਕਿਉਂਕਿ ਨਿੱਤ ਤਾਂ ਸ਼ੱਕਰ, ਘਿਓ ਖਾ ਕੇ ਵੀ ਮੂੰਹ ਬੇਸੁਆਦ ਹੋ ਜਾਂਦਾ ਹੈ।

ਤੇ ਸਭ ਤੋਂ ਵੱਧ, ਕਿਉਂਕਿ ਅਸੀਂ ਗਰੀਬ ਹਾਂ,

### ਕਮਜ਼ੋਰ ਹਾਂ, ਮਜ਼ਬੂਰ ਹਾਂ...

ਇਸ ਲਈ ਦੇਸ਼ ਤਾਂ ਕੀ ਅੰਤਰ ਰਾਸ਼ਟਰੀ ਪੱਧਰ ਉਤੇ ਪ੍ਰਚਾਰ ਸਾਧਨਾਂ, ਫਿਲਮਕਾਰਾਂ ਤੇ ਹਾਕਮ ਰਾਜਸੀ ਧਿਰਾਂ ਲਈ (ਫਿਲਮਾਂ ਤੇ ਟੀ.ਵੀ. ਸੀਰੀਅਲਾਂ ਰਾਹੀਂ) ਮੋਟੀ ਕਮਾਈ ਕਰਨ ਵਾਸਤੇ ਸਾਡੇ ਕਲਿਆਣ ਕਰਨ ਦੀਆਂ ਨਵੀਆਂ ਸਕੀਮਾਂ ਦੇ ਨਾਂਮ ਉਤੇ ਲੋਕਾਂ ਨੂੰ ਧੋਖਾ ਦੇਣ ਲਈ ਅਸੀਂ ਇਕ ਅਸਰਦਾਰ ਸਾਧਨ ਮਾਤਰ ਵੀ ਹਾਂ। ਉਹ ਸਾਨੂੰ ਵੋਟਾਂ ਦੌਰਾਨ ਸੌਖਿਆਂ ਖਰੀਦ ਸਕਦੇ ਹਨ, ਲਲਚਾ ਸਕਦੇ ਹਨ ਤੇ ਇਸ ਤਰ੍ਹਾਂ ਆਪਣੇ ਕਾਲੇ ਕਾਰਨਾਮਿਆਂ ਨੂੰ ਚਮਕਦਾਰ ਬੰਦ ਲਫਾਫਿਆਂ ਵਿਚ ਬੰਦ ਕਰਕੇ ਲੋਕਾਂ ਦੀ ਮੰਡੀ ਵਿਚ ਵਿਕਣ ਯੋਗ ਵਸਤੂ ਬਣਾ ਦਿੰਦੇ ਹਨ। ਇਸ ਤਰ੍ਹਾਂ ਹੁੰਦਾ ਰਿਹਾ ਹੈ ਆਜ਼ਾਦੀ ਤੋਂ ਲੈ ਕੇ ਅੱਜ ਤੱਕ ਪੂਰੇ 63 ਸਾਲ। ਇਸ ਅਵਸਥਾ ਵਿਚੋਂ ਨਿਕਲਣ ਵਾਸਤੇ ਸਾਡੇ ਵਲੋਂ ਕੁੱਝ ਵਿਚਾਰ ਵਟਾਂਦਰਾ ਤੇ ਯਤਨ ਆਰੰਭੇ ਜ਼ਰੂਰ ਗਏ ਹਨ, ਪਰ ਹਨ ਹਾਲੇ ਮੁਢਲੇ ਦੌਰ ਵਿਚ।

## ਯਥਾਰਥ ਨੰਬਰ-2

### ਕਿਉਂਕਿ ਅਸੀਂ ਸੰਸਾਰ ਦੇ ਮਹਾਰਾਜੇ ਹਾਂ...

ਇਸ ਲਈ ਕੋਈ ਵੀ ਝੂਠੀ ਤੋਹਮਤ ਲਾ ਕੇ ਅਸੀਂ ਕਿਸੇ ਵੀ ਘੁਗ ਵਸਦੇ ਆਜ਼ਾਦ ਦੇਸ਼ ਉਤੇ ਹਮਲਾ ਕਰ ਸਕਦੇ ਹਾਂ, ਉਸਦੇ ਲੱਖਾਂ ਬੇਗੁਨਾਹ ਸ਼ਹਿਰੀਆਂ ਦਾ ਕਤਲੇਆਮ ਕਰ ਸਕਦੇ ਹਾਂ, ਬੱਚਿਆਂ ਨੂੰ ਯਤੀਮ ਬਣਾ ਸਕਦੇ ਹਾਂ, ਹਸਪਤਾਲਾਂ, ਸਕੂਲਾਂ ਤੇ ਇਬਾਦਤਗਾਹਾਂ ਨੂੰ ਪਲਾਂ ਵਿਚ ਬੰਬਾਂ ਰਾਹੀਂ ਖੰਡਰਾਂ ਵਿਚ ਤਬਦੀਲ ਕਰ ਸਕਦੇ ਹਾਂ। ਅਜਿਹਾ ਸਾਰਾ ਕੁੱਝ ਕਰਕੇ ਵੀ ਸੰਸਾਰ ਅਮਨ ਦੇ ਰਖਵਾਲੇ, ਸਾਰੀ ਮਨੁੱਖਤਾ ਦੇ ਹਿੱਤਾਂ ਦੇ ਅਲੰਬਰਦਾਰ, ਜਮਹੂਰੀਅਤ ਦੇ ਝੰਡਾਬਰਦਾਰ ਵਰਗੇ ਵਿਸ਼ਲੇਸ਼ਨਾਂ ਨਾਲ ਨਿਵਾਜੇ ਜਾਣ ਦਾ ਅਧਿਕਾਰ ਰੱਖਦੇ ਹਾਂ ਅਸੀਂ। ਸੰਸਾਰ ਪੰਚਾਇਤ (ਯੂ.ਐਨ.ਓ.) ਸਾਡੇ ਵਾਸਤੇ ਇਕ ਚਾਕਰ ਤੋਂ ਸਿਵਾਏ ਹੋਰ ਕੁੱਝ ਨਹੀਂ ਹੈ। ਜੋ ਕਹੀਏ ਕਰਦੀ ਹੈ। ਅਸੀਂ ਵੀਅਤਨਾਮ ਵਿਚ ਲੱਖਾਂ ਲੋਕਾਂ ਦੇ ਜਿਸਮਾਂ ਨੂੰ ਮਾਰੂ ਗੈਸਾਂ ਨਾਲ ਢਾਲਿਆ ਹੈ। ਚਿੱਲੀ ਵਰਗੇ ਦੇਸ਼ਾਂ ਦੀਆਂ ਸੜਕਾਂ 'ਤੇ ਖ਼ੂਨ ਬਹਾਉਣਾ ਸਾਡੇ ਲਈ ਮਾਮੂਲੀ ਗੱਲ ਹੈ। ਅਫਗਾਨਿਸਤਾਨ ਤੇ ਇਰਾਕ ਵਿਚ ਲੱਖਾਂ ਹਤਿਆਵਾਂ ਦੇ ਨਾਲ ਨਾਲ ਅਸੀਂ ਸੈਂਕੜੇ-ਹਜ਼ਾਰਾਂ ਲੋਕਾਂ ਨੂੰ ਨੰਗਿਆ ਕਰਕੇ ਮੱਕੀ ਦੀਆਂ ਛੱਲੀਆਂ ਦੇ ਢੇਰਾਂ ਵਾਂਗਰ ਇਕੱਠੇ ਕੀਤਾ, ਕੁਤਿਆਂ ਤੋਂ ਪੜਵਾਇਆ ਤੇ ਹੋਰ ਕੀ ਕੀ ਕੀਤਾ....... ਕੀ ਦੱਸੀਏ। ਭਵਿੱਖ ਵਿਚ ਸੰਸਾਰ ਦੇ ਕਿਸੇ ਹਿੱਸੇ ਉਪਰ ਵੀ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ। ਇਸ ਵਿਚ ਇਰਾਨ, ਉਤਰੀ ਕੋਰੀਆ, ਪਾਕਿਸਤਾਨ ਤੇ ਇਸਦਾ ਗੁਆਂਢੀ ਦੇਸ਼........... ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਇਹ ਸਾਰਾ ਕੰਮ ਅਮਨ ਸ਼ਾਂਤੀ ਦੇ ਨਾਂਅ ਉਤੇ ਕੀਤਾ ਜਾਵੇਗਾ ਤਾਂ ਕਿ ਸਾਡਾ ਨਾਂਅ ਤਹਿਜ਼ੀਬ ਯਾਫਤਾ ਦੇਸ਼ਾਂ ਤੇ ਕੌਮਾਂ ਵਿਚ ਸ਼ਾਮਲ ਰਹੇ। ਇਸ ਕੰਮ ਵਿਚ ਮੇਰੇ ਵਰਗੇ ਹੋਰ ਮਿੱਤਰ ਦੇਸ਼ ਵੀ ਪੂਰਾ ਪੂਰਾ ਸਾਥ ਦੇ ਰਹੇ ਹਨ। ਪ੍ਰੰਤੂ ਇਸ ਕਾਰਜ ਲਈ ਮੁਖ ਜ਼ਿੰਮੇਵਾਰੀ ਮੇਰੀ ਹੈ, ਕਿਉਂਕਿ ਮੈਂ ਨੋਬਲ ਸ਼ਾਂਤੀ ਪੁਰਸਕਾਰ ਪ੍ਰਾਪਤ ਕਰਤਾ ਹਾਂ।

### ਕਿਉਂਕਿ ਅਸੀਂ ਭਾਰਤ ਦੇ ਹਾਕਮ ਹਾਂ.....!

ਇਸ ਕਰਕੇ ਦੁਨੀਆਂ ਦੀ ਕਿਸੇ ਵੀ ਜ਼ਾਲਮ ਸਾਮਰਾਜੀ ਸ਼ਕਤੀ ਨਾਲ, ਆਪਣੇ ਲੋਕਾਂ ਦੇ ਹਿੱਤਾਂ ਨਾਲ ਖਿਲਵਾੜ ਕਰਕੇ ਤੇ ਆਪਣੀਆਂ ਜਨਤਾ ਵਿਰੋਧੀ ਰਾਜਸੀ, ਆਰਥਕ ਤੇ ਵਿਚਾਰਧਾਰਕ ਆਕਾਂਸ਼ਾਵਾਂ ਪੂਰੀਆਂ ਕਰਨ ਲਈ ਗਲਵਕੜੀਆਂ ਪਾ ਸਕਦਾ ਹਾਂ। ਭਾਰਤ ਦੀ ਧਰਤੀ ਹੇਠਲੇ ਖਜ਼ਾਨੇ ਉਨ੍ਹਾਂ ਦੇ ਹਵਾਲੇ ਕਰਨ ਦੀ ਇਜਾਜ਼ਤ ਮੈਂ ਆਪਣੇ ਲੋਕਾਂ ਕੋਲੋਂ ਚੋਣਾਂ ਦੌਰਾਨ ਹੀ ਹਾਸਲ ਕਰ ਲਈ ਸੀ। ਉਨ੍ਹਾਂ ਦੀਆਂ ਘਾਗ ਬਹੁਕੌਮੀ ਕੰਪਨੀਆਂ ਨੂੰ ਸੱਦੇ ਦੇ ਕੇ ਭਾਰਤ ਦੀ ਉਨਤੀ ਵਿਚ ਭਾਗੀਦਾਰ ਬਣਾਉਣਾ ਮੇਰਾ ਪਵਿੱਤਰ ਫਰਜ਼ ਹੈ ਜੋ ਮੈਂ ਹਰ ਕੀਮਤ 'ਤੇ ਅਦਾ ਕਰਨਾ ਚਾਹਾਂਗਾ। ਇਨ੍ਹਾਂ ਕੰਪਨੀਆਂ ਦੇ ਕਾਰੋਬਾਰ ਜਾਂ ਸਨਅਤੀ ਸਰਗਰਮੀਆਂ ਸਮੇਂ ਚਾਹੇ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਚਲੀਆਂ ਜਾਣ, ਲੱਖਾਂ ਹੋਰ ਅਪੰਗ ਹੋ ਜਾਣ ਤੇ ਸਮੁੱਚਾ ਵਾਤਾਵਰਣ ਪ੍ਰਦੂਸ਼ਿਤ ਹੋ ਜਾਵੇ, ਮੈਂ ਸਾਰੇ ਅਸੂਲ ਤੇ ਮਨੁੱਖੀ ਕਦਰਾਂ ਕੀਮਤਾਂ ਛਿੱਕੇ ਟੰਗ ਕੇ ਲੋਕਾਂ ਦੇ ਦੁਸ਼ਮਣਾਂ ਦਾ ਸਾਥ ਦੇਣ ਦਾ ਐਲਾਨ ਕਰਦਾ ਹਾਂ। 1984 'ਚ ਵਾਪਰੇ ਭੋਪਾਲ ਗੈਸ ਕਾਂਡ ਦੇ ਸਾਰੇ ਘਟਨਾਕਰਮ ਨੂੰ ਸਮਝ ਕੇ ਮੇਰੇ ਕਰਦਾਰ ਬਾਰੇ ਤੁਹਾਨੂੰ ਕੋਈ ਹੋਰ ਸਬੂਤ ਪੇਸ਼ ਕਰਨ ਦੀ ਮੰਗ ਨਹੀਂ ਕਰਨੀ ਪਵੇਗੀ ਤੇ ਨਾ ਹੀ ਸਾਡੀ ਸਾਮਰਾਜ ਭਗਤੀ ਦੀ ਵਫਾਦਾਰੀ ਦਾ ਕੋਈ ਹੋਰ ਸਰਟੀਫਿਕੇਟ ਮੰਗਣਾ ਪਵੇਗਾ। ਅਮਰੀਕਾ ਨਾਲ ਕੀਤੇ ਨਿਊਕਲਾਈ ਸਮਝੌਤੇ ਦੀ ਕੜੀ ਵਜੋਂ ਮੈਂ ਸੰਸਦ ਤੋਂ ਐਸਾ ਕਾਨੂੰਨ ਪਾਸ ਕਰਾਉਣ ਲਈ ਵਚਨਬੱਧ ਹਾਂ ਜੋ, ਭੋਪਾਲ ਗੈਸ ਕਾਂਡ ਵਾਪਰਨ ਲਈ ਜਿੰਮੇਵਾਰ ਅਫਸਰ (ਕਾਤਲ) ਐਂਡਰਸਨ ਵਾਂਗ ਦੋਸ਼ੀ ਨੂੰ ਸ਼ਾਹੀ ਮਹਿਮਾਨ ਵਜੋਂ ਆਪਣੇ ਦੇਸ਼ ਨੂੰ ਰੁਖ਼ਸਤ ਹੋ ਜਾਣ ਦੀ ਇਜ਼ਾਜਤ ਦੇਵੇ ਤੇ ਉਸ ਉਤੇ ਕੋਈ ਭਾਰਤੀ ਕਾਨੂੰਨੀ ਕਾਰਵਾਈ ਕਰਨ ਬਾਰੇ ਸੋਚ ਵੀ ਨਾ ਸਕੇ। ਅਸੀਂ ਐਸੇ ਮਿੱਤਰ ਹਾਂ ਜੋ ਸਾਮਰਾਜੀ ਯਾਰਾਂ ਦੀ ਹਰ ਔਖੀ ਘੜੀ ਵਿਚ ਕੰਮ ਆਉਂਦੇ ਹਾਂ।

### ਕਿਉਂਕਿ ਅਸੀਂ ਹਾਕਮ ਹਾਂ.....!

ਇਸ ਲਈ ਕਿਸੇ ਤਰ੍ਹਾਂ ਦੀਆਂ ਵੀ ਆਰਥਕ ਤੇ ਰਾਜਨੀਤਕ ਨੀਤੀਆਂ ਨੂੰ ਲਾਗੂ ਕਰਨ ਲਈ ਪੂਰੀ ਤਰ੍ਹਾਂ ਅਧਿਕਾਰਤ ਹਾਂ। ਭਾਵੇਂ ਇਹ ਨੀਤੀਆਂ ਮਹਿੰਗਾਈ, ਬੇਕਾਰੀ, ਭੁਖਮਰੀ, ਅਨਪੜ੍ਹਤਾ, ਬਿਮਾਰੀਆਂ ਆਦਿ ਪੈਦਾ ਕਰਨ ਲਈ ਪੂਰੀ ਤਰ੍ਹਾਂ ਜਿੰਮੇਵਾਰ ਹੀ ਕਿਉਂ ਨਾ ਹੋਣ? ਵੱਧ ਰਹੀ ਮਹਿੰਗਾਈ ਵਾਸਤੇ ਅਸੀਂ 'ਮਹਿੰਗਾਈ ਪਰੂਫ' ਹਾਂ ਕਿਉਂਕਿ ਸਾਡੇ ਨਿੱਜੀ ਖਜ਼ਾਨਿਆਂ ਵਿਚ ਲੁੱਟ ਦਾ ਮਾਲ ਵੀ ਕਾਫੀ ਜਮਾਂ ਹੈ ਜੋ ਇਸ ਨਾਲ ਸੌਖਿਆਂ ਹੀ ਨਜਿੱਠ ਸਕਦਾ ਹੈ ਅਤੇ ਦੂਜੇ ਪਾਸੇ ਅਸੀਂ ਆਪਣੀਆਂ ਤਨਖਾਹਾਂ, ਭੱਤਿਆਂ ਤੇ ਹੋਰ ਸਹੂਲਤਾਂ ਵਿਚ ਕਾਨੂੰਨੀ ਵਿਧੀ ਅਨੁਸਾਰ ਵੀ ਚੋਖਾ ਵਾਧਾ ਕਰ ਲਿਆ ਹੈ। ਸਾਨੂੰ ਲੋਕਾਂ ਦੇ ਗਾੜ੍ਹੇ ਪਸੀਨੇ ਦੀ ਕਮਾਈ ਨਾਲ ਉਸਰੇ ਸਰਕਾਰੀ ਖੇਤਰ ਦੀ ਜਾਇਦਾਦ ਕਿਸੇ ਨੂੰ ਵੀ ਲੁਟਾਉਣ ਦਾ ਪੂਰਾ ਅਧਿਕਾਰ ਹੈ। ਭਾਵੇਂ ਅਸੀਂ ਜਮਹੂਰੀ ਲੇਬਲ ਲਾ ਕੇ ਰਾਜ ਭਾਗ ਉਤੇ ਬਿਰਾਜਮਾਨ ਹੋਏ ਹਾਂ ਪ੍ਰੰਤੂ ਚੋਣਾਂ ਜਿੱਤਣ ਲਈ ਅਸੀਂ ਪੈਸੇ, ਬਾਹੂਬਲ ਤੇ ਹਰ ਧੱਕੇਸ਼ਾਹੀ ਅਤੇ ਅਨੈਤਿਕ ਕਾਰਵਾਈ ਕਰਨ ਦਾ ਸੰਵਿਧਾਨਕ ਲਾਇਸੰਸ ਹਾਸਲ ਕੀਤਾ ਹੋਇਆ ਹੈ। ਰਹਿੰਦੀ ਕਸਰ ਅਸੀਂ ਚੋਣਾਂ ਤੋਂ ਬਾਅਦ ਖਰੀਦੋ ਫਰੋਖਤ ਕਰਕੇ ਵੀ ਪੂਰੀ ਕਰ ਲੈਂਦੇ ਹਾਂ। ਸਾਡੇ ਲਈ ਤਸੱਲੀ ਦੀ ਗੱਲ ਹੈ ਕਿ 80 ਪ੍ਰਤੀਸ਼ਤ ਲੋਕਾਂ ਦੀ ਆਰਥਕ ਹਾਲਤ ਖਸਤਾ ਹੋਣ ਦੇ ਬਾਵਜੂਦ ਸਾਡੀ ਕੌਮੀ ਆਮਦਨ ਵਿਚ ਵਾਧਾ 8.5 ਪ੍ਰਤੀਸ਼ਤ ਬਰਕਰਾਰ ਹੈ। ਕੋਈ ਇਸਨੂੰ ਧੋਖਾ ਜਾਂ ਅੰਕੜਿਆਂ ਦਾ ਹੇਰ ਫੇਰ ਆਖੇ ਸਾਨੂੰ ਇਸ ਨਾਲ ਕੋਈ ਵਾਸਤਾ ਨਹੀ। ਤਰੱਕੀ ਦੀ ਰਫਤਾਰ ਹੋਰ ਚੀਜ਼ ਹੈ ਅਤੇ ਜਨਸਮੂਹਾਂ ਦੀ ਵੱਧ ਰਹੀ ਮੰਦਹਾਲੀ ਤੇ ਕੰਗਾਲੀ ਹੋਰ ਚੀਜ਼!

### ਕਿਉਂਕਿ ਅਸੀਂ ਦੇਸ਼ ਦੇ ਮਾਲਕ ਹਾਂ....!

ਰਾਜ ਭਾਗ ਉਤੇ ਆਪਣੀ ਪਕੜ ਮਜ਼ਬੂਤ ਤੇ ਸਦੀਵੀ ਰੱਖਣ ਲਈ ਸਮੇਂ ਸਮੇਂ ਉਤੇ ਸਾਨੂੰ ਦੇਸ਼ ਅੰਦਰ ਫਿਰਕੂ, ਜਾਤੀਪਾਤੀ ਤੇ ਇਲਾਕਾਵਾਦੀ ਭਾਵਨਾਵਾਂ ਭੜਕਾਉਣ ਦੀ ਪੂਰੀ ਪੂਰੀ ਮੁਹਾਰਤ ਹਾਸਲ ਹੈ। ਲੋਕਾਂ ਨੂੰ ਪਾੜ ਕੇ ਆਪਣਾ ਉਲੂ ਸਿੱਧਾ ਕਰਨ ਦਾ ਹੋਰ ਕਿਹੜਾ ਤਰੀਕਾ ਇਸ ਤੋਂ ਵਧੀਆ ਹੋ ਸਕਦਾ ਹੈ? ਪ੍ਰੰਤੂ ਅਸੀਂ ਇਹਨਾਂ ਵੰਡਵਾਦੀ ਰੁਝਾਨਾਂ ਨੂੰ ਪਹਿਲਾਂ ਪੈਦਾ ਕਰਨ ਤੇ ਫੇਰ ਅੱਤਵਾਦ, ਵੱਖਵਾਦ ਤੇ ਫਿਰਕਾਪ੍ਰਸਤੀ ਨੂੰ ਸਖਤੀ ਨਾਲ ਦਬਾਉਣ ਲਈ ਹਰ ਜ਼ਰੀਆ ਵਰਤਣ ਦਾ ਅਧਿਕਾਰ ਵੀ ਪ੍ਰਾਪਤ ਕੀਤਾ ਹੋਇਆ ਹੈ। ਸਾਡੇ ਪਰਿਵਾਰਕ ਮੈਂਬਰਾਂ ਨੇ ਆਪੋ ਆਪਣੇ ਮੱਥੇ ਉਤੇ 'ਧਰਮ ਨਿਰਪੱਖਤਾ' 'ਕੌਮਵਾਦੀ' 'ਫਿਰਕੂ' 'ਜਮਹੂਰੀ' 'ਸਮਾਜਵਾਦੀ' ਆਦਿ ਵੱਖਰੇ ਵੱਖਰੇ ਲੇਬਲ ਚਪਕਾ ਰੱਖੇ ਹਨ, ਪ੍ਰੰਤੂ ਸਾਰੇ ਆਪਣੀ ਵਿਧਮਾਤਾ (ਬਿਰਧ ਮਾਤਾ) ਦੇ ਆਗਿਆਕਾਰ ਹਾਂ। ਇਨ੍ਹਾਂ ਵੱਖ ਵੱਖ ਲੇਬਲਾਂ ਦੀ ਵਰਤੋਂ ਅਸੀਂ ਅਨੇਕਾਂ ਵਾਰ ਕੀਤੀ ਹੈ ਤੇ ਖਾਲਿਸਤਾਨੀ ਦਹਿਸ਼ਤਗਰਦੀ ਦੇ ਦੌਰ ਸਮੇਂ ਪੰਜਾਬ ਵਿਚ ਵਾਪਰਿਆ ਦੁਖਾਂਤ ਇਸਦੀ ਉਘੜਵੀਂ ਮਿਸਾਲ ਹੈ। ਅਸੀਂ ਕੁੱਝ ਸ਼ਰਾਰਤੀ ਲੋਕਾਂ ਨਾਲ ਨਿਪਟਣ ਲਈ ਕਿਸੇ ਸਮੁੱਚੇ ਘੱਟ ਗਿਣਤੀ ਭਾਈਚਾਰੇ ਨੂੰ ਸਬਕ ਸਿਖਾਉਣ ਤੋਂ ਵੀ ਕਦੀ ਝਿਜਕ ਨਹੀਂ ਦਿਖਾਈ। ਸਾਡੇ ਲਈ ਰਾਜਨੀਤੀ ਸੇਵਾ ਨਹੀਂ ਸਗੋਂ ਦੇਸ਼ ਤੇ ਦੇਸ਼ਵਾਸੀਆਂ ਨੂੰ ਲੁੱਟਣ ਤੇ ਧੋਖਾ ਦੇਣ ਦਾ ਨਾਮ ਹੈ। ਇਸੇ ਕਰਕੇ ਅਸੀਂ ਇਤਿਹਾਸ ਦੇ ਸਫਿਆਂ ਉਤੋਂ ਐਸੇ ਲੋਕਾਂ ਦਾ ਨਾਮੋ ਨਿਸ਼ਾਨ ਮਿਟਾਉਣ ਅਤੇ ਉਨ੍ਹਾਂ ਦੇ ਵਿਚਾਰਾਂ ਦੇ ਅਰਥਾਂ ਦਾ ਅਨਰਥ ਕਰਨ ਦਾ ਪੂਰਾ ਪੂਰਾ ਮਨ ਬਣਾ ਲਿਆ ਹੈ ਜੋ ਸਾਂਝੀਵਾਲਤਾ, ਬਰਾਬਰਤਾ ਤੇ ਇਨਸਾਫ ਆਧਾਰਤ ਸਮਾਜ ਸਿਰਜਣ ਦੀਆਂ ਗੱਲਾਂ ਕਰਦੇ ਹਨ। ਕਿਉਂਕਿ ਅਸੀਂ ਹੁਕਮਰਾਨ ਹਾਂ, ਇਸ ਕਰਕੇ ਸਾਨੂੰ ਇਸ ਦੇਸ਼ ਦੇ ਲੋਕਾਂ ਨੂੰ ਲੁੱਟਣ, ਕੁੱਟਣ, ਉਜਾੜਨ, ਲਿਤਾੜਨ ਦੀ ਪੂਰੀ ਪੂਰੀ ਖੁਲ੍ਹ ਹੈ। ਅਸੀਂ ਇਸ ਉਤੇ ਸਖਤੀ ਨਾਲ ਪਹਿਰਾ ਦੇਣ ਤੇ ਅਮਲ ਕਰਨ ਦਾ ਦੇਸ਼ ਦੀ ਆਜ਼ਾਦੀ ਦੀ ਇਸ 64ਵੀਂ ਵਰ੍ਹੇਗੰਢ 'ਤੇ ਮੁੜ ਐਲਾਨ ਕਰਦੇ ਹਾਂ।



### ਦੇਸ਼ ਵਾਸੀਓ!

ਉਪਰੋਕਤ ਦੋਨਾਂ ਯਥਾਰਥਾਂ ਦੇ ਸੂਤਰਧਾਰ 'ਅਸੀਂ' ਵਿਚੋਂ ਸਮਝਣ ਦੀ ਲੋੜ ਇਹ ਹੈ ਕਿ ਅਸੀਂ ਕਿਸ 'ਅਸੀਂ' ਨਾਲ ਖਲੋਣਾ ਹੈ ਤੇ ਕਿਸ 'ਅਸੀਂ' ਦਾ ਖਾਤਮਾ ਕਰਨਾ ਹੈ। ਦੋਨਾਂ ਦੀ ਹੋਂਦ ਦੋਨਾਂ ਧਿਰਾਂ ਦਾ ਭਲਾ ਨਹੀਂ ਸੋਚ ਸਕਦੀ ਕਿਉਂਕਿ ਇਹ ਇਕ ਦੂਸਰੇ ਦੇ ਪੂਰਕ ਨਹੀਂ ਸਗੋਂ ਵਿਪਰੀਤ ਹਨ। ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਲੋਕਾਂ ਦੀ ਲੋੜ ਹੈ ਕਿ ਪਹਿਲੇ ਯਥਾਰਥ ਦੇ 'ਅਸੀਂ' ਨੂੰ ਉਸ ਦੀ ਮੌਜੂਦਾ ਅਵਸਥਾ ਵਿਚੋਂ ਕੱਢ ਕੇ ਉਸ ਦੀ ਅਸਲੀ ਜਗ੍ਹਾ ਉਤੇ ਬਿਠਾਉਣ ਦਾ ਯਤਨ ਆਰੰਭੀਏ ਤਾਂ ਕਿ ਦੂਸਰੇ ਯਥਾਰਥ ਦਾ 'ਅਸੀਂ' ਉਹ ਕੁੱਝ ਨਾ ਕਰ ਸਕੇ ਜੋ ਉਹ ਅੱਜ ਕਰ ਰਿਹਾ ਹੈ ਤੇ ਛਾਤੀ ਉਤੇ ਹੱਥ ਮਾਰ ਕੇ ਭਵਿੱਖ ਵਿਚ ਕਰਨ ਦਾ ਐਲਾਨ ਵੀ ਕਰ ਰਿਹਾ ਹੈ।

ਚਰਚਾ 'ਚ

ਪੰਜਾਬ ਪਾਲ

# ਬਰਸੀ ਤੇ ਕੁਰਸੀ



ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ 'ਤੇ 20 ਅਗਸਤ ਨੂੰ ਲੌਂਗੋਵਾਲ ਵਿਖੇ ਸ਼ਹੀਦੀ ਪੰਡਾਲ ਸਜੇ। ਇਕ ਸਮਾਗਮ ਸ਼੍ਰੋਮਣੀ ਅਕਾਲੀ ਦਲ (ਬ) ਤੇ ਦੂਜਾ ਇਸਦੀਆਂ ਵਿਰੋਧੀ ਪੰਥਕ ਧਿਰਾਂ ਵਲੋਂ ਸਾਂਝੇ ਤੌਰ 'ਤੇ ਕਰਵਾਇਆ ਗਿਆ। ਸੰਤਾਂ ਨੂੰ ਸ਼ਰਧਾਂਜਲੀ ਤਾਂ ਰਸਮ ਮਾਤਰ ਹੀ ਭੇਟ ਕੀਤੀ ਗਈ ਜ਼ਿਆਦਾ ਮੁੱਦਾ ਗ਼ਦਾਰੀ ਦਾ ਉਛਾਲਿਆ ਗਿਆ। ਪੰਥਕ ਰਾਜਨੀਤੀ ਵਿਚ ਹਮੇਸ਼ਾਂ ਹੀ ਸ਼ਹੀਦੀ ਤੇ ਗ਼ਦਾਰੀ ਚਰਚਾ 'ਚ ਰਹਿੰਦੀਆਂ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ



ਨੇ ਲੌਂਗੋਵਾਲ-ਰਾਜੀਵ ਸਮਝੌਤੇ ਨੂੰ ਤਤਕਾਲੀ ਕੇਂਦਰੀ ਸਰਕਾਰ ਦੀ ਗ਼ਦਾਰੀ ਗਰਦਾਨਿਆ ਜਦ ਕਿ ਬਾਦਲ ਵਿਰੋਧੀ ਪੰਥਕ ਧਿਰਾਂ ਨੇ ਜ਼ੋਰ ਦੇ ਕੇ ਕਿਹਾ ਕਿ ਸ. ਪ੍ਰਕਾਸ਼ ਸਿੰਘ ਬਾਦਲ ਨੇ ਜਦ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਸਾਥ ਹੀ ਨਹੀਂ ਨਿਭਾਇਆ ਤਾਂ ਫਿਰ ਸੰਤਾਂ ਦਾ ਸ਼ਹੀਦੀ ਸਮਾਗਮ ਕਰਵਾਉਣਾ ਉਨ੍ਹਾਂ ਦਾ ਹੱਕ ਹੀ ਨਹੀਂ ਬਣਦਾ। ਦਰਅਸਲ, ਜਦੋਂ ਪੰਜਾਬ ਹਿੰਸਾ ਦੇ ਕਾਲੇ ਦੌਰ 'ਚੋਂ ਗੁਜ਼ਰ ਰਿਹਾ ਸੀ ਉਦੋਂ ਪੰਜਾਬ ਵਿਚ ਅਮਨ ਪਰਤਿਆਉਣ ਲਈ ਪਹਿਲਕਦਮੀ ਕਰਨ ਦਾ ਵੇਲਾ ਸੀ। ਪਰ ਅਜਿਹੀ ਪਹਿਲਕਦਮੀ ਖ਼ਤਰੇ ਤੋਂ ਖ਼ਾਲੀ ਵੀ ਨਹੀਂ ਸੀ। ਪਹਿਲੀ ਪਹਿਲਕਦਮੀ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕੀਤੀ ਤੇ ਹਿੰਸਾ ਦੀ ਬਲੀ ਚੜ੍ਹ ਗਏ। ਸ. ਪ੍ਰਕਾਸ਼ ਸਿੰਘ ਬਾਦਲ ਮੂਕ ਦਰਸ਼ਕ ਬਣੇ ਰਹੇ। ਦੂਜੀ ਪਹਿਲ ਕਦਮੀ ਸ. ਬੇਅੰਤ ਸਿੰਘ ਨੇ ਕੀਤੀ। ਉਨ੍ਹਾਂ ਪੰਜਾਬ ਦੇ ਮਾਹੌਲ ਨੂੰ ਇਕ ਸਿਫ਼ਤੀ ਮੋੜ ਤਾਂ ਦੇ ਲਿਆ ਪਰ ਖ਼ੁਦ ਨੂੰ ਅਤਿਵਾਦ ਦੇ ਕਹਿਰ ਤੋਂ ਬਚਾ ਨਹੀਂ ਸਕੇ। ਮੌਜੂਦਾ ਮੁੱਖ ਮੰਤਰੀ ਦੀ ਭੂਮਿਕਾ ਮੁੜ ਪਹਿਲਾਂ ਵਾਂਗ ਹੀ ਮੂਕ ਦਰਸ਼ਕ ਵਾਲੀ ਬਣੀ ਰਹੀ। ਉਹ ਸੁਖਾਵੇਂ ਮਾਹੌਲ ਵਿਚ ਮੁੱਖ ਮੰਤਰੀ ਦੀ ਕੁਰਸੀ ਚਾਹੁੰਦੇ ਸਨ ਤੇ ਆਖ਼ਰ ਇਵੇਂ ਵਾਪਰ ਵੀ ਗਿਆ। ਸਵਾਲ ਇਹ ਹੈ ਕਿ ਕੀ ਰਾਜੀਵ-ਲੌਂਗੋਵਾਲ ਸਮਝੌਤੇ ਬਾਰੇ ਜੋ ਟਿਪਣੀਆਂ ਸ. ਬਾਦਲ ਕਰ ਰਹੇ ਹਨ, ਕਰਨੀਆਂ ਬਣਦੀਆਂ ਵੀ ਹਨ। ਪੁੱਛਿਆ ਜਾ ਸਕਦਾ ਹੈ ਕਿ ਰਾਜੀਵ-ਲੌਂਗੋਵਾਲ ਸਮਝੌਤੇ 'ਚ ਜੋ ਕੁੱਝ ਸ. ਬਾਦਲ ਨੂੰ ਅਨਿਆਂਪੂਰਣ ਜਾਪਿਆ ਉਸ ਨੂੰ ਦਰੁੱਸਤ ਕਰਵਾਉਣ ਲਈ ਸ. ਬਾਦਲ ਦੀ ਭਾਈਵਾਲੀ ਵਾਲੀ ਕੇਂਦਰ ਵਿਚ ਰਹਿ ਚੁੱਕੀ ਗਠਜੋੜ ਸਰਕਾਰ ਅਤੇ ਸੂਬਾਈ ਸਰਕਾਰ ਨੇ ਕੋਈ ਕਦਮ ਵੀ ਉਠਾਏ? ਜ਼ਾਹਿਰ ਹੈ ਕਿ ਇਸ ਦਿਸ਼ਾ ਵਿਚ ਕੁੱਝ ਨਹੀਂ ਕੀਤਾ ਗਿਆ। ਸੋ, ਲੌਂਗੋਵਾਲ ਵਿਖੇ ਕਰਵਾਏ ਗਏ ਸਮਾਗਮਾਂ ਵਿਚ ਹੋਈ ਬਿਆਨਬਾਜ਼ੀ ਦੇ ਦਰਪਣ ਵਿਚ ਬਰਸੀ ਸਮਾਗਮ ਮਹਿਜ਼ ਕੁਰਸੀ ਸਮਾਗਮ ਬਣ ਗਏ ਦਿਖਾਈ ਦਿੰਦੇ ਸਨ। ਜਾਪਦਾ ਸੀ ਜਿਵੇਂ ਕੁਰਸੀ ਜੀਵੜਿਆਂ ਵਲੋਂ ਸੰਤਾਂ ਨੂੰ ਮੁੜ ਸ਼ਹੀਦ ਕੀਤਾ ਜਾ ਰਿਹਾ ਹੈ।

## ਸਿੱਖਿਆ ਸੈਕਟਰ ਵਿਚ ਵੱਡੀ ਸੰਨ੍ਹ ਜਾਂ ਫਿਰ.....

ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਅਪਣੇ ਕਰ ਕਮਲਾਂ ਨਾਲ ਮੋਹਾਲੀ ਵਿਖੇ ਇੰਡੀਅਨ ਬਿਜਨਸ ਸਕੂਲ ਦਾ ਨੀਂਹ ਪੱਥਰ ਰੱਖ ਦਿੱਤਾ ਹੈ। ਇਹ ਸੰਸਥਾ ਵੱਡੀਆਂ ਕੰਪਨੀਆਂ ਤੇ ਉਦਯੋਗਿਕ ਘਰਾਣਿਆਂ ਵਲੋਂ ਸਥਾਪਤ ਕੀਤੀ ਜਾ ਰਹੀ ਹੈ। ਇਸ ਲਈ ਸੱਤਰ ਏਕੜ ਜ਼ਮੀਨ ਹਾਸਲ ਕੀਤੀ ਗਈ ਹੈ ਤੇ ਏਥੇ ਦਾਖ਼ਲਾ ਲੈਣ ਵਾਲੇ ਹਰ ਵਿਦਿਆਰਥੀ ਦੀ ਕੇਵਲ ਟਿਊਸ਼ਨ ਫ਼ੀਸ ਹੀ ਸਾਢੇ ਸਤਾਰਾਂ ਲੱਖ ਰੁਪਏ ਵਾਰਸ਼ਿਕ ਹੋਵੇਗੀ। ਜ਼ਾਹਿਰ ਹੈ ਕਿ ਇਸ ਟਿਊਸ਼ਨ ਫ਼ੀਸ ਨਾਲ ਦੂਸਰੇ ਕਈ ਤਰ੍ਹਾਂ ਦੇ ਫ਼ੰਡ, ਜੋ ਵਿਦਿਆਰਥੀਆਂ ਨੇ ਅਦਾ ਕਰਨੇ ਹੁੰਦੇ ਹਨ, ਮਿਲਾ ਲਏ ਜਾਣ ਤਾਂ ਪ੍ਰਤੀ ਵਿਦਿਆਰਥੀ ਸਾਲਾਨਾ ਖ਼ਰਚ ਦੀ ਰਕਮ ਇੰਨੀ ਵੱਡੀ ਬਣ ਜਾਵੇਗੀ ਕਿ ਇਸ ਵਿਚ ਕੇਵਲ ਅਰਬਪਤੀਆਂ ਦੇ ਬੱਚੇ ਹੀ ਪੜ੍ਹ ਸਕਣਗੇ। ਇੰਡੀਅਨ ਬਿਜਨਸ ਸਕੂਲ ਦੇ ਉਦਘਾਟਨ ਤੋਂ ਫਿਲਹਾਲ ਤਾਂ ਅਟਕਲਾਂ ਹੀ ਲਾਈਆਂ ਜਾ ਸਕਦੀਆਂ ਹਨ। ਇਕ ਸੰਭਾਵਨਾ ਤਾਂ ਇਹ ਹੋ ਸਕਦੀ ਹੈ ਕਿ ਨਿੱਜੀ ਖੇਤਰ ਦੀਆਂ ਆਰਥਕ ਮਹਾਂ ਸ਼ਕਤੀਆਂ ਨੇ ਸਿਖਿਆ ਸੈਕਟਰ ਵਿਚ ਵੱਡੀ ਸੰਨ ਲਾ ਲਈ ਹੈ। ਦੂਜੀ ਸੰਭਾਵਨਾਂ ਇਹ ਬਣਦੀ ਨਜ਼ਰ ਆ ਰਹੀ ਹੈ ਕਿ ਸਿਖਿਆ ਦੇ ਨਾਂ 'ਤੇ ਉਦਯੋਗਪਤੀ ਸੱਤਰ ਏਕੜ ਬੇਸ਼ਕੀਮਤੀ ਜ਼ਮੀਨ ਉਪਰ ਕਾਬਜ਼ ਹੋ ਗਏ ਹਨ ਤੇ ਇਹ ਵੀ ਸੰਭਾਵਨਾ ਹੈ ਕਿ ਸਰਕਾਰੀ ਗਰਾਂਟਾਂ ਵੀ ਹਥਿਆਈਆਂ ਜਾਣਗੀਆਂ। ਕੁੱਝ ਵੀ ਹੋਵੇ ਇਕ ਗੱਲ ਤਾਂ ਪੱਕੀ ਹੈ ਕਿ ਆਮ ਜਨਤਾ ਲਈ ਇਸ ਇੰਸਟੀਚਿਊਟ ਦਾ ਕੋਈ ਮਤਲਬ ਨਹੀਂ ਹੈ , ਸਿਖਿਆ ਵਿਕਾਸ ਜਾਂ ਪ੍ਰਸਾਰ ਨਾਲ ਵੀ ਇਸ ਦਾ ਕੋਈ ਵਾਸਤਾ ਨਹੀਂ ਹੈ।

## ਸਿੱਖਿਆ ਬਣੀ ਜਨ ਸੰਪਤੀ ਹਥਿਆਉਣ ਦਾ ਸਾਧਨ

ਤੁਗ਼ਲਕੀ ਫ਼ੈਸਲਿਆਂ ਦੇ ਮਾਮਲੇ ਵਿਚ ਸਾਡੀਆਂ ਸਰਕਾਰਾਂ ਦੀ ਬਰਾਬਰੀ ਕੋਈ ਵਿਰਲਾ ਹੀ ਮਾਈ ਦਾ ਲਾਲ ਕਰ ਸਕਦਾ ਹੈ। ਪੰਜਾਬ ਸਰਕਾਰ ਨੇ ਆਦਰਸ਼ ਸਕੂਲ ਖੋਲ੍ਹਣ ਲਈ ਨਿੱਜੀ ਸੰਸਥਾਵਾਂ ਨੂੰ 50 ਰੁਪਏ ਏਕੜ ਪਟੇ 'ਤੇ ਜ਼ਮੀਨ ਦੇਣ ਦਾ ਫ਼ੈਸਲਾ ਕੀਤਾ ਹੈ। ਅਖ਼ਬਾਰਾਂ ਵਿਚ ਪ੍ਰਕਾਸ਼ਿਤ ਰਿਪੋਰਟਾਂ ਅਨੁਸਾਰ 53 ਥਾਵਾਂ ਲਈ ਨਿੱਜੀ ਸੰਸਥਾਵਾਂ ਨੇ ਦਿਲਚਸਪੀ ਦਿਖਾਈ ਹੈ। ਹਰ ਸੰਸਥਾ ਨੂੰ 10 ਤੋਂ 15 ਏਕੜ ਜ਼ਮੀਨ ਦਿਤੀ ਜਾਵੇਗੀ ਤੇ ਇਸ ਮਨੋਰਥ ਲਈ ਸਰਕਾਰੀ ਜ਼ਮੀਨਾਂ ਵਿਚੋਂ 1200 ਏਕੜ ਜ਼ਮੀਨ ਵੰਡੀ ਜਾਵੇਗੀ। ਖੋਲ੍ਹੇ ਜਾਣ ਵਾਲੇ ਆਦਰਸ਼ ਸਕੂਲਾਂ ਵਿਚ ਸਰਕਾਰ ਤੇ ਨਿੱਜੀ ਸੰਸਥਾਵਾਂ ਦੀ ਹਿੱਸੇਦਾਰੀ 70 ਤੇ 30 ਦੇ ਅਨੁਪਾਤ 'ਚ ਹੋਵੇਗੀ। ਇਸ ਤਰ੍ਹਾਂ ਸਰਕਾਰੀ ਜ਼ਮੀਨ 'ਤੇ ਨਿਵੇਸ਼ ਨਾਲ ਆਪਣੇ ਪੱਲਿਓਂ ਕੇਵਲ 30 ਫ਼ੀ ਸਦੀ ਖ਼ਰਚ ਕਰ ਕੇ (ਜੇ ਜ਼ਮੀਨ ਦਾ ਮੁੱਲ ਵੀ ਕੁੱਲ ਨਿਵੇਸ਼ ਵਿਚ ਜੋੜ ਲਈਏ) ਨਿੱਜੀ ਸੰਸਥਾਵਾਂ ਜਨ ਸੰਪਤੀ ਵਿਚੋਂ 1200 ਏਕੜ ਜ਼ਮੀਨ 'ਤੇ ਪੈਰ ਟਿਕਾ ਲੈਣਗੀਆਂ। ਸਰਕਾਰ ਨੇ ਇਨ੍ਹਾਂ ਨੂੰ ਜਨ ਸੰਪਤੀ ਹੜੱਪਣ ਲਈ ਪੈਰ ਰੱਖਣ ਨੂੰ ਜਗ੍ਹਾ ਦੇਣ ਦਾ ਪ੍ਰਸਤਾਵ ਲਿਆਂਦਾ ਹੈ। ਬਹਿਣ-ਖੜਨ ਦਾ ਪ੍ਰਬੰਧ ਇਹ ਮਗਰੋਂ ਕਰ ਹੀ ਲੈਣਗੀਆਂ। ਪੰਜਾਬ ਵਿਚ ਸਕੂਲਾਂ ਤੇ ਹੋਰ ਵਿਦਿਅਕ ਸੰਸਥਾਵਾਂ ਦਾ ਇਕ ਤਰ੍ਹਾਂ ਨਾਲ ਘੜਮੱਸ ਹੀ ਦਿਖਾਈ ਦੇ ਰਿਹਾ ਹੈ। ਸਰਕਾਰ ਤੋਂ ਪੁੱਛਿਆ ਜਾ ਸਕਦਾ ਹੈ ਕਿ ਜੇਕਰ ਪਹਿਲਾਂ ਤੋਂ ਸਥਾਪਤ ਸਕੂਲਾਂ ਵਿਚ ਸਟਾਫ਼ ਤੇ ਵਿਦਿਆਰਥੀਆਂ (ਸਰਕਾਰੀ ਸਕੂਲਾਂ 'ਚ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਘੱਟ ਰਹੀ ਹੈ) ਦੀ ਵੱਡੀ ਘਾਟ ਹੈ ਤਾਂ ਨਵੇਂ 'ਆਦਰਸ਼' ਸਕੂਲ ਖੋਲ੍ਹਣ ਦਾ ਕੀ ਅਰਥ। ਸਰਕਾਰ ਦੀ ਨੀਅਤ ਵਿਚ ਸ਼ਾਇਦ ਕਿਤੇ ਕੋਈ ਖੋਟ ਹੈ। ਨਿੱਜੀ ਸੰਸਥਾਵਾਂ ਦੇ ਨਾਂ ਨਾਲ ਅੰਦਰਖ਼ਾਤੇ ਰਲ ਕੇ ਮਹਿੰਗੀਆਂ ਸਰਕਾਰੀ ਜਾਇਦਾਦਾਂ ਨੂੰ ਸੱਤਾਧਾਰੀ ਸਿਆਸਤਦਾਨ ਸੌਖਿਆਂ ਹੀ ਹਥਿਆ ਲੈਣਗੇ।

## ਸ਼ਰਾਬੀ ਮੁਟਿਆਰਾਂ

ਚੰਡੀਗੜ੍ਹ ਦੇ ਵੀ.ਆਈ.ਪੀਜ਼. ਏਰੀਏ ਵਿਚ ਇਕ ਮੁਟਿਆਰ ਨੇ ਆਪਣੀ ਕਾਰ ਹੇਠ ਦੋ ਮੋਟਰ ਸਾਈਕਲ ਸਵਾਰ ਭਰਾਵਾਂ ਨੂੰ ਦਰੜ ਦਿਤਾ। ਦੋਵੇਂ ਬਦਕਿਸਮਤ ਭਰਾ ਮਾਰੇ ਗਏ। ਇਹ ਮੁਟਿਆਰ ਸਪੀਡ ਨਿਯਮਾਂ ਦਾ ਉਲੰਘਣ ਕਰ ਕੇ ਕਾਰ ਚਲਾ ਰਹੀ ਸੀ ਤੇ ਇਸ ਨੇ ਸ਼ਰਾਬ ਵੀ ਪੀ ਰੱਖੀ ਸੀ। ਸ਼ਨਾਖ਼ਤ ਉਪਰੰਤ ਪਤਾ ਲੱਗਾ ਕਿ ਇਹ ਇਕ ਸਾਬਕਾ ਉੱਚੇ ਅਹੁਦੇ ਤੋਂ ਸੇਵਾ ਨਿਵਿਰਤ ਮਿਲਟਰੀ ਅਫ਼ਸਰ ਦੇ ਪਰਵਾਰ ਨਾਲ ਸਬੰਧ ਰੱਖਦੀ ਹੈ। ਕੁੱਝ ਦਿਨ ਪਹਿਲਾਂ ਹੀ ਇਹ ਅਮਰੀਕਾ ਤੋਂ ਪਰਤੀ ਸੀ, ਜਿਥੇ ਇਹ ਪੜ੍ਹਾਈ ਕਰ ਰਹੀ ਹੈ। ਉਹ



ਇਕ ਦਾਅਵਤ ਤੋਂ ਵਾਪਸ ਪਰਤ ਰਹੀ ਸੀ, ਜਦੋਂ ਉਸ ਨੇ ਨਸ਼ੇ ਦੀ ਹਾਲਤ ਵਿਚ ਇਹ ਹਾਦਸਾ ਕੀਤਾ ਤੇ ਦੋ ਕੀਮਤੀ ਜਾਨਾਂ ਨੂੰ ਆਪਣੀ ਲਾਪਰਵਾਹੀ ਦਾ ਸ਼ਿਕਾਰ ਬਣਾ ਲਿਆ। ਸਟੈਟਸ ਪਰਵਾਰਾਂ ਦੀਆਂ ਨੌਜਵਾਨ ਔਰਤਾਂ ਅੱਜਕਲ ਹਰ ਪੱਖੋਂ ਮਰਦ ਦੀ ਬਰਾਬਰੀ ਕਰਨ ਲਈ ਤਤਪਰ ਹਨ। ਮਰਦਾਂ ਦੀ ਬਰਾਬਰੀ ਕਰਨ ਲਈ ਮਰਦਾਂ ਦੀਆਂ ਬੁਰਾਈਆਂ ਦੀ ਨਕਲ ਕਰਨਾ ਕਿੰਨਾ ਕੁ ਸਾਰਥਕ ਹੈ, ਇਸ ਦਾ ਅੰਦਾਜ਼ਾ ਸ਼ਰਾਬੀ ਮੁਟਿਆਰ ਵਲੋਂ ਕੁਚਲੇ ਮੋਟਰ ਸਾਈਕਲ ਸਵਾਰਾਂ ਦੀ ਉਦਾਹਰਣ ਤੋਂ ਭਲੀ ਭਾਂਤ ਲਗਾ ਸਕਦੇ ਹਾਂ। ਦਰਅਸਲ, ਗੱਲ ਸਹੇ ਦੀ ਨਹੀਂ ਪਹੇ ਦੀ ਹੈ। ਜੇਕਰ ਉਪਰਲੇ ਵਰਗਾਂ ਦੀਆਂ ਔਰਤਾਂ ਵਿਚ ਨਸ਼ਾਖੋਰੀ ਦਾ ਰੁਝਾਨ ਜ਼ੋਰ ਫੜਦਾ ਹੈ ਤੇ ਮੀਡੀਆ ਰਾਹੀਂ ਪੂਰੇ ਸਮਾਜ ਵਿਚ ਜਨਤਕ ਹੁੰਦਾ ਰਹਿੰਦਾ ਹੈ ਤਾਂ ਉਹ ਦਿਨ ਦੂਰ ਨਹੀਂ ਜਦ ਥਾਂ-ਥਾਂ ਸਾਨੂੰ ਸ਼ਰਾਬੀ ਔਰਤਾਂ ਟੱਕਰਿਆ ਕਰਨਗੀਆਂ ਤੇ ਸਮਾਜ ਗੰਭੀਰ ਉਲਝਣਾਂ ਦਾ ਸ਼ਿਕਾਰ ਹੋ ਜਾਵੇਗਾ, ਹੇਠਾਂ ਤਕ ਦੇ ਵਰਗਾਂ ਵਿਚ, ਜੋ ਮੀਡੀਆ ਦੇ ਪ੍ਰਭਾਵ ਹੇਠ ਛੇਤੀ ਆ ਜਾਂਦੇ ਹਨ, ਔਰਤਾਂ ਨਿਸ਼ੰਗ ਹੋ ਕੇ ਸ਼ਰਾਬ ਪੀਣ ਲੱਗਣਗੀਆਂ। ਸਮਾਂ ਵੇਲੇ ਸਿਰ ਸੰਭਲ ਜਾਣ ਦਾ ਹੈ।

## ਖੇਤੀ ਅਰਥਚਾਰੇ 'ਤੇ ਵਿਚਾਰ ਚਰਚਾ

ਪ੍ਰੈੱਸ ਕਲੱਬ ਚੰਡੀਗੜ੍ਹ ਨੇ ਪੰਜਾਬ ਦੀ ਕਿਸਾਨੀ 'ਤੇ ਕੇਂਦਰਿਤ ਵਿਚਾਰ ਚਰਚਾ ਦਾ ਆਯੋਜਨ ਕੀਤਾ। ਚਰਚਾ 'ਚ ਇਕ ਤਕੜੇ ਆੜ੍ਹਤੀਏ ਤੇ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ, ਰਿਜ਼ਾਰਟਾਂ ਦੇ ਮਾਲਕ ਤੇ ਕਿਸਾਨ ਲੀਡਰ ਅਜਮੇਰ



ਸਿੰਘ ਲੱਖੋਵਾਲ (ਦੋਵਾਂ ਨੇ ਪੰਜਾਬ ਬਿਜਲੀ ਬੋਰਡ ਦੇ ਨਿੱਜੀਕਰਨ ਦੀ ਡੱਟ ਕੇ ਹਮਾਇਤ ਕੀਤੀ ਸੀ) ਅਤੇ ਉਘੇ ਅਰਥ ਸ਼ਾਸਤਰੀ ਪ੍ਰੋ. ਰਣਜੀਤ ਸਿੰਘ ਘੁੰਮਣ ਸ਼ਾਮਲ ਹੋਏ। ਰਾਜੇਵਾਲ ਨੇ ਤਾਂ ਆੜ੍ਹਤੀਆ ਪ੍ਰਣਾਲੀ ਨੂੰ ਕਾਇਮ ਰੱਖਣ ਦੀ ਗੱਲ ਕਹੀ। ਕਿਸਾਨੀ ਸੰਕਟ ਦੇ ਹੱਲ ਵਜੋਂ ਅਜਮੇਰ ਸਿੰਘ ਲੱਖੋਵਾਲ ਨੇ ਖੇਤੀ ਜਿਨਸਾਂ ਦੇ ਲਾਹੇਵੰਦ ਭਾਅ ਦਿਤੇ ਜਾਣ ਦਾ ਉਹੀ ਪੁਰਾਣਾ ਰਾਗ ਅਲਾਪਿਆ। ਕੇਵਲ ਪ੍ਰੋ. ਰਣਜੀਤ ਸਿੰਘ ਘੁੰਮਣ ਨੇ ਪੰਜਾਬ ਦੇ ਕਿਸਾਨੀ ਸੰਕਟ ਨੂੰ ਵਡੇਰੇ ਪਰਿਪੇਖ਼ ਵਿਚ ਸਮਝਣ ਦੀ ਗੱਲ ਕੀਤੀ। ਦਰਅਸਲ, ਉਨ੍ਹਾ ਵਲੋਂ ਉਠਾਇਆ ਨੁਕਤਾ ਕਿ ਕੇਵਲ ਕਿਸਾਨੀ ਹੀ ਨਹੀਂ ਸਮੁੱਚਾ ਪੇਂਡੂ ਅਰਥਚਾਰਾ (ਜੋ ਖੇਤੀ ਆਧਾਰਿਤ ਹੀ ਹੈ) ਇਸ ਸਮੇਂ ਸੰਕਟ ਵਿਚ ਹੈ। ਪੈਂਤੀ ਫ਼ੀ ਸਦੀ ਕਿਸਾਨ ਖੇਤੀ ਦਾ ਕਾਰੋਬਾਰ ਛੱਡਣਾ ਚਾਹੁੰਦੇ ਹਨ। ਖੇਤੀ ਅਰਥਚਾਰੇ ਤੋਂ ਕਿਰਤ ਸ਼ਕਤੀ ਨੂੰ ਕੱਢਣਾ ਸਮੇਂ ਦੀ ਮੁੱਖ ਲੋੜ ਹੈ। ਪਰ ਖੇਤੀ ਅਰਥਚਾਰੇ ਨੂੰ ਸਾਰਥਕ ਸੇਧ ਦੇਣ ਵਾਲਾ ਕੋਈ ਨਈਂ ਹੈ। ਚਰਚਾ ਚੰਗੀ ਰਹੀ।

ਛੇਕੜਲੀ ਗੱਲ

## ਅੱਖਰ ਦੱਸੀਂ ਜਾਈਂ ਫੁੱਫੜਾ

ਚੰਗੇਰੇ ਸਮਾਜ ਦੀ ਕਲਪਨਾ, ਬਿਹਤਰ ਯੋਜਨਾਬੰਦੀ ਅਤੇ ਮਨੁੱਖੀ ਭਵਿੱਖ ਦੀ ਫਿਕਰਮੰਦੀ ਦੇ ਸਰੋਕਾਰ ਅਜੋਕੇ ਭਾਰੂ ਸਿਆਸਤਦਾਨਾਂ ਲਈ ਕੋਈ ਅਰਥ ਨਹੀਂ ਰੱਖਦੇ। ਵਿਵਸਥਾ ਨੇ ਉਸ ਨੂੰ ਕੇਵਲ ਵੋਟਾਂ ਬਟੋਰਨ ਦਾ ਕੰਮ ਸੌਂਪ ਰਖਿਆ ਹੈ। ਉਸ ਦੀ ਹਾਲਤ ਭੋਲੂ ਵਾਲੀ ਹੈ, ਜਿਹੜਾ ਅਪਣੀ ਭੂਆ ਨੂੰ ਮਿਲਣ ਆਉਂਦਾ ਹੈ। ਉਸ ਦਾ ਅਸਲੀ ਫੁੱਫੜ ਉਸ ਨੂੰ ਗੱਲ-ਗੱਲ 'ਤੇ ਛੇੜਦਾ ਰਹਿੰਦਾ ਹੈ। ਕਿਸੇ ਆਏ-ਗਏ ਨਾਲ ਗੱਲ ਕਰਦਿਆਂ ਜਾਂ ਰਾਹ ਖਹਿੜੇ ਮਿਲਣ ਵਾਲੇ ਨੂੰ ਉਹ ਅਕਸਰ ਆਖਦਾ 'ਜਰਾ! ਆਹ ਸਾਡੇ ਭੋਲੂ ਨੂੰ ਦੇਖਣਾ, ਪੰਜਵੀਂ 'ਚ ਪੜ੍ਹਦੈ ਪਰ ਅਪਣਾ ਨਾਂ ਲਿਖਣਾ ਨਹੀਂ ਆਂਵਦਾ' ਅਗੋਂ, ਭੋਲੂ ਤਿੜ ਕੇ ਜਵਾਬ ਦਿੰਦਾ ' ਕਿਉਂ ਭਕਾਈ ਮਾਰਦੈਂ ਫੁੱਫੜਾ, ਆਉਂਦਾ ਕਿਉਂ ਨੀਂ' ਅਮਲੀ ਮੁਸਕੜੀਆਂ ਹੱਸਦਾ ਆਖਦੈ 'ਚੰਗਾ ਫੇਰ, ਲਿੱਖ ਕੇ ਦਿਖਾ।' ਭੋਲੂ ਲਿਖਨ ਲਈ ਰਾਜ਼ੀ ਹੋ ਕੇ ਆਖਦੈ 'ਲਿਖ ਦਿੰਨਾਂ ਪਰ ਤੂੰ ਅੱਖਰ ਦੱਸੀ ਜਾਈਂ ਫੁੱਫੜਾ।' ਅਮਲੀ ਨਸ਼ੇ ਦੀ ਲੋਰ 'ਚ ਜਿਹੋ ਜਿਹੇ ਅੱਖਰ ਦਸਦਾ ਹੈ ਉਹੋ ਜਿਹਾ ਚੰਨ ਭੋਲੂ ਚੜ੍ਹਾਈ ਜਾਂਦਾ ਹੈ। ਸਾਡੇ ਸੂਝੋਂ ਸੱਖਣੇ ਸਿਆਸਤਦਾਨ ਜਿੱਤ ਕੇ ਸਰਕਾਰੀ ਕੰਮਕਾਜ ਵਾਂਗ ਹੀ ਸਲਾਹਕਾਰ ਕਮੇਟੀਆਂ ਤੇ ਹੋਰ ਪੈਂਤੀ ਸੌ ਕਿਸਮ ਦੇ ਕੰਮ ਅਮਲੇ ਫੈਲੇ ਦੀ ਮਦਦ ਨਾਲ ਕਰਦੇ ਹਨ। ਅਮਲੀ ਫੁੱਫੜ ਵਰਗੇ ਸਲਾਹਕਾਰ ਜਿਹੋ ਜਿਹੀਆਂ ਸਲਾਹਾਂ ਦਈ ਜਾਂਦੇ ਹਨ, ਉਹੋ ਜਿਹੇ ਚੰਨ ਭੋਲੂ ਸਿਆਸਤਦਾਨ ਚੜ੍ਹਾਈ ਜਾਂਦੇ ਹਨ।

## ਮੰਤਰੀ ਡੀਕ ਗਏ 23 ਕਰੋੜ ਦਾ ਪੈਟਰੋਲ




ਹੁਸ਼ਿਆਰਪੁਰ (ਲੋਕੇਸ਼ ਚੋਬੇ) ਪੈਟਰੋਲ ਦੀਆਂ ਵੱਧ ਰਹੀਆਂ ਕੀਮਤਾਂ ਨੇ ਜਿਥੇ ਆਮ ਆਦਮੀ ਦੀ ਕਮਰ ਤੋੜ ਦਿੱਤੀ ਹੈ, ਉਥੇ ਪੰਜਾਬ ਸਰਕਾਰ ਦੇ ਮੰਤਰੀ ਪੈਟਰੋਲ ਇਸ ਤਰ੍ਹਾਂ ਡੀਕ ਰਹੇ ਹਨ ਜਿਵੇਂ ਪਾਣੀ। ਜੀ ਹਾਂ, ਪੰਜਾਬ ਸਰਕਾਰ ਦੇ ਇਨ੍ਹਾਂ ਮੰਤਰੀਆਂ ਦੇ ਪੈਟਰੋਲ ਦਾ ਖਰਚ ਦੇਖੀਏ ਤਾਂ ਆਮ ਆਦਮੀ ਦੇ ਹੋਸ਼ ਉਡ ਜਾਣ। ਮੰਤਰੀ ਤੇ ਮੁੱਖ ਸੰਸਦੀ ਸਕੱਤਰਾਂ ਦੀਆਂ ਸੜਕਾਂ 'ਤੇ ਲੱਗ ਰਹੀਆਂ ਦੌੜਾਂ ਦਾ ਸਾਫ ਤੌਰ 'ਤੇ ਇਨ੍ਹਾਂ ਦੇ ਪੈਟਰੋਲ ਦੇ ਮੋਟੇ ਖਰਚ ਦਾ ਪਤਾ ਚੱਲ ਜਾਂਦਾ ਹੈ।

ਆਵਾਜਾਈ ਮੰਤਰੀ ਮਾਸਟਰ ਮੋਹਨ ਲਾਲ ਨੇ ਪੈਟਰੋਲ ਖਰਚ ਵਿਚ ਮੁੱਖ ਮੰਤਰੀ ਨੂੰ ਛੱਡ ਕੇ ਸਾਰੇ ਮੰਤਰੀਆਂ ਤੇ ਮੁੱਖ ਸੰਸਦੀ ਸਕੱਤਰਾਂ ਨੂੰ ਪਿੱਛੇ ਛੱਡ ਦਿੱਤਾ ਹੈ। ਮੰਤਰੀਆਂ ਵੱਲੋਂ ਪੈਟਰੋਲ 'ਤੇ ਖਰਚ ਕੀਤੇ ਜਾ ਰਹੇ ਪੈਸੇ ਦਾ ਖੁਲਾਸਾ ਸੂਚਨਾ ਅਧਿਕਾਰ ਐਕਟ 2005 ਤਹਿਤ ਲਈ ਗਈ ਜਾਣਕਾਰੀ ਤੋਂ ਹੋਇਆ ਹੈ। ਸੂਬੇ ਦੇ ਆਵਾਜਾਈ ਵਿਭਾਗ ਤੋਂ ਪ੍ਰਾਪਤ ਜਾਣਕਾਰੀ ਵਿਚ ਪਤਾ ਚੱਲਿਆ ਕਿ ਮੁੱਖ ਮੰਤਰੀ, ਉਪ ਮੁੱਖ ਮੰਤਰੀ ਤੇ ਕੈਬਨਿਟ ਮੰਤਰੀਆਂ ਦੇ ਤਿੰਨ ਸਾਲ ਦੇ ਪੈਟਰੋਲ ਦਾ ਖ਼ਰਚਾ 16,31,44,198 ਰੁਪਏ ਤੇ ਮੁੱਖ ਸੰਸਦੀ ਸਕੱਤਰਾਂ ਦਾ 7,35,74,288 ਰੁਪਏ ਹੈ। ਅਜਿਹੇ ਸਮੇਂ ਆਵਾਜਾਈ ਮੰਤਰਾਲੇ ਦੀ ਕਮਾਨ ਸੰਭਾਲਨ ਵਾਲੇ ਮਾਸਟਰ ਮੋਹਨ ਲਾਲ ਦੇ ਪਹਿਲੀ ਅਪਰੈਲ 2007 ਤੋਂ ਲੈ ਕੇ ਮਾਰਚ 2010 ਤੱਕ ਦਾ ਪੈਟਰੋਲ ਖਰਚ 1,03,74,912 ਰੁਪਏ ਹੈ। ਇਨ੍ਹਾਂ ਤੋਂ ਜ਼ਿਆਦਾ ਖਰਚ ਸਿਰਫ ਮੁੱਖ ਮੰਤਰੀ ਬਾਦਲ ਦਾ 6,67,90,632 ਰੁਪਏ ਹੈ ਤੇ ਉਪ ਮੁੱਖ ਮੰਤਰੀ ਇਸ ਮਾਮਲੇ ਵਿਚ ਕਾਫੀ ਕਿਫਾਇਤੀ ਸਾਬਤ ਹੋਏ ਹਨ। ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦਾ ਖਰਚਾ 12,63667 ਰੁਪਏ ਹੈ, ਸੇਵਾ ਸਿੰਘ ਸੇਖਵਾਂ ਕੈਬਨਿਟ ਮੰਤਰੀਆਂ ਵਿਚੋਂ ਸਭ ਤੋਂ ਘੱਟ ਪੈਟਰੋਲ ਖਰਚ ਕਰਨ ਵਾਲੇ ਮੰਤਰੀ ਹਨ। ਸੇਖਵਾਂ ਨੇ ਸੇਖਵਾਂ ਨੇ 2010 ਤਕ 4,20,656 ਰੁਪਏ ਦਾ ਪੈਟਰੋਲ ਵਰਤਿਆ।

## ਐਨ.ਆਰ.ਆਈ. ਦੀਆਂ ਜ਼ਮੀਨਾਂ 'ਤੇ ਕਬਜ਼ੇ ਵਧੇ

ਚੰਡੀਗੜ੍ਹ : ਪੰਜਾਬ ਵਿਚ ਪ੍ਰਵਾਸੀ ਭਾਰਤੀਆਂ ਦੀਆਂ ਜ਼ਮੀਨਾਂ ਅਤੇ ਵਿਆਹ ਦੇ ਨਾਮ 'ਤੇ ਧੋਖਾਧੜੀ ਦੇ ਮਾਮਲਿਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਪੰਜਾਬ ਪੁਲਿਸ ਨੂੰ ਇਸ ਸਾਲ ਦੇ ਪਹਿਲੇ ਸੱਤ ਮਹੀਨਿਆਂ 'ਚ ਹੀ ਪ੍ਰਵਾਸੀ ਭਾਰਤੀਆਂ ਦੀਆਂ ਜ਼ਮੀਨਾਂ 'ਤੇ ਧੋਖਾਧੜੀ ਨਾਲ ਕਬਜ਼ੇ ਕਰਨ ਦੀਆਂ 438 ਸ਼ਿਕਾਇਤਾਂ ਮਿਲ ਚੁਕੀਆਂ ਹਨ। ਪੁਲਿਸ ਕੋਲ ਸ਼ਿਕਾਇਤਾਂ ਦੇ ਢੇਰ ਲੱਗੇ ਰਹੇ ਹਨ ਪਰ ਹਾਲੇ ਤਕ ਪੁਲਿਸ ਨੇ 11 ਮਾਮਲੇ ਹੀ ਦਰਜ ਕੀਤੇ ਹਨ। ਮਾਮਲੇ ਦਰਜ ਹੋਣ ਵਿਚ ਦੇਰੀ ਦਾ ਕਾਰਨ ਲੋਕਾਂ ਦਾ ਵਿਦੇਸ਼ਾਂ ਵਿਚ ਰਹਿਣਾ ਹੈ ਜਿਸ ਕਾਰਨ ਜਾਂਚ ਪੜਤਾਲ ਦੀ ਰਫ਼ਤਾਰ ਬਹੁਤ ਹੌਲੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਂਚ ਪੜਤਾਲ ਤੋਂ ਬਾਅਦ ਹੀ ਮਾਮਲੇ ਦਰਜ ਕੀਤੇ ਜਾ ਰਹੇ ਹਨ ਤੇ ਸ਼ਿਕਾਇਤਾਂ ਦਾ ਨਿਪਟਾਰਾ ਵੀ ਕੀਤਾ ਜਾ ਰਿਹਾ ਹੈ। ਪੁਲਿਸ ਕੋਲ ਬੀਤੇ ਸਾਲ ਜ਼ਮੀਨਾਂ ਉਤੇ ਧੋਖਾਧੜੀ ਨਾਲ ਕਬਜ਼ੇ ਕਰਨ ਦੀਆਂ 313 ਸ਼ਿਕਾਇਤਾਂ ਆਈਆਂ ਸਨ। ਜਿਨ੍ਹਾਂ ਵਿਚੋਂ ਜਾਂਚ ਪੜਤਾਲ ਤੋਂ ਬਾਅਦ 10 ਮਾਮਲੇ ਦਰਜ ਕੀਤੇ ਗਏ। ਜ਼ਮੀਨਾਂ ਉਤੇ ਧੋਖੇਧੜੀ ਨਾਲ ਕਬਜ਼ੇ ਦੀਆਂ ਸ਼ਿਕਾਇਤਾਂ ਸੱਭ ਤੋਂ ਜ਼ਿਆਦਾ ਜਲੰਧਰ ਤੇ ਹੁਸ਼ਿਆਰਪੁਰ ਤੋਂ ਮਿਲ ਰਹੀਆਂ ਹਨ। ਉਥੇ ਦੂਜੇ ਪਾਸੇ ਐਨ.ਆਰ.ਆਈ. ਲੜਕੇ-ਲੜਕੀਆਂ ਦੇ ਵਿਆਹ ਸਿਰੇ ਨਾ ਚੜਨ ਅਤੇ ਕਿਸੇ ਨਾ ਕਿਸੇ ਤਰ੍ਹਾਂ ਲੜਕੇ ਜਾਂ ਲੜਕੀ ਦੀ ਧੋਖਾਧੜੀ ਦੇ ਮਾਮਲਿਆਂ 'ਚ ਵਾਧਾ ਹੋਇਆ ਹੈ। ਇਸ ਸਾਲ ਪੁਲਿਸ ਨੂੰ 232 ਸ਼ਿਕਾਇਤਾਂ ਮਿਲ ਚੁਕੀਆਂ ਹਨ। ਜਦਕਿ ਪਿਛਲੇ ਸਾਲ ਪੁਲਿਸ ਨੂੰ ਇਸ ਤਰ੍ਹਾਂ ਦੇ ਮਾਮਲਿਆਂ ਦੀਆਂ 231 ਸ਼ਿਕਾਇਤਾਂ ਮਿਲੀਆਂ ਸਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਵਿਦੇਸ਼ ਲੈ ਜਾਣ ਦੇ ਨਾਮ 'ਤੇ ਵਿਆਹ ਦਾ ਝਾਂਸਾ ਦੇਣ ਦੇ ਮਾਮਲੇ ਵੱਧ ਹਨ।

ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

ਸੰਪਾਦਕੀ

## ਇਹ ਕੇਹੀ ਲੋਕ ਨੁਮਾਇੰਦਗੀ?

ਤੇਰ੍ਹਵੀਂ ਪੰਜਾਬ ਵਿਧਾਨ ਸਭਾ ਦਾ ਦਸਵਾਂ ਸਮਾਗਮ 24 ਸਤੰਬਰ ਤੋਂ 1 ਅਕਤੂਬਰ ਤੱਕ ਤੈਅ ਕਰ ਦਿੱਤਾ ਗਿਆ ਹੈ। ਇਹ ਸੰਜੋਗ ਨਹੀਂ ਹੈ ਕਿ ਜਿਸ ਮੰਤਰੀ ਮੰਡਲ ਦੀ ਮੀਟਿੰਗ ਵਿਚ ਇਹ ਸ਼ੈਸ਼ਨ ਤੈਅ ਕੀਤਾ ਗਿਆ ਉਸੇ ਮੀਟਿੰਗ ਵਿਚ ਪੰਜਾਬ ਦੇ ਮੰਤਰੀਆਂ ਅਤੇ ਵਿਧਾਇਕਾਂ ਦੀਆਂ ਤਨਖਾਹਾਂ ਅਤੇ ਭੱਤੇ ਵੀ ਵਧਾਉਣ ਦਾ ਫੈਸਲਾ ਕਰ ਲਿਆ ਗਿਆ ਹੈ। ਪਹਿਲਾਂ ਸੰਸਦ ਮੈਂਬਰਾਂ ਨੇ ਇਹੀ ਕੁਝ ਕੀਤਾ ਤੇ ਹੁਣ ਪੰਜਾਬ ਤੇ ਹਰਿਆਣਾ ਦੇ ਮੰਤਰੀਆਂ ਵਿਧਾਇਕਾਂ ਨੇ ਆਪਣੀਆਂ ਤਨਖਾਹਾਂ ਆਪੇ ਵਧਾ ਲਈਆਂ ਹਨ। ਇਹ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਦਾ ਹੀ ਕਮਾਲ ਹੈ ਕਿ ਸਰਕਾਰੀ ਮੁਲਾਜਮਾਂ ਨੂੰ 6-6 ਮਹੀਨੇ ਤਨਖਾਹਾਂ ਨਹੀਂ ਮਿਲਦੀਆਂ, ਨੌਕਰੀ ਮੰਗਦੇ ਨੌਜਵਾਨਾਂ ’ਤੇ ਡਾਂਗਾਂ ਵਰ੍ਹਾਈਆਂ ਜਾਂਦੀਆਂ ਹਨ ਪਰ ਲੋਕਾਂ ਦੀਆਂ ਜੇਬਾਂ ਨੂੰ ਲੋਕਾਂ ਦੇ ਇਹ ਅਖੌਤੀ ਨੁਮਾਂਇੰਦੇ ਜਦੋਂ ਚਾਹੇ ਆਪਣੇ ਲਈ ਕੁਤਰ ਲੈਂਦੇ ਹਨ। ਸਵਾਲ ਹੈ ਕਿ ਗੱਲ ਗੱਲ ’ਤੇ ਗਰਮ ਹੋਣ ਵਾਲੇ ਸਾਡੇ ਇਹ ਆਗੂ ਕਦੇ ਲੋਕ ਮਸਲਿਆਂ ’ਤੇ ਵਿਧਾਨ ਸਭਾਵਾਂ ਜਾਂ ਪਾਰਲੀਮੈਂਟ ਵਿਚ ਸੰਜੀਦਗੀ ਭਰੀ ਗਰਮੀ ਕਿਉਂ ਨਹੀਂ ਦਿਖਾਉਂਦੇ?ਪੰਜਾਬ ਵਿਧਾਨ ਸਭਾ ਦਾ ਪਿਛਲਾ ਸੈਸ਼ਨ ਵੀ ਗਰਮ ਨਹੀਂ ਸੀ ਹੋ ਸਕਿਆ। ਗਰਮ ਹੁੰਦਾ ਵੀ ਕਿਵੇਂ?

ਕਿਸੇ ਵੇਲੇ ਪੰਜਾਬ ਵਿਧਾਨ ਸਭਾ ਦਾ ਕੰਮ-ਕਾਜ ਸਾਲ ਵਿਚ ਔਸਤਨ 56 ਦਿਨ ਦਾ ਵੀ ਰਿਹਾ ਹੈ ਪਰ ਅੱਜ ਕਲ੍ਹ ਇਹ ਸਿਮਟ ਕੇ 15 ਕੁ ਦਿਨਾਂ ਦਾ ਹੀ ਰਹਿ ਗਿਆ ਹੈ ਤੇ ਇਸ ਵਾਰ ਤਾਂ ਇਹਦੇ ਲਈ ਸਿਰਫ਼ ਇਕ ਹਫ਼ਤਾ ਹੀ ਰੱਖਿਆ ਗਿਆ ਹੈ ਇਨ੍ਹਾਂ 7 ਦਿਨਾਂ ਵਿੱਚ ਵੀ ਜਿਸ ਕੰਮ ਲਈ ਸਿਰ ਜੁੜਨੇ ਚਾਹੀਦੇ ਹਨ ਉਸ ਕੰਮ ਦਾ ਨਾਂਅ-ਨਿਸ਼ਾਨ ਵੀ ਕਿਧਰੇ ਦਿਖਾਈ ਨਹੀਂ ਦਵੇਗਾ, ਹਾਂ ਆਪੇ ਆਪਣੀਆਂ ਤਨਖਾਹਾਂ ਵਧਾਉਣ ਵਾਲੇ ਖੁਸ਼ੀ ਚ ਇਕ ਦੂਜੇ ਨੂੰ ਗੱਲਵਕੜੀਆਂ ਪਾਉਂਦੇ ਜ਼ਰੂਰ ਨਜ਼ਰ ਆਉਣਗੇ।

ਪਹਿਲੀ ਵੱਡੀ ਫਿਕਰਮੰਦੀ ਵਾਲੀ ਗੱਲ ਤਾਂ ਇਹੀ ਹੈ ਕਿ ਸਾਡੇ ਸਮਾਜ ਵਿਚ ਗੁੰਝਲਾਂ ਲਗਾਤਾਰ ਵੱਧ ਰਹੀਆਂ ਹਨ। ਗੁੰਝਲਦਾਰ ਹੁੰਦੇ ਜਾ ਰਹੇ ਸਮਾਜਕ, ਆਰਥਿਕ ਅਤੇ ਰਾਜਨੀਤਕ ਤਾਣੇ-ਬਾਣੇ ਦੇ ਚੱਲਦਿਆਂ ਹੀ ਲੋਕਾਂ ਦੀਆਂ ਸਮਸਿਆਵਾਂ ਵੀ ਵਿਕਰਾਲ ਰੂਪ ਅਖਤਿਆਰ ਕਰਦੀਆਂ ਜਾ ਰਹੀਆਂ ਹਨ ਪਰ ਇਨ੍ਹਾਂ ਸਭ ’ਤੇ ਤਿੱਖੀ ਨਜ਼ਰ ਰੱਖਣ ਲਈ ਜਿਨ੍ਹਾਂ ਆਗੂਆਂ ਉਪਰ ਲੋਕਾਂ ਨੇ ਜ਼ਿੰਮੇਵਾਰੀ ਸੁੱਟੀ ਹੋਈ ਹੈ; ਉਨ੍ਹਾਂ ਦੀ ਜੁਆਬਦੇਹੀ ਲਈ ਉਸਾਰੇ ਗਏ ਸੰਵਿਧਾਨਕ ਪਲੇਟਫਾਰਮ ਵਿਧਾਨ ਸਭਾ ਦਾ ਕੰਮ-ਕਾਜ ਲਗਾਤਾਰ ਸੁੰਗੜਦਾ ਜਾ ਰਿਹਾ ਹੈ। ਇਹ ਸਿਰੇ ਦੀ ਫਿਕਰਮੰਦੀ ਦਾ ਮਸਲਾ ਹੋਣਾ ਚਾਹੀਦਾ ਹੈ ਕਿ ਜਿਸ ਵਿਧਾਨ ਸਭਾ ਵਿਚ ਲੋਕਾਂ ਨੂੰ ਦਰਪੇਸ਼ ਮਸਲਿਆਂ ਦੇ ਹੱਲ ਲਈ ਸਿਰ ਜੋੜਨ ਦੀ ਲੋੜ ਹੈ ਉਸ ਵਿਧਾਨ ਸਭਾ ਦੀ ਇਸ ਕੰਮ ਲਈ ਵਰਤੋਂ ਹੀ ਨਹੀਂ ਕੀਤੀ ਜਾ ਰਹੀ। ਵਰਤੋਂ ਹੋ ਰਹੀ ਹੈ ਤਾਂ ਸਿਰਫ਼ ਆਪਣੇ ਲਾਭਾਂ ਅਤੇ ਲੋਕ ਵਿਰੋਧੀ ਨੀਤੀਆਂ ਨੂੰ ਕਾਨੂੰਨਾਂ ਦਾ ਰੂਪ ਦੇਣ ਲਈ, ਤਾਂ ਅਵਾਮ ਦੇਸੀਨੇ ਦਾ ਆਖਰੀ ਸਾਹ ਖਿੱਚ ਲਿਆ ਜਾਵੇ। ਇਹਦੇ ਕੀ ਕਾਰਨ ਹਨ? ਕਾਰਨ ਬਿਲਕੁਲ ਸਾਫ ਹਨ ਅਤੇ ਨੰਗੀ ਅੱਖ ਨਾਲ ਹੀ ਦਿਖਾਈ ਦਿੰਦੇ ਹਨ ਕਿ ਸਰਕਾਰ ਅਤੇ ਆਪਣੇ-ਆਪ ਨੂੰ ਲੋਕਾਂ ਦੇ ਨੁਮਾਇੰਦੇ ਅਖਵਾਉਣ ਵਾਲੇ ਆਗੂ ਆਪਣੀਆਂ ਜ਼ਿੰਮੇਵਾਰੀਆਂ ਤੋਂ ਹੀ ਭੱਜਦੇ ਜਾ ਰਹੇ ਹਨ।

ਇੱਥੇ ਇਹ ਗੱਲ ਨਿੱਤਰ ਕੇ ਸਾਹਮਣੇ ਆਉਣੀ ਹੀ ਚਾਹੀਦੀ ਹੈ ਕਿ ਇਕ ਵਿਧਾਇਕ ਦੇ ਫ਼ਰਜ਼ ਕੀ ਹਨ। ਕੀ ਥਾਣਿਆਂ-ਕਚਹਿਰੀਆਂ ਵਿਚ ਕਰਵਾਏ ਜਾਂਦੇ 7/51 ਜਾਂ 23/26 ਦੇ ਰਾਜ਼ੀਨਾਵੇਂ, ਨਿਰੋਲ ਪ੍ਰਸਾਸ਼ਨਿਕ ਕੰਮਾਂ ਵਿਚ ਦਖ਼ਲਅੰਦਾਜੀ ਅਤੇ ਆਪਣੀਆਂ ਜੇਬਾਂ ਭਰਨਾ ਹੀ ਵਿਧਾਇਕ ਦਾ ਕੰਮ ਹੈ? ਦਰਅਸਲ, ਵਿਧਾਇਕਾਂ ਦੀ ਅਸਲ ਡਿਊਟੀ ਇਹ ਨਹੀਂ। ਵਿਧਾਇਕਾਂ ਦੇ ਸੰਵਿਧਾਨਕ ਫ਼ਰਜ਼ ਕੁੱਝ ਹੋਰ ਹਨ। ਕਿਸੇ ਸਮਾਜ ਵਿਚ ਜਿਹੜੇ ਵੀ ਕਨੂੰਨ ਬਣੇ ਹੁੰਦੇ ਹਨ ਉਹ ਸਦੀਵੀ ਆਪਣਾ ਪ੍ਰਭਾਵ ਇਕੋ ਜਿਹਾ ਨਹੀਂ ਰੱਖ ਸਕਦੇ। ਸਮਾਜ ਸਦਾ ਗਤੀਸ਼ੀਲ ਰਹਿੰਦਾ ਹੈ। ਸਮਾਜ ਨੇ ਵਿਕਾਸ ਕਰਨਾ ਹੈ ਅਤੇ ਇਹਦੇ ਮੁਤਾਬਿਕ ਹੀ ਪਹਿਲਾਂ ਬਣੇ ਕਨੂੰਨਾਂ ਨੂੰ ਲੋਕਾਂ ਦੇ ਪੱਖ ਵਿਚ ਨਵਿਆਉਣਾਂ ਹੁੰਦਾ ਹੈ। ਨਾਲ ਦੀ ਨਾਲ ਨਵੀਆਂ ਲੋੜਾਂ ਮੁਤਾਬਿਕ ਕੁੱਝ ਨਵੇਂ ਕਨੂੰਨ ਵੀ ਬਣਾਏ ਜਾਣੇ ਹੁੰਦੇ ਹਨ। ਇਹ ਭਲਾ ਕਿਸ ਦਾ ਕੰਮ ਹੈ? ਇਹ ਹੀ ਹੈ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦਾ ਅਸਲੀ ਕੰਮ। ਪਰ ਕੀ ਸਾਡੇ ਵਿਧਾਇਕ ਅਤੇ ਸੰਸਦ ਮੈਂਬਰ ਆਪਣੀ ਬਣਦੀ ਭੂਮਿਕਾ ਨਿਭਾ ਰਹੇ ਹਨ? ਕਿਵੇਂ ਨਿਭਾ ਸਕਦੇ ਹਨ? ਪਹਿਲਾਂ ਤਾਂ ਇਸ ਬਾਰੇ ਉਹ ਖੁਦ ਹੀ ਸਪਸ਼ਟ ਨਹੀਂ ਹਨ। ਦੂਸਰੇ, ਸਤਾ ਦੇ ਪਾਵਿਆਂ ਨਾਲ ਚੁੰਬੜੇ ਲੋਕਾਂ ਨੂੰ ਐਨੀ ਵੇਹਲ ਹੀ ਕਿੱਥੇ ਕਿ ਉਹ ਇਸ ਇਤਿਹਾਸਕ ਕਾਰਜ ਨੂੰ ਨੇਪਰੇ ਚਾੜ੍ਹਨ। ਮੁੱਖ ਮਸਲਾ ਅਸਲ ਵਿਚ ਤਰਜੀਹਾਂ ਦਾ ਹੈ। ਸਾਡੇ ਵਰਤਮਾਨ ਢਾਂਚੇ ਵਿਚ ਹਾਕਮਾਂ ਦੇ ਏਜੰਡੇ ’ਤੇ ਲੋਕ-ਪੱਖੀ ਤਰਜੀਹਾਂ ਹਨ ਹੀ ਨਹੀਂ। ਮੁੱਕਦੀ ਗੱਲ ਇਹ ਕਿ ਸਵਾਲ ਇਹ ਹੀ ਨਹੀਂ ਕਿ ਵਿਧਾਨ ਸਭਾ ਦੇ ਸੈਸ਼ਨ ਦਾ ਸਮਾਂ ਲਗਾਤਾਰ ਘਟਾਇਆ ਕਿਉਂ ਜਾ ਰਿਹਾ ਹੈ। ਸਵਾਲ ਇਹ ਵੀ ਬਹੁਤ ਹੀ ਅਹਿਮ ਹੈ ਕਿ ਜੇਕਰ ਵਿਧਾਨ ਸਭਾਵਾਂ ਜਾਂ ਲੋਕ ਸਭਾ ਲੰਮਾ ਸਮਾਂ ਵੀ ਜੁੜਦੀਆਂ ਹਨ ਤਾਂ ਉਥੇ ਬੈਠੇ ਲੋਕ ਨੁਮਾਇੰਦੇ ਕਿਸ ਕਿਸਮ ਦੇ ਕਨੂੰਨ ਘੜ ਰਹੇ ਹਨ। ਉਂਜ ਇਹ ਕੇਵਲ ਪੰਜਾਬ ਦਾ ਹੀ ਹਾਲ ਨਹੀਂ ਹੈ। ਦੇਸ਼ ਦੀਆਂ ਦੋਵੇਂ ਪ੍ਰਮੁੱਖ ਸਿਆਸੀ ਧਿਰਾਂ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਦੀ ਮੁਲਕ ਭਰ ਵਿਚ 'ਲੋਕ ਵਿਰੋਧੀ ਸਭਿਆਚਾਰ’ ਨੂੰ ਵਿਕਸਿਤ ਕਰਨ ਵਿਚ ਇਕ ਦੂਜੇ ਤੋਂ ਅੱਗੇ ਲੰਘਣ ਦੀ ਦੌੜ ਲੱਗੀ ਹੋਈ ਹੈ। ਇਸ ਦੌੜ ਨੂੰ ਬਰੇਕਾਂ ਲੋਕ-ਪੱਖੀ ਰਾਜਨੀਤੀ ਦੀ ਚੜ੍ਹਤ ਵਿਚ ਹੀ ਛੁਪੀਆਂ ਹੋਈਆਂ ਹਨ। ਲੋਕਾਂ ਦੇ ਪੱਖ ਦੀ ਰਾਜਨੀਤੀ ਲਈ ਮੁਲਕ ਦੀ 'ਆਬੋ-ਹਵਾ’ ਤਾਂ ਖੂਬ ਸਾਜ਼ਗਾਰ ਹੈ ਪਰ ਫਿਰ ਵੀ ਖਲਾਅ ਦੀ ਸਥਿਤੀ ਕਿਉਂ ਹੈ? ਇਹ ਸਵਾਲ ਹੀ ਜਦੋਂ ਸਾਡੇ ਸਾਰਿਆਂ ਦੀ ਬੇਚੈਨੀ ਦਾ ਕਾਰਨ ਬਣੇਗਾ ਉਦੋਂ ਹੀ ਇਥੋਂ ਆਪਣੇ ਨੇੜੇ-ਤੇੜਿਉਂ ਹੀ ਕੋਈ ਕਿਰਨਾਂ ਦਾ ਕਾਫ਼ਲਾ ਉੱਠ ਖਲੋਵੇਗਾ। ਬਸ ਲੋੜ ਤਾਂ ਇਸ ਯਕੀਨ ਨੂੰ ਬਣਾਏ ਰੱਖਣ ਦੀ ਹੈ।

ਸੰਪਾਦਕੀ ਬੋਰਡ ਨਵਤੇਜ, ਦਲਬੀਰ ਸਾਂਗਿਆਣ (ਕੈਨੇਡਾ)
ਸੁਸ਼ੀਲ ਦੁਸਾਂਝ (ਭਾਰਤ)
ਸਲਾਹਕਾਰ ਬੋਰਡ ਡਾ. ਕਰਮਜੀਤ ਸਿੰਘ ਕੁਰਕਸ਼ੇਤਰ
ਪ੍ਰੋ. ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਿਰੀ)

2nd Floor 3448 – 93 Street NW,
Edmonton T6E 6A4, Alberta (Canada)
Phone: 780 465 9118 Fax: 780 465 0661
e-mail: info@nawidunia.com

# ਸੰਸਦੀ ਸਿਆਸਤ ’ਚ ਰੁਲ ਰਿਹਾ ਵਿਕਾਸ ਦਾ ਮਾਮਲਾ



ਪ੍ਰੋ. ਰਾਕੇਸ਼ ਰਮਨ

ਭਾਰਤ ਦੀ ਨਿਰੋਲ ਸੰਸਦੀ ਰਾਜਨੀਤੀ ਦੀ ਸੂਈ ਵਿਕਾਸ ਦੇ ਮੁੱਦੇ ’ਤੇ ਅਟਕ ਗਈ ਹੈ। ਇਸ ਰਾਜਨੀਤੀ ਨੇ ਅਨੇਕਾਂ ਹੋਰ ਮੁੱਦੇ ਅਪਣੇ ਚੁਣਾਵੀ ਮਨੋਰਥਾਂ ਲਈ ਵਰਤ-ਵਰਤ ਕੇ ਸ਼ਾਇਦ ਹੰਢਾ ਲਏ ਹਨ। ਦੇਸ਼ ਦੀ ਸੰਸਦੀ ਰਾਜਨੀਤੀ ਦੇ ਖੇਤਰ ’ਚ ਇਸ ਸਮੇਂ ਵਿਕਾਸ ਸ਼ਬਦ ਦੀ ਭਰਪੂਰ ਵਰਤੋਂ ਹੋ ਰਹੀ ਹੈ। ਰਾਜਨੀਤਕ ਖੇਤਰ ਦੀਆਂ ਉਹ ਧਿਰਾਂ ਵੀ ਜੋ ਵਿਨਾਸ਼ ਦੇ ਰਾਹ ਤੁਰੀਆਂ ਹੋਈਆਂ ਹਨ, ਗੱਲ ਵਿਕਾਸ ਦੀ ਹੀ ਕਰਦੀਆਂ ਹਨ। ਦਰਅਸਲ, ਵਿਕਾਸ ਸ਼ਬਦ ਦੇ ਅਰਥ ਅਪਣੇ ਆਪ ਵਿਚ ਸੁਨਿਸ਼ਚਿਤ ਨਹੀਂ ਹਨ। ਕਈ ਸਿਆਸਤਦਾਨ ਤਾਂ ਰਿਆਇਤਾਂ ਨੂੰ ਵੀ ਵਿਕਾਸ ਦਾ ਨਾਂ ਹੀ ਦੇ ਦਿੰਦੇ ਹਨ। ਵਿਕਾਸ ਦੇ ਵਿਭਿੰਨ ਰੰਗ ਅਤੇ ਖੇਤਰ ਹਨ। ਜ਼ਰੂਰੀ ਨਹੀਂ ਕਿ ਇਕ ਖੇਤਰ ਦਾ ਵਿਕਾਸ ਦੂਸਰੇ ਖੇਤਰਾਂ ਲਈ ਵੀ ਵਿਕਾਸ ਹੀ ਹੋਵੇ। ਸੰਭਵ ਹੈ ਕਿ ਇਕ ਪਾਸੜ ਵਿਕਾਸ ਬਾਕੀਆਂ ਲਈ ਕਿਸੇ ਨਾ ਕਿਸੇ ਤਰ੍ਹਾਂ ਦੀ ਆਫ਼ਤ ਹੀ ਹੋ ਨਿਬੜੇ। ਮਿਸਾਲ ਵਜੋਂ ਵੱਡੀਆਂ ਸਨਅਤਾਂ ਦਾ ਵਿਕਾਸ ਘਰੇਲੂ ਤੇ ਛੋਟੇ ਪੈਮਾਨੇ ਦੀਆਂ ਸਨਅਤਾਂ ਲਈ ਬੜਾ ਘਾਤਕ ਸਿੱਧ ਹੋਇਆ। ਵਿਕਾਸ ਸਬੰਧੀ ਇਸ ਤੱਥ ਦੇ ਮੱਦੇਨਜ਼ਰ ਵਿਕਾਸ ਦੀ ਕਿਸਮ, ਇਸ ਦੇ ਵੱਖ-ਵੱਖ ਵਰਗਾਂ ਦੇ ਜੀਵਨ ਉਪਰ ਪਏ ਪ੍ਰਭਾਵ ਅਤੇ ਸਿੱਟਿਆਂ ਦੀ ਪਛਾਣ ਕਰਨੀ ਜ਼ਰੂਰੀ ਹੋ ਜਾਂਦੀ ਹੈ। ਪਰ ਜਦ ਵੋਟ ਦੇ ਨਜ਼ਰੀਏ ਤੋਂ ਵਿਕਾਸ ਦੀ ਗੱਲ ਸ਼ਾਤਰ ਸਿਆਸਤਦਾਨ ਕਰਦੇ ਹਨ ਤਾਂ ਉਨ੍ਹਾਂ ਦੀ ਕੋਸ਼ਿਸ਼ ਰਹਿੰਦੀ ਹੈ ਕਿ ਵਿਕਾਸ ਦੀ ਕਿਸਮ, ਪ੍ਰਭਾਵ ਤੇ ਸਿੱਟਿਆਂ ਦੀ ਪਛਾਣ ਛੁਪਾਈ ਜਾਵੇ ਤਾਕਿ ਵੋਟਰ ਨੂੰ ਭੰਬਲਭੂਸੇ ਵਿਚ ਪਾਇਆ ਜਾ ਸਕੇ। ਇਹ ਕੇਵਲ ਵਿਕਾਸ-ਵਿਕਾਸ ਦੀ ਰਟ ਲਾ ਕੇ ਆਮ ਆਦਮੀ ਨੂੰ ਇਸ ਸ਼ਬਦ ਦੇ ਜਾਦੂਮਈ ਪ੍ਰਭਾਵ ਹੇਠ ਕਰੀ ਰਖਦੇ ਹਨ।




ਜਿਵੇਂ ਵਿਕਾਸ ਦੇ ਅਲਗ-ਅਲਗ ਖੇਤਰ ਹਨ ਉਵੇਂ ਵਿਕਾਸ ਦੀਆਂ ਅਲਗ-ਅਲਗ ਧਾਰਨਾਵਾਂ ਵੀ ਹਨ। ਸਰਵ ਪ੍ਰਵਾਨਿਤ ਧਾਰਨਾ ਅਨੁਸਾਰ ਕੇਵਲ ਉਹੀ ਵਿਕਾਸ ਸਾਰਥਕ ਅਖਵਾਉਣ ਦਾ ਅਧਿਕਾਰੀ ਬਣਦਾ ਹੈ ਜਿਸ ਵਿਚ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਬਗ਼ੈਰ ਕਿਸੇ ਵਿਤਕਰੇ ਦੇ ਹਿੱਸੇਦਾਰੀ ਹਾਸਲ ਹੋਵੇ। ਨਿਰਸੰਦੇਹ ਇਹ ਵਿਕਾਸ ਦੀ ਸਮਾਜਵਾਦੀ ਧਾਰਨਾ ਹੈ। ਵਿਕਾਸ ਦੀ ਇਸ ਧਾਰਨਾ ਨੂੰ ਕਥਿਤ ਉਦਾਰਵਾਦੀ ਰਾਜਨੀਤੀ ’ਚ ਹੌਲੀ-ਹੌਲੀ ਤਿਲਾਂਜਲੀ ਦਿਤੀ ਜਾ ਰਹੀ ਹੈ। ਇਸ ਰਾਜਨੀਤੀ ਵਿਚ ਜ਼ਿਆਦਾ ਜ਼ੋਰ, ਸਮਾਜ ਦੇ ਨਿਚਲੇ ਵਰਗਾਂ ਦੇ ਹਿੱਤਾਂ ਨੂੰ ਅਣਡਿੱਠ ਕਰ ਕੇ, ਅਜਿਹੇ ਵਿਕਾਸ ਉਪਰ ਦਿਤਾ ਜਾ ਰਿਹਾ ਹੈ ਜਿਹੜਾ ਖ਼ੁਸ਼ਹਾਲੀ ਦੀ ਚਰਮ ਸੀਮਾਂ ਨੂੰ ਛੂਹ ਰਹੇ ਪਰਲੇ ਵਰਗਾਂ ਦੀ ਹੈਸੀਅਤ ਨੂੰ ਪਹਿਲਾਂ ਤੋਂ ਵੀ ਵੱਧ ਮਜ਼ਬੂਤ ਕਰ ਰਿਹਾ ਹੈ। ਵਿਕਾਸ ਲਈ ਜਿਸ ਖੇਤਰ ਨੂੰ ਇਸ ਸਮੇਂ ਤਰਜੀਹ ਮਿਲੀ ਹੋਈ ਹੈ, ਉਹ ਹੈ ਬੁਨਿਆਦੀ ਢਾਂਚਾ। ਬੁਨਿਆਦੀ ਢਾਂਚੇ ਦੀ ਮਜ਼ਬੂਤੀ ਤਹਿਤ ਪੁਲਾਂ ਦਾ ਨਿਰਮਾਣ, ਸੜਕਾਂ ਦਾ ਨਿਰਮਾਣ ਤੇ ਸੁਧਾਰ, ਆਵਾਜਾਈ ਦੇ ਸਾਧਨਾਂ ਦਾ ਸੁਧਾਰ ਅਤੇ ਪਾਵਰ ਪਲਾਂਟਾਂ ਦੀ ਉਸਾਰੀ ਆਦਿ ਦੇ ਕਾਰਜ ਕਰਨੇ ਜ਼ਰੂਰੀ ਹੁੰਦੇ ਹਨ। ਬੁਨਿਆਦੀ ਢਾਂਚਾ ਵਪਾਰ ਤੇ ਉਦਯੋਗ ਲਈ ਰੀੜ ਦੀ ਹੱਡੀ ਦਾ ਕੰਮ ਕਰਦਾ ਹੈ। ਜ਼ਾਹਿਰ ਹੈ ਕਿ ਮਜ਼ਬੂਤ ਬੁਨਿਆਦੀ ਢਾਂਚੇ ਦਾ ਵਪਾਰ ਤੇ ਉਦਯੋਗ ਨੂੰ ਮਿਲਿਆ ਲਾਭ ਅੱਗੋਂ ਉਸ ਵਰਗ ਦਾ ਲਾਭ ਬਣਦਾ ਹੈ ਜਿਸ ਦਾ ਵਪਾਰ ਤੇ ਉਦਯੋਗ ਉਪਰ ਕਬਜ਼ਾ ਹੋਵੇ। ਇਸ ਤੋਂ ਅਸੀਂ ਸਹਿਜੇ ਹੀ ਅਨੁਮਾਨ ਲਾ ਸਕਦੇ ਹਾਂ ਕਿ ਬੁਨਿਆਦੀ ਢਾਂਚੇ ਦੇ ਵਿਕਾਸ ਤਕ ਸਿਮਟੀ ਹੋਈ ਵਿਕਾਸ ਦੀ ਧਾਰਨਾ ਕਿੰਨੀ ਇਕ ਪਾਸੜ ਹੈ। ਵਿਕਾਸ ਦੀ ਇਸ ਧਾਰਨਾ ਦਾ ਭਰਮ ਏਥੋਂ ਵੀ ਟੁੱਟਦਾ ਹੈ ਕਿ ਬੁਨਿਆਦੀ ਢਾਂਚੇ ਦਾ ਇਕ ਖ਼ਾਸ ਹੱਦ ਤਕ ਵਿਕਾਸ ਹੋ ਜਾਣ ਦੇ ਬਾਵਜੂਦ ਭਾਰਤ ਇਕ ਬੇਹੱਦ ਗ਼ਰੀਬ ਮੁਲਕ ਹੈ।

ਵਿਕਾਸ ਦੀ ਅਸਲ ਕਸਵੱਟੀ ਸਮਾਜ ਅੰਦਰ ਆਮ ਆਦਮੀ ਦਾ ਜੀਵਨ ਮਿਆਰ ਹੈ। ਉਸ ਵਿਕਾਸ ਨੂੰ ਹੀ ਆਦਰਸ਼ ਅਤੇ ਸੰਤੁਲਿਤ ਸਮਝਿਆ ਜਾ ਸਕਦਾ ਹੈ, ਜਿਹੜਾ ਆਮ ਆਦਮੀ ਨੂੰ ਨਾ ਕੇਵਲ ਜੀਵਤ ਰਹਿਣ ਲਈ ਰੋਟੀ, ਕਪੜਾ ਤੇ ਮਕਾਨ ਵਰਗੀਆਂ ਬੁਨਿਆਦੀ ਚੀਜ਼ਾਂ ਮੁਹੱਈਆ ਕਰਵਾਏ ਸਗੋਂ ਇਨ੍ਹਾਂ ਚੀਜ਼ਾਂ ਦਾ ਪੱਧਰ ਵੀ ਬਦਲੇ ਹੋਏ ਸਮੇਂ ਤੇ ਪ੍ਰਸਥਿਤੀਆਂ ਦੇ ਅਨੁਕੂਲ ਹੋਵੇ। ਇਸ ਤੋਂ ਇਲਾਵਾ ਇਸ ਵਿਕਾਸ ਵਿਚ ਸਿਹਤ, ਸਿੱਖਿਆ ਅਤੇ ਸੁਰੱਖਿਆ ਦੀ ਵੀ ਬਿਹਤਰ ਵਿਵਸਥਾ ਹੋਵੇ। ਪਰ ਅਜਿਹੇ ਵਿਕਾਸ ਦੀ ਧਾਰਨਾ ਤੋਂ ਅਜੋਕੀ ਉਦਾਰਵਾਦੀ ਰਾਜਨੀਤੀ ਕੋਹਾ ਦੂਰ ਹੋ ਗਈ ਹੈ। ਇਸ ਰਾਜਨੀਤੀ ਨੇ ਆਮ ਆਦਮੀ ਦੀ ਮਾੜੀ ਮੋਟੀ ਪਰਵਾਹ ਕਰਨੀ ਵੀ ਛੱਡ ਦਿਤੀ ਹੈ। ਇਸ ਰਾਜਨੀਤੀ ਦਾ ਅਭਿਆਸ ਕਰਨ ਵਾਲਿਆਂ ਦੀ ਇਹ ਸਮਝ ਬਣ ਗਈ ਪ੍ਰਤੀਤ ਹੰਦੀ ਹੈ ਕਿ ਵੋਟ ਦਾ ਆਮ ਆਦਮੀ ਦੇ ਜੀਵਨ ਵਿਕਾਸ ਨਾਲ ਜੁੜੇ ਮੁੱਦਿਆਂ ਨਾਲ ਕੋਈ ਸਬੰਧ ਨਹੀਂ ਹੈ ਅਤੇ ਜੇਕਰ ਇਸ ਸਬੰਧ ਦੀ ਕੋਈ ਸੰਭਾਵਨਾ ਪੈਦਾ ਹੋ ਵੀ ਜਾਵੇ ਤਾਂ ਉਸ ਨੂੰ ਕੋਈ ਨਾ ਕੋਈ ਕੁਟਿਲ-ਨੀਤੀ ਵਰਤ ਕੇ ਖ਼ਤਮ ਕੀਤਾ ਜਾ ਸਕਦਾ ਹੈ।

ਉਦਾਰਵਾਦੀ ਰਾਜਸੀ ਪਾਰਟੀਆਂ, ਜਿਹੜੀਆਂ ਆਜ਼ਾਦੀ ਤੋਂ ਬਾਅਦ ਦੇਸ਼ ਦੀ ਸੱਤਾ ’ਤੇ ਕਾਬਜ਼ ਚੱਲੀਆਂ ਆ ਰਹੀਆਂ ਹਨ, ਕੀ ਰਾਸ਼ਟਰੀ ਤੇ ਕੀ ਖੇਤਰੀ ਸਾਰੀਆਂ ਹੀ ਇਨ੍ਹੀ ਦਿਨੀਂ ਬੁਨਿਆਦੀ ਢਾਂਚੇ ਦੇ ਵਿਕਾਸ ਮਾਡਲ ਨੂੰ ਵੋਟ ਲਈ ਵਰਤਣ ਦੀ ਨੀਤੀ ’ਤੇ ਅਮਲ ਕਰ ਰਹੀਆਂ ਹਨ। ਇਸ ਮਾਮਲੇ ’ਚ ਉਨ੍ਹਾਂ ਨੂੰ ਕਿਸੇ ਹੱਦ ਤਕ ਸਫ਼ਲਤਾ ਵੀ ਹਾਸਲ ਹੋ ਰਹੀ ਹੈ। ਵੋਟਾਂ ਹਾਸਲ ਕਰਨ ਦਾ ਇਹ ਤਰੀਕਾ ਉਨ੍ਹਾਂ ਲਈ ਆਸਾਨ ਵੀ ਹੈ। ਕੰਪਿਊਟਰਾਈਜ਼ਡ ਤਕਨੀਕਾਂ ਨੇ ਤਾਂ ਇਸ ਨੂੰ ਹੋਰ ਵੀ ਆਸਾਨ ਬਣਾ ਦਿਤਾ ਹੈ। ਪਿੱਛੇ ਜਿਹੇ ਪੰਜਾਬ ਗੱਠਜੋੜ ਸਰਕਾਰ ਦੀ ਵੱਡੀ ਭਾਈਵਾਲ ਪਾਰਟੀ ਦਾ ਸੁਪਰੀਮੋ ਨੰਬਰ ਦੋ ਇਕ ਨਿੱਜੀ ਟੀ.ਵੀ. ਚੈਨਲ ਤੋਂ ਵਿਕਾਸ ਦੇ ਹਵਾਲਿਆਂ ਨਾਲ ਪਾਰਟੀ ਪ੍ਰਚਾਰ ਕਰ ਰਿਹਾ ਸੀ ਤਾਂ ਨਾਲੋਂ ਨਾਲ ਸਕਰੀਨ ’ਤੇ ਸੜਕਾਂ, ਪੁਲਾਂ, ਕਮਰਸ਼ੀਅਲ ਇਮਾਰਤਾਂ ਦੇ ਦ੍ਰਿਸ਼ ਵੀ ਦਿਖਾਏ ਜਾ ਰਹੇ ਸਨ। ਇਹ ਸਾਰੇ ਦ੍ਰਿਸ਼ ਕੰਪਿਊਟਰ ਉਪਰ ਤਿਆਰ ਕੀਤੇ ਹੋਏ ਸਨ। ਨਕਲੀ ਸਨ, ਪਰ ਪ੍ਰਭਾਵਸ਼ਾਲੀ ਜਾਪ ਰਹੇ ਸਨ।

ਅਖੌਤੀ ਉਦਾਰਵਾਦੀ ਰਾਜਸੀ ਪਾਰਟੀਆਂ ਵਿਚ ਬੁਨਿਆਦੀ ਢਾਂਚੇ ਉਪਰ ਕੇਂਦਰਤ ਵਿਕਾਸ ਨੂੰ ਚੁਣਾਵੀ ਪ੍ਰਚਾਰ ਲਈ ਵਰਤਣ ਦੀ ਇਸ ਸਮੇਂ ਹੋੜ ਹੀ ਲੱਗੀ ਹੋਈ ਹੈ। ਇਨ੍ਹਾਂ ਰਾਜਨੀਤਕ ਪਾਰਟੀਆਂ ਦੇ ਆਗੂਆਂ ਦੀ ਅੱਖ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖਣ ਉਪਰ ਹੀ ਟਿਕੀ ਰਹਿੰਦੀ ਹੈ। ਜੇ ਅਜਿਹੇ ਪ੍ਰਾਜੈਕਟਾਂ ਵਿਚੋਂ ਕੋਈ ਮੁਕੰਮਲ ਹੋ ਚੁੱਕਾ ਹੋਵੇ ਤਾਂ ਇਨ੍ਹਾ ਨੂੰ ਇਹ ਤੌਖ਼ਲਾ ਵੱਢ-ਵੱਢ ਖਾਣ ਲਗਦਾ ਹੈ ਕਿ ਕਿਤੇ ਪ੍ਰਾਜੈਕਟ ਦੇ ਮੁਕੰਮਲ ਹੋਣ ਦਾ ਸਿਹਰਾ ਕਿਸੇ ਦੂਸਰੀ ਪਾਰਟੀ ਸਿਰ ਹੀ ਨਾ ਬੱਝ ਜਾਵੇ। ਪੰਜਾਬ ਤੇ ਕੇਂਦਰ ਵਿਚ ਇਸ ਸਮੇਂ ਇਕ ਦੂਜੇ ਦੇ ਵਿਰੋਧੀ ਗਠਜੋੜ ਸੱਤਾ ’ਚ ਹਨ, ਇਸ ਕਰ ਕੇ ਮੁਕੰਮਲ ਪ੍ਰਾਜੈਕਟਾਂ ਦੇ ਉਦਘਾਟਨ ਨੂੰ ਲੈ ਕੇ ਪੰਜਾਬ ਵਿਚ ਆਮ ਹੀ ਤਣਾਅ ਵਾਲੀ ਸਥਿਤੀ ਬਣ ਜਾਂਦੀ ਹੈ। ਇਨ੍ਹਾਂ ਪਾਰਟੀਆਂ ਨੇ ਅਪਣੇ ਨਾਂ ਦਾ ਡੰਕਾ ਤਾਂ ਜ਼ਰੂਰ ਇਨ੍ਹਾਂ ਪ੍ਰਾਜੈਕਟਾਂ ਦੇ ਉਦਘਾਟਨ ਸਮੇਂ ਵਜਾਇਆ ਹੈ ਪਰ ਇਨ੍ਹਾਂ ਪ੍ਰਾਜੈਕਟਾਂ ਵਿਚ ਕਿਰਤੀਆਂ ਦੀ ਕਿਰਤ ਸ਼ਕਤੀ ਤੇ ਲੋਕਾਂ ਤੋਂ ਟੈਕਸਾਂ ਰਾਹੀਂ ਇਕੱਤਰ ਧਨ ਦੀ ਦੇਣ ਦਾ ਜ਼ਿਕਰ ਮਾਤਰ ਵੀ ਕਦੇ ਨਹੀਂ ਕੀਤਾ। ਸੋ, ਵਿਕਾਸ ਦੀ ਗ਼ਲਤ ਅਤੇ ਅਪੂਰਣ ਧਾਰਨਾ ਅਧੀਨ ਹੋ ਰਹੇ ਵਿਕਾਸ ਨੂੰ ਵੀ ਅੱਗੋਂ ਵੋਟ ਨਾਲ ਜੋੜ ਕੇ ਲੋਕ ਵਿਰੋਧੀ ਸਿਆਸਤਦਾਨਾਂ ਵਲੋਂ ਭੰਬਲਭੂਸਾ ਹੀ ਪੈਦਾ ਕੀਤਾ ਜਾ ਰਿਹਾ ਹੈ।

ਨਿਰਸੰਦੇਹ ਦੇਸ਼ ਨੂੰ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਤੇ ਵਿਕਾਸ ਦੀ ਵੀ ਬਰਾਬਰ ਲੋੜ ਹੈ ਪਰ ਦੇਸ਼ ਵਾਸੀਆਂ ਨੂੰ ਭੁੱਖਾ ਮਾਰ ਕੇ ਕੀਤਾ ਜਾ ਰਿਹਾ ਇਹ ਵਿਕਾਸ ਕਦੇ ਵੀ ਦੇਸ਼ ਦੀ ਖ਼ੁਸ਼ਹਾਲੀ ਤੇ ਮਜ਼ਬੂਤੀ ਦਾ ਪ੍ਰਤੀਕ ਨਹੀਂ ਅਖਵਾ ਸਕਦਾ। ਅਜਿਹੇ ਵਿਕਾਸ ਦਾ ਪ੍ਰਚਾਰ ਕਰਨ ਵਾਲੇ ਰਾਜਸੀ ਦਲਾਂ ਅਤੇ ਇਸ ਨੂੰ ਦਰਸਾਉਣ ਵਾਲੇ ਵਿਗਿਆਪਨਾਂ ਤੋਂ ਵੀ ਸੁਚੇਤ ਰਹਿਣ ਦੀ ਲੋੜ ਹੈ।

## ਇਕ ਖਾਸ ਚਿੱਠੀ

ਪਿਆਰੇ ਦੋਸਤੋ, ਕੱਲ੍ਹ ਮੈਨੂੰ ਮੇਰੇ ਇਕ ਦੋਸਤ ਕੋਲੋਂ ਅਜਿਹੇ ਕੇਸ ਬਾਰੇ ਪਤਾ ਲੱਗਾ ਜੋ ਬਹੁਤ ਡਰਾਉਣਾ ਸੀ। ਉਸ ਦੇ ਦੋਸਤਾਂ ਵਿਚੋਂ ਇਕ ਜਣਾ ਦੁਬਈ ਰਾਹੀਂ ਇੰਗਲੈਂਡ ਆ ਰਿਹਾ ਸੀ। ਬਦਕਿਸਮਤੀ ਨਾਲ ਉਸ ਕੋਲ ਖਸ ਖਸ ਦਾ ਇਕ ਪੈਕੇਟ ਸੀ ਜੋ ਕਿ ਭਾਰਤੀ ਖਾਣਿਆਂ ਅਤੇ ਮਠਿਆਈਆਂ ਵਿਚ ਪਾਇਆ ਜਾਂਦਾ ਹੈ। ਖਸ ਖਸ ਨੂੰ 'ਪੋਪੀ ਸੀਡ’ ਵੀ ਕਿਹਾ ਜਾਂਦਾ ਹੈ ਜਿਸ ਤੋਂਅਫੀਮ ਬਣ ਸਕਦੀ ਹੈ। ਇਸ ਭੋਲੇ ਭਾਲੇ ਵਿਅਕਤੀ ਨੂੰ ਇਹ ਨਹੀਂ ਸੀ ਪਤਾ ਕਿ ਦੁਬਈ ਵਿਚ ਹਾਲ ਹੀ ’ਚ ਬਣੇ ਕਾਨੂੰਨ ਅਤੇ ਖਾੜੀ ਦੇ ਹੋਰਨਾਂ ਦੇਸ਼ਾਂ ਵਿਚ ਸੋਧੇ ਗਏ ਕਾਨੂੰਨ ਅਨੁਸਾਰ ਖਸ ਖਸ ਰੱਖਣ ਦੇ ਦੋਸ਼ ਹੇਠ ਘੱਟੋ ਘੱਟ 20 ਸਾਲ ਦੀ ਕੈਦ ਹੋ ਸਕਦੀ ਹੈ ਜਾਂ ਇਸ ਤੋਂ ਵੀ ਭਿਆਨਕ ਮੌਤ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਹੁਣ ਇਹ ਵਿਅਕਤੀ ਦੋ ਹਫਤਿਆਂ ਤੋਂ ਦੁਬਈ ਦੀ ਜੇਲ੍ਹ ਵਿਚ ਹੈ। ਉਸ ਦੇ ਮਿੱਤਰ ਉਸ ਨੂੰ ਛਡਾਉਣ ਦੀਆਂ ਬੇਹੱਦ ਕੋਸ਼ਿਸ਼ਾਂ ਕਰ ਰਹੇ ਹਨ ਪਰ ਪਤਾ ਲੱਗਾ ਹੈ ਕਿ ਇਹ ਕੇਸ ਬਹੁਤ ਹੀ ਗੰਭੀਰ ਹੈ। ਵਕੀਲ ਇਸ ਕੇਸ ਲਈ ਮੋਟੀ ਰਕਮ ਮੰਗ ਰਹੇ ਹਨ। ਮੇਰੀ ਭਾਰਤ ਵਾਸੀਆਂ ਨੂੰ ਅਪੀਲ ਹੈ ਕਿ ਉਹ ਜਦੋਂ ਖਾੜੀ ਦੇਸ਼ਾਂ ਵੱਲ ਸਫਰ ਕਰਨ ਤਾਂ ਖਸ ਖਸ ਕੱਚੀ, ਭੁੰਨੀ ਹੋਈ ਜਾਂ ਪੱਕੀ ਹੋਈ ਕਿਸੇ ਵੀ ਰੂਪ ਵਿਚ ਨਾਲ ਨਾ ਲੈ ਕੇ ਜਾਣ। ਇਸ ਤੋਂ ਇਲਾਵਾ ਪਾਨ, ਸੁਪਾਰੀ ਅਤੇ ਇਸ ਤੋਂ ਬਣੇ ਕੋਈ ਪਦਾਰਥ ਜਿਵੇਂ ਕਿ ਪਾਨ ਪਰਾਗ ਆਦਿ ਵਰਗੀ ਕੋਈ ਵੀ ਚੀਜ਼ ਨਾਲ ਚੁੱਕਣ ਦੀ ਕਦੇ ਭੁੱਲ ਨਾ ਕਰਨ, ਨਹੀਂ ਤਾਂ ਸਾਰੀ ਜ਼ਿੰਦਗੀ ਜੇਲ੍ਹ ਵਿਚ ਕੱਟਣੀ ਪੈ ਸਕਦੀ ਹੈ।

ਸ਼ਰਨਪਾਲ ਸੰਧੂ
*ਐਡਮਿੰਟਨ*

# ਆਪਣੇ ਆਪ ਵਿਚ ਸਿਮਟੇ ਵੋਟਰ



ਮ੍ਰਿਣਾਲ ਪਾਂਡੇ

ਮੌਨਸੂਨ ਸੈਸ਼ਨ ਦੌਰਾਨ ਦੇਸ਼ ਵਿਆਪੀ ਮਹਿੰਗਾਈ ਅਤੇ ਰਾਸ਼ਟਰ ਮੰਡਲ ਖੇਡਾਂ ਵਿਚ ਘਪਲੇਬਾਜ਼ੀ 'ਤੇ ਉਤੇਜਕ ਬਹਿਸਾਂ ਦੌਰਾਨ ਅਸੀਂ ਆਪਣਾ ਆਜ਼ਾਦੀ ਦਿਹਾੜਾ ਮਨਾਇਆ ਸੀ। ਲਾਲ ਕਿਲ੍ਹੇ 'ਤੇ ਝੰਡਾ ਲਹਿਰਾਉਣ ਅਤੇ ਰਾਸ਼ਟਰ ਗੀਤ ਗਾਏ ਜਾ ਚੁੱਕਣ ਤੋਂ ਤੁਰੰਤ ਬਾਅਦ ਲਾਲੂ ਯਾਦਵ ਤੇ ਮੁਲਾਇਮ ਸਿੰਘ ਦੀ ਅਗਵਾਈ ਵਿਚ ਸੰਸਦ ਮੈਂਬਰਾਂ ਨੇ ਆਪਣਾ ਵੇਤਨ ਵਧਾਉਣ ਦੀ ਪੁਰਜ਼ੋਰ ਮੰਗ ਫਿਰ ਬੁਲੰਦ ਕੀਤੀ ਅਤੇ ਲੋਕ ਸਭਾ ਵਿਚ ਸੰਸਦ ਮੈਂਬਰਾਂ ਦਾ ਵੇਤਨ ਤਿੰਨ ਗੁਣਾ ਬਣਾਉਣ ਵਾਲਾ ਬਿਲ ਆਰਾਮ ਨਾਲ ਪਾਸ ਵੀ ਹੋ ਗਿਆ। ਚੋਣਾਂ ਤੋਂ ਪਹਿਲਾਂ ਹੀ ਦਿੱਤੀ ਗਈ ਜਾਣਕਾਰੀ ਅਨਸੁਾਰ ਜਿਸ ਸਦਨ ਦੇ 58 ਮੈਂਬਰ ਕਰੋੜਪਤੀ ਹੋਣ, ਉਥੇ ਸਿਵਾਏ ਅੰਬਿਕਾ ਸੋਨੀ ਅਤੇ ਵਾਇਲਾਰ ਰਵੀ ਦੇ, ਕਿਸੇ ਨੇ ਵੀ ਖੁੱਲ੍ਹ ਕੇ ਇਸ ਤਿੰਨ ਗੁਣੀ ਤਨਖਾਹ ਨੂੰ ਗ਼ੈਰ ਜ਼ਰੂਰੀ ਦੱਸਣ ਦੀ ਜ਼ਹਿਮਤ ਨਹੀਂ ਸਮਝੀ। ਵਧਦੀਆਂ ਕੀਮਤਾਂ 'ਤੇ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕਰਨ ਵਾਲੇ ਵਿਰੋਧੀਆਂ ਨੇ ਵੀ ਨਹੀਂ ਮੰਨਿਆ ਕਿ ਕਮਰਤੋੜ ਮਹਿੰਗਾਈ ਨਾਲ ਜਨਤਾ ਨੂੰ ਰਾਹਤ ਦਿਵਾਉਣ ਤੋਂ ਪਹਿਲਾਂ ਜਨਤਾ ਦੇ ਨੁਮਾਇੰਦਿਆਂ ਵੱਲੋਂ ਖੁਦ ਆਪਣੇ ਲਈ ਕਈ ਗੁਣਾ ਵੇਤਨ ਵਾਧੇ ਦਾ ਇਹ ਪ੍ਰਸਤਾਵ ਨਾ ਤਾਂ ਸਭਿਅਕ ਲਗਦਾ ਹੈ ਅਤੇ ਨਾ ਹੀ ਇਹ ਸਮਾਂ-ਸੰਗਤ ਅਤੇ ਉਚਿਤ ਹੈ। ਗਰੀਬਾਂ ਅਤੇ ਪੱਛੜਿਆਂ ਦੇ ਆਪੇ ਬਣੇ ਮਸੀਹਾ ਵੀ ਇਸ ਮੌਕੇ ਇਹ ਭੁੱਲ ਗਏ ਕਿ ਕਦੇ ਖੁਦ ਉਨ੍ਹਾਂ ਦੇ ਗੁਰੂ ਰਾਮ ਮਨੋਹਰ ਲੋਹੀਆ ਨੂੰ ਆਜ਼ਾਦੀ ਤੋਂ ਬਾਅਦ ਗਰੀਬ ਵੋਟਰ ਬਹੁਤਾਤ ਦੇਸ਼ ਦੇ ਤਤਕਾਲੀਨ ਪ੍ਰਧਾਨ ਮੰਤਰੀ ਦਾ ਵੇਤਨ (25000 ਰੁਪਏ ਪ੍ਰਤੀ ਮਹੀਨਾ) ਵੀ ਅਸਹਿਣ ਮਹਿਸੂਸ ਹੋਇਆ ਸੀ ਅਤੇ ਉਨ੍ਹਾਂ ਨੇ ਲੋਕ ਸਭਾ ਵਿਚ ਉਸ ਵਿਚ ਕਟੌਤੀ ਦੀ ਮੰਗ ਕਰ ਦਿੱਤੀ ਸੀ।

ਖ਼ੈਰ ਵੇਤਨ ਵੱਧ ਗਿਆ। ਸੰਸਦ ਮੈਂਬਰ ਸੰਤੁਸ਼ਟ ਹੋ ਗਏ। ਵੋਟਰ ਖਾਮੋਸ਼ ਹਨ। ਹਾਲਾਂਕਿ ਕੁਝ ਪੁਰਾਣੇ ਲੋਕਾਂ ਨੇ ਯਾਦ ਦਿਵਾਉਂਦੇ ਹੋਏ ਦੱਸਿਆ ਕਿ ਸਿਆਸਤ ਵਿਚ ਤਾਂ ਆਪਣਾ ਅਤੇ ਦਲ ਦਾ ਹਿੱਤ ਹੀ ਪਹਿਲਾਂ ਰੱਖਿਆ ਜਾਂਦਾ ਹੈ। ਯਾਦ ਨਹੀਂ, ਪੰਜਾਹ ਸਾਲ ਪਹਿਲਾਂ ਕੇਂਦਰੀ ਖੁਫੀਆ ਏਜੰਸੀ ਦੀ ਇਕ ਰਿਪੋਰਟ ਨੇ ਜਦੋਂ ਉੜੀਸਾ ਵਿਚ ਪਟਨਾਇਕ-ਮਿਤਰਾ ਗੁੱਟ ਵੱਲੋਂ ਸੱਤਾ ਦਾ ਲਾਭ ਲੈਂਦੇ ਹੋਏ ਕਈ ਬੇਨਿਯਮੀਆਂ ਕਰਨ ਦੀ ਗੱਲ ਉਜਾਗਰ ਕਰ ਕੇ ਕਾਫੀ ਹੋ-ਹੱਲਾ ਖੜਾ ਕਰ ਦਿੱਤਾ ਸੀ, ਤਾਂ ਉਸ ਦੇ ਬਾਵਜੂਦ ਤੱਤਕਾਲੀਨ ਪਾਰਟੀ ਮੁਖੀ ਕਾਮਰਾਜ ਨੇ ਬੀਜੂ ਪਟਨਾਇਕ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਸੀ ਕਿ ਉਹ ਭੁਵਨੇਸ਼ਵਰ ਜਾ ਕੇ ਪਾਰਟੀ ਦਾ ਚੋਣਾਂ ਦਾ ਕੰਮਕਾਜ ਸੰਭਾਲਣ ਅਤੇ ਮੁੱਖ ਮੰਤਰੀ ਸਦਾਸ਼ਿਵ ਤ੍ਰਿਪਾਠੀ ਨੂੰ ਆਰਾਮ ਕਰਨ ਲਈ ਕਹਿਣ।

ਜਨਪ੍ਰਤੀਨਿਧੀਆਂ ਦੀ ਦੁਨੀਆ ਨੂੰ ਲੋਕਤੰਤਰ ਵਿਚ ਆਮ ਵੋਟਰ ਦੇ ਜੀਵਨ ਤੋਂ ਵੱਖ ਕਰਦੇ ਜਾਣ ਦਾ ਨਤੀਜਾ ਹੈ ਕਿ ਅੱਜ ਜਦੋਂ ਝਾਰਖੰਡ ਦੇ ਦੋ ਸਾਬਕਾ ਮੁੱਖ ਮੰਤਰੀ ਅਤੇ ਅਰੁਣਾਚਲ ਦੇ ਸਾਬਕਾ ਮੁੱਖ ਮੰਤਰੀ ਜਨਤਾ ਦੀ ਮਿਹਨਤ ਦੀ ਕਮਾਈ ਦੇ ਪੈਸਿਆਂ ਵਿਚ ਭਾਰੀ ਹੇਰਾਫੇਰੀ ਦੇ ਦੋਸ਼ਾਂ ਵਿਚ ਗ੍ਰਿਫਤਾਰ ਕਰ ਲਏ ਜਾਂਦੇ ਹਨ, ਤਾਂ ਨਾ ਕਿਸੇ ਨੂੰ ਹੈਰਾਨੀ ਹੁੰਦੀ ਹੈ ਨਾ ਧੱਕਾ ਲੱਗਦਾ ਹੈ। ਜਿਵੇਂ ਇਹ ਬਿਲਕੁਲ ਮਾਮੂਲੀ ਜਿਹੀ ਗੱਲ ਹੋਵੇ ਕਿ ਆਦਿਵਾਸੀ ਬਹੁਤਾਤ, ਮਹਤੱਵਪੂਰਨ ਵਣ ਅਤੇ ਖਣਿਜ ਸੰਪਤੀ ਵਾਲੇ, ਨਕਸਲੀ ਹਿੰਸਾ ਤੋਂ ਪੀੜਤ ਅਤੇ ਸੰਵੇਦਨਸ਼ੀਲ ਸਰਹੱਦਾਂ ਨਾਲ ਲੱਗੇ ਸੂਬਿਆਂ ਦੇ ਵੱਡੇ ਨੇਤਾ ਘਪਲਿਆਂ ਵਿਚ ਦੋਸ਼ੀ ਸਿੱਧ ਹੋ ਕੇ ਜੇਲ੍ਹ ਭੇਜੇ ਜਾਣ। ਵੋਟਰਾਂ ਦੀ ਇਹ ਉਦਾਸੀਨਤਾ ਲੋਕਤੰਤਰ ਅਤੇ ਅਰਥਤੰਤਰ, ਦੋਵਾਂ ਨੂੰ ਬਹੁਤ ਭਾਰੀ ਪੈ ਸਕਦੀ ਹੈ। ਆਪਣੀ ਦੁਨੀਆ ਵਿਚ ਸਿਮਟਦਾ ਸਾਡਾ ਮੀਡੀਆ ਕਹਿ ਰਿਹਾ ਹੈ ਕਿ ਵੋਟਰ ਚਿੰਤਤ ਹਨ। ਕੇਂਦਰੀ ਖੁਫੀਆ ਏਜੰਸੀਆਂ, ਕੈਗ, ਚੌਕਸੀ ਕਮਿਸ਼ਨ ਵੱਲੋਂ ਨਾਮਜ਼ਦ ਦੋਸ਼ੀਆਂ ਨੂੰ ਕਦੇ ਦੁਨੀਆ ਅੱਗੇ ਦੇਸ਼ ਦੀ ਦਿਖ ਬਚਾਉਣ ਅਤੇ ਕਦੇ ਅੱਧ ਵਿਚਾਲੇ ਸਰਕਾਰ ਡਿੱਗਣ ਦੇ ਡਰ ਦਾ ਹਵਾਲਾ ਦੇ ਕੇ ਬਖਸ਼ਿਆ ਜਾ ਰਿਹਾ ਹੈ। ਘਪਲਿਆਂ ਦੀ ਮੂਸਲਾਧਾਰ ਵਾਛੜ ਦਰਮਿਆਨ ਸੱਤਾ ਦੇ ਗੋਵਰਧਨ ਪਰਬਤ ਨੂੰ ਜਿਵੇਂ-ਕਿਵੇਂ ਟਿਕਾਏ ਰੱਖਣ ਵਾਲੀ ਉਂਗਲੀ ਡਗਮਗਾ ਰਹੀ ਹੈ, ਪਰ ਕੀ ਕਰੀਏ ਵਿਰੋਧੀ ਧਿਰ ਵਿਚ ਵੀ ਵੋਟਰ ਨੂੰ ਦਮ ਨਹੀਂ ਦਿਖ ਰਿਹਾ। ਪਹਾੜ ਦੀ ਆੜ ਵਿਚ ਦੇਸ਼ ਬਦਲ ਲੱਭਣ ਬਾਹਰ ਨਿਕਲਿਆ ਤਾਂ ਸਿਰ ਉਪਰ ਰਹੀ ਸਹੀ ਛਤ ਚਲੀ ਜਾਵੇਗੀ, ਪਰ ਜੇਕਰ ਅੰਦਰ ਰਿਹਾ ਤਾਂ ਦੇਰ-ਸਵੇਰ ਕਿਤੇ ਅਜਿਹਾ ਨਾ ਹੋਵੇ ਕਿ ਪਰਬਤ ਦਾ ਪੂਰਾ ਮਲਬਾ ਹੀ ਸਿਰ 'ਤੇ ਡਿੱਗ ਪਏ।

ਕਦੇ ਦੇਸ਼ ਦੀ ਲੋਕ ਸਭਾ ਵਿਚ ਅਚਾਰਿਆ ਕ੍ਰਿਪਲਾਨੀ ਨੇ ਸੱਤਾਧਾਰੀ ਸਰਕਾਰ ਦੇ ਖਿਲਾਫ ਵਿਰੋਧੀ ਧਿਰ ਵੱਲੋਂ ਨਿੰਦਾ ਪ੍ਰਸਤਾਵ ਲਿਆਉਣ 'ਤੇ ਵਾਰ ਕਰਦੇ ਹੋਏ ਕਿਹਾ ਸੀ ਕਿ ਆਪਣੇ ਹੀ ਭਾਰ ਨਾਲ ਧਸ ਰਹੀ ਸਰਕਾਰ ਨਿੰਦਾ ਨਹੀਂ, ਦਇਆ ਪ੍ਰਸਤਾਵ ਦੇ ਲਾਇਕ ਲਗਦੀ ਹੈ। ਅੱਜ ਅਜਿਹੀ ਦਇਆਮਈ ਦਸ਼ਾ ਹਰ ਦਲ ਦੀ ਹੋ ਚੁੱਕੀ ਹੈ। ਹਾਂ, ਦੇਸ਼ ਨੂੰ ਵਿਕਾਸ ਲਈ ਕਿਸੇ ਨਵੇਂ ਬਲਿਊ ਪ੍ਰਿੰਟ ਅਤੇ ਇਕ ਨਵੀਂ ਸਾਫ-ਸੁਥਰੀ ਅਗਵਾਈ ਦੀ ਲੋੜ ਹੈ। ਪਰ ਹਰ ਦਲ ਵਿਚ ਨੌਜਵਾਨਾਂ ਦੀ ਮੌਜੂਦਗੀ ਤੋਂ ਬਾਅਦ ਵੀ ਸੱਤਾ ਦੀਆਂ ਟਾਹਣੀਆਂ 'ਤੇ ਉਹੀ ਪੁਰਾਣੇ ਨੇਤਾ ਪੱਕੇ ਫਲਾਂ ਵਾਂਗ ਕਿਉਂ ਲਟਕ ਰਹੇ ਹਨ? ਪੁਰਾਣੇ ਨੂੰ ਚੜ੍ਹਾ ਕੇ ਨਵੇਂ ਨੂੰ ਪੈਦਾ ਹੋਣ ਦਾ ਮੌਕਾ ਦੇਣ, ਅਜਿਹੀ ਕੋਈ ਵੱਡੀ ਹਨੇਰੀ ਨਾ ਤਾਂ ਸਿਆਸਤ ਅੰਦਰ ਬਣ ਰਹੀ ਹੈ, ਨਾ ਹੀ ਬਾਹਰ ਕਿਸੇ ਚਮਤਕਾਰੀ ਅਵਤਾਰ ਦਾ ਚੁੱਪਚਾਪ ਇੰਤਜ਼ਾਰ ਕਰਦੀ ਜਨਤਾ ਵਿਚਾਲੇ। ਕੀ ਇਹ ਭਾਰਤੀ ਵੋਟਰ ਵੀ ਦਇਆ ਦੇ ਪ੍ਰਸਤਾਵ ਦੇ ਯੋਗ ਨਜ਼ਰ ਨਹੀਂ ਆਉਂਦਾ? ਕੁਝ ਲੋਕਾਂ ਨੂੰ ਵਿਦਿਆਰਥੀਆਂ ਜਾਂ ਕਿਸਾਨਾਂ ਜਾਂ ਆਦਿਵਾਸੀਆਂ ਵੱਲੋਂ ਛੇੜੇ ਗਏ ਤਾਜ਼ਾ ਸਥਾਨਕ ਅੰਦੋਲਨਾਂ ਵਿਚ ਬਦਲਾਅ ਦੀ ਸੰਭਾਵਨਾ ਨਜ਼ਰ ਆਉਂਦੀ । ਪਰ ਅਸੀਂ ਦੇਖਦੇ ਹਾਂ ਕਿ ਉਨ੍ਹਾਂ ਦੇ ਅੰਦੋਲਨ ਅਕਸਰ ਸਥਾਨਕ ਕਿਸਮ ਦੇ ਮਸਲਿਆਂ 'ਤੇ ਹੀ ਕੇਂਦਰਤ ਰਹਿੰਦੇ ਹਨ। ਉਨ੍ਹਾਂ ਅੰਦੋਲਨਾਂ ਪਿਛੇ ਆਮਤੌਰ 'ਤੇ ਕੋਈ ਵੱਡੇ ਰਾਸ਼ਟਰ ਪੱਧਰੀ ਮੁੱਦੇ ਨਹੀਂ ਹੁੰਦੇ। ਨਿੱਜੀ ਇਛਾਵਾਂ ਨਾਲ ਜਾਂ ਚੋਣਾਂ ਨੇੜੇ ਮਹਿਸੂਸਦਿਆਂ ਅੱਗੇ ਆਏ ਆਗੂਆਂ ਦੇ ਵਿਹਾਰ ਵਿਚ ਕਿਸੇ ਬੱਸ ਵੱਲੋਂ ਵਿਦਿਆਰਥੀ ਨੂੰ ਟੱਕਰ ਮਾਰ ਦੇਣ, ਕੈਂਟੀਨ ਦੀ ਅਸੁਵਿਧਾ ਜਾਂ ਪ੍ਰੀਖਿਆ ਦੀ ਟਾਈਮਿੰਗ ਜਾਂ ਵਧੇਰੇ ਜ਼ਮੀਨੀ ਮੁਆਵਜ਼ੇ ਜਾਂ ਜਾਤੀ ਕੋਟਾ ਪਾਉਣ ਲਈ ਹੋਏ ਹਾਲ ਹੀ ਦੇ ਅੰਦੋਲਨਾਂ ਪਿਛੇ ਸੀਮਤ ਤਤਕਾਲੀਨ ਕਾਰਨ ਸਨ। ਅਗਨੀ ਵਾਰ ਕਰਦੀ ਬਿਆਨਬਾਜ਼ੀ ਅਤੇ ਧਰਨਿਆਂ ਤੋਂ ਬਾਅਦ ਅਕਸਰ ਸੀਮਤ ਜਿਹੇ ਮੁੱਦਿਆਂ ਨੂੰ ਪ੍ਰਮਾਣਤਾ ਦੇ ਕੇ ਅਤੇ ਕੁਝ ਤਬਾਦਲੇ-ਬਰਖਾਸਤਗੀਆਂ ਆਦਿ ਕਰਵਾ ਕੇ ਇਹ ਅੰਦੋਲਨ ਤੇ ਉਨ੍ਹਾਂ ਦੀ ਅਗਵਾਈ ਕਰਨ ਵਾਲੇ ਆਗੂ ਕਿਤੇ ਗਾਇਬ ਹੋ ਜਾਂਦੇ ਹਨ ਜਾਂ ਨਗਰ ਇਕਾਈਆਂ, ਵਿਧਾਨ ਸਭਾ ਦੇ ਚੋਣ ਟਿਕਟ ਲੈ ਕੇ ਵਿਵਸਥਾ ਦੀ ਕਿਸ਼ਤੀ 'ਤੇ ਸਵਾਰੀ ਕਰਨ ਲਗਦੇ ਹਨ। ਕੁਝ ਲੋਕ ਕਹਿਣਗੇ ਕਿ ਬੁੱਧ ਤੇ ਗਾਂਧੀ ਦੇ ਦੇਸ਼ ਵਿਚ ਅਸੀਂ ਲੋਕ ਏਨੀ ਜਲਦੀ ਉਤੇਜਿਤ ਨਹੀਂ ਹੁੰਦੇ। ਸਵਾਲ ਪੈਦਾ ਹੁੰਦਾ ਹੈ ਕਿ ਸੜਕ 'ਤੇ ਵਾਹਨ ਉਪਰ ਥੋੜ੍ਹੀ ਜਿਹੀ ਝਰੀਟ ਲੱਗਣ 'ਤੇ ਲੋਹੇ ਦੇ ਸਰੀਏ ਨਾਲ ਅਗਲੇ ਨੂੰ ਕੁੱਟ ਦੇਣ ਵਾਲਿਆਂ, ਦਾਲ ਵਿਚ ਨਮਕ ਘੱਟ ਹੋਣ 'ਤੇ ਬੀਵੀ ਨੂੰ ਕੁੱਟ ਦੇਣ ਵਾਲਿਆਂ ਅਤੇ ਹੋਮ ਵਰਕ ਨਾ ਕਰਨ 'ਤੇ ਛੋਟੀ ਉਮਰ ਦੇ ਵਿਦਿਆਰਥੀਆਂ ਦੀ ਅੱਖ, ਕੰਨ ਜ਼ਖ਼ਮੀ ਕਰ ਦੇਣ ਵਾਲਿਆਂ ਦੇ ਇਸ ਦੇਸ਼ ਵਿਚ ਆਮ ਨਾਗਰਿਕ ਨੂੰ ਕਦੇ-ਕਦਾਈਂ ਹੀ ਸਹੀ, ਆਪਣੇ ਚੁਣੇ ਪ੍ਰਤੀਨਿਧੀਆਂ ਅਤੇ ਜਨਤਕ ਅਮਾਨਤ ਵਿਚ ਭਿਆਨਕ ਵਿਘਨ ਪਾਉਣ ਵਾਲਿਆਂ 'ਤੇ ਸਖਤ ਕਾਰਵਾਈ ਲਈ ਕੁਰੇਦਣ ਲਾਇਕ ਸਮੂਹਕ ਗੁੱਸਾ ਕਿਉਂ ਨਹੀਂ ਆਉਂਦਾ? ਕੀ ਸਾਡਾ ਗੁੱਸਾ ਸਿਰਫ ਨਿੱਜੀ ਸੰਪਤੀ ਨਾਲ ਛੇੜਛਾੜ ਜਾਂ ਆਪਣੀ ਜਾਤੀ, ਫਿਰਕੇ ਦੇ ਕਿਸੇ ਨੌਜਵਾਨ 'ਤੇ ਜ਼ੁਲਮ ਹੋਣ 'ਤੇ ਹੀ ਉਬਲਦਾ ਹੈ ਅਤੇ ਮੌਮਬੱਤੀ ਵਾਲੇ ਸ਼ਾਂਤੀ ਮਾਰਚ ਦੇ ਨਾਲ ਠੰਢਾ ਵੀ ਹੋ ਜਾਂਦਾ ਹੈ? ਜੇਕਰ ਸਿਆਸੀ ਬਦਲੇ ਦੇ ਦੋਸ਼ ਤੋਂ ਬਚਣ ਜਾਂ ਦੇਸ਼ ਦੀ ਇਜ਼ਤ 'ਤੇ ਚਾਦਰ ਪਾਏ ਰੱਖਣ ਜਾਂ ਚੋਣ ਸਿਆਸਤ ਦੇ ਨਾਂ 'ਤੇ ਕਰੀਬ ਹਰ ਅਪਰਾਧੀ ਪ੍ਰਤੀ ਨਰਮੀ ਵਰਤੀ ਜਾਣ ਲੱਗੀ ਤਾਂ ਫੇਰ ਤਾਂ ਨਿਆਂ ਵਿਵਸਥਾ ਰਚਣ ਦਾ ਉਦੇਸ਼ ਹੀ ਹਾਰ ਜਾਏਗਾ। ਕੁਲ ਮਿਲਾ ਕੇ ਲੋਕਤੰਤਰ ਵਿਚ ਵੋਟਰ ਦੀ ਵਧਦੀ ਉਤਮ ਕੇਂਦਰਿਤ ਉਦਾਸੀਨਤਾ ਹੋਵੇ, ਨੁਕਸਾਨ ਸਾਨੂੰ ਹੀ ਹੈ।



## ਖੁੱਲ੍ਹੀ ਖਿੜਕੀ

### ਸੁਰੱਖਿਆ ਬਲ ਵਿਸ਼ੇਸ਼ ਅਧਿਕਾਰ ਕਾਨੂੰਨ

ਉਮਰ ਅਬਦੁੱਲਾ ਨੇ ਕਸ਼ਮੀਰ ਵਿਚੋਂ ਹਥਿਆਰਬੰਦ ਸੁਰੱਖਿਆ ਬਲ ਵਿਸ਼ੇਸ਼ ਅਧਿਕਾਰ ਐਕਟ ਹਟਾਉਣ ਦੀ ਗੱਲ ਕਹੀ ਹੈ। ਇਸ ਤੋਂ ਪਹਿਲਾਂ ਵੀ ਇਸ ਖਿਲਾਫ ਮਨੁੱਖੀ ਅਧਿਕਾਰ ਜਥੇਬੰਦੀਆਂ ਦੇ ਕਾਰਕੁੰਨ ਆਵਾਜ਼ ਉਠਾਉਂਦੇ ਰਹੇ ਹਨ। ਹਥਿਆਰਬੰਦ ਬਲਾਂ ਨੂੰ ਅਸ਼ਾਂਤ ਖੇਤਰਾਂ ਵਿਚ ਦੇਖਦੇ ਹੀ ਗੋਲੀ ਮਾਰਨ, ਬਿਨਾਂ ਵਾਰੰਟ ਦੇ ਗ੍ਰਿਫਤਾਰ ਕਰਨ, ਤਸੀਹੇ ਦੇਣ, ਸੰਪਤੀ ਜ਼ਬਤ ਕਰਨ ਜਾਂ ਤਬਾਹ ਕਰਨ, ਤਲਾਸ਼ੀ ਲੈਣ ਵਰਗੇ ਵਿਸ਼ੇਸ਼ ਅਧਿਕਾਰ ਦੇਣ ਵਾਲਾ ਇਹ ਕਾਨੂੰਨ ਸੰਸਦ ਵਿਚ 11 ਸਤੰਬਰ 1958 ਨੂੰ ਪਾਸ ਕੀਤਾ ਗਿਆ ਸੀ।

ਇਸ ਕਾਨੂੰਨ ਤਹਿਤ ਹਥਿਆਰਬੰਦ ਬਲਾਂ ਖਿਲਾਫ ਕਿਸੇ ਤਰ੍ਹਾਂ ਦਾ ਦੋਸ਼ ਨਹੀਂ ਲਗਾਇਆ ਜਾ ਸਕਦਾ। ਇਸ ਨੂੰ ਅਸ਼ਾਂਤ ਖੇਤਰ ਵਿਚ ਕੁਝ ਸਮਾਂ ਪਹਿਲਾਂ ਲਾਗੂ ਕੀਤਾ ਗਿਆ, ਜੋ ਪੰਜ ਦਹਾਕੇ ਬਾਅਦ ਵੀ ਉਥੇ ਮੌਜੂਦ ਹੈ। ਪਿਛਲੀ ਸ਼ਤਾਬਦੀ ਦੇ ਅਠੱਵੇਂ ਨੌਂਵੇਂ ਦਹਾਕੇ ਵਿਚ ਪੰਜਾਬ ਵਿਚ ਜਦੋਂ ਵੱਖਵਾਦੀ ਅੰਦੋਲਨਾਂ ਨੇ ਸਿਰ ਚੁੱਕਿਆ ਸੀ, ਤਾਂ ਉਥੇ ਵੀ ਇਹ ਕਾਨੂੰਨ ਲਾਗੂ ਕਰ ਦਿੱਤਾ ਗਿਆ ਸੀ। ਜੁਲਾਈ, 1990 ਵਿਚ ਜੰਮੂ ਕਸ਼ਮੀਰ ਵਿਚ ਵੀ ਇਹ ਕਾਨੂੰਨ ਲਾਗੂ ਕੀਤਾ ਗਿਆ। ਅਗਸਤ 2004 ਵਿਚ ਮਣੀਪੁਰ ਸਰਕਾਰ ਨੇ ਇਸ ਨੂੰ ਖੇਤਰਾਂ ਤੋਂ ਹਟਾ ਲਿਆ ਸੀ।

ਇਸ ਕਾਨੂੰਨ ਖਿਲਾਫ ਕੌਮੀ ਤੋਂ ਲੈ ਕੇ ਕੌਮਾਂਤਰੀ ਮੰਚਾਂ ਤੱਕ ਸਵਾਲ ਉਠਦੇ ਰਹੇ ਹਨ। ਮਨੁੱਖੀ ਅਧਿਕਾਰ ਕਮਿਸ਼ਨ ਇਸ ਨੂੰ ਬਸਤੀਵਾਦੀ ਯੁੱਗ ਦਾ ਕਾਨੂੰਨ ਮੰਨਦਾ ਹੈ। ਰੱਖਿਆ ਅਧਿਐਨ ਅਤੇ ਵਿਸ਼ਲੇਸ਼ਣ ਸੰਸਥਾ ਨੇ ਵੀ ਆਪਣੀ ਰਿਪੋਰਟ ਵਿਚ ਇਸ ਕਾਨੂੰਨ ਦੀ ਓਟ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਪੁਸ਼ਟੀ ਕੀਤੀ। ਹਥਿਆਰਬੰਦ ਬਲਾਂ ਵੱਲੋਂ ਮਣੀਪੁਰ ਦੀ ਮਨੋਰਮਾ ਨਾਲ ਬਲਾਤਕਾਰ ਅਤੇ ਹਤਿਆ ਤੋਂ ਬਾਅਦ ਭਾਰਤ ਸਰਕਾਰ ਨੇ ਇਸ ਕਾਨੂੰਨ ਦੀ ਸਮੀਖਿਆ ਲਈ ਪੰਜ ਮੈਂਬਰੀ ਇਕ ਕਮੇਟੀ ਬਣਾਈ। ਕਮੇਟੀ ਨੇ ਜੂਨ, 2005 ਨੂੰ ਸੌਂਪੀ ਆਪਣੀ ਰਿਪੋਰਟ ਵਿਚ ਇਸ ਨੂੰ ਖਾਰਜ ਕਰਨ ਦੀ ਸਿਫਾਰਸ਼ ਕੀਤੀ। ਦਸੰਬਰ 2006 ਵਿਚ ਪ੍ਰਧਾਨ ਮੰਤਰੀ ਨੇ ਜੋ ਕਾਰਜ ਕਮੇਟੀ ਕਾਇਮ ਕੀਤੀ, ਉਸ ਨੇ ਵੀ ਇਸ ਨੂੰ ਰੱਦ ਕਰਨ ਦੀ ਸਿਫਾਰਸ਼ ਕੀਤੀ ਸੀ, ਪਰ ਸਸ਼ਤਰ ਬਲਾਂ ਦੇ ਵਿਰੋਧ ਕਾਰਨ ਕੈਬਨਿਟ ਨੇ ਕਾਰਵਾਈ ਨਹੀਂ ਕੀਤੀ। ਭਾਰਤੀ ਜਨਤਾ ਪਾਰਟੀ ਕਸ਼ਮੀਰ ਵਿਚੋਂ ਇਸ ਕਾਨੂੰਨ ਨੂੰ ਹਟਾਉਣ ਦਾ ਵਿਰੋਧ ਕਰ ਰਹੀ ਹੈ।

## ਧੁਖ਼ਦਾ ਕਾਲਮ

ਸੁਸ਼ੀਲ ਦੁਸਾਂਝ

# ਭੀੜਾਂ ਨੂੰ ਚਿਹਰੇ ਮਿਲਣ



ਲਹੂ ਨੇ ਕੌਮਾਂ ਦੀਆਂ ਤਕਦੀਰਾਂ ਬਦਲਨੀਆਂ ਹੁੰਦੀਆਂ ਹਨ ਪਰ ਅਜੱਕਲ ਇਹ ਲਹੂ ਅਜਾਂਈਂ ਜਾ ਰਿਹਾ ਹੈ। ਜਿਨ੍ਹਾਂ ਹਾਦਸਿਆਂ ਦਾ ਜ਼ਿਕਰ ਉਪਰ ਹੋਇਆਂ ਹੈ, ਇਹ ਕੁਦਰਤਨ ਨਹੀਂ ਵਾਪਰਦੇ। ਹਾਦਸਿਆਂ ਲਈ ਜ਼ਮੀਨ ਤਿਆਰ ਹੋਈ/ ਕਰਾਈ ਹੁੰਦੀ ਹੈ। ਸਮਾਜ ਦੇ ਵੱਖ-ਵੱਖ ਹਿੱਸਿਆਂ ਵਿਚ ਲਗਾਤਾਰ ਵੱਧ ਰਹੀਆਂ ਹਿੰਸਕ ਘਟਨਾਵਾਂ ਇਹ ਸਵਾਲ ਪੈਦਾ ਕਰ ਰਹੀਆਂ ਹਨ ਕਿ ਕੀ ਮਨੁੱਖ ਸੁਭਾਅ ਦੇ ਪੱਖ ਤੋਂ ਜੰਗਲ ਵੱਲ ਨੂੰ ਹੋ ਤੁਰਿਆਂ ਹੈ?

ਦਰਅਸਲ ਬੰਦੇ ਨੂੰ ਮਾੜਾ-ਚੰਗਾ ਬਣਾਉਣ ਵਿਚ ਸਭ ਤੋਂ ਵੱਡੀ ਭੂਮਿਕਾ ਉਹਦਾ ਆਲਾ-ਦੁਆਲਾ ਹੀ ਨਿਭਾਉਂਦਾ ਹੈ। ਸਾਡਾ ਆਲਾ-ਦੁਆਲਾ ਪਿਛਲੇ 10-15 ਸਾਲਾਂ ਵਿਚ ਏਨੀ ਤੇਜ਼ੀ ਨਾਲ ਬਦਲਿਆ ਹੈ ਕਿ ਬੰਦਾ ਆਪਣੀ ਜ਼ਮੀਨ ਤੋਂ ਹੀ ਉਖੜ ਗਿਆ ਹੈ। ਸਮਾਜ ਦੇ ਹਰ ਤਬਕੇ ਨੇ ਇਸ ਬਦਲਾਅ ਦੌਰਾਨ 'ਗਲੋਬਲ ਫਾਸਟ ਫੂਡ ਕਲਚਰ' ਨੂੰ ਅਪਣਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਆਪਣੇ ਸਮਾਜ ਦੇ ਵੱਡੇ ਹਿੱਸਿਆਂ ਨੂੰ ਇਹ ਗਲੋਬਲ ਕਲਚਰ ਮੁਆਫ਼ਕ ਹੀ ਨਹੀਂ ਹੈ। ਇਸੇ ਦਾ ਨਤੀਜਾ ਹੈ ਕਿ ਸਾਨੂੰ ਹਰ ਦਿਨ ਨਵੇਂ ਹਾਦਸਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਕਦੇ ਇਕ ਫਿਲਮੀ ਗੀਤ ਬੜਾ ਮਸ਼ਹੂਰ ਹੋਇਆ ਸੀ-'ਯੇ ਬੰਬਈ ਸ਼ਹਿਰ ਹਾਦਸੋਂ ਕਾ ਸ਼ਹਿਰ ਹੈ'- ਅੱਜ ਸਾਰਾ ਭਾਰਤ ਹੀ ਹਾਦਸਿਆਂ ਨਾਲ ਵਿੰਨਿਆ ਪਿਆ ਹੈ।

ਚੋਰੀਆਂ, ਡਾਕੇ, ਕਤਲ, ਅਗਵਾ, ਬਲਾਤਕਾਰ ਅਤੇ ਹੋਰ ਜੁਰਮਾਂ ਵਿਚ ਵਾਧਾ ਇਸ ਗੱਲ ਦਾ ਖੁਲ੍ਹਾ ਪ੍ਰਮਾਣ ਹੈ ਕਿ ਭਾਰਤ ਵਿਚ ਕਿਸ ਕਿਸਮ ਦਾ ਵਿਕਾਸ ਰੱਥ ਧੂੜਾਂ ਪੱਟ ਰਿਹਾ ਹੈ। ਬਾਜ਼ਾਰ ਨੇ ਆਪਣੀ ਫ਼ਿਤਰਤ ਮੁਤਾਬਕ ਮਨੁੱਖ ਨੂੰ ਢਾਲਣਾ ਹੁੰਦਾ ਹੈ। ਇਸੇ ਲਈ ਸਾਡੇ ਖਾਣ-ਪੀਣ, ਪਹਿਨਣ ਪਚਰਣ, ਤੁਰਨ-ਫਿਰਨ, ਗਾਉਣ-ਵਜਾਉਣ,ਗੱਲ ਕੀ ਸਾਡੇ ਸਾਹ ਲੈਣ 'ਤੇ ਵੀ ਬਾਜ਼ਾਰ ਦੀ ਚੀਲ੍ਹ ਅੱਖ ਹੈ। ਆਪਣਾ ਰਿਮੋਟ ਹੁਣ ਬਾਜ਼ਾਰ ਕੋਲ ਹੀ ਹੈ। ਅਸੀਂ ਬਾਜ਼ਾਰ ਦੀ ਭਾਸ਼ਾ ਬੋਲਣ ਦੇ ਚੱਕਰ ਵਿਚ ਗੂੰਗੇ ਹੋਣ ਦੇ ਨੇੜ੍ਹੇ-ਤੇੜੇ ਪਹੁੰਚਣ ਲੱਗੇ ਹਾਂ। ਇਸੇ ਲਈ ਲਹੂ-ਲੁਹਾਨ ਮੌਸਮਾਂ ਵਿਚ ਜਾਂ ਤਾਂ ਹਮਲਾਵਰ ਹਨ ਜਾਂ ਫਿਰ ਦਰਸ਼ਕ। ਚਿੰਤਨਸ਼ੀਲ ਵਿਅਕਤੀਆਂ ਲਈ ਇਹੀ ਸਭ ਤੋਂ ਵੱਡੀ ਫ਼ਿਕਰਮੰਦੀ ਦੀ ਗੱਲ ਹੋਣੀ ਚਾਹੀਦੀ ਹੈ।

ਇਨ੍ਹਾਂ ਹਿੰਸਕ ਵਰਤਾਰਿਆਂ ਨੂੰ ਰੋਕਣ ਵਿਚ ਸਰਕਾਰਾਂ ਦਾ ਨਾਕਾਮ ਹੋਣਾ ਇਹੀ ਦਰਸਾਉਂਦਾ ਹੈ ਕਿ ਇਨ੍ਹਾਂ ਦੇ ਪੱਲੇ ਹੁਣ ਕੁਝ ਨਹੀਂ ਰਿਹਾ। ਇਸ ਨਿਰਾਸ਼ਾ ਵਾਲੀ ਸਥਿਤੀ ਕਾਰਣ ਹੀ ਅਵਾਮ ਭੀੜਾਂ ਵਿਚ ਤਬਦੀਲ ਹੋਣ ਲੱਗਾ ਹੈ। ਇਨ੍ਹੀਂ ਦਿਨੀਂ ਦੋਸ਼ੀਆਂ ਨੂੰ ਬੇਕਾਬੂ ਭੀੜਾਂ ਵਲੋਂ ਕੁੱਟ-ਕੁੱਟ ਕੇ ਮਾਰ ਦੇਣ ਦੀਆਂ ਘਟਨਾਵਾਂ ਵਿਚ ਚੋਖਾ ਵਾਧਾ ਹੋਇਆ ਹੈ। ਲੋਕ ਛੋਟੀਆਂ-ਮੋਟੀਆਂ ਚੋਰੀਆਂ ਕਰਨ ਵਾਲਿਆਂ ਨੂੰ ਕੁੱਟ-ਕੁੱਟ ਕੇ ਮਾਰਨ ਲੱਗ ਪਏ ਹਨ। ਇਸ ਤਰ੍ਹਾਂ ਦੀਆਂ ਘਟਨਾਵਾਂ ਸਾਡੀਆਂ ਸਰਕਾਰਾਂ ਅਤੇ ਨਿਆਂ ਪ੍ਰਣਾਲੀ ਦੀ ਕਾਰਗੁਜ਼ਾਰੀ 'ਤੇ ਬਹੁਤ ਵੱਡਾ ਸਵਾਲੀਆ ਨਿਸ਼ਾਨ ਲਾਉਂਦੀਆਂ ਹਨ। ਕੁਝ ਲੋਕ ਇਨ੍ਹਾਂ ਘਟਨਾਵਾਂ ਨੂੰ ਲੋਕਾਂ ਦੀ ਅਦਾਲਤ ਦੇ ਫੈਸਲੇ ਕਰਾਰ ਦੇ ਰਹੇ ਹਨ। ਅਸੀਂ ਜਿੱਥੇ ਇਸ ਵਰਤਾਰੇ ਨੂੰ ਹਾਕਮਾਂ ਦੀ ਨਾ ਅਹਿਲੀਅਤ ਮੰਨਦੇ ਹਾਂ ਉਥੇ ਇਹਦੀ ਕਿਸੇ ਵੀ ਕੀਮਤ 'ਤੇ ਹਮਾਇਤ ਨਹੀਂ ਕਰ ਸਕਦੇ। ਠੀਕ ਹੈ ਦੋਸ਼ੀਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ, ਇਹ ਵੀ ਠੀਕ ਹੈ ਕਿ ਹਾਕਮ ਮੁਲਕ ਨੂੰ ਸਾਂਭਣ ਦੇ ਕਾਬਲ ਨਹੀਂ ਰਹੇ ਪਰ ਇਹਦਾ ਅਰਥ ਇਹ ਨਹੀਂ ਕਿ ਲੋਕ ਕਾਨੂੰਨ ਹੀ ਆਪਣੇ ਹੱਥਾਂ ਵਿਚ ਲੈ ਲੈਣ। ਜ਼ਰਾ ਸੋਚੋ ਹਰ ਮਾਮਲੇ ਵਿਚ ਹੀ ਇਸ ਤਰ੍ਹਾਂ ਹੋਣ ਲੱਗੇ ਤਾਂ ਮੁਲਕ ਦਾ ਕੀ ਬਣੇਗਾ? ਲੋਕਾਂ ਨੂੰ ਕੁੱਟ-ਕੁੱਟ ਕੇ ਮਾਰ ਦੇਣਾ ਮਹਾ ਅਪਰਾਧ ਹੈ। ਇਸ ਤਰ੍ਹਾਂ ਦੀ ਅਰਾਜਕਤਾ ਦੀ ਆਗਿਆ ਕਿਸੇ ਵੀ ਕੀਮਤ 'ਤੇ ਨਹੀਂ ਦਿੱਤੀ ਜਾ ਸਕਦੀ।

ਲੋੜਾਂ ਦੀ ਲੋੜ ਇਹ ਬਣਦੀ ਹੈ ਕਿ ਇਨ੍ਹਾਂ ਭੀੜਾਂ ਨੂੰ ਚਿਹਰਿਆਂ ਵਿਚ ਤਬਦੀਲ ਕੀਤਾ ਜਾਵੇ, ਉਹ ਚਿਹਰੇ ਜਿਨ੍ਹਾਂ ਕੋਲ ਪ੍ਰਸਥਿਤੀਆਂ ਦੇ ਆਰ-ਪਾਰ ਦੇਖਣ ਦੀ ਸਮਰੱਥਾ ਵਾਲੀਆਂ ਅੱਖਾਂ ਹੋਣ ਤੇ ਅੱਖਾਂ ਵਿਚ ਮੰਜ਼ਲਾਂ ਦੇ ਸੁਪਨੇ ਹੋਣ। ਵਿਚਾਰਵਾਨ ਅਤੇ ਪ੍ਰਤੀਬੱਧ ਜਨਤਾ ਦੀ ਇੱਕਮੁੱਠ ਸ਼ਕਤੀ ਹੀ ਤਕਦੀਰਾਂ ਬਦਲ ਸਕਦੀ ਹੈ।

# ਵਿਸ਼ਵ ਆਰਥਕ ਸੰਕਟ, ਸਥਿਤੀ ਤੇ ਰੁਝਾਨ



ਜਗਦੀਸ਼ ਸਿੰਘ ਚੋਹਕਾ

ਮੌਜੂਦਾ ਸੰਸਾਰ ਸੰਕਟ, ਨਾ ਟਲਣ ਵਾਲਾ, ਪੂੰਜੀਵਾਦੀ ਸਿਸਟਮ ਦਾ ਇਕ ਨਿਯਮਤ ਸਮੇਂ ਤੋਂ ਬਾਅਦ ਆਉਣ ਵਾਲਾ ਆਰਥਕ ਸੰਕਟ ਹੈ। ਇਹ ਸੰਕਟ ਕੇਵਲ ਸਾਮਰਾਜੀ ਅਮਰੀਕਾ ਤਕ ਹੀ ਸੀਮਤ ਨਹੀਂ, 'ਸਗੋਂ ਸਾਰੇ ਪੂੰਜੀਵਾਦੀ ਦੇਸ਼ਾਂ ਅੰਦਰ ਫੈਲਿਆ ਆਮ ਸੰਕਟ ਹੈ। ਇਸ ਮੰਦੇ ਕਾਰਨ ਪੈਦਾ ਹੋਏ ਵਿੱਤੀ ਸੰਕਟ ਦੀਆਂ ਜੜ੍ਹਾਂ ਅਤੇ ਦੁਰਪ੍ਰਭਾਵ ਬੜੇ ਸਪੱਸ਼ਟ ਤੌਰ 'ਤੇ ਪੂੰਜੀਵਾਦੀ ਪ੍ਰਬੰਧ ਵਿਚ ਦੇਖਣ ਨੂੰ ਮਿਲ ਰਹੇ ਹਨ। ਸੋਵੀਅਤ ਰੂਸ ਦੇ ਟੁੱਟਣ ਤੋਂ ਬਾਅਦ ਸਾਮਰਾਜੀ ਅਮਰੀਕਾ ਨੇ ਦੁਨੀਆ ਅੰਦਰ ਇਕ ਧਰੁਵੀ ਆਰਥਿਕਤਾ ਨੂੰ 'ਗ਼ਰੀਬ ਅਤੇ ਵਿਕਾਸਸ਼ੀਲ ਦੇਸ਼ਾਂ' 'ਤੇ ਲੱਦਣ ਲਈ ਨਵ ਉਦਾਰੀਵਾਦੀ ਨੀਤੀਆਂ ਰਾਹੀਂ ਸੰਸਾਰੀਕਰਨ ਅਤੇ ਮੁਕਤ ਬਾਜ਼ਾਰ ਅਰਥਚਾਰੇ ਨੂੰ ਥੋਪਣ ਲਈ ਹਰ ਹਰਬਾ ਵਰਤਿਆ। ਪਰ ਪੂੰਜੀਵਾਦ ਇਹ ਭੁੱਲ ਜਾਂਦਾ ਹੈ ਕਿ ਸਮਾਜ ਦੇ ਵਿਕਾਸ ਦੌਰਾਨ ਜਦ ਮੁਕਤ ਬਾਜ਼ਾਰ ਅਤੇ ਵਿੱਤੀ ਫ਼ੰਡ ਨੂੰ ਮਜ਼ਬੂਤ ਕੀਤਾ ਜਾਵੇਗਾ ਤਾਂ ਨਿਰੰਤਰ ਆ ਰਹੀਆਂ ਵਿੱਤੀ ਤਬਦੀਲੀਆਂ ਕਾਰਨ ਪੂੰਜੀਵਾਦੀ ਆਰਥਿਕਤਾ ਵਿਚ ਸਦਾ ਹੀ ਚੱਕਰੀ ਸੰਕਟ ਆਉਂਦਾ ਰਹੇਗਾ। ਪੂੰਜੀਵਾਦੀ ਆਰਥਿਕਤਾ ਰਾਹੀਂ ਬਹੁਕੌਮੀ ਕਾਰਪੋਰੇਸ਼ਨਾਂ ਅਤੇ ਪੂੰਜੀਪਤੀਆਂ ਦੁਬਾਰਾ ਮੁਨਾਫ਼ੇ ਰਾਹੀਂ ਸੱਟਾ ਬਾਜ਼ਾਰ ਵਿਚ ਦਾਖ਼ਲ ਹੋਣਾ ਅਤੇ ਹੋਰ ਮੁਨਾਫ਼ਿਆਂ ਕਾਰਨ, ਲੱਗੀ ਦੌੜ ਹੀ ਮੌਜੂਦਾ ਅਰਥ ਵਿਵਸਥਾ ਦੇ ਸੰਕਟ ਦਾ ਮੁੱਖ ਕਾਰਨ ਹੈ। ਭਾਵੇਂ ਪੂੰਜੀਵਾਦੀ ਸੰਸਾਰ ਅੰਦਰ ਟੈਕਨੀਕ ਅਤੇ ਆਟੋਮੇਸ਼ਨ ਨਾਲ ਪੈਦਾਵਾਰ ਵਿਚ ਅਥਾਹ ਵਾਧਾ ਹੋਇਆ ਹੈ ਪਰ ਇਹ ਵਿਕਾਸ ਦਰ 2-3 ਫ਼ੀ ਸਦੀ ਤੋਂ ਅੱਗੇ ਨਹੀਂ ਵਧੀ। ਕਿਉਂਕਿ ਇਹ ਸਿਸਟਮ ਨਵੀਂ ਤਕਨੀਕ ਨੂੰ ਪੈਦਾਵਾਰੀ ਸ਼ਕਤੀਆਂ ਦੀ ਪੂਰੀ ਵਰਤੋਂ ਕਰਨ ਵਿਚ ਅਸਮਰਥ ਹੈ। ਜਿਸ ਦੇ ਸਿੱਟੇ ਵਜੋਂ ਭਾਵੇਂ ਵਪਾਰ ਜਗਤ ਅੰਦਰ ਤੇਜ਼ੀ ਆਈ ਹੈ ਪਰ ਇਸ ਦਾ ਲਾਭ ਬਹੁ ਕੌਮੀ ਕਾਰਪੋਰੇਸ਼ਨਾਂ ਨੂੰ ਹੀ ਜਾਂਦਾ ਹੈ ਕਿਉਂਕਿ ਉਨ੍ਹਾਂ ਦਾ ਹੀ ਸੰਸਾਰ ਪੱਧਰ 'ਤੇ ਵਿੱਤੀ ਪੂੰਜੀ 'ਤੇ ਕਬਜ਼ਾ ਹੁੰਦਾ ਹੈ। 2007 ਵਿਚ ਭਾਵੇਂ ਖ਼ਪਤਮੰਡੀ ਵਿਚ ਹੋਇਆ ਵਾਪਾਰ 'ਚ ਵਾਧਾ ਸਟਾਕ ਮੰਡੀ ਨਾਲੋਂ 5 ਗੁਣਾਂ ਸੀ ਪਰ ਇਹ ਵਾਧਾ ਸੰਸਾਰ ਸਕਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਨਾਲੋਂ 10 ਗੁਣਾਂ ਹੋਣ 'ਤੇ ਵੀ ਇਸ ਦਾ ਲਾਭ ਜਨ-ਸਮੂਹ ਦੀ ਥਾਂ ਬਹੁ-ਕੌਮੀ ਕਾਰਪੋਰੇਸ਼ਨਾਂ ਨੂੰ ਹੀ ਪੁੱਜਿਆ। ਮਿਸਾਲ ਵਜੋਂ ਭਾਰਤ ਦੀ ਵਿਕਾਸ ਦਰ 7-8 ਫ਼ੀ ਸਦੀ ਦੇ ਵਿਚਕਾਰ ਰਹਿਣ ਦੇ ਬਾਵਜੂਦ, ਗ਼ਰੀਬੀ ਅਤੇ ਬੇਰੁਜ਼ਗਾਰੀ ਵਿਚ ਅਥਾਹ ਵਾਧਾ ਹੋਇਆ ਹੈ। ਅੱਜ ਪੂੰਜੀਵਾਦੀ ਭਾਈਚਾਰੇ ਵਲੋਂ, ਮੁਨਾਫ਼ੇ ਕਮਾਉਣ ਦੀ ਭੁੱਖ ਨੇ ਵਿਤੀ ਪੂੰਜੀ ਨੂੰ, ਸੰਸਾਰ ਪੱਧਰ 'ਤੇ ਇਕ ਬਨਾਉਟੀ ਆਰਥਿਕਤਾ ਪੈਦਾ ਕਰਨ ਲਈ ਅਨੁਕੂਲ ਅਵੱਸਥਾਵਾਂ ਪੈਦਾ ਕੀਤੀਆਂ ਹਨ, ਜੋ ਅੱਗੋਂ ਮੰਦੇ ਦਾ ਕਾਰਨ ਬਣੀਆਂ। ਇਸ ਤਰ੍ਹਾਂ ਪੂੰਜੀਵਾਦੀ ਆਰਥਿਕਤਾ ਬੁਲਬੁਲੇ ਬਣ ਕੇ ਉਭਰਦੀ ਹੈ। ਜੀ-8 ਅਤੇ ਜੀ-20 ਟੋਰਾਂਟੋਵਾਰਤਾ ਅਸਲ ਉਪਰੋਕਤ ਸੰਕਟ ਦੇ ਦਬਾਅ ਦਾ ਪ੍ਰਗਟਾਵਾ ਸੀ।

## ਸੰਕਟ ਦੇ ਕਾਰਨ

ਪੂੰਜੀਵਾਦੀ ਦੇਸ਼ਾਂ ਅੰਦਰ ਗਹਿਣੇ ਪਈਆਂ ਸਕਿਊਰਟੀਆਂ ਦੀ ਅਸਲ ਕੀਮਤ ਉਸ ਦੀ ਕੀਮਤ ਤੋਂ ਕਿਤੇ ਘੱਟ ਸੀ। ਕਈ ਥਾਵਾਂ 'ਤੇ ਇਹ ਸਕਿਊਰਟੀਆਂ ਗ਼ੈਰ ਸੁਰੱਖਿਅਤ ਪਾਈਆਂ ਗਈਆਂ ਕਿਉਂਕਿ ਬੈਂਕਾਂ ਵਲੋਂ ਕਰਜ਼ੇ ਦੇਣ ਵੇਲੇ ਗਹਿਣੇ ਕੀਤੀਆਂ ਜਾਇਦਾਦਾਂ ਦੀ ਕੀਮਤ ਕਿਤੇ ਘੱਟ ਸੀ। ਅਜਿਹਾ ਲੈਣ-ਦੇਣ ਸੰਸਾਰ ਪੱਧਰ ਵਿਚ 10.2 ਟਰਿਲੀਅਨ ਡਾਲਰ ਬਣਦਾ ਹੈ ਜਿਸ ਵਿਚ ਅਮਰੀਕੀ ਰੀਅਲ ਅਸਟੇਟ ਦਾ ਧੰਦਾ ਮੁੱਖ ਤੌਰ 'ਤੇ ਹੈ। ਅਮਰੀਕਾ ਵਿਚ ਬਹੁਤ ਸਾਰੇ ਲੋਕ ਕਰਜ਼ੇ 'ਤੇ ਨਿਰਭਰ ਕਰਦੇ ਹਨ। 60 ਫ਼ੀ ਸਦੀ ਲੋਕਾਂ ਦਾ ਖ਼ਰਚਾ ਆਮਦਨ ਨਾਲੋਂ ਵੱਧ ਸੀ। ਇਸ ਤਰ੍ਹਾਂ ਪਬਲਿਕ ਕਰਜ਼ਾ 10.3 ਟਰਿਲੀਅਨ ਡਾਲਰ ਪੁੱਜ ਗਿਆ ਅਤੇ ਇਹ ਬੁਸ਼ ਪ੍ਰਸ਼ਾਸਨ ਵੇਲੇ ਚੋਟੀ 'ਤੇ ਸੀ। ਅਸਲ ਵਿਚ ਅਮਰੀਕਾ ਦੀ ਆਰਥਿਕਤਾ, ਝੂਠੀ ਆਰਥਿਕਤਾ ਸੀ। ਵਿੱਤੀ ਫ਼ਰਾਡ ਕਰਨ ਵਾਲਿਆਂ ਨੇ 50 ਬਿਲੀਅਨ ਡਾਲਰ ਦਾ ਫ਼ਰਾਡ ਕੀਤਾ। ਗਹਿਣੇ ਪਈਆਂ ਸਕਿਉਰਟੀਆਂ ਨੂੰ ਬਹੁਤ ਸਾਰੇ ਉਨ੍ਹਾਂ ਵਿੱਤੀ ਅਦਾਰਿਆਂ ਨੇ ਖ਼ਰੀਦਿਆ ਜਿਨ੍ਹਾਂ ਨੇ ਸ਼ੇਅਰ ਬਾਜ਼ਾਰ ਵਿਚ ਧਨ ਲਾਇਆ ਹੋਇਆ ਸੀ। ਅਮਰੀਕਾ ਦੀ ਆਰਥਿਕਤਾ ਵਿਚ ਸੱਭ ਤੋਂ ਵੱਡਾ ਪੂੰਜੀ ਨਿਵੇਸ਼ ਕਰਨ ਵਾਲਾ ਬੈਂਕ 'ਲੋਹਮਨ ਬਰਦਰਜ਼' ਦਿਵਾਲੀਆ ਹੋ ਗਿਆ।

> ਭਾਰਤ ਜੇਕਰ ਗੰਭੀਰ ਆਰਥਕ ਸੰਕਟ ਦਾ ਸ਼ਿਕਾਰ ਨਹੀਂ ਹੋਇਆ ਤਾਂ ਇਸ ਦਾ ਕਾਰਨ ਦੇਸ਼ ਦੇ ਵਿੱਤੀ ਅਦਾਰੇ, ਬੈਂਕ, ਬੀਮਾ, ਪਬਲਿਕ ਖੇਤਰ 'ਚ ਸਨਅਤੀ ਅਦਾਰੇ ਆਦਿ ਸੱਭ ਸਰਕਾਰੀ ਖੇਤਰ ਵਿਚ ਸਨ। ਦੂਸਰਾ ਕੇਂਦਰ ਅਤੇ ਰਾਜ ਸਰਕਾਰਾਂ ਦੇ ਅਦਾਰਿਆਂ ਵਿਚ ਕੰਮ ਕਰਦੇ 2.35 ਕਰੋੜ ਸਰਕਾਰੀ ਮੁਲਾਜ਼ਮ ਸਨ, ਜੋ ਪਬਲਿਕ ਸੈਕਟਰ ਦੇ ਅਦਾਰਿਆਂ ਲਈ ਕੌਮੀ ਸੰਪਤੀ ਵਿਚ ਪੂੰਜੀ ਜੋੜਦੇ ਹਨ। ਪਰ ਪ੍ਰਾਈਵੇਟ ਸੈਕਟਰ ਜੋ ਪੂੰਜੀਪਤੀਆਂ ਦੀ ਅਜਾਰੇਦਾਰੀ ਅਧੀਨ ਸਨ, ਨੂੰ ਇਸ ਸੰਕਟ ਵਿਚ ਲੱਗੇ ਧੱਕੇ ਤੋਂ ਬਚਾਉਣ ਲਈ ਹਾਕਮਾਂ ਨੇ 5 ਲੱਖ ਕਰੋੜ ਰੁਪਏ ਸਹਾਇਤਾ ਵਜੋਂ ਦਿਤੇ। ਹੁਣੇ-ਹੁਣੇ ਹੀ ਪੈਟਰੋਲੀਅਮ ਵਸਤਾਂ ਦੀਆਂ ਕੀਮਤਾਂ ਵਿਚ ਬੇਵਹਾ ਵਾਧਾ ਕਰ ਕੇ ਆਮ ਲੋਕਾਂ ਤੇ 1,20,000 ਕਰੋੜ ਰੁਪਏ ਦਾ ਵਾਧੂ ਭਾਰ ਲੱਦ ਦਿਤਾ ਹੈ। ਭਾਰਤ ਵਿਚ ਉਪਰੋਕਤ ਉਦਾਰੀਵਾਦੀ ਨੀਤੀਆਂ ਵਿਰੁਧ ਆਮ ਜਨਤਾ ਅੰਦਰ ਇਕ ਜ਼ੋਰਦਾਰ ਰੋਹ ਪੈਦਾ ਹੋ ਗਿਆ ਹੈ।

ਅਮਰੀਕਾ ਵਿਚ ਵਿੱਤੀ ਸੰਕਟ ਦਾ ਭੁਚਾਲ ਆ ਗਿਆ ਤੇ ਸਾਰਾ ਬਨਾਉਟੀ ਅਰਥਚਾਰਾ ਤਹਿਸ-ਨਹਿਸ ਹੋ ਗਿਆ। ਵਿੱਤੀ ਅਦਾਰੇ, ਬੈਂਕ ਅਤੇ ਬੀਮਾ ਕੰਪਨੀਆਂ ਆਦਿ ਸਭ ਦਾ ਦਿਵਾਲੀਆ ਨਿਕਲ ਗਿਆ। ਪੂੰਜੀਵਾਦ ਨੂੰ ਬਚਾਉਣ ਲਈ ਅਮਰੀਕਾ ਸਰਕਾਰ ਨੇ ਲੋਕਾਂ 'ਤੇ ਲਾਏ ਟੈਕਸਾਂ ਰਾਹੀਂ ਇਕੱਠੀ ਹੋਈ ਰਾਸ਼ੀ ਵਿਚੋਂ 900 ਬਿਲੀਅਨ ਡਾਲਰ ਤੋਂ ਵੱਧ ਧੰਨ ਸਹਾਇਤਾ ਵਜੋਂ ਦੇ ਕੇ ਸੰਕਟ ਤੋਂ ਮੁਕਤ (ਬੇਲ ਆਉਟ) ਕਰਨ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਅਮਰੀਕਾ ਵਿਚ ਆਇਆ ਮੰਦੇ ਦਾ ਭੁਚਾਲ ਮੰਦਾ ਗ੍ਰਸਤ ਬਹੁ ਕੌਮੀ ਕਾਰਪੋਰੇਸ਼ਨਾਂ ਰਾਹੀਂ ਦੂਸਰੇ ਦੇਸ਼ਾਂ ਅੰਦਰ ਫੈਲ ਗਿਆ। ਬਰਤਾਨੀਆ ਸਰਕਾਰ ਨੇ ਆਪਣੇ ਵਿੱਤੀ ਅਦਾਰੇ ਜੋ ਇਸ ਮੰਦੇ ਕਾਰਨ ਲੁੱਟ ਗਏ ਸਨ, ਨੂੰ ਸਹਾਇਤਾ ਵਜੋਂ 400 ਬਿਲੀਅਨ ਪੌਂਡ ਦੀ ਫ਼ੌਰੀ ਸਹਾਇਤਾ ਰਾਹੀਂ ਠੁੱਮਣਾ ਦਿੱਤਾ। ਯੂਰਪੀ ਭਾਈਚਾਰੇ ਨੇ ਯੂਰਪ ਅੰਦਰ ਸੰਕਟ ਗ੍ਰਸਤ ਵਿੱਤੀ ਅਦਾਰਿਆਂ ਨੂੰ ਬਚਾਉਣ ਲਈ 1.8 ਟਰਿਲੀਅਨ ਯੂਰੋ ਦਿਵਾਲੀਆ ਹੋਏ ਬੈਂਕਾਂ ਅਤੇ ਬੀਮਾ ਕੰਪਨੀਆਂ ਆਦਿ ਨੂੰ ਦਿੱਤੇ। ਭਾਰਤ ਦੀ ਸਰਕਾਰ ਨੇ ਪੂੰਜੀਪਤੀਆਂ ਨੂੰ ਇਸ ਸੰਕਟ ਵਿਚ ਸਹਾਇਤਾ ਵਜੋਂ 5 ਲੱਖ ਕਰੋੜ ਰੁਪਏ ਦਿੱਤੇ। ਪੂੰਜੀਵਾਦੀ ਅਰਥਚਾਰੇ ਵਾਲੇ ਦੇਸ਼ਾਂ ਨੇ ਲੋਕਾਂ 'ਤੇ ਲਾਏ ਟੈਕਸਾਂ ਰਾਹੀਂ ਇਕੱਠੀ ਹੋਈ ਰਾਸ਼ੀ ਵਿਚੋਂ ਬਹੁ ਕੌਮੀ ਕਾਰਪੋਰੇਸ਼ਨਾਂ ਅਤੇ ਘਰਾਣਿਆਂ ਦੇ ਅਧੀਨ ਚਲ ਰਹੇ ਦਿਵਾਲੀਆ ਹੋਏ ਬੈਂਕਾਂ, ਬੀਮਾ ਕੰਪਨੀਆਂ ਤੇ ਵਿੱਤੀ ਅਦਾਰਿਆਂ ਦੀ ਤਾਂ ਖੁਲ੍ਹ ਕੇ ਸਹਾਇਤਾ ਕੀਤੀ ਪਰ ਛਾਂਟੀ ਹੋਏ ਕਿਰਤੀਆਂ, ਮਜ਼ਦੂਰਾਂ ਅਤੇ ਪੈਦਾ ਹੋਈ ਮਹਿੰਗਾਈ ਕਾਰਨ ਕਰੋੜਾਂ ਗ਼ਰੀਬ ਜਨਤਾ ਨੂੰ ਮਰਨ ਲਈ ਮਜਬੂਰ ਕਰ ਦਿੱਤਾ। ਕੈਨੇਡਾ ਦੀ ਹਾਰਪਰ ਸਰਕਾਰ ਨੇ ਵੀ 20 ਬਿਲੀਅਨ ਡਾਲਰ ਤੋਂ ਵੱਧ ਧੰਨ ਵਿੱਤੀ ਅਦਾਰਿਆਂ ਨੂੰ ਸੰਕਟ ਵਿਚੋਂ ਕੱਢਣ ਲਈ ਦਿੱਤਾ।





## ਮੌਜੂਦਾ ਸਥਿਤੀ

ਪੂੰਜੀਵਾਦ ਦਾ ਅਸਲੀ ਚੇਹਰਾ ਹੁਣ ਨੰਗਾ ਹੋ ਗਿਆ ਹੈ। ਆਰਥਕ ਮੰਦਾ ਪੂੰਜੀਵਾਦ ਦੇ ਸੰਕਟ ਦਾ ਹੀ ਸਿੱਟਾ ਹੈ। ਪੂੰਜੀਵਾਦ ਨਾ ਤਾਂ ਲੋਕ ਭਲਾਈ ਕਰ ਸਕਦਾ ਹੈ ਅਤੇ ਨਾ ਹੀ ਲੋਕਾਂ ਨੂੰ ਰੁਜ਼ਗਾਰ ਦੇ ਸਕਦਾ ਹੈ। ਸਗੋਂ ਇਹ ਇਕ ਬੇਕਿਰਤੀ ਵਾਲਾ ਸਮਾਜ ਹੈ। ਸੰਸਾਰ ਕਿਰਤ ਸੰਸਥਾ (ਆਈ.ਐਲ.ਓ.) ਅਨੁਸਾਰ ਇਸ ਮੰਦੇ ਕਾਰਨ ਸਾਲ 2010 ਦੇ ਅੰਤ ਤਕ 20 ਕਰੋੜ ਲੋਕ ਬੇਰੁਜ਼ਗਾਰ ਹੋ ਜਾਣਗੇ। 20ਵੀਂ ਸਦੀ ਦੌਰਾਨ, ਵਿੱਤੀ ਆਸਾਸੇ, ਇਕੁਇਟੀਜ਼, ਨਿੱਜੀ ਤੇ ਜਨਤਕ ਕਰਜ਼ੇ ਅਤੇ ਬੈਂਕ ਖ਼ਾਤਿਆਂ ਵਿਚ ਜਮ੍ਹਾ ਰਾਸ਼ੀ ਦੀ ਰਫ਼ਤਾਰ 'ਚ ਵਾਧਾ ਕੁਲ ਘਰੇਲੂ ਪੈਦਾਵਾਰ ਦੇ ਬਰਾਬਰ ਸੀ। ਪਰ 1980 ਦੇ ਬਾਅਦ 30 ਸਾਲਾਂ ਅੰਦਰ ਵਿੱਤੀ ਅਸਾਸੇ ਅਤੇ ਜੀ.ਡੀ.ਪੀ. ਦੀ ਰਫ਼ਤਾਰ ਬਰਾਬਰ ਨਹੀਂ ਰਹੀ। ਪਰ ਇਕੁਇਟੀਜ਼ ਅਤੇ ਪ੍ਰਾਈਵੇਟ ਕਰਜ਼ਾ ਭਾਵ ਸ਼ੇਅਰ ਬਾਜ਼ਾਰ ਤਕੜਾ ਹੋਇਆ ਜੋ ਅਸਲ ਵਿਚ ਇਸ ਮੰਦੇ ਦਾ ਮੁੱਖ ਕਾਰਨ ਹੈ। ਅਮਰੀਕਾ ਦੀ ਆਰਥਿਕਤਾ ਦਾ ਆਕਾਰ ਵਿਸ਼ਵ ਦੀ ਦਰਾਮਦ ਦੇ 20 ਫ਼ੀ ਸਦੀ ਦੇ ਬਰਾਬਰ ਹੈ। ਇਸ ਲਈ ਅਮਰੀਕਾ ਦੀ ਆਰਥਿਕਤਾ ਵਿਚ ਆਈ ਗਿਰਾਵਟ ਦਾ ਪ੍ਰਭਾਵ ਦੂਜੇ ਵਿਕਸਤ ਦੇਸ਼ਾਂ ਯੂਰਪੀਅਨ ਯੂਨੀਅਨ, ਜਾਪਾਨ ਤੋਂ ਇਲਾਵਾ ਵਿਕਾਸਸ਼ੀਲ ਦੇਸ਼ਾਂ ਚੀਨ ਅਤੇ ਭਾਰਤ 'ਤੇ ਪੈਣਾ ਲਾਜ਼ਮੀ ਤੇ ਕੁਦਰਤੀ ਹੈ। ਅਮਰੀਕਾ ਦੀ ਆਰਥਿਕਤਾ ਦੀ ਗਿਰਾਵਟ ਦਾ ਅਰਥ ਉਪਰੋਕਤ ਦੇਸ਼ਾਂ ਦੇ ਵਿਕਾਸ ਅਤੇ ਰੁਜ਼ਗਾਰ ਵਿਚ ਗਿਰਾਵਟ ਹੈ। ਵਿਸ਼ਵੀਕਰਨ ਅਤੇ ਵਿੱਤੀ ਖੁੱਲ੍ਹਾਂ ਦੇ ਨਤੀਜੇ ਵਜੋਂ ਆਰਥਕ ਸਾਧਨਾਂ ਦਾ ਵਹਾਅ ਵਿਕਾਸਸ਼ੀਲ ਦੇਸ਼ਾਂ ਵਲੋਂ ਵਿਕਸਤ ਦੇਸ਼ਾਂ ਦੀ ਆਰਥਿਕਤਾ ਵਲ ਜਾ ਰਿਹਾ ਹੈ। ਸੰਯੁਕਤ ਰਾਸ਼ਟਰ ਦੀ ਰੀਪੋਰਟ ਅਨੁਸਾਰ 2007 ਵਿਚ ਵਿੱਤੀ ਸਾਧਨਾਂ ਦਾ ਵਹਾਅ 657 ਬਿਲੀਅਨ ਡਾਲਰ ਤੋਂ ਵੱਧ ਗਿਆ ਹੈ। ਇਸ ਦਾ ਮੁੱਖ ਕਾਰਨ ਕਰਜ਼ਿਆਂ ਉਪਰ ਵਿਆਜ ਦੀ ਅਦਾਇਗੀ, ਬਹੁ ਕੌਮੀ ਕਾਰਪੋਰੇਸ਼ਨਾਂ ਵਲੋਂ ਅੰਨ੍ਹੀ ਲੁੱਟ ਅਤੇ ਵਿਕਾਸਸ਼ੀਲ ਦੇਸ਼ਾਂ ਦੀਆਂ ਵੱਡੀਆਂ ਕੰਪਨੀਆਂ (ਭਾਰਤ ਦੀ ਰਿਲਾਂਇਸ, ਮਿੱਤਲ, ਟਾਟਾ ਆਦਿ) ਵਲੋਂ ਵਿਕਸਤ ਦੇਸ਼ਾਂ ਵਿਚ ਨਿਵੇਸ਼ ਕਰਨਾ ਹੈ ਜੋ ਵਿਕਸਤ ਦੇਸ਼ਾਂ ਵਲੋਂ ਵਿਕਾਸਸ਼ੀਲ ਦੇਸ਼ਾਂ ਨੂੰ ਦਿੱਤੀ ਸਹਾਇਤਾ ਤੋਂ ਵੱਧ ਨਿਵੇਸ਼ ਹੋ ਜਾਂਦਾ ਹੈ। ਵਿਕਾਸਸ਼ੀਲ ਦੇਸ਼ਾਂ ਕੋਲ ਵਿਦੇਸ਼ੀ ਪੂੰਜੀ ਦੇ ਭੰਡਾਰ ਹੋਣ ਕਾਰਨ ਪੂੰਜੀ ਦਾ ਵਹਾਅ ਵਿਕਸਤ ਦੇਸ਼ਾਂ ਵਲ ਹੋ ਰਿਹਾ ਹੈ। ਸਾਮਰਾਜੀ ਵਿੱਤੀ ਪੂੰਜੀ, ਖ਼ਾਸਕਰ ਪ੍ਰਾਈਵੇਟ ਇਕੁਇਟੀ ਫ਼ਰਮਾਂ ਅਤੇ ਹੇਜ ਫ਼ੰਡਾਂ ਦੀ ਸ਼ਕਲ ਵਿਚ ਵਿੱਤੀ ਪੂੰਜੀ, ਅਜਿਹੀ ਸਰਗਰਮੀ ਵਿਚ ਮੁੱਖ ਭੂਮਿਕਾ ਨਿਭਾਉਂਦੀ ਹੈ। ਸਾਮਰਾਜੀ ਸ਼ਕਤੀਆਂ ਕਈ ਵਾਰ ਬਹੁਤ ਸਾਰੇ ਦੇਸ਼ਾਂ ਅੰਦਰ ਜੇ ਉਨ੍ਹਾਂ ਦੇ ਇਸ਼ਾਰੇ 'ਤੇ ਭਾਵੇਂ ਜਮਹੂਰੀ ਢੰਗ ਨਾਲ ਚੁਣੀਆਂ ਸਰਕਾਰਾਂ ਕੰਮ ਨਾ ਕਰਨ ਤਾਂ ਇਹ ਹੇਜ ਫ਼ੰਡ ਅਜਿਹੀਆਂ ਸਰਕਾਰਾਂ ਦਾ ਤਖ਼ਤਾ ਪਲਟਣ ਲਈ ਵਰਤਿਆ ਜਾਂਦਾ ਹੈ। ਮੌਜੂਦਾ ਵਿਸ਼ਵੀਕਰਨ ਦੀ ਪ੍ਰਕਿਰਿਆ ਕਾਰਨ ਅੱਜ ਸਾਮਰਾਜ ਅਤੇ ਸਮਾਜਵਾਦ, ਪੂੰਜੀਵਾਦ ਅਤੇ ਕਿਰਤੀ ਵਰਗ, ਸਾਮਰਾਜ ਦੇ ਅੰਦਰ ਅਤੇ ਗ਼ਰੀਬ ਤੇ ਵਿਕਾਸਸ਼ੀਲ ਦੇਸ਼ਾਂ ਦਾ ਵਿਕਸਤ ਦੇਸ਼ਾਂ ਨਾਲ ਅੰਤਰ ਵਿਰੋਧ ਵੱਧ ਰਿਹਾ ਹੈ। ਜੋ ਮੌਜੂਦਾ ਮੰਦੇ ਦਾ ਸਿੱਟਾ ਹੈ।

## ਨਾ-ਬਰਾਬਰੀਆਂ 'ਚ ਵਾਧਾ

ਸੰਸਾਰ ਆਰਥਿਕਤਾ ਦਾ ਦ੍ਰਿਸ਼ ਬੜਾ ਖ਼ਤਰਨਾਕ ਰੂਪ ਧਾਰਨ ਕਰ ਗਿਆ ਹੈ। ਅਕਤੂਬਰ 2009 ਨੂੰ ਸੰਸਾਰ ਬੈਂਕ ਦੀ ਇਸਤਾਂਬੋਲ ਵਿਖੇ ਹੋਈ ਮੀਟਿੰਗ ਦੌਰਾਨ ਇਹ ਵਿਚਾਰ ਸਾਹਮਣੇ ਆਏ ਕਿ ਭਾਵੇਂ ਮੰਦਾ ਘੱਟ ਰਿਹਾ ਹੈ ਪਰ ਬੇਰੁਜ਼ਗਾਰੀ ਅਤੇ ਗ਼ਰੀਬੀ 2010 ਤਕ ਜਾਰੀ ਰਹੇਗੀ। ਸੰਸਾਰ ਵਿਕਾਸ ਦਰ 2010 ਤਕ 3.1 ਫ਼ੀ ਸਦੀ ਤਕ, ਵਾਪਾਰ ਵਾਧਾ ਜੋ 2009 ਦੌਰਾਨ 11.9 ਫ਼ੀ ਸਦੀ ਸੀ, 2010 ਤਕ 2.5 ਫ਼ੀ ਸਦੀ ਘੱਟ ਜਾਵੇਗਾ। ਵਿੱਤੀ ਘਾਟੇ ਅਤੇ ਵਿਕਾਸ ਦਰ ਦੀ ਧੀਮੀ ਗਤੀ ਕਾਰਨ ਦੁਨੀਆ ਭਰ ਵਿਚ ਬੇਰੁਜ਼ਗਾਰੀ ਅਤੇ ਮਹਿੰਗਾਈ ਲੋਕਾਂ ਦਾ ਲੱਕ ਤੋੜ ਦੇਵੇਗੀ। ਇਸ ਸੰਕਟ ਨੇ ਜਿਥੇ ਉਨਤ ਸਨਅਤੀ ਦੇਸ਼ਾਂ ਅੰਦਰ ਦੂਰ ਪ੍ਰਭਾਵ ਛੱਡੇ ਹਨ ਉਥੇ ਵਿਕਾਸਸ਼ੀਲ ਦੇਸ਼ਾਂ ਚੀਨ, ਭਾਰਤ, ਬ੍ਰਾਜ਼ੀਲ, ਵੀਤਨਾਮ, ਇੰਡੋਨੇਸ਼ੀਆ ਵਿਚ ਵੀ ਨਵ ਉਦਾਰੀਵਾਦੀ ਨੀਤੀਆਂ ਅਤੇ ਸੰਸਾਰੀਕਰਨ ਨੂੰ ਅੰਨ੍ਹੇਵਾਹ ਲਾਗੂ ਕਰਨਾ ਹੀ ਇਸ ਮੰਦੇ ਦਾ ਮੁੱਖ ਕਾਰਨ ਹੈ। ਜੀ-20 ਵਾਰਤਾ ਮੌਜੂਦਾ ਸੰਕਟ ਨੂੰ ਟਾਲਣ ਲਈ ਸ਼ੋਰ ਤਾਂ ਪਾਉਂਦੀ ਹੈ ਪਰ ਦਿਵਾਲੀਆ ਨੀਤੀਆਂ ਨੂੰ ਜਾਰੀ ਰੱਖਣ ਲਈ ਵੀ ਕਹਿੰਦੀ ਹੈ। ਸਾਮਰਾਜੀ ਵਿਸ਼ਵੀਕਰਨ ਦੀਆਂ ਨੀਤੀਆਂ ਅਧੀਨ, ਬਹੁਤ ਸਾਰੇ ਪੂੰਜੀਵਾਦੀ ਪ੍ਰਬੰਧ ਵਾਲੇ ਦੇਸ਼ਾਂ ਵਲੋਂ ਆਪਣੀਆਂ ਨਵ ਉਦਾਰੀਵਾਦੀ ਨੀਤੀਆਂ ਕਾਰਨ ਗ਼ਰੀਬ ਅਤੇ ਅਮੀਰ ਵਰਗ 'ਚ ਬਹੁਤ ਵੱਡੇ ਪਾੜੇ ਪੈ ਗਏ ਹਨ। ਆਮਦਨ ਅਤੇ ਦੌਲਤ ਦੀਆਂ ਨਾ-ਬਰਾਬਰੀਆਂ ਵਿਚ ਵਾਧਾ ਹੋ ਰਿਹਾ ਹੈ। ਸੰਪਤੀ ਅਤੇ ਸਾਧਨਾਂ ਦੀ ਮਾਲਕੀ ਦਾ ਕੇਂਦਰੀਕਰਨ ਹੋ ਗਿਆ ਹੈ। ਸੰਯੁਕਤ ਰਾਸ਼ਟਰ ਦੀ ਰੀਪੋਰਟ ਅਨੁਸਾਰ 2000 ਦੌਰਾਨ ਦੁਨੀਆ ਦੀ ਕੁੱਲ ਸੰਪਤੀ ਦੇ 40 ਫ਼ੀ ਸਦੀ ਦੀ ਮਾਲਕੀ ਕੇਵਲ 1 ਫ਼ੀ ਸਦੀ ਅਮੀਰ ਵਿਅਕਤੀਆਂ ਕੋਲ ਸੀ ਅਤੇ 10 ਫ਼ੀ ਸਦੀ ਅਮੀਰ ਕੁਲ ਸੰਪਤੀ ਦੇ 85 ਫ਼ੀਸਦੀ ਮਾਲਕ ਸਨ। ਮਨੁੱਖੀ ਵਿਕਾਸ ਇੰਡੈਕਸ (ਐਚ.ਡੀ.ਆਈ.) ਦੀ ਰੀਪੋਰਟ 2007-08 ਅਨੁਸਾਰ ਗ਼ਰੀਬਾਂ ਅਤੇ ਅਮੀਰਾਂ ਵਿਚਕਾਰ ਪਾੜਾ ਹੋਰ ਵਧਿਆ ਹੈ ਤੇ ਦੁਨੀਆਂ ਦੀ 40 ਫ਼ੀ ਸਦੀ ਵੱਸੋਂ ਜੋ ਦੋ ਡਾਲਰ ਪ੍ਰਤੀ ਦਿਨ ਗੁਜ਼ਾਰਾ ਕਰਦੀ ਹੈ, ਉਹ ਸੰਸਾਰ ਦੀ ਕੁਲ ਆਮਦਨ ਦੀ ਕੇਵਲ 5ਫ਼ੀ ਸਦੀ ਮਾਲਕ ਹੈ। ਜਦਕਿ ਅਮੀਰ ਲੋਕ ਕੁਲ ਆਮਦਨ ਦੇ ਤਿੰਨ ਚੌਥਾਈ ਹਿੱਸੇ ਦੇ ਮਾਲਕ ਹਨ। 80 ਫ਼ੀ ਸਦੀ ਵੱਸੋਂ ਉਨ੍ਹਾਂ ਦੇਸ਼ਾਂ ਵਿਚ ਰਹਿੰਦੀ ਹੈ ਜਿਥੇ ਆਮਦਨਾਂ ਵਿਚ ਪਾੜਾ ਵੱਧ ਰਿਹਾ ਹੈ। ਮੌਜੂਦਾ ਨਵ ਉਦਾਰੀਵਾਦੀ ਨੀਤੀਆਂ ਵਾਲਾ ਪ੍ਰਬੰਧ ਜਿਥੇ ਇਕ ਪਾਸੇ ਮੁਨਾਫ਼ੇਖੋਰਾਂ ਦੇ ਮੁਨਾਫ਼ਿਆਂ 'ਚ ਅਥਾਹ ਵਾਧਾ ਕਰਦਾ ਹੈ ਉਥੇ ਬੇਰੁਜ਼ਗਾਰੀ ਅਤੇ ਛਾਂਟੀਆਂ ਕਾਰਨ ਉਜਰਤਾਂ ਨੂੰ ਖੋਰਾ ਲਗਦਾ ਹੈ। ਘਾਟੇ ਦੇ ਬਜਟ ਕਾਰਨ ਰੈਵੀਨਿਉ ਘੱਟ ਜਾਂਦਾ ਹੈ ਅਤੇ ਖ਼ਰਚਾ ਵੀ, ਜਿਸ ਕਾਰਨ ਆਰਥਿਕਤਾ ਹੋਰ ਕਮਜ਼ੋਰ ਹੋ ਜਾਂਦੀ ਹੈ। ਹਾਕਮ ਇਸ ਦਾ ਹੱਲ, ਕਿਰਤੀ ਵਰਗ ਅਤੇ ਮਜ਼ਦੂਰਾਂ ਦੀਆਂ ਉਜਰਤਾਂ ਘਟਾ ਕੇ ਸਬਸਿਡੀਆਂ ਬੰਦ ਕਰ ਕੇ ਅਤੇ ਲੋਕ ਭਲਾਈ ਸਕੀਮਾਂ ਨੂੰ ਛਾਂਗ ਕੇ ਸਰਫ਼ਾ ਕਰਨ ਦੀ ਨੀਤੀ ਰਾਹੀਂ ਲੱਭਦੇ ਹਨ। ਇਹ ਨੀਤੀਆਂ ਅੱਗੋਂ ਹੋਰ ਸੰਕਟ ਨੂੰ ਜਨਮ ਦਿੰਦੀਆਂ ਹਨ। ਪੂੰਜੀਵਾਦ ਦਾ ਬਸਤੀਵਾਦੀ, ਸਾਮਰਾਜੀ ਅਤੇ ਹੁਣ ਸੰਸਾਰੀਕਰਨ ਦਾ ਪਾਸਾਰ, ਕੁਦਰਤੀ ਵਿਕਾਸ ਨਹੀਂ, ਸਗੋਂ ਥੋਪਿਆ ਹੋਇਆ ਬਨਾਉਟੀ ਵਿਕਾਸ ਹੈ।

## ਮੰਦੇ ਦੇ ਦੁਸ਼ਟ ਪ੍ਰਭਾਵ

ਪੂੰਜੀਵਾਦੀ ਮੰਦੇ ਕਾਰਨ ਮੁਦਰਾ ਸਫ਼ੀਤੀ ਵਿਚ ਅਥਾਹ ਵਾਧਾ ਹੁੰਦਾ ਹੈ। ਬੇਰੁਜ਼ਗਾਰੀ ਕਾਰਨ ਲੋਕਾਂ ਦੀ ਖ਼ਰੀਦ ਸ਼ਕਤੀ ਘੱਟ ਜਾਂਦੀ ਹੈ। ਜਿਸ ਕਾਰਨ ਅੰਦਰੂਨੀ ਮੰਡੀ ਵਿਚ ਖਪਤ ਘਟਣ ਕਾਰਨ ਜੀ.ਡੀ.ਪੀ. ਦੀ ਵਿਕਾਸ ਦਰ 'ਤੇ ਬੁਰਾ ਅਸਰ ਪੈਂਦਾ ਹੈ। ਫ਼ਾਈਨੈਸ਼ੀਅਲ ਟਾਈਮਜ਼ ਅਨੁਸਾਰ ਅਕਤੂਬਰ 2005 ਦੌਰਾਨ ਹੀ ਇਹ ਮੰਦਾ ਸ਼ੁਰੂ ਹੋ ਗਿਆ ਸੀ। ਇਸ ਵੇਲੇ ਮੰਦੇ ਕਾਰਨ ਅਮਰੀਕਾ ਵਿਚ 10 ਫ਼ੀਸਦੀ, ਯੁਰਪ ਵਿਚ 9 ਫ਼ੀਸਦੀ, ਏਸ਼ੀਆ ਵਿਚ 8 ਫ਼ੀਸਦੀ ਅਤੇ ਅਫ਼ਰੀਕਾ ਵਿਚ 11 ਫ਼ੀਸਦੀ ਦਰ ਨਾਲ ਬੇਰੁਜ਼ਗਾਰੀ ਵਧੀ ਹੈ। ਕੈਨੇਡਾ ਅੰਦਰ ਵਿਕਾਸ ਦਰ 3.6 ਫ਼ੀ ਸਦੀ ਆਂਕੀ ਗਈ ਹੈ। ਪਰ ਵਿੱਤੀ ਹਾਲਤ ਕਾਰਨ ਫ਼ੈਡਰਲ ਸਰਕਾਰ ਵਲੋਂ ਸਿਖਿਆ, ਸਿਹਤ, ਪੁਲਿਸ, ਸਮਾਜਕ ਸੁਰੱਖਿਆ ਖੇਤਰਾਂ ਅੰਦਰ ਸਰਫ਼ਾ ਕਰਨ ਲਈ ਬਜਟ ਤੇ ਕਟੌਤੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਕੈਨੇਡਾ ਦਾ ਘਾਟਾ 33 ਬਿਲੀਅਨ ਡਾਲਰ ਹੈ ਜੋ ਜੀ.ਡੀ.ਪੀ. ਦਾ 3.00 ਫ਼ੀਸਦੀ ਹੈ। ਅਮਰੀਕਾ ਦਾ ਵਿੱਤੀ ਘਾਟਾ 1.35 ਟਰਿਲੀਅਨ ਡਾਲਰ ਜੋ ਜੀ.ਡੀ.ਪੀ. ਦਾ 9.2 ਫ਼ੀਸਦੀ ਹੈ ਜਿਸ ਕਰ ਕੇ ਪਿਛਲੇ ਸੰਕਟ ਦੌਰਾਨ ਅਮਰੀਕਾ ਵਿਚ 8 ਮਿਲੀਅਨ ਰੁਜ਼ਗਾਰ ਘਟੇ। ਕੈਨੇਡਾ ਦਾ ਵਾਪਾਰ ਘਟਿਆ 503 ਮਿਲੀਅਨ ਡਾਲਰ, ਅਮਰੀਕਾ ਦਾ 42.3 ਬਿਲੀਅਨ ਡਾਲਰ ਹੋਣ ਕਰ ਕੇ ਬਰਾਮਦ ਘਟਣ ਕਾਰਨ ਅੰਦਰੂਨੀ ਮੰਦੀ ਦੀ ਖ਼ਪਤ ਦਰ ਦਾ ਘਟਣ, ਭਾਵ ਲੋਕਾਂ ਦੀ ਖ਼ਰੀਦ ਸ਼ਕਤੀ ਘਟਣ ਕਾਰਨ ਜੀਵਨ ਮਿਆਰ ਹੇਠਾਂ ਡਿੱਗਿਆ ਹੈ। ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਵਿਚ 80 ਫ਼ੀਸਦੀ ਵਾਧਾ, ਮੁਕਤ ਬਾਜ਼ਾਰ (ਮਾਰਕੀਟ ਐਕਨਾਮਿਕ) ਕਾਰਨ ਸਨਅਤੀ ਅਦਾਰਿਆਂ ਵਿਚ ਕਿਰਤੀਆਂ ਦੀ ਆਕਾਰ ਘਟਾਈ (ਡਾਊਨ ਸੀਜ਼ਿੰਗ) ਕੰਮ ਦੇ ਘੰਟਿਆਂ 'ਚ ਵਾਧਾ ਮੁਨਾਫ਼ਿਆਂ ਦੀ ਦੌੜ ਦਾ ਹੀ ਸਿੱਟਾ ਹੈ। ਇਹ ਸੰਸਾਰ ਭਰ ਵਿਚ ਆਮ ਵਰਤਾਰਾ ਬਣ ਗਿਆ ਹੈ। ਯੂਰਪੀ ਭਾਈਚਾਰੇ ਦੇ 27 ਦੇਸ਼ ਇਸ ਵੇਲੇ ਡੂੰਘੇ ਆਰਥਕ ਸੰਕਟ ਦਾ ਸ਼ਿਕਾਰ ਹਨ। ਪਿਛਲੇ ਦਿਨੀ ਬਰੱਸਲਜ ਅਤੇ ਫ਼ਰੈਂਕਫ਼ਰਟ ਅਤੇ ਹੁਣ ਜੀ-20 ਦੇਸ਼ਾਂ ਦੀ ਵਾਰਤਾ ਵੇਲੇ ਯੂਰਪੀ ਭਾਈਚਾਰੇ ਦੇ ਦੇਸ਼ਾਂ ਅੰਦਰ ਆਏ ਸੰਕਟ ਨੂੰ ਟਾਲਣ ਲਈ ਗੰਭੀਰ ਵਿਚਾਰਾਂ ਵੀ ਹੋਈਆਂ। ਗ਼ਰੀਸ, ਸਪੇਨ, ਪੁਰਤਗਾਲ, ਇਟਲੀ, ਆਇਰਲੈਂਡ ਆਦਿ ਦੇਸ਼ਾਂ, ਜੋ ਗੰਭੀਰ ਸੰਕਟ ਦਾ ਸ਼ਿਕਾਰ ਹਨ,ਨੂੰ ਬਚਾਉਣ

ਲਈ (ਬੇਲ ਆਊਟ) ਕਈ ਟਰਿਲੀਅਨ ਡਾਲਰ ਸਹਾਇਤਾ ਦੇਣ ਦੇ ਬਾਵਜੂਦ ਵੀ ਯੂਰਪ ਵਿਚ ਸੰਕਟ ਮੁੜ ਪਣਪ ਪਿਆ ਹੈ। ਹੁਣ ਯੂਰਪੀ, ਭਾਈਚਾਰੇ ਦੇ ਦੇਸ਼ ਇਕ ਦੂਜੇ ਨੂੰ ਕੋਸ ਰਹੇ ਹਨ। ਯੂਰੋ ਦੇ ਲੁਟਕਣ ਬਾਅਦ ਅਤੀ ਵਿਕਸਤ ਦੇਸ਼ ਇੰਗਲੈਂਡ, ਫ਼ਰਾਂਸ ਅਤੇ ਜਰਮਨੀ ਇਸ ਦਾ ਦੋਸ਼ ਇਕ ਦੂਜੇ 'ਤੇ ਮੜ੍ਹ ਰਹੇ ਹਨ। ਯੂਰਪ ਦੇ ਕਰਜ਼ਿਆਂ ਹੇਠ ਡੁੱਬੇ ਦੇਸ਼ਾਂ ਅੰਦਰ ਬੇਰੁਜ਼ਗਾਰੀ ਦਰ 10.1 ਫ਼ੀ ਸਦੀ ਪੁੱਜ ਗਈ ਹੈ। 16 ਮਿਲੀਅਨ ਲੋਕ ਇਸ ਬੇਰੁਜ਼ਗਾਰੀ ਦੀ ਮਾਰ ਹੇਠ ਆ ਗਏ ਹਨ। ਸੰਕਟ 'ਤੇ ਕਾਬੂ ਪਾਉਣ ਲਈ ਯੂਰਪੀ ਪੂੰਜੀਵਾਦੀ ਪ੍ਰਬੰਧ ਵਾਲੇ ਦੇਸ਼, ਲੋਕ ਵਿਰੋਧੀ ਉਦਾਰੀਵਾਦੀ ਨੀਤੀਆਂ ਬਦਲਣ ਦੀ ਥਾਂ ਇਸ ਦਾ ਭਾਰ ਮੁੜ ਕਿਰਤੀ ਜਮਾਤ 'ਤੇ ਉਨ੍ਹਾਂ ਦੀਆਂ ਤਨਖ਼ਾਹਾਂ, ਪੈਨਸ਼ਨਾਂ, ਵਿੱਤੀ ਲਾਭਾਂ, ਸਮਾਜਕ ਸੁਰੱਖਿਆ ਅਧੀਨ ਮਿਲਣ ਵਾਲੇ ਭੱਤਿਆਂ 'ਚ ਕਟੌਤੀ ਕਰ ਕੇ ਲੱਦ ਰਹੇ ਹਨ।

## ਮੰਦੇ ਦਾ ਭਾਰਤ 'ਤੇ ਪ੍ਰਭਾਵ

ਇਸ ਮੰਦੇ ਦਾ ਭਾਰਤ 'ਤੇ ਵੀ ਉਨ੍ਹਾਂ ਹੀ ਪ੍ਰਭਾਵ ਪਿਆ ਹੈ ਜਿਨ੍ਹਾਂ ਬਾਕੀ ਵਿਕਸਤ ਦੇਸ਼ਾਂ 'ਤੇ। ਭਾਰਤ ਦੇ ਹਾਕਮਾਂ ਵਲੋਂ 1990 ਤੋਂ ਸ਼ੁਰੂ ਕੀਤੀਆਂ ਨਵ ਉਦਾਰੀਵਾਦੀ ਨੀਤੀਆਂ ਕਾਰਨ ਭਾਵੇਂ ਵਿਕਾਸ ਦਰ 9.4 ਫ਼ੀਸਦੀ ਦੇ ਰਹਿਣ ਦਾ ਕਿਆਫ਼ਾ ਹੈ ਪਰ ਉਪਰੋਕਤ ਨੀਤੀਆਂ ਕਾਰਨ ਇਸ ਵਿਕਾਸ ਦਰ ਦਾ ਲਾਭ 52 ਅਰਬਪਤੀਆਂ ਨੂੰ ਮਿਲਿਆ ਹੈ। ਜੋ ਦੇਸ਼ ਦੀ ਜੀ.ਡੀ.ਪੀ. ਦੇ ਚੌਥੇ ਹਿੱਸੇ ਦੇ ਮਾਲਕ ਬਣ ਗਏ ਹਨ। ਸੰਯੁਕਤ ਰਾਸ਼ਟਰ ਦੀ ਵਿਕਾਸ ਰੀਪੋਰਟ 2009 ਅਨੁਸਾਰ ਭਾਰਤ ਵਿਚ 31 ਕਰੋੜ ਲੋਕ ਬੇਹੱਦ ਗ਼ਰੀਬ ਹਨ। ਸੰਸਾਰ ਬੈਂਕ ਅਨੁਸਾਰ 82.77 ਕਰੋੜ ਭਾਵ ਦੇਸ਼ ਦੀ 75.6 ਫ਼ੀ ਸਦੀ ਆਬਾਦੀ ਦੋ ਡਾਲਰ ਵਿਚ ਗੁਜ਼ਾਰਾ ਕਰਨ ਲਈ ਮਜਬੂਰ ਹੋ ਗਈ ਹੈ। ਜੋ ਵਿਸ਼ਵ ਦੀ ਆਬਾਦੀ ਦਾ 32 ਫ਼ੀ ਸਦੀ ਹਿੱਸਾ ਬਣਦੀ ਹੈ।

ਮਨੁੱਖੀ ਵਿਕਾਸ ਇੰਡੈਕਸ (ਐਚ.ਡੀ.ਆਈ.) ਦੀ ਰੀਪੋਰਟ 2009 ਅਨੁਸਾਰ ਭਾਰਤ 182 ਦੇਸ਼ਾਂ ਵਿਚੋਂ 134ਵੇਂ ਸਥਾਨ 'ਤੇ ਪੁੱਜ ਗਿਆ ਹੈ। ਨਵਜਾਤ ਬੱਚਿਆਂ ਦੀ ਇਕ ਹਜ਼ਾਰ ਪਿੱਛੇ ਮੌਤ ਦਰ 68 ਹੈ। ਯੂਨੀਸੈਫ਼ ਦੀ ਰੀਪੋਰਟ ਅਨੁਸਾਰ 43 ਫ਼ੀਸਦੀ ਭਾਰਤੀ ਬੱਚੇ ਘੱਟ ਵਜ਼ਨ ਦੇ ਪੈਦਾ ਹੋ ਰਹੇ ਹਨ। ਹੇਠਲੇ ਵਰਗਾਂ ਦੇ 23.50 ਕਰੋੜ ਬੱਚੇ ਕੁਪੋਸ਼ਨ ਦੇ ਸ਼ਿਕਾਰ, ਪੀਣ ਵਾਲੇ ਸਾਫ਼ ਪਾਣੀ, ਸਿਹਤ ਸਹੂਲਤਾਂ ਅਤੇ ਸਿਖਿਆ ਤੋਂ ਵਾਂਝੇ ਹਨ। ਇਸ ਸੱਭ ਦੇ ਬਾਵਜੂਦ ਭਾਰਤ ਦੇ ਹਾਕਮਾਂ ਵਲੋਂ ਇਹ ਕਹਿਣਾ ਕਿ ਭਾਰਤ 'ਤੇ ਮੌਜੂਦਾ ਮੰਦੇ ਦਾ ਕੋਈ ਅਸਰ ਨਹੀਂ, ਸਰਾਸਰ ਝੂਠ ਦਾ ਪੁਲੰਦਾ ਹੈ। ਭਾਰਤ ਜੇਕਰ ਗੰਭੀਰ ਆਰਥਕ ਸੰਕਟ ਦਾ ਸ਼ਿਕਾਰ ਨਹੀਂ ਹੋਇਆ ਤਾਂ ਇਸ ਦਾ ਕਾਰਨ ਦੇਸ਼ ਦੇ ਵਿੱਤੀ ਅਦਾਰੇ, ਬੈਂਕ, ਬੀਮਾ, ਪਬਲਿਕ ਖੇਤਰ 'ਚ ਸਨਅਤੀ ਅਦਾਰੇ ਆਦਿ ਸੱਭ ਸਰਕਾਰੀ ਖੇਤਰ ਵਿਚ ਸਨ। ਦੂਸਰਾ ਕੇਂਦਰ ਅਤੇ ਰਾਜ ਸਰਕਾਰਾਂ ਦੇ ਅਦਾਰਿਆਂ ਵਿਚ ਕੰਮ ਕਰਦੇ 2.35 ਕਰੋੜ ਸਰਕਾਰੀ ਮੁਲਾਜ਼ਮ ਸਨ, ਜੋ ਪਬਲਿਕ ਸੈਕਟਰ ਦੇ ਅਦਾਰਿਆਂ ਲਈ ਕੌਮੀ ਸੰਪਤੀ ਵਿਚ ਪੂੰਜੀ ਜੋੜਦੇ ਹਨ। ਪਰ ਪ੍ਰਾਈਵੇਟ ਸੈਕਟਰ ਜੋ ਪੂੰਜੀਪਤੀਆਂ ਦੀ ਅਜਾਰੇਦਾਰੀ ਅਧੀਨ ਸਨ, ਨੂੰ ਇਸ ਸੰਕਟ ਵਿਚ ਲੱਗੇ ਧੱਕੇ ਤੋਂ ਬਚਾਉਣ ਲਈ ਹਾਕਮਾਂ ਨੇ 5 ਲੱਖ ਕਰੋੜ ਰੁਪਏ ਸਹਾਇਤਾ ਵਜੋਂ ਦਿਤੇ। ਹੁਣੇ-ਹੁਣੇ ਹੀ ਪੈਟਰੋਲੀਅਮ ਵਸਤਾਂ ਦੀਆਂ ਕੀਮਤਾਂ ਵਿਚ ਬੇਵਹਾ ਵਾਧਾ ਕਰ ਕੇ ਆਮ ਲੋਕਾਂ ਤੇ 1,20,000 ਕਰੋੜ ਰੁਪਏ ਦਾ ਵਾਧੂ ਭਾਰ ਲੱਦ ਦਿਤਾ ਹੈ। ਭਾਰਤ ਵਿਚ ਉਪਰੋਕਤ ਉਦਾਰੀਵਾਦੀ ਨੀਤੀਆਂ ਵਿਰੁਧ ਆਮ ਜਨਤਾ ਅੰਦਰ ਇਕ ਜ਼ੋਰਦਾਰ ਰੋਹ ਪੈਦਾ ਹੋ ਗਿਆ ਹੈ। ਪੂੰਜੀਵਾਦੀ ਪ੍ਰਬੰਧ ਕਾਰਨ ਪੈਦਾ ਹੋਈ ਬੇਰੁਜ਼ਗਾਰੀ ਅਤੇ ਮਹਿੰਗਾਈ ਵਿਰੁਧ ਭਾਵੇਂ ਭਾਰਤੀ ਜਨਤਾ ਕੋਈ ਆਰਥਕ ਬਦਲ ਲਈ ਗੰਭੀਰ ਸੁਚੇਤ ਨਾ ਹੋਵੇ ਪਰ ਇਸ ਮੁੱਦੇ 'ਤੇ ਦੇਸ਼ ਭਰ ਵਿਚ ਵੱਖੋ ਵੱਖ ਸਿਆਸੀ ਪਹੁੰਚਾਂ ਅਪਣਾਉਂਦੇ ਹੋਏ ਖੱਬੀਆਂ ਪਾਰਟੀਆਂ ਅਤੇ ਸੱਜੀ ਧਿਰ ਵਾਲੀ ਸੋਚ ਵਲੋਂ 5 ਜੁਲਾਈ ਨੂੰ ਭਾਰਤ ਬੰਦ ਕਰ ਕੇ ਮਹਿੰਗਾਈ ਜੋ 17 ਫ਼ੀ ਸਦੀ ਦੇ ਵਾਧੇ ਨੂੰ ਪਾਰ ਕਰ ਗਈ ਹੈ, ਵਿਰੁੱਧ ਇਕਮੁਠਤਾ ਦਾ ਪ੍ਰਗਟਾਵਾ ਕੀਤਾ ਗਿਆ। ਜਿਥੇ ਇਹ ਇਕ ਹਾਂ ਪੱਖੀ ਰੁਝਾਨ ਹੈ, ਉਥੇ ਪੂੰਜੀਵਾਦੀ ਪ੍ਰਬੰਧ ਵਿਰੁਧ ਲੋਕਾਂ ਦੇ ਰੋਹ ਦਾ ਪ੍ਰਗਟਾਵਾ ਹੈ।

## ਰੁਝਾਨ

ਸਮਾਜ ਦੇ ਵਿਕਾਸ ਦੇ ਇਸ ਚੌਥੇ ਯੁੱਗ ਪੂੰਜੀਵਾਦ ਦੌਰਾਨ ਪੈਦਾਵਾਰੀ ਸ਼ਕਤੀਆਂ ਹੋਰ ਉਨਤ ਹੋਣ ਅਤੇ ਉਨ੍ਹਾਂ ਦੇ ਪੂੰਜੀਵਾਦੀ ਪੈਦਾਵਾਰੀ ਰਿਸ਼ਤਿਆਂ ਨਾਲ ਟਕਰਾਅ ਵਿਚ ਆਉਣ ਕਾਰਨ, ਨਿਰੰਤਰ ਤਿੱਖੇ ਹੋ ਰਹੇ ਜਮਾਤੀ ਸੰਘਰਸ਼ ਦੇ ਦਬਾਅ ਅਧੀਨ, ਅੱਜ ਦੁਨੀਆ ਅੰਦਰ ਪੂੰਜੀਵਾਦੀ ਅਤੇ ਸਮਾਜਵਾਦੀ ਵਿਚਾਰ ਅਤੇ ਅਰਥਚਾਰੇ ਦਾ ਇਕ ਨਿਰੰਤਰ ਘੋਲ ਚੱਲ ਰਿਹਾ ਹੈ। ਮਨੁੱਖੀ ਕਿਰਤ, ਸਮਾਜ ਦੀ ਸਮੁੱਚੀ ਦੌਲਤ ਦਾ ਸੋਮਾ ਹੈ। ਵਿਕਸਤ ਪੂੰਜੀਵਾਦ ਦੀ ਬੁਨਿਆਦ ਹੁਣ ਮੁਕਤ ਬਾਜ਼ਾਰ ਅਤੇ ਸ਼ੇਅਰ ਮਾਰਕੀਟ ਤੇ ਹੋਣ ਕਰ ਕੇ ਅੱਗੋਂ ਇਸ ਦਾ ਵਿਕਾਸ ਰੁਕਣਾ ਲਾਜ਼ਮੀ ਹੈ। ਵਿਕਾਸ ਦੀ ਖੜੋਤ ਤੋੜਨ ਲਈ ਉਦਾਰੀਵਾਦ ਨੀਤੀਆਂ ਦੀ ਥਾਂ ਕੌਮੀ ਪੂੰਜੀ ਨੂੰ ਮਜ਼ਬੂਤ ਕਰ ਕੇ ਹੀ ਇਹ ਹੋ ਸਕਦਾ ਹੈ। ਅੱਜ ਇਹ ਵਰਤਾਰਾ ਜਿਥੇ ਚੀਨ, ਵੀਤਨਾਮ ਅਤੇ ਉਤਰੀ ਕੋਰੀਆ 'ਚ ਪਹਿਲਾਂ ਹੀ ਹੈ, ਹੁਣ ਦੱਖਣੀ ਲਾਤੀਨੀ ਅਮਰੀਕਾ ਅੰਦਰ ਫ਼ੀਡਲ ਕਾਸਟਰੋ, ਹੁਗੋ ਚਾਵੇਜ਼ ਅਤੇ ਈ ਵੋ ਮੋਰੇਲਜ਼ ਦੀ ਅਗਵਾਈ ਵਿਚ ਕਿਊਬਾ, ਬੁਲੀਵੀਆ, ਵੈਨਜ਼ੂਏਲਾ, ਏਕੂਆਡੋਰ, ਹਾਂਡੂਰਸ, ਨਿਕਾਰ-ਾਗੁਆ, ਐਂਟੀ ਗੂਆ, ਬਾਰਬੂਡਾ, ਸੇਂਟ ਵਿੰਨ ਸੈਟ, ਗਰੇਨਾਡੀਨਜ਼ ਆਦਿ ਦੇਸ਼ਾਂ ਨੇ ਮਨੁੱਖੀ ਕਿਰਤ ਰਾਹੀਂ ਇਕੱਠੀ ਹੋਈ ਕੌਮੀ ਪੂੰਜੀ ਨੂੰ ਮਜ਼ਬੂਤ ਕਰ ਕੇ ਉਸ ਕੌਮੀ ਪੂੰਜੀ ਦੀ ਵਰਤੋਂ ਲੋਕ ਹਿੱਤਾਂ 'ਚ ਕਰ ਕੇ ਇਕ ਨਵੇਂ ਸਮਾਜ ਦੀ ਉਸਾਰੀ ਰਾਹੀਂ ਗ਼ਰੀਬੀ ਦੂਰ ਕਰਨ ਲਈ ਪੁਲਾਂਘਾਂ ਪੁੱਟੀਆਂ ਹਨ। ਇਹ ਦੇਸ਼ ਮਹਾਨ ਇਨਕਲਾਬੀ ਚੀ-ਗੁਵੇਰਾ ਅਤੇ ਸਾਈਮੋਕ ਬੋਲਵਰ ਤੋਂ ਪ੍ਰਭਾਵਤ ਹੋ ਕੇ ਇਕ ਨਵੇਂ ਲੋਕ ਹਿਤੂ ਸਮਾਜ ਦੀ ਸਿਰਜਨਾ ਵੱਲ ਵੱਧ ਰਹੇ ਹਨ। ਲਤੀਨੀ ਅਮਰੀਕੀ ਦੇਸ਼ਾਂ ਦੇ ਲੋਕਾਂ ਵਲੋਂ ਉਸਾਰੀ ਇਸ ਲਹਿਰ ਨੇ ਸਮਾਜਵਾਦੀ ਆਰਥਿਕਤਾ ਦੀ ਸਰਬ ਉਚਤਮਤਾ ਨੂੰ ਸਾਬਤ ਕਰ ਦਿਤਾ ਹੈ। ਵਿਕਸਤ ਪੂੰਜੀਵਾਦੀ ਯੂਰਪ ਅੰਦਰ ਲੱਖਾਂ ਲੋਕ ਅਪਣੇ ਹੱਕਾਂ ਦੀ ਰਾਖੀ ਲਈ, ਸੜਕਾਂ 'ਤੇ ਉਤਰ ਆਏ ਹਨ। 27 ਜੂਨ ਨੂੰ ਟਰਾਂਟੋ ਵਿਖੇ 20 ਹਜ਼ਾਰ ਲੋਕਾਂ ਵਲੋਂ ਕੀਤਾ ਰੋਸ ਮੁਜ਼ਾਹਰਾ, ਪੂੰਜੀਵਾਦੀ ਅਰਥਚਾਰੇ ਕਾਰਨ ਪੈਦਾ ਹੋਈਆਂ ਦੁਸ਼ਵਾਰੀਆਂ ਵਿਰੁਧ ਇਕ ਰੋਹ ਸੀ। ਭਾਰਤ ਵਿਚ 5 ਜੁਲਾਈ ਦਾ ਮੁਕੰਮਲ ਬੰਦ ਅਤੇ ਹੁਣ 7 ਸਤੰਬਰ ਨੂੰ 10 ਕੌਮੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਇਕ ਰੋਜ਼ਾ ਹੜਤਾਲ ਆਦਿ ਰੁਝਾਨ ਦੁਨੀਆ ਅੰਦਰ ਬਹੁ ਧਰੁਵੀ ਆਰਥਿਕਤਾ ਦਾ ਪ੍ਰਗਟਾਵਾ ਹੈ। ਦੁਨੀਆ ਅੰਦਰ ਬਰਿਕ (ਬੀ.ਆਰ.ਆਈ.ਸੀ) ਸਿੰਘਾਈ ਕੋ-ਆਪਰੇਸ਼ਨ, ਬ੍ਰਾਜੀਲ ਰੂਸ ਇਰਾਨ, ਭਾਰਤ, ਚੀਨ, ਦੱਖਣੀ ਅਫ਼ਰੀਕਾ, ਨੇੜਤਾ, ਇਰਾਕ, ਅਫ਼ਗਾਨਿਸਤਾਨ ਅਤੇ ਫ਼ਲਸਤੀਨੀ ਲੋਕਾਂ ਦਾ ਘੋਲ, ਨੇਪਾਲ ਅੰਦਰ ਲੋਕ ਸੰਘਰਸ਼ ਦਾ ਆਗਾਜ਼ ਇਕ ਸ਼ੁਭ ਤਬਦੀਲੀ ਹੈ। ਜੋ ਲੁੱਟ-ਖਸੁਟ ਵਿਰੁਧ ਲੁੱਟੇ ਜਾਣ ਵਾਲਿਆਂ ਦੇ ਰੋਹ ਦਾ ਇਕ ਰੂਪ ਹੈ। ਇਸ ਸਿਫ਼ਤੀ ਤਬਦੀਲੀ ਨੂੰ ਮਿਕਦਾਰੀ ਤਬਦੀਲੀ ਵਿਚ ਬਦਲਨਾ ਹੀ ਅੱਜ ਦਾ ਲੋਕ ਹਿਤੂ ਅਜੰਡਾ ਹੈ ਜੋ ਪੂੰਜੀਵਾਦ ਦੀ ਮੌਤ ਦਾ ਕਾਰਨ ਬਣੇਗਾ।






**ਪਾਕਿਸਤਾਨ ਵਿਚ ਹੜ੍ਹ**

# ਆਮ ਲੋਕਾਂ ਲਈ ਕਹਿਰ, ਸਿਆਸਤਦਾਨਾਂ ਲਈ 'ਲਹਿਰ'


ਤਾਰਿਕ ਅਲੀ



ਭਾਰੀ ਮੀਂਹ ਨਾਲ ਪਾਕਿਸਤਾਨ ਦੇ ਵੱਖ ਵੱਖ ਹਿੱਸਿਆਂ ਵਿਚ ਆਏ ਹੜ੍ਹਾਂ ਨੇ 17.2 ਮਿਲੀਅਨ ਲੋਕਾਂ ਨੂੰ ਜਿਥੇ ਭਾਰੀ ਮਾਲੀ ਨੁਕਸਾਨ ਪਹੁੰਚਾਇਆ ਹੈ, ਉਥੇ ਇਸ ਕੁਦਰਤੀ ਕਹਿਰ ਨੇ 1500 ਲੋਕਾਂ ਦੀ ਜਾਨ ਲੈ ਲਈ ਹੈ। ਹਰ ਸਾਲ ਅਗਸਤ ਦੇ ਮਹੀਨੇ ਪਾਕਿਸਤਾਨ ਵਿਚ ਭਾਰੀ ਮੀਂਹ ਪੈਂਦਾ ਹੈ ਪਰ ਇਸ ਵਾਰ ਆਈ ਬੇਲਗਾਮ ਬਾਰਸ਼ ਨੇ ਸਾਰੇ ਹੱਦ ਬੰਨੇ ਤੋੜ ਦਿੱਤੇ ਹਨ। ਸਰਕਾਰੀ ਅੰਕੜੇ ਭਾਵੇਂ ਵੱਖਰੀ ਕਹਾਣੀ ਕਹਿੰਦੇ ਹੋਣ ਪਰ ਅਸਲ ਵਿਚ ਇਸ ਕੁਦਰਤੀ ਆਫ਼ਤ ਨੇ 2000 ਤੋਂ ਵੱਧ ਲੋਕਾਂ ਦੀ ਜਾਨ ਲਈ ਹੈ ਅਤੇ 20 ਮਿਲੀਅਨ ਲੋਕਾਂ ਕੋਲੋਂ ਸਿਰ ਢਕਣ ਦੀ ਛੱਤ ਖੋਹ ਲਈ ਹੈ। ਭਾਰੀ ਮੀਂਹ ਦੀ ਤਬਾਹੀ ਤੇ ਗੁਆਂਢੀ ਮੁਲਕ ਅਫ਼ਗਾਨਿਸਤਾਨ ਨਾਲ ਚੱਲ ਰਹੀ ਜੱਦੋ-ਜਹਿਦ ਪਾਕਿਸਤਾਨ ਦੀ ਸਥਿਤੀ ਅਣਸੁਖਾਵੀਂ ਕਰਨ ਲਈ ਕਾਫੀ ਹੈ। ਅਜਿਹੀ ਸਥਿਤੀ ਨਾਲ ਨਜਿੱਠਣਾ ਕਿਸੇ ਵੀ ਸਰਕਾਰ ਲਈ ਮੁਸ਼ਕਲ ਕੰਮ ਹੋ ਸਕਦਾ ਹੈ ਪਰ ਪਾਕਿਸਤਾਨ ਦੀ ਕੇਂਦਰੀ ਸਰਕਾਰ ਨੂੰ ਤਾਂ ਜਿਵੇਂ ਪੂਰੀ ਤਰ੍ਹਾਂ ਲਕਵਾ ਹੀ ਮਾਰ ਗਿਆ ਹੈ। ਪਿਛਲੇ 60 ਸਾਲਾਂ ਦੌਰਾਨ ਪਾਕਿਸਤਾਨ ਵਿਚਲੇ ਉਚੇ ਤਬਕੇ ਦੇ ਆਲਾ ਅਧਿਕਾਰੀਆਂ ਤੇ ਸਿਆਸਤਦਾਨਾਂ ਨੇ ਆਮ ਜਨਤਾ ਲਈ ਕੋਈ ਮਜ਼ਬੂਤ ਸਮਾਜਕ ਢਾਂਚਾ ਤਿਆਰ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਪਾਕਿਸਤਾਨ ਸਰਕਾਰ ਦੀ ਐਸ ਵੇਲੇ ਪੂਰੀ ਕੋਸ਼ਿਸ਼ ਸਿਰਫ ਇਹ ਹੈ ਕਿ ਕੌਮਾਂਤਰੀ ਮੁਦਰਾ ਕੋਸ਼ ਤੋਂ ਲਗਾਤਾਰ ਆਰਥਕ ਮਦਦ ਦੀ ਸਪਲਾਈ ਹੁੰਦੀ ਰਹੇ। ਆਮ ਦਿਨਾਂ ਵਿਚ ਲੋਕਾਂ ਦੇ ਕਿਸੇ ਕੰਮ ਨਾ ਆ ਸਕਣ ਵਾਲੀ ਇਹ ਸਰਕਾਰ ਸੰਕਟ ਦੀ ਘੜੀ ਵਿਚ ਪੂਰੀ ਤਰ੍ਹਾਂ ਨਾਲ ਨਿਕੰਮੀ ਸਾਬਤ ਹੋਈ ਹੈ।

ਇਕ ਪਾਸੇ ਜਿਥੇ ਪਾਕਿਸਤਾਨ ਨੂੰ ਉਮੀਦ ਮੁਤਾਬਕ ਕੌਮਾਂਤਰੀ ਪੱਧਰ 'ਤੇ ਮਾਲੀ ਮਦਦ ਨਹੀਂ ਮਿਲ ਸਕੀ ਉਥੇ ਦੂਜੇ ਪਾਸੇ ਅਮਰੀਕਾ ਦੇ ਹਮਾਇਤੀ ਪੱਤਰਕਾਰ ਇਹ ਕਹਿ ਕੇ ਦਹਿਸ਼ਤ ਦਾ ਮਾਹੌਲ ਤਿਆਰ ਕਰ ਰਹੇ ਹਨ ਕਿ ਜੇ ਪਾਕਿਸਤਾਨ ਨੂੰ ਇਸ ਵੇਲੇ ਭਾਰੀ ਆਰਥਕ ਮਦਦ ਨਾਲ ਮਿਲੀ ਤਾਂ ਅੱਤਵਾਦੀ ਸੰਗਠਨ ਮੁਲਕ ਉਪਰ ਕਾਬਜ਼ ਹੋ ਜਾਣਗੇ। ਪਾਕਿਸਤਾਨ ਦੀ ਫੌਜ ਇਸ ਵੇਲੇ ਪੂਰੀ ਤਰ੍ਹਾਂ ਹੜ੍ਹਾਂ ਦੀ ਲਪੇਟ ਵਿਚ ਹੈ ਤੇ ਬੇਵੱਸ ਨਜ਼ਰ ਆ ਰਹੀ ਹੈ। ਧਾਰਮਕ ਤੇ ਹੋਰ ਸੰਗਠਨ ਆਮ ਲੋਕਾਂ ਦੀ ਮਦਦ ਲਈ ਪੈਸੇ ਇਕੱਠੇ ਕਰ ਰਹੇ ਹਨ।

9/11 ਹਮਲਿਆਂ ਮਗਰੋਂ ਯੂਰਪ ਅਤੇ ਉਤਰੀ ਅਮਰੀਕੀ ਮੁਲਕਾਂ ਵਿਚ ਵਿਆਪਕ ਪੱਧਰ 'ਤੇ ਇਸਲਾਮੋਫੋਬੀਆ ਨੇ ਆਪਣੇ ਪੈਰ ਪਸਾਰੇ ਹੋਏ ਹਨ। ਕੁਝ ਓਪੀਨੀਅਨ ਪੋਲ ਇਥੋਂ ਤੱਕ ਦਰਸਾਉਂਦੇ ਹਨ ਕਿ 50 ਫੀਸਦੀ ਬਰਤਾਨਵੀ ਨਾਗਰਿਕਾਂ ਦੇ ਦਿਮਾਗ ਵਿਚ 'ਇਸਲਾਮ' ਸ਼ਬਦ ਸੁਣ ਕੇ ਸਭ ਤੋਂ ਪਹਿਲਾਂ ਜੋ ਸ਼ਬਦ ਉਭਰਦਾ ਹੈ, ਉਹ ਹੈ 'ਦਹਿਸ਼ਤਗਰਦੀ'। ਨਤੀਜਾ ਇਹ ਹੈ ਕਿ ਕੌਮਾਂਤਰੀ ਭਾਈਚਾਰੇ ਨੂੰ ਅਫ਼ਗਾਨਿਸਤਾਨ ਵਿਚ ਮਰ ਰਹੇ ਲੋਕਾਂ, ਇਰਾਕ ਵਿਚ ਮਰੇ ਆਮ ਨਾਗਰਿਕਾਂ ਅਤੇ ਪਾਕਿਸਤਾਨ ਵਿਚ ਹੜ੍ਹ ਦੀ ਲਪੇਟ ਵਿਚ ਆਏ ਲੋਕਾਂ ਦੀ ਨਾ ਫਿਕਰ ਹੁੰਦੀ ਹੈ ਤੇ ਨਾ ਹੀ ਕੋਈ ਫਰਕ ਪੈਂਦਾ ਹੈ। ਇਸਲਾਮ ਪ੍ਰਤੀ ਦੁਨੀਆ ਦੇ ਬਦਲੇ ਨਕਾਰਾਤਮਕ ਰਵੱਈਏ ਕਾਰਨ ਪਾਕਿਸਤਾਨ ਨੂੰ ਕੋਈ ਬਹੁਤੀ ਮਾਲੀ ਮਦਦ ਦੇਣ ਲਈ ਵੀ ਤਿਆਰ ਨਹੀਂ। ਇਰਾਕ, ਅਫਗਾਨਿਸਤਾਨ ਅਤੇ ਪਾਕਿਸਤਾਨ ਵਿਚ ਹੋਣ ਵਾਲੀਆਂ ਮਨੁੱਖੀ ਅਤੇ ਕੁਦਰਤੀ ਦੁਰਘਟਨਾਵਾਂ ਬਾਰੇ ਸੁਣਨ ਦੀ ਹੁਣ ਲੋਕਾਂ ਨੂੰ ਆਦਤ ਪੈ ਗਈ ਹੈ ਤੇ ਕਿਸੇ ਨੂੰ ਬਹੁਤਾ ਫ਼ਰਕ ਨਹੀਂ ਪੈਂਦਾ।

### ਬੁਸ਼ ਮਗਰੋਂ ਜ਼ਰਦਾਰੀ ਹੋਏ ਸ਼ੂ ਕਲੱਬ ਵਿਚ ਸ਼ਾਮਲ




ਬਰਤਾਨੀਆ ਵਿਚ ਰਹਿੰਦਾ ਆਮ ਪਾਕਿਸਤਾਨੀ ਮੁਲਕ ਦੀ ਇਸ ਔਖੀ ਘੜੀ ਵਿਚ ਮਦਦ ਲਈ ਕੋਈ ਪੈਸਾ ਭੇਜਣ ਨੂੰ ਤਿਆਰ ਨਹੀਂ। ਉਨ੍ਹਾਂ ਨੂੰ ਲੱਗਦਾ ਹੈ ਕਿ ਇਹ ਪੈਸਾ ਸਹੀ ਥਾਂ ਵਰਤੇ ਜਾਣ ਦੀ ਥਾਂ ਭ੍ਰਿਸ਼ਟ ਨੇਤਾਵਾਂ ਦੀਆਂ ਜੇਬ੍ਹਾਂ ਗਰਮ ਕਰੇਗਾ। ਉਧਰ ਮੁਲਕ ਦੇ ਰਾਸ਼ਟਰਪਤੀ ਨੂੰ ਅਜਿਹੀ ਔਖੀ ਘੜੀ ਵਿਚ ਵਿਦੇਸ਼ਾਂ ਦੇ ਦੌਰੇ ਸੁੱਝ ਰਹੇ ਹਨ। ਆਸਿਫ਼ ਅਲੀ ਜ਼ਰਦਾਰੀ ਅਜਿਹੇ ਸਮੇਂ ਬਰਮਿੰਘਮ ਵਿਖੇ ਰੈਲੀ ਕਰ ਰਹੇ ਸਨ, ਕਿਉਂਕਿ ਉਨ੍ਹਾਂ ਦੇ ਪੁੱਤਰ ਨੂੰ ਜਨਤਕ ਤੌਰ 'ਤੇ ਪਾਕਿਸਤਾਨ ਦਾ ਅਗਲਾ ਲੀਡਰ ਐਲਾਨਿਆ ਜਾਣਾ ਸੀ ਤੇ ਇਸ ਤੋਂ ਇਲਾਵਾ ਜ਼ਰਦਾਰੀ ਨੇ ਬਰਤਾਨੀਆ ਵਿਚ ਮੌਜੂਦ ਆਪਣੀ ਸੰਪਤੀ ਦਾ ਜਾਇਜ਼ਾ ਵੀ ਲੈਣਾ ਸੀ। ਪਾਕਿਸਤਾਨ ਦੀ ਆਮ ਜਨਤਾ ਡੁੱਬ ਰਹੀ ਸੀ ਤੇ ਰਾਸ਼ਟਰਪਤੀ ਛੁੱਟੀਆਂ ਮਨਾ ਰਿਹਾ ਸੀ। ਲੋਕਾਂ ਦੇ ਗੁੱਸੇ ਨੂੰ ਵੇਖਦਿਆਂ ਜ਼ਰਦਾਰੀ ਦੇ ਪੁੱਤਰ ਬਿਲਾਵਲ ਦੀ ਤਾਜਪੋਸ਼ੀ ਕੁਝ ਸਮੇਂ ਲਈ ਜ਼ਰੂਰ ਅੱਗੇ ਵਧਾ ਦਿੱਤੀ ਗਈ।

ਜ਼ਰਦਾਰੀ ਦੇ ਇਸ ਸੈਰ ਸਪਾਟੇ ਤੋਂ ਨਾਖੁਸ਼ ਇਕ ਕਸ਼ਮੀਰੀ ਬਜ਼ੁਰਗ ਨੇ ਬਰਮਿੰਘਮ ਵਿਖੇ ਜ਼ਰਦਾਰੀ ਦੇ ਭਾਸ਼ਣ ਦੌਰਾਨ ਉਸ ਵੱਲ ਜੁੱਤੀ ਵਗ੍ਹਾ ਮਾਰੀ ਅਤੇ ਉਸ ਨੂੰ ਚੋਰ ਅਤੇ ਭ੍ਰਿਸ਼ਟ ਕਹਿ ਕੇ ਨਿੰਦਿਆ। ਨਤੀਜੇ ਵਜੋਂ ਜ਼ਰਦਾਰੀ ਗੁੱਸੇ ਵਿਚ ਹਾਲ ਛੱਡ ਕੇ ਚਲੇ ਗਏ। ਲੋਕਾਂ ਨੂੰ ਬਰਮਿੰਘਮ ਦੀਆਂ ਸੜਕਾਂ 'ਤੇ ਹੱਥ ਵਿਚ ਬੈਨਰ ਫੜੀ ਨਾਅਰੇਬਾਜ਼ੀ ਕਰਦਿਆਂ ਵੇਖਿਆ ਗਿਆ। ਬੈਨਰਾਂ 'ਤੇ ਲਿਖਿਆ ਸੀ-'ਪਾਕਿਸਤਾਨ ਡੁੱਬ ਰਿਹਾ ਹੈ, ਹਜ਼ਾਰਾਂ ਮਰ ਗਏ ਹਨ, ਤੇ ਜ਼ਰਦਾਰੀ ਪਰਿਵਾਰ ਇੰਗਲੈਂਡ ਛੁੱਟੀਆਂ ਮਨਾ ਰਿਹਾ ਹੈ।'

ਯੂਰਪੀ ਟੈਲੀਵਿਜ਼ਨ ਚੈਨਲ ਹੜ੍ਹਾਂ ਵਿਚ ਮਾਰੇ ਗਏ ਲੋਕਾਂ ਦੀਆਂ ਤਸਵੀਰਾਂ ਵਿਖਾ ਰਹੇ ਸਨ ਤੇ ਜ਼ਰਦਾਰੀ, ਪਾਕਿਸਤਾਨ ਦਾ ਸਭ ਤੋਂ ਅਮੀਰ ਆਦਮੀ ਆਪਣੇ ਫਰਾਂਸ ਵਿਚਲੇ 5 ਏਕੜ ਵਿਚ ਫੈਲੇ ਮਹਿਲ ਵਿਚ ਛੁੱਟੀਆਂ ਮਨਾ ਰਿਹਾ ਸੀ ਜਿਥੇ ਰਿਹਾਇਸ਼ੀ ਇਮਾਰਤ ਤੋਂ ਇਲਾਵਾ ਪਾਰਕਲੈਂਡ, ਜੰਗਲ ਅਤੇ ਝੀਲਾਂ ਵੀ ਹਨ। ਹਰ ਕੋਈ ਜਾਣਦਾ ਹੈ ਕਿ ਏਨਾ ਪੈਸਾ ਜ਼ਰਦਾਰੀ ਨੇ ਉਨ੍ਹਾਂ ਕੰਪਨੀਆਂ ਤੋਂ ਵਸੂਲਿਆ ਹੈ ਜੋ ਪਾਕਿਸਤਾਨ ਚ ਨਿਵੇਸ਼ ਕਰਦੀਆਂ ਹਨ। ☐

---

# ਚੀਨ ਦੀ ਚੁਣੌਤੀ

ਗਰੀਸ਼ ਮਿਸ਼ਰ

ਚੀਨ, ਜਾਪਾਨ ਨੂੰ ਪਛਾੜ ਕੇ ਦੁਨੀਆ ਦੀ ਦੂਸਰੀ ਵੱਡੀ ਅਰਥਵਿਵਸਥਾ ਬਣ ਗਿਆ ਹੈ।

ਤਾਜਾ ਅੰਕੜਿਆਂ ਅਨੁਸਾਰ, ਚੀਨ ਦੀ ਅਰਥਵਿਵਸਥਾ ਆਕਾਰ ਦੀ ਦ੍ਰਿਸ਼ਟੀ ਤੋਂ ਦੁਨੀਆ ਵਿਚ ਦੂਸਰੇ ਨੰਬਰ 'ਤੇ ਆ ਗਈ ਹੈ। ਹੁਣ ਸਿਰਫ ਅਮਰੀਕਾ ਉਸ ਤੋਂ ਅੱਗੇ ਹੈ। ਜੇਕਰ ਕੁਝ ਅਚਨਚੇਤ ਨਾ ਹੋਇਆ ਤਾਂ 2030 ਤੱਕ ਚੀਨ ਉਸ ਨੂੰ ਵੀ ਪਛਾੜ ਦਏਗਾ। ਚੀਨ ਦੀ ਇਹ ਪ੍ਰਗਤੀ ਵਾਕਯ ਕਮਾਲ ਦੀ ਹੈ। ਸਾਡੇ ਆਜ਼ਾਦ ਹੋਣ ਤੋਂ ਦੋ ਸਾਲ ਬਾਅਦ ਉਥੇ ਕਰਾਂਤੀ ਦੀ ਜਿੱਤ ਹੋਈ। ਉਸ ਤੋਂ ਬਾਅਦ ਉਸ ਨੂੰ ਅਨੇਕਾਂ ਮੁਸੀਬਤਾਂ ਵਿਚੋਂ ਲੰਘਣਾ ਪਿਆ। ਇਸ ਲਈ ਮਾਓ ਕਾਲ ਦੌਰਾਨ ਚੁੱਕੀਆਂ ਗਈਆਂ ਸਾਹਸੀ ਨੀਤੀਆਂ ਮੁੱਖ ਤੌਰ 'ਤੇ ਜ਼ਿੰਮੇਵਾਰ ਸਨ। ਫਿਰ ਉਥੇ ਭਾਰੀ ਅਕਾਲ ਪੈ ਗਿਆ, ਜਿਸ ਵਿਚ ਕਈ ਜਾਨਾਂ ਗਈਆਂ। ਉਸ ਨੂੰ ਅਮਰੀਕਾ ਨੇ ਅਲੱਗ ਥਲੱਗ ਕਰਨ ਦੀ ਬੇਹੱਦ ਕੋਸ਼ਿਸ਼ ਕੀਤੀ। ਤਾਈਵਾਨ ਨਾਲ ਵੀ ਉਸ ਦਾ ਲਗਾਤਾਰ ਤਣਾਅ ਬਣਿਆ ਰਿਹਾ। ਫਿਰ ਵੀ ਦੇਂਗ ਸ਼ਿਆਓ ਪਿੰਗ ਦੇ ਦੌਰ ਵਿਚ ਨੀਤੀਗਤ ਪਰਿਵਰਤਨਾਂ ਕਾਰਨ ਉਹ ਆਰਥਕ ਵਾਧੇ ਦੇ ਰਾਹ 'ਤੇ ਤੇਜ਼ੀ ਨਾਲ ਅੱਗੇ ਵੱਧਦਾ ਗਿਆ। ਆਰਥਕ ਖੇਤਰ ਵਿਚ ਸਿਰਫ ਤਿੰਨ ਦਹਾਕਿਆਂ ਵਿਚ ਚੀਨ ਨੇ ਜੋ ਕਮਾਲ ਕੀਤਾ ਹੈ, ਉਹ ਹੈਰਾਨੀ ਵਿਚ ਪਾਉਣ ਵਾਲਾ ਹੈ। ਵਰਨਣਯੋਗ ਹੈ ਕਿ ਸ਼ੁਰੂਆਤੀ ਕਈ ਸਾਲਾਂ ਤੱਕ ਭਾਰਤ ਆਰਥਕ ਦ੍ਰਿਸ਼ਟੀ ਤੋਂ ਚੀਨ ਨਾਲੋਂ ਕਿਤੇ ਅੱਗੇ ਸੀ।

ਹਾਲ ਦੇ ਸਾਲਾਂ ਵਿਚ ਚੀਨ ਨੇ ਜਰਮਨੀ, ਫਰਾਂਸ ਅਤੇ ਬਰਤਾਨੀਆ ਨੂੰ ਪਛਾੜ ਦਿੱਤਾ ਹੈ। ਪਿਛਲੇ ਚਾਰ ਦਹਾਕਿਆਂ ਤੋਂ ਜਾਪਾਨੀ ਅਰਥਵਿਵਸਥਾ ਅਮਰੀਕਾ ਤੋਂ ਬਾਅਦ ਦੂਸਰੇ ਨੰਬਰ 'ਤੇ ਕਾਬਜ਼ ਸੀ। ਅੱਜ ਤੋਂ ਪੰਜ ਸਾਲ ਪਹਿਲਾਂ ਚੀਨੀ ਅਰਥਵਿਵਸਥਾ ਆਕਾਰ ਵਿਚ ਜਾਪਾਨੀ ਅਰਥਵਿਵਸਥਾ ਦੀ ਅੱਧੀ ਸੀ। ਪਰ ਉਸ ਦਾ ਆਰਥਕ ਪ੍ਰਦਰਸ਼ਨ ਏਨਾ ਚੰਗਾ ਰਿਹਾ ਕਿ ਜਾਪਾਨ ਨੂੰ ਸਵੀਕਾਰਨਾ ਪਿਆ ਕਿ ਹੁਣ ਉਸ ਦਾ ਚੀਨ ਤੋਂ ਅੱਗੇ ਨਿਕਲ ਸਕਣਾ ਸੰਭਵ ਨਹੀਂ ਹੈ।

ਜਿਥੋਂ ਤੱਕ ਅਮਰੀਕਾ ਅਤੇ ਚੀਨ ਵਿਚਾਲੇ ਮੁਕਾਬਲੇ ਦਾ ਸਵਾਲ ਹੈ, ਤਾਂ ਅਮਰੀਕਾ ਅਰਥਵਿਵਸਥਾ ਦੇ ਆਕਾਰ ਵਿਚ ਚੀਨੀ ਅਰਥਵਿਵਸਥਾ ਤੋਂ ਤਿੰਨ ਗੁਣਾ ਹੈ। ਖੇਤਰਫਲ ਦੀ ਦ੍ਰਿਸ਼ਟੀ ਤੋਂ ਦੋਵਾਂ ਵਿਚਾਲੇ ਸਮਾਨਤਾ ਹੈ, ਪਰ ਜਨਸੰਖਿਆ ਅਤੇ ਕੁਦਰਤੀ ਸਾਧਨਾਂ ਦੇ ਲਿਹਾਜ਼ ਨਾਲ ਭਾਰੀ ਅੰਤਰ ਹੈ। ਚੀਨ ਦੀ ਆਬਾਦੀ ਵਿਸ਼ਾਲ ਹੈ, ਪਰ ਸਾਧਨ ਅਮਰੀਕਾ ਦੇ ਮੁਕਾਬਲੇ ਬਹੁਤ ਘੱਟ ਹਨ। ਗਿਆਨ, ਵਿਗਿਆਨ ਅਤੇ ਉਦਯੋਗਿਕ ਖੇਤਰ ਵਿਚ ਵੀ ਉਹ ਕਾਫੀ ਪਿੱਛੇ ਹੈ। ਆਮ ਚੀਨੀ ਕਾਫੀ ਗਰੀਬ ਹਨ। ਉਸ ਦੀ ਸਾਲਾਨਾ ਆਮਦਨ 3600 ਡਾਲਰ ਹੈ, ਜਦਕਿ ਇਕ ਔਸਤ ਅਮਰੀਕੀ ਸਾਲ ਵਿਚ 46000 ਡਾਲਰ ਕਮਾਉਂਦਾ ਹੈ। ਹਾਲ ਦੇ ਸਾਲਾਂ ਵਿਚ ਮੰਦੀ ਦਾ ਯੂਰਪੀ ਅਤੇ ਅਮਰੀਕੀ ਅਰਥਵਿਵਸਥਾ 'ਤੇ ਜਿਵੇਂ ਅਸਰ ਪਿਆ ਹੈ, ਅਜਿਹਾ ਚੀਨ 'ਤੇ ਨਹੀਂ ਪਿਆ। ਇਸ ਕਾਰਨ ਵਿਸ਼ਵ ਅਰਥਵਿਵਸਥਾ 'ਤੇ ਚੀਨ ਦਾ ਕਾਫੀ ਪ੍ਰਭਾਵ ਹੋ ਗਿਆ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਏਸ਼ੀਆ ਵਿਚ ਉਸ ਦਾ ਦਬਦਬਾ ਵੱਧਦਾ ਹੀ ਜਾਵੇਗਾ।



ਚੀਨ ਨੇ ਬੁਨਿਆਦੀ ਢਾਂਚੇ ਵਿਚ ਕਾਫੀ ਨਿਵੇਸ਼ ਕੀਤਾ ਹੈ। ਇਸ ਕਾਰਨ ਉਸ ਦੀ ਆਰਥਕ ਖੁਸ਼ਹਾਲੀ ਦੀ ਦਰ ਇਸ ਸਾਲ 10 ਫੀਸਦੀ ਰਹਿਣ ਦੀ ਉਮੀਦ ਹੈ। ਵਿਦੇਸ਼ ਵਪਾਰ ਦੇ ਖੇਤਰ ਵਿਚ ਉਸ ਦਾ ਅਸਰ ਕਾਫੀ ਵਧਿਆ ਹੈ। ਰੂਸ, ਭਾਰਤ, ਆਸਟਰੇਲੀਆ ਅਤੇ ਲਾਤੀਨੀ ਅਮਰੀਕੀ ਬਾਜ਼ਾਰ ਵਿਚ ਉਸ ਦੇ ਵੱਧਦੇ ਅਸਰ ਨੂੰ ਦੇਖਿਆ ਜਾ ਸਕਦਾ ਹੈ। ਹਾਲਾਂਕਿ ਚੀਨ ਦੀ ਸਫਲਤਾ ਦੇ ਪਿੱਛੇ ਜੋ ਕਾਰਨ ਹਨ, ਉਹ ਉਸ ਦੇ ਗਲੇ ਦੀ ਹੱਡੀ ਬਣ ਸਕਦੇ ਹਨ। ਚੀਨ ਨੇ ਦੇਂਗ ਦੇ ਜ਼ਮਾਨੇ ਤੋਂ ਬਰਾਮਦਮੁਖੀ ਆਰਥਕ ਖੁਸ਼ਹਾਲੀ ਦਾ ਰਾਹ ਅਪਣਾਇਆ ਹੈ। ਉਥੇ ਵਿਦੇਸ਼ੀ ਬਾਜ਼ਾਰ ਲਈ ਉਤਪਾਦਨ ਕਰਨ 'ਤੇ ਜ਼ੋਰ ਰਿਹਾ। ਇਸ ਕਾਰਨ ਅਮਰੀਕਾ ਅਤੇ ਹੋਰ ਵਿਕਸਤ ਮੁਲਕਾਂ ਅਤੇ ਸਾਡੇ ਇਥੇ ਵੀ ਸਸਤੇ ਚੀਨੀ ਮਾਲਾਂ ਦੀ ਭਰਮਾਰ ਹੈ। ਪਰ ਉਸ ਨੇ ਆਪਣਾ ਘਰੇਲੂ ਬਾਜ਼ਾਰ ਵਿਕਸਤ ਕਰਨ 'ਤੇ ਜ਼ੋਰ ਨਹੀਂ ਦਿੱਤਾ। ਇਸ ਦਾ ਕਾਰਨ ਇਹ ਹੈ ਕਿ ਚੀਨੀ ਖਰਚ ਕਰਨ ਦੇ ਬਦਲੇ ਬਚਤ ਕਰਨ 'ਤੇ ਜ਼ੋਰ ਦਿੰਦੇ ਹਨ।

ਚੀਨ ਦੀ ਕੁਲ ਘਰੇਲੂ ਬਚਤ ਉਸ ਦੇ ਕੁਲ ਘਰੇਲੂ ਉਤਪਾਦ ਦਾ ਕਰੀਬ 50 ਫੀਸਦੀ ਹੈ, ਜੋ ਬੀਤੀ ਸਦੀ ਦੇ 90 ਦੇ ਦਹਾਕੇ ਵਿਚ 40 ਫੀਸਦੀ ਸੀ। ਇਸ ਬਚਤ ਨੂੰ ਇਕ ਹਦ ਤੱਕ ਦੇਸ਼ ਵਿਚ ਉਦਯੋਗਿਕ ਉਤਪਾਦਨ ਅਤੇ ਬੁਨਿਆਦੀ ਢਾਂਚੇ ਦੀ ਸਮਰਥਾ ਵਧਾਉਣ ਵਿਚ ਲਗਾਇਆ ਜਾਂਦਾ ਹੈ ਅਤੇ ਬਾਕੀ ਨੂੰ ਅਮਰੀਕੀ ਟ੍ਰੇਜ਼ਰੀ ਬਾਂਡਾਂ ਦੀ ਖਰੀਦਦਾਰੀ ਵਿਚ। ਇਸ ਦੇ ਨਤੀਜੇ ਵਜੋਂ ਅਮਰੀਕੀ ਵਿਦੇਸ਼ ਵਪਾਰ ਦਾ ਵਿੱਤ ਪੋਸ਼ਣ ਹੁੰਦਾ ਹੈ। ਭਾਵ ਅਮਰੀਕੀ ਬੰਦਾ ਚੀਨੀ ਸਾਮਾਨ ਖਰੀਦਦਾ ਹੈ। ਨਾਲ ਹੀ, ਅਮਰੀਕਾ ਵਿਚ ਵਿਆਜ ਦੀ ਦਰ ਹੇਠਲੇ ਪੱਧਰ 'ਤੇ ਬਣੀ ਰਹਿੰਦੀ ਹੈ, ਜਿਸ ਨਾਲ ਹੁਣ ਤੱਕ ਅਮਰੀਕੀ ਬੈਂਕ ਲੋਕਾਂ ਨੂੰ ਸਸਤੀ ਦਰ 'ਤੇ ਕਰਜ਼ਾ ਦਿੰਦੇ ਰਹੇ ਹਨ। ਅਮਰੀਕਾ ਵਿਚ ਪਿਛਲੇ ਤਿੰਨ ਸਾਲਾਂ ਤੋਂ ਜਾਰੀ ਸੰਕਟ ਦੇ ਪਿਛੇ ਇਸ ਕਾਰਨ ਦਾ ਵੱਡਾ ਹੱਥ ਰਿਹਾ ਹੈ।

ਚੀਨ ਦਾ ਘਰੇਲੂ ਬਾਜ਼ਾਰ ਉਸ ਦੀ ਵਿਸ਼ਾਲ ਜਨਸੰਖਿਆ ਅਤੇ ਕੁਲ ਘਰੇਲੂ ਉਤਪਾਦ ਦੀ ਦ੍ਰਿਸ਼ਟੀ ਤੋਂ ਕਾਫੀ ਛੋਟਾ ਹੈ, ਕਿਉਂਕਿ ਉਥੋਂ ਦੇ ਲੋਕਾਂ 'ਤੇ ਖਰਚ ਘਟਾਉਣ ਅਤੇ ਬਚਤ ਵਧਾਉਣ ਦਾ ਦਬਾਅ ਹਮੇਸ਼ਾ ਰਹਿੰਦਾ ਹੈ। ਸਰਕਾਰੀ ਨੀਤੀ ਦੇ ਚਲਦਿਆਂ ਉਥੇ ਬੱਚਿਆਂ ਦੀ ਸੰਖਿਆ ਸੀਮਤ ਰੱਖਣੀ ਪੈਂਦੀ ਹੈ। ਇਸ ਲਈ ਲੋਕਾਂ ਨੂੰ ਇਹ ਚਿੰਤਾ ਰਹਿੰਦੀ ਹੈ ਕਿ ਉਮਰ ਢਲਣ 'ਤੇ ਉਨ੍ਹਾਂ ਦੇ ਦੇਖ ਰੇਖ ਕਿਵੇਂ ਹੋਵੇਗੀ।

ਸਮਾਜਵਾਦੀ ਦੇਸ਼ ਹੋਣ ਦਾ ਦਾਅਵਾ ਕਰਨ ਦੇ ਬਾਵਜੂਦ ਉਥੇ ਆਮ ਲੋਕਾਂ ਨੂੰ ਅਜਿਹੀ ਸਮਾਜਕ ਸੁਰੱਖਿਆ ਨਹੀਂ ਹੈ, ਜਿਵੇਂ ਸੋਵੀਅਤ ਸੰਘ ਵਿਚ ਸੀ। ਸਿੱਖਿਆ, ਸਿਹਤ, ਘਰ ਆਦਿ ਦੀ ਵਿਵਸਥਾ ਵਿਚ ਰਾਜ ਦਾ ਯੋਗਦਾਨ ਨਿਗੁਣਾ ਹੈ। ਬੇਰੁਜ਼ਗਾਰੀ ਤੋਂ ਬਚਾਅ ਅਤੇ ਪੂਰਨ ਰੁਜ਼ਗਾਰ ਦੀ ਕੋਈ ਗਾਰੰਟੀ ਨਹੀਂ ਹੈ। ਮਜ਼ਦੂਰੀ ਦੀ ਦਰ ਬਹੁਤ ਘੱਟ ਹੈ। ਉਥੇ ਨਾ ਤਾਂ ਕਾਰਗਰ ਟਰੇਡ ਯੂਨੀਅਨ ਹੈ ਨਾ ਹੀ ਅਸਰਦਾਰ ਕਿਰਤ ਕਾਨੂੰਨ। ਉਥੇ ਜਨਤਕ ਵੰਡ ਪ੍ਰਣਾਲੀ ਦੀ ਵੀ ਕਮੀ ਹੈ। ਇਨ੍ਹਾਂ ਕਾਰਨਾਂ ਕਾਰਨ ਅਨਿਸਚਿਤਾ ਦਾ ਮਾਹੌਲ ਹੈ, ਜਿਸ ਦਾ ਸਾਹਮਣਾ ਕਰਨ ਲਈ ਹੀ ਵੱਧ ਤੋਂ ਵੱਧ ਮਾਤਰਾ ਵਿਚ ਬਚਤ ਕਰਨ 'ਤੇ ਜ਼ੋਰ ਹੈ। ਹਾਲ ਹੀ ਵਿਚ ਉਥੇ ਕਾਮਿਆਂ ਦਾ ਗੁੱਸਾ ਭੜਕਿਆ ਸੀ, ਜਿਸ ਪਿਛੇ ਇਹੀ ਸਾਰੇ ਕਾਰਨ ਸਨ।

ਆਉਣ ਵਾਲੇ ਦਿਨਾਂ ਵਿਚ ਅਮਰੀਕੀ ਸਰਕਾਰ ਦੀਆਂ ਨੀਤੀਆਂ ਵਿਚ ਵੀ ਬਚਤ ਨੂੰ ਬੜਾਵਾ ਦਿੱਤੇ ਜਾਣ ਦੀ ਸੰਭਾਵਨਾ ਹੈ। ਜੇਕਰ ਅਮਰੀਕਾ ਨੇ ਬਚਤ ਵਧਾਉਣ ਅਤੇ ਉਪਭੋਗ ਘਟਾਉਣ ਵੱਲ ਕਦਮ ਵਧਾਇਆ, ਤਾਂ ਚੀਨ ਨੂੰ ਧੱਕਾ ਲੱਗੇਗਾ, ਕਿਉਂਕਿ ਉਸ ਨੂੰ ਮਾਲ ਅਤੇ ਪੂੰਜੀ ਨਿਰਯਾਤ ਘਟਾਉਣਾ ਪਏਗਾ। ਮਜਬੂਰਨ ਉਸ ਨੂੰ ਘਰੇਲੂ ਬਾਜ਼ਾਰ ਦੇ ਵਿਕਾਸ ਨੂੰ ਤਰਜੀਹ ਦੇਣੀ ਪਏਗੀ। ਫੇਰ ਉਸ ਨੂੰ ਆਰਥਕ ਖੁਸ਼ਹਾਲੀ ਦਾ ਬਰਾਮਦਮੁਖੀ ਮਾਡਲ ਛੱਡ ਕੇ ਸਮਾਜਕ ਸੁਰੱਖਿਆ ਨੂੰ ਵਿਸਤਾਰ ਦੇਣਾ ਪਏਗਾ। ਜਲਦੀ ਹੀ ਉਥੇ ਕਮਾਊ ਜਨਸੰਖਿਆ ਦੇ ਮੁਕਾਬਲੇ ਵਿਚ ਬੁੱਢਿਆਂ ਦੀ ਸੰਖਿਆ ਵਧੇਗੀ, ਜਿਸ ਦਾ ਅਰਥਵਿਵਸਥਾ 'ਤੇ ਪ੍ਰਤੀਕੂਲ ਅਸਰ ਪਏਗਾ। ☐

## ਭਾਰਤ ਦੇ ਅੰਕੜੇ

# ਜਾਣੋ ਆਪਣੇ ਭਾਰਤ ਨੂੰ

ਆਚਾਰਿਆ ਬਲਦੇਵ ਰਾਜ 'ਸ਼ਾਂਤ'

* ਭਾਰਤ ਦਾ ਖੇਤਰਫਲ 37 ਲੱਖ, 97 ਹਜ਼ਾਰ,782 ਵਰਗ ਕਿਲੋਮੀਟਰ ਹੈ।
* ਭਾਰਤ ਦੀ ਰੇਲਵੇ ਲਾਈਨ ਦੀ ਲੰਬਾਈ 62 ਹਜ਼ਾਰ 211 ਕਿਲੋਮੀਟਰ ਹੈ।
* ਭਾਰਤ ਵਿਚ ਨੇਤਰਹੀਣ ਵਿਅਕਤੀ ਇਕ ਕਰੋੜ ਤੀਹ ਲੱਖ ਹਨ।
* ਭਾਰਤ ਵਿਚ ਅਪਾਹਜ ਇਕ ਕਰੋੜ ਪੰਜਾਹ ਲੱਖ ਹਨ।
* ਭਾਰਤ ਦਾ ਸਾਰਾ ਪੁਲੀਸ ਬਲ 18 ਲੱਖ ਹੈ।
* ਭਾਰਤ ਵਿਚ ਬਾਲ ਮਜ਼ਦੂਰ ਪੰਜ ਕਰੋੜ ਹਨ।

ਕੀ ਤੁਸੀਂ ਜਾਣਦੇ ਹੋ ਕਿ-

* ਭਾਰਤ ਵਿਚ ਗਰੀਬੀ ਦੀ ਰੇਖਾ ਹੇਠ ਰਹਿਣ ਵਾਲੇ ਬੱਚੇ 6 ਕਰੋੜ ਹਨ।
* ਭਾਰਤ ਵਿਚ ਹਰੇਕ ਸਾਲ 40 ਹਜ਼ਾਰ ਲੋਕਾਂ ਦੀ ਅਕਾਲ ਮੌਤ ਹੁੰਦੀ ਹੈ।
* ਭਾਰਤ ਵਿਚ ਹਰੇਕ ਸਾਲ ਦਹੇਜ ਸਬੰਧੀ ਮੌਤਾਂ 5 ਹਜ਼ਾਰ ਹੁੰਦੀਆਂ ਹਨ।
* ਭਾਰਤ ਦੇ ਹਸਪਤਾਲਾਂ ਵਿਚ ਇਕ ਕਰੋੜ 97 ਲੱਖ ਰੋਗੀ ਰਹਿੰਦੇ ਹਨ।
* ਭਾਰਤ ਵਿਚ 36 ਕਰੋੜ ਵਿਅਕਤੀ ਰੋਟੀ, ਕੱਪੜਾ ਅਤੇ ਮਕਾਨ ਦੀ ਸਮੱਸਿਆ ਨਾਲ ਜੂਝ ਰਹੇ ਹਨ।
* ਭਾਰਤ ਵਿਚ ਹਿੰਦੀ ਬੋਲਣ-ਸਮਝਣ ਵਾਲਿਆਂ ਦੀ ਸੰਖਿਆ 70 ਕਰੋੜ ਹਨ।
* ਭਾਰਤ ਵਿਚ ਇਸ ਵੇਲੇ ਕੁੱਲ 845 ਭਾਸ਼ਾਵਾਂ ਅਤੇ ਲਿਪੀਆਂ ਦੀ ਵਰਤੋਂ ਹੁੰਦੀ ਹੈ।
* ਭਾਰਤ ਵਿਚ ਇਸ ਸਮੇਂ ਪ੍ਰਕਾਸ਼ਤ ਹੋਣ ਵਾਲੇ ਪੱਤਰ-ਪਤ੍ਰਿਕਾਵਾਂ ਦੀ ਸੰਖਿਆ 37 ਹਜ਼ਾਰ 250 ਹੈ।
* ਭਾਰਤ ਵਿਚ ਪ੍ਰਤੀ ਦਿਨ ਪੰਜ ਹਜ਼ਾਰ ਰੋਜ਼ਾਨਾ ਅਖ਼ਬਾਰ 19 ਭਾਸ਼ਾਵਾਂ ਵਿਚ ਪ੍ਰਕਾਸ਼ਤ ਹੁੰਦੇ ਹਨ।
* ਭਾਰਤ ਵਿਚ ਤਪਦਿਕ ਦੇ ਮਰੀਜ਼ 2 ਕਰੋੜ ਹਨ।
* ਭਾਰਤ ਵਿਚ ਕੈਂਸਰ ਦੇ ਰੋਗੀਆਂ ਦੀ ਸੰਖਿਆ 50 ਲੱਖ ਹੈ।
* ਭਾਰਤ ਵਿਚ ਦਿਲ ਦੇ ਮਰੀਜ਼ਾਂ ਦੀ ਸੰਖਿਆ ਇਕ ਕਰੋੜ ਹੈ।
* ਭਾਰਤ ਵਿਚ ਹਰੇਕ ਸਾਲ ਵੀਹ ਹਜ਼ਾਰ ਮਰੀਜ਼ਾਂ ਦੀ ਬਾਈਪਾਸ ਸਰਜਰੀ ਹੁੰਦੀ ਹੈ।
* ਭਾਰਤ ਵਿਚ ਇਕ ਕਰੋੜ ਵੀਹ ਲੱਖ ਲੋਕ ਅੰਨ੍ਹੇਪਨ ਦਾ ਸ਼ਿਕਾਰ ਹਨ।
* ਭਾਰਤ ਵਿਚ ਕੁਲ 2575 ਰੇਲ ਗੱਡੀਆਂ ਹਨ।
* ਭਾਰਤ ਦੀਆਂ ਰੇਲ ਗੱਡੀਆਂ ਵਿਚ ਰੋਜ਼ਾਨਾ ਇਕ ਕਰੋੜ 25 ਲੱਖ ਵਿਅਕਤੀ ਯਾਤਰਾ ਕਰਦੇ ਹਨ।
* ਭਾਰਤ ਵਿਚ ਹਰੇਕ ਸਾਲ 60 ਹਜ਼ਾਰ ਵਿਅਕਤੀ ਸੜਕ ਹਾਦਸਿਆਂ ਵਿਚ ਮਰਦੇ ਹਨ।
* ਭਾਰਤ ਵਿਚ ਕਰੀਬ 60 ਲੱਖ ਵਿਅਕਤੀ ਰਿਕਸ਼ਾ ਚਲਾ ਕੇ ਆਪਣਾ ਪੇਟ ਭਰਦੇ ਹਨ।
* ਭਾਰਤ ਦੇ ਦੋ ਕਰੋੜ ਵਿਅਕਤੀ ਵਿਦੇਸ਼ਾਂ ਵਿਚ ਰਹਿੰਦੇ ਹਨ।
* ਭਾਰਤ ਵਿਚ ਇਸ ਸਮੇਂ ਕਰੀਬ ਦੋ ਕਰੋੜ ਸਿਖਿਅਤ ਬੇਰੁਜ਼ਗਾਰ ਹਨ।
* ਭਾਰਤ ਵਿਚ ਹਰੇਕ ਸਾਲ 25 ਲੱਖ ਵਿਅਕਤੀ ਪ੍ਰਦੂਸ਼ਣ ਕਾਰਨ ਮਰ ਜਾਂਦੇ ਹਨ।
* ਭਾਰਤ ਵਿਚ ਹਰੇਕ ਸਾਲ 13 ਲੱਖ ਗੈਰ ਕਨੂੰਨੀ ਭਰੂਣ ਹਤਿਆਵਾਂ ਹੁੰਦੀਆਂ ਹਨ।
* ਭਾਰਤ ਦੇ ਪਿੰਡਾਂ ਵਿਚ ਕਰੀਬ 78 ਕਰੋੜ ਵਿਅਕਤੀ ਰਹਿੰਦੇ ਹਨ।
* ਭਾਰਤ ਦੇ ਨਗਰਾਂ ਵਿਚ ਕਰੀਬ 24 ਕਰੋੜ ਲੋਕ ਰਹਿੰਦੇ ਹਨ।
* ਭਾਰਤ ਦੀ ਵੰਡ ਵਿਚ ਕਰੀਬ 6 ਲੱਖ ਲੋਕਾਂ ਨੇ ਆਪਣੀ ਜਾਨ ਗਵਾਈ। 50 ਲੱਖ ਲੋਕ ਉਧਰੋਂ ਭਾਰਤ ਵਿਚ ਆਏ ਅਤੇ 60 ਲੱਖ ਤੋਂ ਵੱਧ ਲੋਕ ਉਧਰ (ਪੱਛਮੀ ਪਾਕਿਸਤਾਨ) ਗਏ ਸਨ।
* ਭਾਰਤ ਵਿਚ ਇਕ ਕਰੋੜ ਬਾਲ ਭਿਖਾਰੀ ਹਨ।
* ਭਾਰਤ ਦੇ 30 ਲੱਖ ਲੋਕ ਰੋਜ਼ੀ ਰੋਟੀ ਲਈ ਖਾੜੀ ਮੁਲਕਾਂ ਵਿਚ ਹਨ।
* ਭਾਰਤ ਵਿਚ 13 ਕਰੋੜ ਲੋਕ ਮਜ਼ਦੂਰੀ ਕਰਦੇ ਹਨ।
* ਭਾਰਤ ਵਿਚ ਹਰੇਕ ਸਾਲ ਸੋਕਾ ਅਤੇ ਹੜ੍ਹਾਂ ਕਾਰਨ 50 ਹਜ਼ਾਰ ਕਰੋੜ ਦੀਆਂ ਫਸਲਾਂ ਤਬਾਹ ਹੋ ਜਾਂਦੀਆਂ ਹਨ।
* ਭਾਰਤ ਵਿਚ 35 ਹਜ਼ਾਰ ਕਤਲ ਹਰੇਕ ਸਾਲ ਹੁੰਦੇ ਹਨ।
* ਭਾਰਤ ਵਿਚ ਵੱਖ ਵੱਖ ਵਿਧਾਵਾਂ ਦੇ ਲੇਖਕਾਂ ਦੇ 3 ਲੱਖ ਖਰੜੇ ਪ੍ਰਕਾਸ਼ਨ ਦੀ ਉਡੀਕ ਵਿਚ ਹਨ।
* ਭਾਰਤ ਵਿਚ ਮੰਦਿਰਾਂ ਵਿਚੋਂ ਸਭ ਤੋਂ ਵੱਧ ਸਾਲਾਨਾ ਆਮਦਨ (ਚੜ੍ਹਾਵਾ) ਤਿਰੁਪਤੀ ਮੰਦਰ (ਚਿਤੂਰ-ਆਂਧਰਾ ਪ੍ਰਦੇਸ਼) ਦੀ ਹੁੰਦੀ ਹੈ, ਜਿਸ ਦਾ ਅਨੁਮਾਨ ਦੋ ਕਰੋੜ ਤੋਂ ਵੱਧ ਲਾਇਆ ਜਾਂਦਾ ਹੈ।
* ਭਾਰਤ ਵਿਚ ਸਭ ਤੋਂ ਵੱਡੇ ਸੂਬੇ ਉਤਰ ਪ੍ਰਦੇਸ਼ ਦੇ 7 ਕਰੋੜ ਲੋਕ ਰੋਜ਼ੀ ਰੋਟੀ ਕਮਾਉਣ ਲਈ ਦੂਜੇ ਸੂਬਿਆਂ ਵਿਚ ਜਾਂਦੇ ਹਨ।
* ਭਾਰਤ ਵਿਚ 70 ਲੱਖ ਸਿੰਧੀ ਵਸਦੇ ਹਨ।
* ਭਾਰਤ ਵਿਚ 25 ਕਰੋੜ ਮੁਸਲਮਾਨ ਰਹਿੰਦੇ ਹਨ।
* ਭਾਰਤ ਵਿਚ ਇਸਾਈ ਭਾਈਚਾਰੇ ਦੇ ਲੋਕਾਂ ਦੀ ਸੰਖਿਆ ਦੋ ਕਰੋੜ ਹੈ।
* ਭਾਰਤ ਵਿਚ ਸਭ ਤੋਂ ਵੱਧ ਪਿੰਡ ਉਤਰ ਪ੍ਰਦੇਸ਼ ਵਿਚ ਹਨ-ਇਕ ਲੱਖ 12 ਹਜ਼ਾਰ 724।
* ਭਾਰਤ ਵਿਚ ਵਣਜਾਰਿਆਂ ਦੀ ਸੰਖਿਆ 4 ਕਰੋੜ ਹੈ।
* ਭਾਰਤੀ ਸੰਸਦ ਵਿਚ 6 ਘੰਟੇ ਦਾ ਖਰਚ ਲਗਭਗ 80 ਲੱਖ ਹੈ।
* ਭਾਰਤ-ਪਾਕਿ ਦੇ ਚਾਰ ਯੁੱਧਾਂ ਵਿਚ (ਆਜ਼ਾਦੀ ਮਗਰੋਂ) ਹੁਣ ਤੱਕ 24 ਹਜ਼ਾਰ ਤੋਂ ਵੀ ਜ਼ਿਆਦਾ ਜਵਾਨ ਸ਼ਹੀਦ ਹੋਏ ਹਨ, 60 ਹਜ਼ਾਰ ਅਪਾਹਜ ਹੋ ਚੁੱਕੇ ਹਨ ਅਤੇ 2835 ਲਾਪਤਾ ਐਲਾਨੇ ਗਏ ਹਨ।
* ਭਾਰਤ ਵਿਚ ਮੁਸਲਮਾਨ ਸ਼ਾਸਕਾਂ ਨੇ 550 ਸਾਲ ਰਾਜ ਕੀਤਾ।
* ਭਾਰਤ ਦੇ ਛੋਟੇ-ਵੱਡੇ ਨਗਰਾਂ ਵਿਚ ਕਨੂੰਨੀ ਤੌਰ 'ਤੇ 4020 ਬੁਚੜਖਾਨੇ ਹਨ।
* ਭਾਰਤ ਦੇ ਮੁੰਬਈ ਨਗਰ ਤਹਿਤ ਦੇਵਨਾਰ ਬੁਚੜਖਾਨੇ ਵਿਚ ਰੋਜ਼ਾਨਾ 12 ਹਜ਼ਾਰ ਪਸ਼ੂ ਵੱਢੇ ਜਾਂਦੇ ਹਨ।
* ਭਾਰਤ ਵਿਚ ਅਤਿਵਾਦ ਫੈਲਾਉਣ ਲਈ ਆਈ.ਐਸ.ਆਈ. ਹਰੇਕ ਸਾਲ 16 ਕਰੋੜ ਖਰਚ ਕਰਦੀ ਹੈ।
* ਭਾਰਤ ਵਿਚ ਹਰੇਕ ਸਾਲ ਵੈਲੇਂਟਾਈਨ-ਡੇ ਮੌਕੇ ਕੀਤੀ ਜਾਣ ਵਾਲੀ ਖਰੀਦਦਾਰੀ ਕਰੀਬ ਸੌ ਕਰੋੜ ਦੀ ਹੁੰਦੀ ਹੈ।
* ਭਾਰਤ ਵਿਚ 6 ਲੱਖ 50 ਹਜ਼ਾਰ ਗਧੇ ਹਨ।
* ਭਾਰਤ ਵਿਚ ਇਕ ਲੱਖ 76 ਹਜ਼ਾਰ ਖੱਚਰ ਹਨ।
* ਭਾਰਤ ਵਿਚ 6 ਲੱਖ 32 ਬੱਤੀ ਹਜ਼ਾਰ ਊਠ ਹਨ।
* ਭਾਰਤ ਵਿਚ 7 ਲੱਖ 51 ਹਜ਼ਾਰ ਘੋੜੇ ਹਨ।
* ਭਾਰਤ ਵਿਚ 27 ਹਜ਼ਾਰ 600 ਹਾਥੀ ਹਨ।
* ਭਾਰਤ ਵਿਚ 300 ਯੂਨੀਵਰਸਿਟੀਆਂ ਹਨ।
* ਭਾਰਤ ਵਿਚ 81 ਡੀਮਡ ਯੂਨੀਵਰਸਿਟੀਆਂ ਹਨ।
* ਭਾਰਤ ਵਿਚ 13150 ਕਾਲਜ ਯੂਨੀਵਰਸਿਟੀਆਂ ਤੋਂ ਮਾਨਤਾ ਪ੍ਰਾਪਤ ਹਨ।
* ਭਾਰਤ ਵਿਚ 1600 ਕਾਲਜ ਔਰਤਾਂ ਦੇ ਹਨ।
* ਭਾਰਤੀ ਕਾਲਜਾਂ ਵਿਚ ਹੁਣ 94 ਲੱਖ ਵਿਦਿਆਰਥੀ ਹਨ।
* ਭਾਰਤ ਵਿਚ 450 ਲੱਖ ਅਧਿਆਪਕ ਹਨ।
* ਭਾਰਤ ਵਿਚ ਲਗਭਗ 60 ਲੱਖ ਕਾਰਾਂ ਹਨ।
* ਭਾਰਤ ਵਿਚ ਕਰੀਬ ਚਾਰ ਕਰੋੜ 'ਟੂ-ਵਹੀਲਰਜ਼' ਹਨ।
* ਭਾਰਤ ਵਿਚ ਲਗਭਗ 8 ਲੱਖ 'ਥ੍ਰੀ-ਵਹੀਲਰਜ਼' ਹਨ।
* ਭਾਰਤ ਵਿਚ ਲਗਭਗ 35 ਲੱਖ ਵਪਾਰਕ ਵਾਹਨ ਹਨ।
* ਭਾਰਤ ਵਿਚ ਹਰੇਕ ਸਾਲ ਇਕ ਕਰੋੜ ਦਸ ਲੱਖ ਗਰਭਪਾਤ ਕਰਾਏ ਜਾਂਦੇ ਹਨ।
* ਭਾਰਤ ਵਿਚ ਹਰੇਕ ਸਾਲ ਗਰਭਪਾਤ ਕਾਰਨ ਵੀਹ ਹਜ਼ਾਰ ਮਾਵਾਂ ਮਰ ਜਾਂਦੀਆਂ ਹਨ।
* ਭਾਰਤ ਵਿਚ ਹਰੇਕ ਸਾਲ 50 ਹਜ਼ਾਰ ਭਰੂਣ ਹਤਿਆਵਾਂ ਹੋ ਰਹੀਆਂ ਹਨ।
* ਭਾਰਤ ਵਿਚ 18 ਕਰੋੜ ਲੋਕਾਂ ਨੂੰ ਪੇਟ ਭਰ ਭੋਜਨ ਨਹੀਂ ਮਿਲਦਾ।
* ਭਾਰਤ ਵਿਚ ਬਾਈ ਕਰੋੜ ਲੋਕ ਵਧੇਰੇ ਭੋਜਨ ਖਾਣ ਨਾਲ ਬਿਮਾਰ ਰਹਿੰਦੇ ਹਨ।
* ਭਾਰਤ ਵਿਚ ਇਕ ਲੱਖ ਬੱਤੀ ਹਜ਼ਾਰ ਸੀ.ਏ. ਹਨ।
* ਭਾਰਤ ਵਿਚ ਹਰੇਕ ਸਾਲ ਢਾਈ ਸੌ ਕਾਲਜਾਂ ਵਿਚ ਲਗਭਗ ਬਾਈ ਹਜ਼ਾਰ ਡਾਕਟਰ ਤਿਆਰ ਹੁੰਦੇ ਹਨ।
* ਭਾਰਤ ਵਿਚ ਹਰ ਤਿੰਨ ਮਿੰਟ ਵਿਚ ਟੀ.ਵੀ. ਦੇ ਦੋ ਰੋਗੀ ਮਰ ਜਾਂਦੇ ਹਨ।
* ਭਾਰਤ ਵਿਚ ਹਰੇਕ ਸਾਲ ਸੜਕ ਹਾਦਸਿਆਂ ਵਿਚ 550 ਅਰਬ ਦਾ ਨੁਕਸਾਨ ਹੁੰਦਾ ਹੈ।
* ਭਾਰਤ ਵਿਚ ਹਰੇਕ ਸਾਲ ਸੜਕ ਹਾਦਸਿਆਂ ਵਿਚ ਸਵਾ ਲੱਖ ਵਿਅਕਤੀ ਮਰ ਜਾਂਦੇ ਹਨ।
* ਭਾਰਤ ਵਿਚ ਹਰੇਕ ਸਾਲ ਸੜਕ ਹਾਦਸਿਆਂ ਵਿਚ ਡੇਢ ਲੱਖ ਵਿਅਕਤੀ ਅਪਾਹਜ ਹੋ ਜਾਂਦੇ ਹਨ।
* ਭਾਰਤ ਵਿਚ 37 ਹਜ਼ਾਰ ਪੈਟਰੋਲ ਪੰਪ ਹਨ।
* ਭਾਰਤ ਵਿਚ ਹਰੇਕ ਸਾਲ ਵਿਭਿੰਨ ਭਾਸ਼ਾਵਾਂ ਵਿਚ ਲਗਭਗ 80 ਹਜ਼ਾਰ ਪੁਸਤਕਾਂ ਪ੍ਰਕਾਸ਼ਤ ਹੁੰਦੀ ਹਨ।





# ਤੇਲ ਲਈ ਜੱਦੋ ਜਹਿਦ ਦੀ ਤਾਰੀਖ਼ ਦੇ ਕੁੱਝ ਪੰਨੇ

ਸਤਨਾਮ ਚਾਨਾ

ਇਹ ਗੱਲ 1927 ਦੀਆਂ ਭਰ ਗਰਮੀਆਂ ਦੀ ਹੈ, ਅਰਬ ਇਲਾਕੇ ਦੀਆਂ ਗਰਮੀਆਂ ਦੀ, ਜਦੋਂ ਬਰਤਾਨੀਆਂ ਦੇ ਥੱਕੇ ਟੁੱਟੇ ਹੋਏ ਮਾਹਿਰਾਂ ਨੇ ਹੱਥ ਖੜ੍ਹੇ ਕਰ ਦਿੱਤੇ ਸਨ, ਬਾਬਾ ਗੁੜਬੁੜ ਵਿਚ 1500 ਫੁੱਟ ਡੂੰਘਾ ਖੂਹ (ਬੋਰ) ਪੁੱਟਣ ਤੋਂ ਬਾਅਦ ਉਹ ਸ਼ਾਇਦ ਇਰਾਕੀ ਲੋਕਾਂ ਦੀ ਇਸ ਧਾਰਨਾ 'ਤੇ ਯਕੀਨ ਕਰਨ ਲੱਗ ਪਏ ਸਨ ਕਿ ਕਿਰਕੁਕ ਪ੍ਰਾਂਤ ਦੇ ਇਸ ਖਿੱਤੇ ਦੀਆਂ ਹਵਾਵਾਂ ਵਿਚ ਸਮੇਂ-ਸਮੇਂ ਭੜਕਦੀ ਜਵਾਲਾ ਰੱਬੀ ਸ਼ਕਤੀ ਦੀ ਹੀ ਕਰਾਮਾਤ ਹੈ ਨਾ ਕਿ ਤੇਲ ਦੇ ਭੰਡਾਰ ਦਾ ਪ੍ਰਗਟਾਵਾ। ਖੂਹ ਪੁੱਟ ਰਹੇ ਇਨ੍ਹਾਂ ਮਾਹਿਰਾਂ ਦੀ ਇਕ ਟੀਮ ਵਿਚ ਤਿੰਨ ਮਾਹਿਰ ਅਮਰੀਕੀ ਸਨ ਜਿਨ੍ਹਾਂ ਨੇ ਹੌਂਸਲਾ ਨਾ ਹਾਰਿਆ ਅਤੇ ਪੁਟਾਈ ਦੀ ਕਮਾਂਡ ਆਪਣੇ ਹੱਥ ਵਿਚ ਲੈ ਲਈ ਤੇ ਬਰਤਾਨਵੀ ਤਮਾਸ਼ਾ ਦੇਖਣ ਲੱਗ ਪਏ। ਬਰਤਾਨਵੀ ਮਾਹਿਰਾਂ ਦੀ, ਸਮਝੋ, ਰਾਸ਼ੀ ਹੀ ਖਰਾਬ ਸੀ। ਅਮਰੀਕੀ ਮਾਹਿਰ ਜਦੋਂ 1680 ਫੁੱਟ ਦੀ ਡੂੰਘਾਈ ਤੇ ਪਹੁੰਚੇ ਤਾਂ ਖੂਹ ਵਿਚੋਂ ਕੁਝ ਘੰਟਿਆਂ ਦੀ ਜ਼ਬਰਦਸਤ ਗਰੜ ਗਰੜ ਤੋਂ ਬਾਅਦ ਅਜਿਹਾ ਫੁਹਾਰਾ ਫੁੱਟਿਆ ਕਿ ਧਰਤੀ ਤੋਂ 200 ਫੁੱਟ ਦੀ ਉਚਾਈ ਤੱਕ ਚਲਾ ਗਿਆ। ਕਿਹਾ ਜਾਂਦਾ ਹੈ ਕਿ ਤੇਲ ਦੇ ਇਸ ਫੁਹਾਰੇ ਦੀ ਸਿੱਲ੍ਹ ਨੇ ਮੀਲਾਂ ਤੱਕ ਲੋਕਾਂ ਦੇ ਕੱਪੜੇ ਗੜੁੱਚ ਕਰ ਦਿੱਤੇ ਸਨ ਅਤੇ ਕੰਟਰੋਲ ਕਰਦਿਆਂ ਕਰਦਿਆਂ ਅਮਰੀਕੀ ਮਾਹਿਰਾਂ ਦਾ ਕੈਂਪ ਤੇਲ ਦੇ ਡੇਢ ਗਜ਼ ਡੂੰਘੇ ਸਰੋਵਰ ਵਿਚ ਡੁੱਬ ਗਿਆ ਸੀ। ਤੇਲ ਦੇ ਫੁਹਾਰੇ ਨੂੰ ਅਮਰੀਕਾ ਦੇ ਮਾਹਿਰਾਂ ਨੇ ਉਸ ਸਮੇਂ ਤਾਂ ਕੰਟਰੋਲ ਕਰ ਲਿਆ ਪ੍ਰੰਤੂ ਇਸ ਸਦੀ ਦੀ ਆਖਰੀ ਚੌਥਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਕੰਟਰੋਲ ਸਦਾਮ ਹੁਸੈਨ ਦੇ ਹੱਥ ਵਿਚ ਚਲਾ ਗਿਆ।

ਅਸਮਾਨ ਵੱਲ ਉੱਚੀ ਤੇਲ ਦੀ ਇਹ ਧਾਰ ਹੀ, ਅਸਲ ਵਿਚ ਸਦਾਮ ਹੁਸੈਨ ਦੀ ਰਸਾਇਣਕ ਮਿਜ਼ਾਈਲ ਸੀ, ਜਿਸ ਨੂੰ ਅਮਰੀਕਾ ਆਨੇ ਬਹਾਨੇ ਭਸਮ ਕਰਨ ਦੇ ਯਤਨ ਕਰ ਰਿਹਾ ਸੀ। ਅਰਬ ਇਲਾਕੇ ਵਿਚ ਇਸ ਤੋਂ ਪਹਿਲਾਂ ਭਾਵੇਂ ਕਿ 1913 ਵਿਚ ਮਿਸਰ ਦੇ ਘਰਦਾਗਾ ਇਲਾਕੇ ਵਿਚੋਂ ਤੇਲ ਲਭ ਪਿਆ ਸੀ ਪ੍ਰੰਤੂ ਵਣਜ ਦਾ ਰੂਪ ਧਾਰਨ ਕਰਨ ਵਾਲਾ ਤੇਲ ਦਾ ਪਹਿਲਾ ਖੂਹ ਬਾਬਾ ਗੁੜਗੁੜ ਵਾਲਾ ਖੂਹੀ ਸੀ। ਤੇਲ ਦਾ ਫੁਹਾਰਾ ਦੇਖ ਕੇ ਅਮਰੀਕਾ ਦੇ ਮਾਹਿਰਾਂ ਨੇ ਅਤੇ ਅਮਰੀਕੀ ਪ੍ਰਸ਼ਾਸਨ ਨੇ ਕਿਲਕਾਰੀਆਂ ਮਾਰੀਆਂ। ਉਹ ਬਾਬਾ ਗੁੜਗੁੜ ਤੋਂ ਦੁਨੀਆ 'ਤੇ ਰਾਜ ਕਰਨ ਦੀਆਂ ਯੋਜਨਾਵਾਂ ਤਿਆਰ ਕਰਨ ਲੱਗ ਪਏ। ਦੂਜੇ ਪਾਸੇ ਅਰਬਾਂ ਦੇ ਗੁਰਬਤ ਭਰੇ ਜੀਵਨ ਵਿਚ ਆਉਣ ਵਾਲੀ ਬਾਹਰ ਦੀ ਇਹ ਪਹਿਲੀ ਫੁਹਾਰ ਸੀ, ਜਿਸ ਨੂੰ 'ਅਰਬ ਬਾਥ ਸੋਸ਼ਲਿਸਟ ਪਾਰਟੀ' ਚੰਗੀ ਤਰ੍ਹਾਂ ਸਮਝ ਲਿਆ ਸੀ ਅਤੇ ਉਸ ਨੇ 'ਅਰਬਾਂ ਦਾ ਤੇਲ ਅਰਬਾਂ ਦਾ ਹੈ' ਦਾ ਨਾਅਰਾ ਅਪਣੇ ਪ੍ਰੋਗਰਾਮ ਵਿਚ ਪਾਇਆ ਹੋਇਆ ਸੀ। ਲੇਕਨ ਸਾਮਰਾਜ ਸਮਝਦਾ ਸੀ ਕਿ ਤੇਲ ਉਸ ਨੂੰ ਲੱਭਾ ਹੈ ਅਤੇ ਲੱਭੀ ਚੀਜ਼ ਉਸੇ ਦੀ ਹੀ ਹੁੰਦੀ ਹੈ, ਜਿਸ ਨੂੰ ਲੱਭੇ। ਚੋਰੀ ਦੇ ਸਿਧਾਂਤ ਦੀ ਦਾਨਾਈ ਭਰੀ ਵਿਆਖਿਆ ਨਾਲ ਸਾਮਰਾਜ ਨੇ ਈਰਾਨ ਤੇ ਇਰਾਕ ਸਮੇਤ ਅਰਬਾਂ ਦੇ ਇਲਾਕਿਆਂ ਨੂੰ ਦਹਾਕਿਆਂ ਦੇ ਦਹਾਕੇ ਲੁੱਟਿਆ। ਤੇਲ ਦੀਆਂ ਸੱਤ ਪਾਰ ਰਾਸ਼ਟਰੀ ਕੰਪਨੀਆਂ ਜਿਨ੍ਹਾਂ ਨੂੰ 'ਸੈਵਨ ਸਿਸਟਰਜ਼' ਦਾ ਨਾਮ ਦਿੱਤਾ ਗਿਆ ਹੈ, ਨੇ ਗਲੋਬਲ ਬਾਦਸ਼ਾਹਤ ਹਾਸਲ ਕਰ ਲਈ। ਇਨ੍ਹਾਂ ਸੱਤ ਕੰਪਨੀਆਂ (ਐਕਸਨ, ਗਲਫ, ਟੈਕਸਕੋ, ਮੋਬਾਇਲ, ਚੈਵਰੋਨ, ਸ਼ੈਲ ਅਤੇ ਬੀ ਪੀ) ਨੇ 'ਸਾਂਝਾ ਮੋਰਚਾ' ਵੀ ਸਥਾਪਤ ਕਰ ਲਿਆ ਤਾਂ ਕਿ ਤੇਲ ਦੇ ਕੌਮਾਂਤਰੀ ਮੈਦਾਨ ਵਿਚ ਕੋਈ ਹੋਰ ਨਾ ਉਤਰ ਸਕੇ।

1951 ਵਿਚ ਈਰਾਨ ਅੰਦਰ ਕ੍ਰਾਂਤੀਆਂ ਹੋ ਗਈਆਂ। ਈਰਾਨ ਵਿਚ ਮੁਸੱਦਕ ਨਾਮ ਦੇ 70 ਸਾਲਾ ਕੌਮਪ੍ਰਸਤ ਨੇ ਪ੍ਰਧਾਨ ਮੰਤਰੀ ਦੀ ਕੁਰਸੀ ਸੰਭਾਲੀ ਅਤੇ ਬੈਠਦਿਆਂ ਹੀ ਬਰਤਾਨੀਆ ਦੀ ਐਂਗਲੋ ਈਰਾਨੀਅਨ ਆਇਲ ਕੰਪਨੀ ਤੋਂ ਅਬਾਦਾਨ ਦੀ ਰਿਫਾਈਨਰੀ ਖੋਹ ਲਈ। 'ਸੈਵਨ ਸਿਸਟਰਜ਼' ਨੇ ਕੌਮੀਕ੍ਰਿਤ ਤੇਲ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ ਅਤੇ ਕੌਮਾਂਤਰੀ ਪੱਧਰ 'ਤੇ ਈਰਾਨੀ ਤੇਲ ਦੀ ਵਿਕਰੀ ਬੰਦ ਕਰਾ ਦਿੱਤੀ। ਅਬਾਦਾਨ ਦੀ ਰਿਫਾਈਨਰੀ ਦਮ ਘੁੱਟ ਕੇ ਹੀ ਮਰ ਗਈ। ਬਰਤਾਨੀਆ ਨੇ ਜਦੋਂ ਈਰਾਨ ਉੱਪਰ ਹਮਲੇ ਲਈ ਅਪਣੀਆਂ ਫੌਜਾਂ ਸਾਈਪਰਸ ਉਤਾਰਨੀਆਂ ਸ਼ੁਰੂ ਕੀਤੀਆਂ ਤਾਂ ਸੀ ਆਈ ਏ ਨੇ ਮੌਕੇ ਦੀ ਨਜ਼ਾਕਤ ਨੂੰ ਪਛਾਣਿਆਂ, ਉਦੋਂ ਈਰਾਨ ਦਾ ਸ਼ਾਹ ਦੇਸ਼ ਛੱਡ ਕੇ ਦੌੜਿਆ ਹੋਇਆ ਸੀ, ਸੀ.ਆਈ.ਏ. ਨੇ ਮੁਸੱਦਕ ਦਾ ਰਾਜ ਉਲਟਾ ਦਿੱਤਾ ਅਤੇ ਬਾਬਾ ਗੁੜਗੁੜ ਵਾਂਗ ਅਬਾਦਾਨ ਦੀ ਰਿਫਾਈਨਰੀ ਵੀ ਅਮਰੀਕਾ ਦੇ ਹੱਥਾਂ ਵਿਚ ਚਲੀ ਗਈ।

1958 ਵਿਚ ਇਰਾਕ 'ਅਰਬ ਬਾਥ ਸੋਸ਼ਲਿਸਟ ਪਾਰਟੀ' ਦੇ ਹੱਥਾਂ ਵਿਚ ਚਲਾ ਗਿਆ ਪ੍ਰੰਤੂ ਈਰਾਨ ਦੇ ਤਜਰਬੇ ਨੇ ਪਾਰਟੀ ਦੇ ਮਨ ਵਿਚ ਡਰ ਬੈਠਾ ਦਿੱਤਾ। ਲੀਡਰਸ਼ਿਪ ਸਦਾਮ ਹੁਸੈਨ ਦੇ ਹੱਥਾਂ ਵਿਚ ਚਲੇ ਜਾਣ ਉਪਰੰਤ 1972 ਵਿਚ ਅਰਬ ਬਾਥ ਸੋਸ਼ਲਿਸਟ ਪਾਰਟੀ ਨੇ ਬਾਬਾ ਗੁੜਗੁੜ ਦੀ ਰਿਫਾਈਨਰੀ ਦਾ ਕੌਮੀਕਰਨ ਦਾ ਫੈਸਲਾ ਕਰ ਲਿਆ। ਇਸ ਦੇ ਨਾਲ ਹੀ ਸਦਾਮ ਹੁਸੈਨ ਨੇ ਅਪਣੇ ਵਿਰੋਧੀਆਂ ਨੈਫ ਅਤੇ ਦਾਊਦ ਦੇ ਗੁੱਟ ਨੂੰ ਸਰੀਰਕ ਤੌਰ 'ਤੇ ਹੀ ਖਤਮ ਕਰ ਦਿੱਤਾ ਤਾਂ ਜੋ ਸੀ.ਆਈ.ਏ. ਈਰਾਨ ਵਾਂਗ ਰਾਜ ਪਲਟਾ ਨਾ ਕਰ ਸਕੇ। ਇਸ ਤੋਂ ਬਿਨਾ ਸਦਾਮ ਨੇ ਅਪਣੇ ਰਿਸ਼ਤੇ ਮਾਸਕੋ ਨਾਲ ਗੰਢ ਲਏ। ਕੌਮੀਕਰਨ ਦੇ ਫੈਸਲੇ ਤੋਂ ਠੀਕ ਚਾਰ ਸਾਲਾਂ ਬਾਅਦ ਸਦਾਮ ਹੁਸੈਨ ਨੇ ਇਕ ਸ਼ਾਮ ਕਿਰਕੁਕ ਦੇ ਗਵਰਨਰ ਨੂੰ ਫੋਨ ਕੀਤਾ ਅਤੇ ਦੋ ਸਤਰਾਂ ਦਾ ਟੈਲੀਗਰਾਫਿਕ ਹੁਕਮ ਭੇਜਿਆ। ਇਹ ਦੋ ਫਿਕਰੇ ਇਸ ਤਰ੍ਹਾਂ ਸਨ : "ਅਸੀਂ ਅਪਣਾ ਧਨ ਵਾਪਸ ਲੈ ਲਿਆ ਹੈ" ਅਤੇ "ਕਮਾਂਡ ਦਾ ਬੰਦਾ ਜ਼ਿੰਮੇਵਾਰੀ ਸੰਭਾਲਣ ਲਈ ਤੁਹਾਡੇ ਕੋਲ ਆ ਰਿਹਾ ਹੈ।" ਸਦਾਮ ਦਾ ਹੁਕਮ ਅਤੇ ਕਮਾਂਡ ਦਾ ਪ੍ਰਤੀਨਿਧ ਕਮਾਂਡਰ ਗਵਰਨਰ ਦੇ ਦਫਤਰ ਇਕੋ ਵੇਲੇ ਹੀ ਪਹੁੰਚੇ। ਰਾਤ ਪੈਣ ਤੋਂ ਪਹਿਲਾਂ ਪਹਿਲਾਂ ਸੁਰੱਖਿਆ ਦਸਤਿਆਂ ਨੇ ਸਾਰੇ ਵਿਦੇਸ਼ੀਆਂ ਨੂੰ ਕਿਰਕੁਕ ਦੇ ਇਕ ਆਲੀਸ਼ਾਨ ਹੋਟਲ ਵਿਚ ਬੜੇ ਅਦਬ ਨਾਲ ਪਹੁੰਚਾ ਦਿੱਤਾ। ਇਰਾਕੀ ਲੋਕਾਂ ਦੇ ਜੀਵਨ ਵਿਚ ਇਹ ਘਟਨਾ 1958 ਦੇ ਇਨਕਲਾਬ ਨਾਲੋਂ ਵੀ ਵੱਡੀ ਘਟਨਾ ਸੀ। ਸਦਾਮ ਹੁਸੈਨ ਦੀ ਪ੍ਰਵੀਨ ਰਣਨੀਤੀ ਨੇ 'ਸੈਵਨ ਸਿਸਟਰਜ਼' ਦੀ ਹੈਸੀਅਤ ਸਰੂਪਨਖਾ ਵਰਗੀ ਕਰ ਦਿੱਤੀ ਸੀ। ਉਹਨਾਂ ਦੀ ਗਲ੍ਹਾ ਘੁੱਟ ਕੇ ਮਾਰ ਦੇਣ ਦੀ ਨੀਤੀ ਇਰਾਕ ਵਿਚ ਨਾ ਚੱਲ ਸਕੀ। ਬਾਬਾ ਗੁੜਗੁੜ ਦੀ ਰਿਫਾਈਨਰੀ ਦਾ ਉਤਪਾਦਨ ਇਕ ਦਿਨ ਲਈ ਵੀ ਬੰਦ ਨਾ ਹੋਇਆ। ਸਾਮਰਾਜ ਦੇ ਹਿਰਦੇ ਵਿਚ ਉਦੋਂ ਤੋਂ ਹੀ ਅੱਗ ਭੜਕ ਰਹੀ ਸੀ। ਉਹ ਆਪਣੀਆਂ ਸੱਤ ਭੈਣਾਂ ਦੇ ਲਹੂ ਲੁਹਾਣ ਨੱਕ ਦੀ ਸਰਜਰੀ ਲਈ ਪ੍ਰਮਾਣੂ ਵਿਧੀ ਦਾ ਇਸਤੇਮਾਲ ਕਰਨ ਲਈ ਤਰਲੋ ਮੱਛੀ ਹੋ ਰਿਹਾ ਸੀ। ਇਸੇ ਤੜਫਾ ਕਾਰਨ ਹੀ ਅਮਰੀਕਾ ਨੇ ਆਪਣਾ ਸਾਰਾ ਕੁਝ ਦਾਅ 'ਤੇ ਲਾ ਕੇ ਅੰਤ ਇਰਾਕੀ ਅਵਾਮ 'ਤੇ ਬੁਲਡੋਜਰ ਚਲਾ ਦਿੱਤੇ।



ਏਥੇ ਇਹ ਸਵਾਲ ਚਰਚਾ ਦੀ ਮੰਗ ਕਰਦਾਹੈ ਕਿ ਉਹ ਕਿਹੜੇ ਰਸਾਇਣਕ ਹਥਿਆਰ ਸਨ, ਜਿਹਨਾਂ ਨੂੰ ਅਮਰੀਕਾ ਸਦਾਮ ਹੁਸੈਨ ਦੇ ਮਹਿਲਾਂ ਵਿਚੋਂ ਲੱਭ ਰਿਹਾ ਸੀ? ਅਮਰੀਕਾ ਨੇ ਇਸ ਸਦੀ ਦੇ ਛੇਵੇਂ ਦਹਾਕੇ ਵਿਚ ਆਪਣਾ ਹਾਈਡ੍ਰੋਜਲ ਬੰਬ ਪ੍ਰਸ਼ਾਂਤ ਮਹਾਂ ਸਾਗਰ ਵਿਚ ਫਟਾਇਆ ਸੀ ਅਤੇ ਸਤਵੇਂ ਦਹਾਕੇ ਵਿਚ ਰਸਾਇਣਕ ਹਥਿਆਰਾਂ ਦੀ ਵਰਤੋਂ ਵੀਅਤਨਾਮ ਵਿਚ ਕੀਤੀ ਸੀ। ਅਜੇ ਤੱਕ ਰਸਾਇਣਕ ਹਥਿਆਰਾਂ ਦੀ ਵਰਤੋਂ ਕਰਨ ਵਾਲਾ ਇਕੋ ਇਕ ਦੇਸ਼ ਅਮਰੀਕਾ ਹੀ ਹੈ।

ਅਮਰੀਕਾ ਨੇ ਬਗਦਾਦ ਵਿਰੁੱਧ ਫੌਜੀ ਕਾਰਵਾਈ ਕਰਨ ਦੀ ਯੋਜਨਾ ਪਿਛਲੇ ਦਹਾਕੇ ਹੀ ਬਣਾ ਲਈ ਸੀ ਅਤੇ ਉਹ ਕੇਵਲ ਕਿਸੇ ਬਹਾਨੇ ਦੀ ਭਾਲ ਵਿਚ ਸੀ। ਅੰਤ ਅਮਰੀਕਾ ਨੂੰ ਇਹ ਬਹਾਨਾ 1991 ਵਿਚ ਮਿਲ ਹੀ ਗਿਆ ਜਦੋਂ ਸਦਾਮ ਹੁਸੈਨ ਨੇ ਕੁਵੈਤ ਉੱਪਰ ਫੌਜਾਂ ਚੜ੍ਹਾ ਦਿੱਤੀਆਂ। ਵੈਸੇ ਤਾਂ ਸਾਰੀ ਦੁਨੀਆ ਨੇ ਹੀ ਸਦਾਮ ਹੁਸੈਨ ਦੀ ਅਰਬੀ ਹੈਂਕੜ ਨੂੰ ਪਸੰਦ ਨਾ ਕੀਤਾ, ਪ੍ਰੰਤੂ ਸੰਯੁਕਤ ਰਾਸ਼ਟਰ ਨੇ ਸੰਸਾਰ ਰਾਏ ਦੇ ਪਰਦੇ ਪਿੱਛੇ ਇਰਾਕ ਉੱਪਰ ਅਮਰੀਕੀ ਹਮਲੇ ਲਈ ਰਾਹ ਖੋਲ੍ਹ ਦਿੱਤਾ। ਉਸ ਵੇਲੇ ਸੰਸਾਰ ਨੂੰ ਪਹਿਲੀ ਵਾਰ ਸੁਣਿਆ ਕਿ ਜੰਗਾਂ ਚੰਗੀਆਂ ਵੀ ਹੁੰਦੀਆਂ ਸਨ। ਕੁਵੇਤ ਉਪਰ ਇਰਾਕ ਦੇ ਹਮਲੇ ਦੀ ਵਿਆਪਕ ਨਿੰਦਾ ਹੋਈ ਪ੍ਰੰਤੂ ਅਮਰੀਕੀ ਹਮਲੇ ਨੂੰ ਹੱਲਾਸ਼ੇਰੀ ਦਿੱਤੀ ਗਈ। ਇਸ ਤੋਂ ਪਹਿਲਾਂ ਕਿ ਅਮਰੀਕਾ ਅਪਣੇ ਮਨ ਦੀਆਂ ਮੁਰਾਦਾਂ ਪੂਰੀਆਂ ਕਰ ਲੈਂਦਾ, ਉਸ ਨੂੰ ਵਿਚੋਂ ਹੀ ਜੰਗ ਬੰਦ ਕਰਨੀ ਪੈ ਗਈ। ਸਦਾਮ ਹੁਸੈਨ ਨਾ ਹੀ ਮਰਿਆ ਅਤੇ ਨਾ ਹੀ ਗੱਦੀਓਂ ਲੱਥਾ। ਪੰਜ ਸਾਲਾਂ ਬਾਅਦ ਫੇਰ ਅਮਰੀਕਾ ਨੂੰ ਬਗਦਾਦ ਉੱਪਰ ਹਮਲਾ ਕਰਨ ਦਾ ਝੱਲ ਚੜ੍ਹਿਆ ਤੇ ਨਤੀਜਾ ਵਿਆਪਕ ਤਬਾਹੀ ਦੇ ਰੂਪ ਚ ਸਾਹਮਣੇ ਹੈ। ਇਸ ਸੰਦਰਭ ਵਿਚ ਸੰਯੁਕਤ ਰਾਸ਼ਟਰ ਦੀ ਭੂਮਿਕਾ ਲਗਾਤਾਰ ਮੁਜਰਮਾਨਾ ਹੋ ਰਹੀ ਹੈ। ਸੰਯੁਕਤ ਰਾਸ਼ਟਰ ਨੇ ਅਮਰੀਕਾ ਦੀ ਬਦਨੀਅਤ ਨੂੰ ਲੱਛੇਦਾਰ ਮਤਿਆਂ ਦੇ ਘੁੰਗਰੂ ਪਹਿਨਾ ਕੇ ਧਰਤੀ ਉੱਪਰ ਇਕ ਵਾਰ ਫੇਰ ਪ੍ਰਮਾਣੂ ਮੁਜਰਾ ਕਰਨ ਲਈ ਸ਼ਿੰਗਾਰਿਆ। ਅਮਰੀਕਾ ਵਲੋਂ ਕੀਤਾ ਗਿਆ ਇਹ ਤਾਂਡਵ ਨਾਚ ਹੁਣ ਤੱਕ ਦੇ ਇਤਿਹਾਸ ਦਾ ਸਭ ਤੋਂ ਭਿਆਨਕ ਹਾਦਸਾ ਸੀ।

ਹੁਣ ਅਮਰੀਕਾ ਇਕ ਵਾਰ ਫੇਰ ਏਸ਼ੀਆ ਦੀ ਧਰਤੀ 'ਤੇ ਅਪਣੇ ਆਧੁਨਿਕ ਤੋਂ ਆਧੁਨਿਕ ਹਥਿਆਰਾਂ ਦੀ ਪ੍ਰੀਖਿਆ ਕਰੇਗਾ, ਜਿਸ ਤਰ੍ਹਾਂ ਉਸ ਨੇ ਹੀਰੋਸ਼ੀਮਾ ਅਤੇ ਨਾਗਾਸਾਕੀ ਵਿਚ ਉਸ ਸਮੇਂ ਦੇ ਆਧੁਨਿਕ ਤੋਂ ਆਧੁਨਿਕ ਦੀ ਪ੍ਰੀਖਿਆ ਕੀਤੀ ਸੀ। ਜਪਾਨ ਉੱਪਰ ਸੁੱਟਿਆ ਗਿਆ ਬੰਬ ਵਰਤਮਾਨ ਹਥਿਆਰਾਂ ਦੀ ਦੇ ਮੁਕਾਬਲੇ ਵਿਚ ਮੂੰਗਫਲੀ ਦਾ ਇਕ ਦਾਣਾ ਹੀ ਸੀ। ਸੰਯੁਕਤ ਰਾਸ਼ਟਰ ਦੀ ਇਸ ਭੂਮਿਕਾ ਨੂੰ ਦੇਖਦਿਆਂ ਕਿਹਾ ਜਾ ਸਕਦਾ ਹੈ ਕਿ ਭਵਿੱਖ ਇਕ ਦਿਨ ਅੱਜ ਦੇ ਸੰਯੁਕਤ ਰਾਸ਼ਟਰ ਨੂੰ ਮਾਨਵਤਾ ਦੇ ਗੁਨਾਹਗਾਰਾਂ ਦੀ ਅਯਾਸ਼ ਮਹਿਫਲ ਕਹਿ ਕੇ ਗਰਦਾਨੇਗਾ। ਅਮਰੀਕਾ ਹਰ ਹਮਲੇ ਤੋਂ ਪਹਿਲਾਂ ਆਪਣੇ ਨਿਸ਼ਾਨੇ ਦੇ ਵਿਰੁੱਧ ਦੂਸ਼ਣਬਾਜ਼ੀ ਦੀ ਮੁਹਿੰਮ ਚਲਾਉਂਦਾ ਹੈ। ਉਸ ਨੇ ਸੰਯੁਕਤ ਰਾਸ਼ਟਰ ਨੂੰ ਵੀ ਆਪਣੇ ਇਸ ਆਰਕੈਸਟਰਾ ਵਿਚ ਸ਼ਾਮਲ ਕਰ ਲਿਆ ਹੈ।

1964 ਵਿਚ ਅਮਰੀਕਾ ਨੇ ਟਾਨਕਿਨ ਖਾੜੀ ਵਿਚ ਵੀਅਤਨਾਮ ਵਿਰੁੱਧ ਧਾਵਾ ਬੋਲਣ ਲਈ 30 ਦਿਨਾਂ ਪ੍ਰਚਾਰ ਮੁਹਿੰਮ ਛੇੜੀ ਸੀ ਅਤੇ ਇਕੱਤੀਵੇਂ ਦਿਨ 4 ਘੰਟਿਆਂ ਦੇ ਅੰਦਰ ਅੰਦਰ 64 ਹਵਾਈ ਹਮਲੇ ਕੀਤੇ ਸਨ। 1965 ਵਿਚ ਅਮਰੀਕਾ ਨੇ ਡੂਮੇਨੀਕਨ ਰਿਪਬਲਿਕ ਦੀ ਸਰਕਾਰ ਵਿਰੁੱਧ ਮੁਹਿੰਮ ਚਲਾਈ ਕਿ ਡੁਮੇਨੀਕਨ ਰਿਪਬਲਿਕ ਵਿਚ ਰਹਿੰਦੇ 3000 ਅਮਰੀਕੀ ਨਾਗਰਿਕਾਂ ਨੂੰ ਖਤਰਾ ਪੈਦਾ ਹੋ ਗਿਆ ਹੈ ਤੇ ਬਾਅਦ ਵਿਚ ਅਪਣੇ ਮੈਰੀਨਜ਼ ਚੜ੍ਹਾ ਕੇ ਸੇਂਟੋ ਡੋਮੀਂਗੋ ਉੱਪਰ ਹਮਲਾ ਕਰ ਦਿੱਤਾ। 1983 ਵਿਚ ਅਮਰੀਕਾ ਨੇ ਅਪਣੇ ਗੁਆਂਢੀ ਟਾਪੂ ਗਰੇਨਾਡਾ ਵਿਚ ਪੜ੍ਹਦੇ 30 ਵਿਦਿਆਰਥੀ ਸੁਰੱਖਿਅਤ ਨਹੀਂ ਹਨ ਅਤੇ ਬਾਅਦ ਵਿਚ ਹਮਲਾ ਕਰਕੇ ਰਾਸ਼ਟਰਪਤੀ ਮੋਰਿਸ ਬਿਸ਼ਪ ਦਾ ਕਤਲ ਕਰ ਦਿੰਤਾ। ਭਾਵੇਂ ਕਿ ਗਰੇਨਾਡਾ ਦੀ ਸਾਰੀ ਵਸੋਂ ਪੰਜਾਬ ਵਿਧਾਨ ਸਭਾ ਦੇ ਇਕ ਹਲਕੇ ਨਾਲੋਂ ਵੀ ਘੱਟ ਸੀ ਪਰ ਅਮਰੀਕੀਆਂ ਨੇ ਅਪਣੀ ਇਸ ਜਿੱਤ ਉੱਪਰ ਭੰਗੜੇ ਪਾਏ ਸਨ। ਜਿਸ ਵਿਚੋਂ ਅਮਰੀਕਾ ਦੀ ਬੇਕਿਰਕ ਮਾਨਸਿਕਤਾ ਦਾ ਝਲਕਾਰਾ ਪੈਂਦਾ ਹੈ। 1986 ਵਿਚ ਅਮਰੀਕਾ ਨੇ ਲਿਬੀਆ ਦੇ ਪ੍ਰਧਾਨ ਕਰਨਲ ਗੱਦਾਫੀ ਵਿਰੁੱਧ ਦੂਸ਼ਣਬਾਜ਼ੀ ਸ਼ੁਰੂ ਕਰਕੇ ਤ੍ਰਿਪੋਲੀ ਅਤੇ ਬੇਂਗਾਜ਼ੀ ਉਪਰ ਬੰਬਾਬੀ ਕੀਤੀ ਸੀ। ਜਿਸ ਵਿਚ ਗੱਦਾਫੀ ਤਾਂ ਬਚ ਗਿਆ ਸੀ ਪਰ ਉਸ ਦੀ 'ਗੋਦ' ਲਈ ਹੋਈ ਧੀ ਕਤਲ ਹੋ ਗਈ ਸੀ ਤੇ ਕਈ ਦੂਤਘਰਾਂ ਦੀਆਂ ਇਮਾਰਤਾਂ ਨੂੰ ਨੁਕਸਾਨ ਪਹੁੰਚਾ ਸੀ। 1979-80 ਦੌਰਾਨ ਜਦੋਂ ਈਰਾਨ ਦੇ ਖੁਮੇਨੀਪ੍ਰਸਤਾਂ ਨੇ ਤਹਿਰਾਨ ਵਿਚ ਅਮਰੀਕੀ ਦੂਤਘਰਾਂ ਦੀ ਘੇਰਾਬੰਦੀ ਕਰ ਰੱਖੀ ਸੀ ਤਾਂ ਅਮਰੀਕਾ ਦੇ ਹੈਲੀਕਾਪਟਰਾਂ ਨੇ ਤਹਿਰਾਨ ਉੱਪਰ ਚੜ੍ਹਾਈ ਕਰ ਦਿੱਤੀ, ਪ੍ਰੰਤੂ ਦੋ ਹੈਲੀਕਾਪਟਰ ਰਾਹ ਵਿਚ ਹੀ ਆਪਸ ਵਿਚ ਟਕਰਾ ਗਏ ਸਨ ਜਿਸ ਦਾ ਮਲਬਾ ਅਜੇ ਤੱਕ ਈਰਾਨੀਆਂ ਨੇ ਸਾਂਭ ਕੇ ਰੱਖਿਆ ਹੋਇਆ ਹੈ, ਇਸ ਤੋਂ ਇਲਾਵਾ ਸੀ.ਆਈ.ਏ. ਰਾਹੀਂ ਰਾਜ ਪਲਟੇ ਕਰਨ ਅਤੇ ਹਾਕਮਾਂ ਨੂੰ ਗੱਦੀ ਉੱਪਰ ਹੀ ਕਤਲ ਕਰਨ ਦੀਆਂ



ਘਟਨਾਵਾਂ ਦੀ ਫਰਿਸ਼ਤ ਵੀ ਕਾਫੀ ਲੰਬੀ ਹੈ। ਜਿਹੜਾ ਵੀ ਹਾਕਮ ਅਮਰੀਕਾ ਨੂੰ ਪਸੰਦ ਨਹੀਂ ਹੁੰਦਾ ਜਾਂ ਇਕ ਵਾਰ ਕੋਸ਼ਿਸ਼ ਕਰਦਾ ਹੈ ਅਮਰੀਕਾ ਉਸ ਨੂੰ ਬਿਲੇ ਲਾ ਦਿੰਦਾ ਹੈ।

ਅਸੀਵਿਆਂ ਦੇ ਸ਼ੁਰੂ ਵਿਚ ਸਦਾਮ ਹੁਸੈਨ ਵੀ ਅਮਰੀਕਾ ਨਾਲ ਦੋਸਤੀ ਗੰਢਣ ਦੇ ਰੌਅ ਵਿਚ ਸੀ। ਤਹਿਰਾਨ ਦੀ ਘੇਰਾਬੰਦੀ ਤੋਂ ਤੁਰੰਤ ਬਾਅਦ ਈਰਾਨ ਇਰਾਕ ਜੰਗ ਛੇੜੀ ਗਈ ਸੀ, ਓਨੀ ਦਿਨੀਂ ਸਾਰੇ ਇਰਾਕ ਦੀਆਂ ਸੜਕਾਂ ਉੱਤੇ ਵੱਡੇ ਵੱਡੇ ਦਿਓਕੱਦ ਹੋਰਡਿੰਗ ਲੱਗੇ ਹੋਏ ਸਨ, ਜਿਹਨਾਂ ਉਪਰ ਖੁਮੇਨੀ ਦੀ ਸ਼ਕਲ ਬਣਾ ਕੇ ਉਸ ਦੇ ਚਿਹਰੇ ਉਪਰ ਜੁੱਤੀ ਦਾ ਨਿਸ਼ਾਨ ਬਣਾਇਆ ਹੋਇਆ ਸੀ। (ਉਸ ਦੌਰਾਨ ਲੇਖਕ ਇਰਾਕੀ ਸਟੂਡੈਂਟ ਯੂਨੀਅਨ ਦੇ ਸੱਦੇ ਉੱਤੇ ਕੁਝ ਦਿਨਾਂ ਲਈ ਬਗਦਾਦ ਗਿਆ ਸੀ) ਅਮਰੀਕਾ ਚਾਹੁੰਦਾ ਸੀ ਕਿ ਇਰਾਕ ਈਰਾਨ ਨੂੰ ਮਸਲ ਕੇ ਰੱਖ ਦੇਵੇ। ਸਦਾਮ ਹੁਸੈਨ ਫੇਰ ਮਾਸਕੋ ਵਲ ਪਰਤ ਗਿਆ ਅਤੇ ਪਰਦੇਦਾਰੀ ਬਣੀ ਨਾ ਰਹਿ ਸਕੀ।

ਅਮਰੀਕਾ ਨੇ ਅਪਣੇ ਤਜਰਬੇ ਤੋਂ ਇਹ ਨਿਚੋੜ ਕੱਖਿਆ ਹੈ ਕਿ ਪੁਚਕਾਰ ਕੇ ਕੀਤੀ ਗਈ ਦੋਸਤੀ ਬਹੁਤੀ ਹੰਢਣਸਾਰ ਨਹੀਂ ਹੁੰਦੀ ਸਗੋਂ ਮਾਰ ਕੁੱਟ ਕੇ ਕੀਤੀ ਨੇੜਤਾ ਲੰਬਾ ਸਮਾਂ ਚੱਲਦੀ ਹੈ। ਇਹ ਉਸ ਨੇ ਹੀਰੋਸ਼ੀਮਾ ਅਤੇ ਨਾਗਾਸਾਕੀ ਉਪਰ ਬੰਬ ਸੁੱਟਣ ਤੋਂ ਬਾਅਦ ਸਿੱਖਿਆ ਸੀ। ਉਸ ਨੇ ਇਹ ਸਿੱਖਿਆ ਕਿ ਪ੍ਰਮਾਣੂ ਬੰਬ ਦੇ ਫੱਟੜ ਜਿੰਨੇ ਸਾਲ ਹਸਪਤਾਲਾਂ ਵਿਚ ਤੜਫਦੇ ਰਹਿੰਦੇ ਹਨ, ਓਨੀ ਦੇਰ ਉਸ ਦੇਸ਼ ਨਾਲ ਦੋਸਤੀ ਨੂੰ ਕੋਈ ਖਤਰਾ ਨਹੀਂ। ਜਿਨ੍ਹਾਂ ਪੀੜ੍ਹੀਆਂ ਨੇ ਇਨ੍ਹਾਂ ਤੜਫਦੇ ਮਰੀਜ਼ਾਂ ਨੂੰ ਦੇਖ ਲਿਆ ਹੈ, ਉਹਨਾਂ ਦੇ ਜੀਊਂਦੇ ਜੀਅ ਵੀ ਦੋਸਤੀ ਵਿਚ ਫਿੱਕ ਪੈਣ ਦੀਆਂ ਸੰਭਾਵਨਾਵਾਂ ਘਟੀਆਂ ਹੀ ਰਹਿਣਗੀਆ। (ਯਾਦ ਰਹੇ ਕਿ ਹੀਰੋਸ਼ੀਮਾ ਤੇ ਨਾਗਾਸਾਕੀ ਦੇ ਬਹੁਤ ਸਾਰੇ ਫੱਟੜ ਅਜੇ ਤੱਕ ਵੀ ਜਪਾਨ ਦੇ ਹਸਪਤਾਲਾਂ ਵਿਚ ਤੜਫ ਰਹੇ ਹਨ ਅਤੇ ਡਾਕਟਰਾਂ ਅੱਗੇ ਹੱਥ ਜੋੜ ਰਹੇ ਹਨ ਕਿ ਉਹਨਾਂ ਨੂੰ ਮਰਨ ਦੀ ਆਗਿਆ ਦਿੱਤੀ ਜਾਵੇ।) ਅਮਰੀਕਾ ਅਰਬਾਂ ਨਾਲ ਵੀ ਜਾਪਾਨੀ ਕੁਆਲਟੀ ਦੀ ਦੋਸਤੀ ਸਥਾਪਤ ਕਰਨ ਦੇ ਰੌਅ ਵਿਚ ਹੈ। ਇੱਥੇ ਇਹ ਯਾਦ ਰੱਖਣਾ ਅਤਿਅੰਤ ਮਹੱਤਵਪੂਰਨ ਹੈ ਕਿ ਜਿਸ ਦਿਨ ਅਮਰੀਕਾ ਨੂੰ ਹਿੰਦੁਸਤਾਨ ਵਾਲੀ ਕੀਮਤ 'ਤੇ ਪੈਟਰੋਲ ਖਰੀਦਣਾ ਪੈ ਗਿਆ, ਉਸੇ ਹੀ ਦਿਨ ਉਸ ਦਾ ਸਾਮਰਾਜ ਅੱਧਾ ਲੁੜਕ ਜਾਵੇਗਾ ਅਤੇ ਜਿਸ ਦਿਨ ਦੁਨੀਆ ਵਿਚੋਂ ਜੰਗਾਂ ਦੀਆਂ ਸੰਭਾਵਨਾਵਾਂ ਪੂਰੀ ਤਰ੍ਹਾਂ ਖਤਮ ਹੋ ਗਈਆਂ ਉਸ ਦਿਨ ਅਮਰੀਕਾ ਸਾਮਰਾਜ ਦਾ ਪੂਰੀ ਤਰ੍ਹਾਂ ਹੀ ਭੋਗ ਪੈ ਜਾਵੇਗਾ। ਅਮਰੀਕੀ ਆਰਥਿਕਤਾ ਦਾ ਸਭ ਤੋਂ ਵੱਡਾ ਥੰਮ੍ਹ ਜੰਗੀ ਹਥਿਆਰਾਂ ਦਾ ਉਤਪਾਦਨ ਕਰਨ ਵਾਲੀ ਸਨਅਤ ਹੈ ਜਿਸ ਨੂੰ ਆਪਣਾ ਉਤਪਾਦਨ ਜਾਰੀ ਰੱਖਣ ਅਤੇ ਅਮਰੀਕੀ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਹਰ ਸਾਲ ਨਵੇਂ ਤੋਂ ਨਵੇਂ ਬਹਾਨਿਆਂ ਦੀ ਜ਼ਰੂਰਤ ਪੈਂਦੀ ਹੈ। ਕਮਿਊਨਿਸਟ ਸੰਸਾਰ ਦੇ ਢਹਿ ਢੇਰੀ ਹੋ ਜਾਣ ਨਾਲ ਕੇਵਲ ਕਮਿਊਨਿਸਟਾਂ ਨੂੰ ਹੀ ਨੁਕਸਾਨ ਨਹੀਂ ਹੋਇਆ ਸਗੋਂ ਅਮਰੀਕੀ ਦੀ ਜੰਗੀ ਸਨਅਤ ਦਾ ਭਵਿੱਖ ਵੀ ਖਤਰੇ ਵਿਚ ਪੈ ਗਿਆ ਹੈ ਜਿਸ ਵਾਸਤੇ ਕਮਿਊਨਿਸਟ ਹਊਆ ਖੜ੍ਹਾ ਕਰਕੇ ਅਮਰੀਕੀ ਪ੍ਰਸ਼ਾਸਨ, ਵੱਡੇ ਵੱਡੇ ਬਜਟ ਪਾਸ ਕਰਿਆ ਕਰਦਾ ਸੀ।

ਇਸ ਕਰਕੇ ਖੇਤਰੀ ਭੜਕਾਹਟਾਂ ਨੂੰ ਜਾਰੀ ਰੱਖਦਿਆਂ ਜੰਗ ਦੇ ਹਊਏ ਨੂੰ ਬਰਕਰਾਰ ਰੱਖਣਾ ਅਮਰੀਕਾ ਦੇ ਜੰਗੀ ਸਾਮਰਾਜ ਦੀ ਜ਼ਰੂਰਤ ਬਣੀ ਹੋਈ ਹੈ।

ਇਨ੍ਹਾਂ ਹਕੀਕਤਾਂ ਦੇ ਮੱਦੇਨਜ਼ਰ ਇਰਾਕ ਉੱਪਰ ਅਮਰੀਕੀ ਹਮਲਾ ਅਟੱਲ ਸੀ।

# A-WIN Insurance

## ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ






## For Friendly Service and Quick Quotes

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

- Car, Motorcycle
- Home, Condominium
- Tenant Package, Rental Dwellings
- Trucks: Long Haul & Gravel
- Commercial & Business Insurance
- Travel & Medical Insurance

**Discounts up to 60%**

**Payment options available**

## ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

**We Provide Service In English, Punjabi, Hindi & Urdu.**

## ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

ਐਡਮਿੰਟਨ: 780-465-6900
ਰਾਜੀਵ ਜੌਲੀ, ਜੈਸ ਬਦੇਸ਼ਾ, ਸ਼ਾਲੂ ਬਦੇਸ਼ਾ, ਮੈਡੀਂ ਹਿਜ਼ਮਾਨ, ਨਵਤੇਜ ਬੈਂਸ, ਸੋਨਮ ਦਿਉਲ ਅਤੇ ਜਸਵੀਰ ਦਿਉਲ।

ਕੈਲਗਰੀ: 403-775-2100
ਰੂਪੀ ਚੇਰਾ, ਡੈਨਾ ਨਮਿਥ, ਸੁਭਾਸ਼ ਤਰਨਪ੍ਰੀਤ ਮੈਹਦਵਾਨ ਅਤੇ ਜੈਸੀ ਸਿੰਘ



ਕਾਊਂਸਲ ਆਫ ਇੰਡੀਆ ਸੋਸਾਈਟੀਜ਼ ਵੱਲੋਂ ਮਨਾਏ ਅਜ਼ਾਦੀ ਦਿਹਾੜੇ ਦੀਆਂ ਝਲਕੀਆਂ।



ਪੀ.ਸੀ.ਏ. ਦੀ ਮੀਟਿੰਗ ਦੌਰਾਨ ਹਾਜ਼ਰ ਅਹੁਦੇਦਾਰ ਅਤੇ ਮੈਂਬਰ।



ਸ੍ਰੀਮਤੀ ਖਾਲੜਾ ਦੇ ਸਨਮਾਨ ਦੌਰਾਨ: ਐਮ. ਪੀ. ਟਿਮ ਉਪਲ, ਸੀਤਲ ਨੰਨੂਆ ਅਤੇ ਜਸਬੀਰ ਸਿੰਘ



ਉੱਪਰ ਨਾਟਕ 'ਰਿਸ਼ਤੇ' ਦਾ ਸਟੇਜੀ ਦ੍ਰਿਸ਼ ਅਤੇ ਹੇਠਾਂ ਦਰਸ਼ਕਾਂ ਨੂੰ ਨਤਮਸਤਕ ਹੁੰਦੇ ਕਲਾਕਾਰ।



ਉੱਪਰ ਸੂਫ਼ੀ ਗਾਇਕ ਬਰਕਤ ਸਿੱਧੂ ਆਪਣੇ ਫ਼ਨ ਦਾ ਮੁਜ਼ਾਹਰਾ ਕਰਦੇ ਹੋਏ ਉਨ੍ਹਾਂ ਦੇ ਨਾਲ ਰਮਨਦੀਪ ਤੇ ਕਮਲਜੀਤ, ਹੇਠਾਂ ਹਾਜ਼ਰ ਦਰਸ਼ਕ।



ਵੈਸਟਲੇਕਵੁੱਡ ਡੈਂਟਲ ਕਲੀਨਿਕ ਦੇ ਉਦਘਾਟਨ ਮੌਕੇ: ਡਾਂ ਚੈਤੰਨਯਾ, ਤੁਸ਼ਾਰ ਚੈਤੰਨਯਾ, ਦੀਪਕ ਚੈਤੰਨਯਾ, ਐਮ. ਐਲ. ਏ. ਨਰੇਸ਼ ਭਾਰਦਵਾਜ, ਲਾਟ ਭਿੰਡਰ ਅਤੇ ਸਿੱਧੂ ਗੁਪਤਾ




ਰੂਰਲ ਹੈਰੀਟੇਜ ਐਂਡ ਸਪੋਰਟਸ ਕਲੱਬ ਅਤੇ ਦਸਤਕ ਮੈਗਜ਼ੀਨ ਵੱਲੋਂ ਆਯੋਜਿਤ ਸਮਾਗਮ 'ਚ ਭਾਗ ਲੈਂਦੇ ਬੱਚੇ।



ਪਾਕਿਸਤਾਨ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਇਕੱਤਰਤਾ: ਮੇਅਰ ਸਟੀਫਨ ਮੈਂਡਲ, ਅਮਰਜੀਤ ਸੋਹੀ ਅਤੇ ਹੋਰ



ਵਿਨੀਪਿਗ ਫੈਸਟੀਵਲ ਫੋਕਲੋਰਮਾ ਵਿੱਚ ਭਾਗ ਲੈਂਦੇ ਹੋਏ ਬੱਚੇ ਅਤੇ ਆਨੰਦ ਮਾਣਦੇ ਹੋਏ ਦਰਸ਼ਕ



ਭਾਰਤਿਯਾ ਕਲਚਰਲ ਸੋਸਾਇਟੀ ਐਡਮਿੰਟਨ ਵਲੋ ਆਯੋਜਤ ਰਾਮ ਨੌਮੀ ਸਮਾਗਮ ਦੀ ਝਲਕ



ਕੈਲਗਰੀ ਵਿਖੇ ਮੇਲਾ ਗਦਰੀ ਬਾਬਿਆਂ ਦੌਰਾਨ: ਦਰਸ਼ਕਾਂ ਦਾ ਮਨੋਰੰਜਨ ਕਰਦੇ ਗਾਇਕ ਅਤੇ ਹੇਠਾਂ ਸਨਮਾਨਤ ਕੀਤੀਆਂ ਸ਼ਖ਼ਸੀਅਤਾਂ ਵੀ ਦਿਖਾਈ ਦੇ ਰਹੀਆਂ ਹਨ।



ਕੈਲਗਰੀ: ਪਰੋਗਰੈਸਿਵ ਡੈਮੋਕਰੈਟਿਕ ਫੋਰਮ ਦੇ ਮੈਂਬਰ ਅਤੇ ਹਮਦਰਦ ਕਿਊਬਾ ਦੀਆਂ ਪ੍ਰਾਪਤੀਆਂ ਵਿਸ਼ੇ 'ਤੇ ਸੈਮੀਨਾਰ ਦੌਰਾਨ

**Guaranteed Paid up Life Insurance**
**Get your money back if you don't develop any critical illness**

Life Insurance
ਲਾਈਫ ਇੰਸ਼ੋਰੈਂਸ

Retirement Savings Plans
ਰਿਟਾਇਰਮੈਂਟ ਸੇਵਿੰਗਜ਼ ਪਲੈਨਜ਼

Mortgage Insurance
ਮੋਰਟਗੇਜ ਇੰਸ਼ੋਰੈਂਸ

Critical Illness Plans
ਕਰਿਟੀਕਲ ਇਲਨੈਸ ਇੰਸ਼ੋਰੈਂਸ

Health Plans
ਹੈਲਥ ਪਲੈਨਜ਼

Disability Insurance
ਡਿਸਏਬਿਲਟੀ ਇੰਸ਼ੋਰੈਂਸ

Travel Insurance
ਟਰੈਵਲ ਇੰਸ਼ੋਰੈਂਸ

For More Information Please Contact :
Jasvir Deol
Phone: 780-465-6900
Cell: 780-906-4497

DEOL
Insurance & Financial Planning

**ADVANCED Roofing Systems Ltd.**

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits, Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365



GILL Olson
(MANAGER)

**HARRY'S EXCAVATING**

Ph 780-918-2252

Specialist in : Digging Basements & All Kind of Services



ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ

**C.J. Auto & Transmission Repair Ltd. & Body Shop**

Specialize in Propane Repair & Body Shop

Nindy Rao (Manager)



Tel.: 780-434-9912 Fax: 780-434-6706
9504-62 Avenue Edmonton, AB. T6E 0C9

* Import & Domestic Repairs * Insurance Claims

**KOPY CENTRE & PRINTING**

"On Time ~ Every Time"

Digital Printing & Photo Copy

• Business Cards • Letter Heads • Invoices (NCR) • Flyers
• Brochures • Invitation Cards • Tickets
• Binders • PDF Files • Scanning • Lamination
• Internet Service • Fax Service • Computer Service etc...

We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

**Sidhu Stucco Ltd.**

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।

Stucco is a versatile, beautiful, durable and fire resistant cladding.



Harinder Dhaliwal

All kind of Stucco
Acrylic & Rain Screen (780) 297-9165

**Advance Driving School**

Learn to be Collision Free



Misha Sooch DRIVER EDUCATION COUNCILLOR

* Lady Instructor Available * Defensive Training Classes
* Available to Restore Demerits * Free Pick up & Drop off Service

ਵਧੀਆ ਡਰਾਈਵਿੰਗ ਟ੍ਰੇਨਿੰਗ
ਲਈ ਹਮੇਸ਼ਾ ਯਾਦ ਰੱਖੋ

ਐਡਵਾਂਸ ਡਰਾਈਵਿੰਗ ਸਕੂਲ

| | | |
|---|---|---|
| #202-3456 91 St. South Side, Edmonton | 16105-Stony Plain Rd.West End, Edmonton | 10211-100 Ave Fort Saskatchewan |

Contact: (780) 660 4090

Sherwood Park, AB, Canada, T8C1H3 www.advancedrivingschool.ca

**Advance Limos Ltd.**

Phone: 780 236 5000, Fax: 780 922 2705
www.advancelimos.ca

The Services we Provide

- Airport Service-Flat Rate
- Weddings Ceremony
- Anniversaries
- Birthday Parties
- Dinner & Theatre Ceremony
- Night On The Town
- Graduation Ceremonies
- Concerts & Sports Events
- Promos & Religious Programs
- & Other Functions

Contact Aman Sooch

Book Your LIMO Now & Enjoy the Luxurious Ride

(780) 236 5000



# ਮਾਰਕਸਵਾਦ ਅਤੇ ਧਰਮ

*ਮਣੀਂਦਰ ਨਾਥ ਠਾਕੁਰ*

ਵਿਸ਼ਵ ਭਰ ਦੀਆਂ ਕਮਿਊਨਿਸਟ ਪਾਰਟੀਆਂ ਦੇ ਵਿਚਾਰਾਂ ਉੱਪਰ ਸੋਵੀਅਤ ਮਾਰਕਸਵਾਦ ਦਾ ਬਹੁਤ ਪ੍ਰਭਾਵ ਰਿਹਾ ਹੈ। ਮਾਰਕਸਵਾਦ ਦੀ ਉਸ ਵਿਆਖਿਆ ਦਾ ਆਪਣਾ ਇਕ ਇਤਿਹਾਸਕ ਮਹੱਤਵ ਸੀ, ਪਰ ਸੋਵੀਅਤ ਮਾਰਕਸਵਾਦ ਦੀਆਂ ਆਪਣੀਆਂ ਸੀਮਾਵਾਂ ਵੀ ਸਨ। ਹੁਣ ਇਹ ਸੀਮਾਵਾਂ ਸਪੱਸ਼ਟ ਨਜ਼ਰ ਆਉਣ ਲੱਗੀਆਂ ਹਨ। ਸੋਵੀਅਤ ਮਾਰਕਸਵਾਦ ਦੇ ਦਾਇਰੇ ਤੋਂ ਬਾਹਰ ਨਿਕਲ ਕੇ ਸੋਚਣ ਨਾਲ ਮਾਰਕਸਵਾਦ ਵਿਚ ਸ਼ਾਇਦ ਨਵੀਂ ਜਾਨ ਆ ਸਕਦੀ ਹੈ। ਅਜਿਹੇ ਯਤਨ ਦੁਨੀਆ ਭਰ ਵਿਚ ਹੁੰਦੇ ਵੀ ਰਹੇ ਹਨ। ਸ਼ਾਇਦ ਭਾਰਤ ਦੇ ਮਾਰਕਸਵਾਦੀ ਚਿੰਤਕਾਂ ਦੇ ਲਈ ਵੀ ਇਹ ਵਕਤ ਨਵੇਂ ਸੰਦਰਭਾਂ ਵਿਚ ਮਾਰਕਸ ਦੀਆਂ ਰਚਨਾਵਾਂ ਨੂੰ ਮੁੜ ਤੋਂ ਪੜ੍ਹਨ ਦਾ ਹੈ। ਇਸ ਨਾਲ ਸ਼ਾਇਦ ਬਹੁਤ ਸਾਰੀਆਂ ਬੰਦ ਹੋ ਚੁੱਕੀਆਂ ਬਹਿਸਾਂ ਫਿਰ ਤੋਂ ਸ਼ੁਰੂ ਹੋ ਜਾਣ ਅਤੇ ਮਾਰਕਸਵਾਦ ਦੀਆਂ ਨਵੀਆਂ ਵਿਆਖਿਆਵਾਂ ਸੰਭਵ ਹੋ ਸਕਣ।

ਮਿਸਾਲ ਦੇ ਤੌਰ 'ਤੇ ਮਾਰਕਸਵਾਦ ਦੇ ਪ੍ਰਸਿੱਧ ਵਾਕ ਕਿ 'ਧਰਮ ਜਨਤਾ ਲਈ ਅਫੀਮ ਹੈ' ਉੱਪਰ ਥੋੜ੍ਹਾ ਵਿਚਾਰ ਕਰੀਏ। ਇੱਥੇ ਥੋੜ੍ਹਾ ਸਪੱਸ਼ਟ ਕਰ ਦੇਈਏ ਕਿ ਵੈਸੇ ਤਾਂ ਧਰਮ ਤੇ ਰਿਲੀਜ਼ਨ ਵਿਚ ਫਰਕ ਹੈ ਫਿਰ ਵੀ, ਸਹੂਲੀਅਤ ਲਈ ਇਨ੍ਹਾਂ ਨੂੰ ਇਕ ਸਮਾਨ ਮੰਨ ਕੇ ਅਸੀਂ ਅੱਗੇ ਵਧਾਂਗੇ। ਮਾਰਕਸ ਦੀ ਖਾਸੀਅਤ ਸੀ ਕਿ ਉਹ ਸਥਾਪਤ ਧਾਰਨਾਵਾਂ ਨੂੰ ਪੂਰੀ ਤਰ੍ਹਾਂ ਖਾਰਜ ਕਰਨ ਦੀ ਥਾਂ ਉਸਦੇ ਤੱਤ-ਗਿਆਨ ਨੂੰ ਨਾਲ ਮਿਲਾ ਕੇ ਇਕ ਨਵਾਂ ਸਿਧਾਂਤ ਜਾ ਉਸਦੀ ਨਵੀਂ ਵਿਆਖਿਆ ਪੇਸ਼ ਕਰਦੇ ਸਨ।

ਇਸ ਲਈ ਧਰਮ ਦੇ ਵਿਰੋਧੀਆਂ ਦੇ ਸਮਰਥਕਾਂ ਦੀਆਂ ਗੱਲਾਂ ਨੂੰ ਇਕ ਥਾਂ ਇਕੱਠੀਆਂ ਕਰਕੇ ਉਨ੍ਹਾਂ ਨੇ ਕਿਹਾ ਕਿ ਧਰਮ ਹਿਰਦੇਹੀਣ ਸਮਾਜ ਦਾ ਹਿਰਦਾ ਹੈ, ਆਤਮਹੀਣ ਸਮਾਜ ਦੀ ਆਤਮਾ ਹੈ ਅਤੇ ਜਨਤਾ ਦੀ ਅਫੀਮ ਹੈ। ਇਹ ਕਹਿਣਾ ਮਾਰਕਸ ਦੇ ਸਿਧਾਂਤਕ ਢਾਂਚੇ ਦਾ ਹਿੱਸਾ ਵੀ ਹੈ। ਠੀਕ ਇਸੇ ਤਰ੍ਹਾਂ ਮਾਰਕਸ ਨੇ ਇਤਿਹਾਸ ਉੱਪਰ ਚੱਲ ਰਹੀ ਬਹਿਸ ਉੱਪਰ ਵੀ ਅਪਣਾ ਵਿਚਾਰ ਦਿੱਤਾ ਸੀ। ਕੁਝ ਲੋਕ ਮੰਨਦੇ ਸਨ ਕਿ ਇਤਿਹਾਸ ਦੇ ਨਿਰਮਾਣ ਦਾ ਨਾਇਕ ਵਿਅਕਤੀ ਹੈ, ਦੂਸਰੇ ਕਹਿੰਦੇ ਸਨ ਕਿ ਪ੍ਰਸਥਿਤੀਆਂ ਇਤਿਹਾਸ ਦੀ ਉਸਾਰੀ ਕਰਦੀਆਂ ਹਨ। ਮਾਰਕਸ ਨੇ ਕਿਹਾ, 'ਮਨੁੱਖ ਇਤਿਹਾਸ ਦਾ ਨਿਰਮਾਣ ਤਾਂ ਕਰਦਾ ਹੈ ਲੇਕਿਨ ਮਨਮਰਜ਼ੀ ਨਾਲ ਨਹੀਂ, ਬਲਕਿ ਮੌਜੂਦ ਪ੍ਰਸਥਿਤੀਆਂ ਦੀਆਂ ਸੀਮਾਵਾਂ ਵਿਚ।

ਸਵਾਲ ਇਹ ਹੈ ਕਿ ਪੈਰੇ ਦਾ ਆਖ਼ਰੀ ਵਾਕ ਧਰਮ ਦੇ ਬਾਰੇ ਪਰਿਭਾਸ਼ਕ-ਵਾਕ ਕਿਵੇਂ ਬਣ ਗਿਆ? ਇਸ ਸਵਾਲ ਦਾ ਸਾਹਮਣਾ ਕਰਨ ਨਾਲ ਕਮਿਊਨਿਸਟ ਪਾਰਟੀਆਂ ਦੀਆਂ ਦੂਜੀਆਂ ਵਿਚਾਰਕ ਦਿੱਕਤਾਂ ਵੀ ਸਮਝ ਆਉਣ ਲੱਗਣਗੀਆ। ਇਕ ਕਾਰਨ ਤਾਂ ਇਹ ਹੋ ਸਕਦਾ ਹੈ ਕਿ ਮਾਰਕਸਵਾਦ ਨੂੰ ਪ੍ਰਤੱਖਵਾਦ (Poritism) ਦੀ ਐਨਕ ਨਾਲ ਪੜ੍ਹਿਆ ਗਿਆ ਹੈ। ਮਾਰਕਸ ਦੇ ਸਮੇਂ ਅਤੇ ਉਸ ਤੋਂ ਬਾਅਦ ਵੀ ਨਿਊਟਨ ਦੇ ਵਿਗਿਆਨਕ ਦ੍ਰਿਸ਼ਟੀਕੋਣ ਦਾ ਬੋਲਬਾਲਾ ਸੀ। ਹਰ ਖੇਤਰ ਦੇ ਤੱਤ ਤੇ ਗਿਆਨ ਉੱਪਰ ਇਸਦਾ ਵਿਆਪਕ ਪ੍ਰਭਾਵ ਪਿਆ।

ਸਮਾਜ ਨੂੰ ਵੀ ਇਸੇ ਐਨਕ ਨਾਲ ਦੇਖਣਾ ਤੇ ਨਜ਼ਰੀਏ ਦੇ ਵਿਗਿਆਨਕ ਹੋਣ ਦਾ ਦਾਅਵਾ ਕਰਨਾ ਉਸ ਸਮੇਂ ਆਮ ਗੱਲ ਸੀ, ਕੁਝ ਅਜਿਹੇ ਹੀ ਪ੍ਰਭਾਵ ਹੇਠ ਆ ਕੇ ਏਂਗਲਜ਼ ਨੇ ਮਾਰਕਸ ਦੀ ਮੌਤ ਸਮੇਂ ਕਿਹਾ ਹੋਵੇਗਾ ਕਿ ਮਾਰਕਸ ਅਤੇ ਨਿਊਟਨ ਵਿਚ ਅੰਤਰ ਕੇਵਲ ਅਧਿਐਨ ਖੇਤਰ ਦਾ ਸੀ। ਜਦ ਕਿ ਮਾਰਕਸ ਦੇ ਲੇਖਾਂ ਵਿਚ ਇਹ ਸਪੱਸ਼ਟ ਹੈ ਕਿ ਸਮਾਜ ਅਤੇ ਭੌਤਿਕ ਜਗਤ ਦੇ ਬੁਨਿਆਦੀ ਅੰਤਰ ਨੂੰ ਉਹ ਬਾਖ਼ੂਬੀ ਸਮਝਦੇ ਹਨ।

ਇਸ ਤੋਂ ਵੀ ਦਿਲਚਸਪ ਇਹ ਜਾਨਣਾ ਹੋਵੇਗਾ ਕਿ ਰੂਸੀ ਲੋਕਾਂ ਦੇ ਲਈ ਮਾਰਕਸਵਾਦ ਨੂੰ ਪੜ੍ਹਨ ਵਾਲੇ ਮਹਾਨ ਚਿੰਤਕ ਪਲੈਖ਼ਾਨੋਵ ਮਾਰਕਸਵਾਦੀ ਹੋਣ ਤੋਂ ਪਹਿਲਾਂ ਪ੍ਰਤੱਖਵਾਦੀ ਅਤੇ ਘੋਰ ਨਾਸਤਿਕ ਸਨ। ਮਾਰਕਸ ਦੀਆਂ ਰਚਨਾਵਾਂ ਨੂੰ ਉਨ੍ਹਾਂ ਨੇ ਇਨ੍ਹਾਂ ਦੋਵਾਂ ਐਨਕਾਂ ਨਾਲ ਪੜ੍ਹਿਆ। ਨਤੀਜਾ ਇਹ ਨਿਕਲਿਆ ਕਿ ਰੂਸ ਵਿਚ ਮਾਰਕਸਵਾਦ ਦੇ ਪ੍ਰਕਿਰਤੀ ਵਿਗਿਆਨ ਦੀ ਤਰ੍ਹਾਂ ਬਾਹਰਮੁਖੀ ਅਤੇ ਪ੍ਰਤੱਖਵਾਦੀ ਹੋਣ ਦਾ ਆਧਾਰ ਬਣਿਆ ਰਿਹਾ। ਨਾਲ ਹੀ ਮਾਰਕਸ ਦੀਆਂ ਰਚਨਾਵਾਂ ਵਿਚਲੇ ਧਰਮ ਦੀ ਆਲੋਚਨਾ ਵਾਲੇ ਉਦਾਹਰਣਾਂ ਨੂੰ ਇਕੱਤਰ ਕਰਕੇ ਇਹ ਘੋਸ਼ਿਤ ਕੀਤਾ ਗਿਆ ਕਿ ਨਾਸਤਿਕਤਾ ਮਾਰਕਸਵਾਦ ਦਾ ਦੂਜਾ ਨਾਂ ਹੈ ਅਤੇ ਮਾਰਕਸ ਧਰਮ ਦਾ ਕੱਟੜ ਵਿਰੋਧੀ ਹੈ।

ਖਾਸ ਗੱਲ ਇਹ ਹੈ ਕਿ ਰੂਸ ਵਿਚ ਇਹ ਗੱਲਾਂ ਤਤਕਾਲੀਨ ਪ੍ਰਸਥਿਤੀਆਂ ਵਿਚ ਕ੍ਰਾਂਤੀਕਾਰੀ ਦਲ ਦੇ ਵੀ ਹਿੱਤ ਵਿਚ ਸਨ। ਧਰਮ ਦੇ ਮਾਮਲੇ ਵਿਚ ਸਮਾਜ ਦੀ ਕੀ ਪ੍ਰਤੀਕਿਰਿਆ ਹੋਵੇਗੀ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਧਰਮ ਦਾ ਸੱਤਾ ਤੇ ਸਮਾਜ ਨਾਲ ਕੀ ਸਬੰਧ ਰਿਹਾ ਹੈ। ਅਸੀਂ ਜਾਣਦੇ ਹਾਂ ਕਿ ਏਸ਼ੀਆਈ ਦੇਸ਼ਾਂ ਵਿਚ ਦੁਨੀਆ ਦੇ ਮਹੱਤਵਪੂਰਨ ਧਰਮਾਂ ਦੀ ਉਤਪਤੀ ਹੋਈ। ਯੂਰਪ ਵਿਚ ਇਸਾਈ ਧਰਮ ਦਾ ਆਗਮਨ ਸ਼ਾਂਤੀਪੂਰਣ ਨਹੀਂ, ਬਲਕਿ ਯੁੱਧ ਅਤੇ ਸੰਘਰਸ਼ ਦਾ ਇਤਿਹਾਸ ਹੈ। ਇਸ ਸੰਘਰਸ਼ ਦੇ ਦੌਰਾਨ ਇਸ ਧਰਮ ਨੇ ਪੁਰਾਣੀਆਂ ਪਰੰਪਰਾਵਾਂ ਨੂੰ ਖਤਮ ਕਰ ਦਿੱਤਾ, ਸ਼ਕਤੀਸ਼ਾਲੀ ਸੰਸਥਾਵਾਂ ਦਾ ਨਿਰਮਾਣ ਕੀਤਾ ਅਤੇ ਰਾਜਨੀਤਕ ਸੱਤਾ ਵਿਚ ਹਿੱਸੇਦਾਰੀ ਕਾਇਮ ਕੀਤੀ। ਇਸ ਲਈ ਇਹ ਸਮਾਜ ਦੀ ਚੇਤਨਾ ਵਿਚ ਕਦੇ ਵੀ ਉਸ ਤਰ੍ਹਾਂ ਨਹੀਂ ਰਚ ਸਕਿਆ ਜਿਸ ਤਰ੍ਹਾਂ ਏਸ਼ੀਆਈ ਦੇਸ਼ਾਂ ਵਿਚ। ਏਸ਼ੀਆਈ ਦੇਸ਼ਾਂ ਵਿਚੋਂ ਧਰਮ ਨੂੰ ਹਾਸ਼ੀਏ ਵਿਚ ਰੱਖਣ ਦਾ ਯਤਨ ਅਸਫਲ ਰਿਹਾ। ਦੂਜੇ ਪਾਸੇ ਸੋਵੀਅਤ ਕ੍ਰਾਂਤੀ ਵਿਚ ਧਰਮ ਨੂੰ ਪੂਰੀ ਤਰ੍ਹਾਂ ਨਾਲ ਹਾਸ਼ੀਏ ਵਿਚ ਰੱਖਣ ਦਾ ਯਤਨ ਜਨਤਾ ਨੂੰ ਸੁਖਦ ਜਾਪਿਆ।

ਪ੍ਰੰਤੂ ਇਨ੍ਹਾਂ ਵਿਚੋਂ ਕਿਸੇ ਵੀ ਸਮਾਜ ਵਿਚੋਂ ਧਰਮ ਨੂੰ ਪੂਰੀ ਤਰ੍ਹਾਂ ਖਤਮ ਕਰਨ ਦਾ ਯਤਨ ਸਫਲ ਨਹੀਂ ਰਿਹਾ। ਯੂਰਪ ਅਤੇ ਏਸ਼ੀਆ ਵਿਚ ਤਾਂ ਅਜਿਹਾ ਨਹੀਂ ਹੋਇਆ, ਏਥੋਂ ਤੱਕ ਕਿ ਸੋਵੀਅਤ ਸੰਘ ਵਿਚ ਵੀ ਸਹੀ ਅਰਥਾਂ ਵਿਚ ਅਜਿਹਾ ਨਹੀਂ ਹੋ ਸਕਿਆ, ਮਜ਼ੇ ਦੀ ਗੱਲ ਤਾਂ ਇਹ ਹੈ ਕਿ ਲੈਨਿਨ ਦੇ ਲਈ ਵੀ ਇਹ ਸਮੱਸਿਆ ਸੀ ਕਿ ਪਾਰਟੀ ਦਾ ਅਜਿਹੇ ਲੋਕਾਂ ਦੇ ਨਾਲ ਸਬੰਧ ਕੀ ਹੋਵੇ ਜਿਨ੍ਹਾਂ ਦੀ ਧਰਮ ਵਿਚ ਆਸਥਾ ਹੈ। ਉਸ ਸਮੇਂ ਵੀ ਇਹ ਕਿਹਾ ਗਿਆ ਸੀ ਕਿ ਪਾਰਟੀ ਦੇ ਦਰਵਾਜ਼ੇ ਅਜਿਹੇ ਲੋਕਾਂ ਲਈ ਖੁੱਲ੍ਹੇ ਹਨ। ਲੇਕਿਨ ਆਧੁਨਿਕਤਾ, ਪ੍ਰਤੱਖਵਾਦ ਅਤੇ ਨਾਸਤਿਕਤਾ ਦੇ ਪ੍ਰਭਾਵ ਅਧੀਨ ਪਾਰਟੀ ਦੀ ਧਰਮ ਦੀ ਸਮਝ ਠੀਕ-ਠਾਕ ਨਹੀਂ ਬਣ ਸਕੀ। ਇਸਦਾ ਇਕ ਵਧੀਆ ਉਦਾਹਰਣ ਹੈ ਤਾਲਸਤਾਏ ਬਾਰੇ ਲੈਨਿਨ ਦੇ ਵਿਚਾਰ। ਸ਼ੁਰੂ ਵਿਚ ਲੈਨਿਨ ਨੇ ਤਾਲਸਤਾਏ ਦੇ ਵਿਚਾਰਾਂ ਦੀ ਬਹੁਤ ਸਲਾਹੁਤਾ ਕੀਤੀ, ਪਰ ਜਦ ਉਸਦੇ ਨਾਵਲਾਂ ਵਿਚ ਧਰਮ ਦੇ ਪ੍ਰਤੀ ਆਸਥਾ ਦੀ ਗੱਲ ਆਉਣ ਲੱਗੀ ਤਾਂ ਲੈਨਿਨ ਲਈ ਮੁਸ਼ਕਲ ਪੈਦਾ ਹੋ ਗਈ। ਲੈਨਿਨ ਨੇ ਉਨ੍ਹਾਂ ਨੂੰ ਮੱਧਵਰਗੀ ਚੇਤਨਾ ਦਾ ਬੁਲਾਰਾ ਕਹਿ ਕੇ ਖਾਰਜ ਕਰ ਦਿੱਤਾ। ਕੀ ਇਹ ਸੰਭਵ ਹੈ ਕਿ ਧਰਮ ਦੇ ਕਿਸੇ ਹੋਰ ਪਾਸਾਰ ਵੱਲ ਤਾਲਤਸਾਏ ਦਾ ਇਸ਼ਾਰਾ ਹੋਵੇ, ਜਿਸ ਨੂੰ ਮਾਰਕਸਵਾਦੀ ਚਿੰਤਕ ਸਮਝ ਨਾ ਸਕੇ ਹੋਣ? ਕੀ ਮਾਰਕਸ ਦੇ ਚਿੰਤਨ ਵਿਚ ਧਰਮ ਦੇ ਵਿਸ਼ੇ ਵਿਚ ਕੋਈ ਬਦਲਵੀਂ ਸਮਝ ਹੈ, ਜਿਸ ਤੋਂ ਤਾਲਸਤਾਏ ਦੇ ਇਸ ਸੁਨ-ੇਹੇ ਨੂੰ ਸਮਝਿਆ ਜਾ ਸਕੇ?

ਮਾਰਕਸ ਨੇ ਮਾਨਵੀ ਸੰਭਾਵਨਾਵਾਂ ਨੂੰ ਯਥਾਰਥ ਦੀ ਬਾਹਰਮੁਖੀ ਸਮਝ ਤੋਂ ਅਲੱਗ ਕਰਕੇ ਨਹੀਂ ਦੇਖਿਆ। ਧਰਮ ਦੇ ਬਾਰੇ ਮਾਰਕਸ ਨੇ ਜਦ ਵੀ ਲਿਖਿਆ, ਉਸ ਵਿਚ ਗਹਿਰੀਆਂ ਮਾਨਵੀ ਸੰਵੇਦਨਾਵਾਂ ਨੂੰ ਦੇਖਿਆ ਅਤੇ ਉਸਦੇ ਸਮਾਜਿਕ ਸਰੂਪ ਵਿਚ ਮਾਨਵੀ ਸੰਵੇਦਨਾਵਾਂ ਦੇ ਅਭਾਵ ਦੀ ਆਲੋਚਨਾ ਵੀ ਕੀਤੀ। ਧਰਮ ਵਿਚ ਮਨੁੱਖ ਦੀਆਂ ਚੰਗਿਆਈਆਂ ਅਤੇ ਮਾਨਵ ਪ੍ਰੇਮ ਦੇ ਉੱਚ ਆਦਰਸ਼ਾਂ ਨੂੰ ਸੰਚਿਤ ਦੇਖਿਆ। ਲੇਕਿਨ ਨਾਲ ਹੀ ਇਹ ਵੀ ਕਿਹਾ ਕਿ ਮਨੁੱਖ ਉਨ੍ਹਾਂ ਨੂੰ ਯਥਾਰਥ ਵਿਚ ਹਾਸਲ ਨਹੀਂ ਕਰ ਪਾ ਰਿਹਾ ਹੈ, ਇਸ ਲਈ ਦੂਹਰਾ ਜੀਵਨ ਜਿਉਂਦਾ ਹੈ। ਅਪਣੀਆਂ ਚੰਗਿਆਈਆਂ ਨੂੰ ਕਲਪਨਾ ਦੇ ਸੰਸਾਰ ਵਿਚ ਸੰਕਲਿਤ ਕਰ ਲੈਂਦਾ ਹੈ, ਫਿਰ ਸਮਾਜ ਵਿਚ ਅਮਾਨਵੀ ਜੀਵਨ ਜਿਉਂਦਾ ਹੈ। ਸ਼ੋਸ਼ਣ ਦੀ ਵਿਵਸਥਾ ਦਾ ਜਾਂ ਤਾਂ ਸ਼ਿਕਾਰ ਹੁੰਦਾ ਹੈ ਜਾਂ ਫਿਰ ਉਸਦਾ ਨਿਰਮਾਤਾ।

ਇਸ ਤਰ੍ਹਾਂ ਧਰਮ, ਬਕੌਲ ਮਾਰਕਸ ਮਨੁੱਖ ਨੂੰ ਜਕੜਣ ਵਾਲੀਆਂ ਜੰਜ਼ੀਰਾਂ ਨੂੰ ਫੁੱਲਾਂ ਨਾਲ ਢੱਕਣ ਦਾ ਕੰਮ ਕਰਦਾ ਹੈ, ਅਫੀਮ ਦਾ ਕੰਮ ਕਰਦਾ ਹੈ। ਧਰਮ ਦਾ ਉਪਯੋਗ ਸ਼ੋਸ਼ਣ ਦੀ ਵਿਵਸਥਾ ਉੱਪਰ ਪਰਦਾ ਪਾਉਣ ਲਈ ਕੀਤਾ ਜਾਂਦਾ ਹੈ। ਇਸ ਲਈ ਸੰਕਟ ਦਾ ਸਹੀ ਕਾਰਨ ਧਰਮ ਨਹੀਂ ਬਲਕਿ ਸ਼ੋਸ਼ਣ ਦੀ ਵਿਵਸਥਾ ਹੈ ਅਤੇ ਧਾਰਮਿਕ ਸੰਗਠਨ ਦੀ ਵੀ ਉਸ ਵਿਚ ਹਿੱਸੇਦਾਰੀ ਹੋ ਸਕਦੀ ਹੈ। ਜੇਕਰ ਧਾਰਮਿਕ ਆਦਰਸ਼ਾਂ ਨੂੰ ਵਾਸਤਵਿਕ ਬਣਾਉਣਾ ਹੈ ਤਾਂ ਪਹਿਲਾਂ ਇਨ੍ਹਾਂ ਜੰਜੀਰਾਂ ਨੂੰ ਤੋੜਨਾ ਹੋਵੇਗਾ।



ਮਾਰਕਸ ਨੇ ਮਾਨਵੀ ਸੰਭਾਵਨਾਵਾਂ ਨੂੰ ਯਥਾਰਥ ਦੀ ਬਾਹਰਮੁਖੀ ਸਮਝ ਤੋਂ ਅਲੱਗ ਕਰਕੇ ਨਹੀਂ ਦੇਖਿਆ। ਧਰਮ ਦੇ ਬਾਰੇ ਮਾਰਕਸ ਨੇ ਜਦ ਵੀ ਲਿਖਿਆ, ਉਸ ਵਿਚ ਗਹਿਰੀਆਂ ਮਾਨਵੀ ਸੰਵੇਦਨਾਵਾਂ ਨੂੰ ਦੇਖਿਆ ਅਤੇ ਉਸਦੇ ਸਮਾਜਿਕ ਸਰੂਪ ਵਿਚ ਮਾਨਵੀ ਸੰਵੇਦਨਾਵਾਂ ਦੇ ਅਭਾਵ ਦੀ ਆਲੋਚਨਾ ਵੀ ਕੀਤੀ। ਧਰਮ ਵਿਚ ਮਨੁੱਖ ਦੀਆਂ ਚੰਗਿਆਈਆਂ ਅਤੇ ਮਾਨਵ ਪ੍ਰੇਮ ਦੇ ਉੱਚ ਆਦਰਸ਼ਾਂ ਨੂੰ ਸੰਚਿਤ ਦੇਖਿਆ। ਲੇਕਿਨ ਨਾਲ ਹੀ ਇਹ ਵੀ ਕਿਹਾ ਕਿ ਮਨੁੱਖ ਉਨ੍ਹਾਂ ਨੂੰ ਯਥਾਰਥ ਵਿਚ ਹਾਸਲ ਨਹੀਂ ਕਰ ਪਾ ਰਿਹਾ ਹੈ, ਇਸ ਲਈ ਦੂਹਰਾ ਜੀਵਨ ਜਿਉਂਦਾ ਹੈ। ਅਪਣੀਆਂ ਚੰਗਿਆਈਆਂ ਨੂੰ ਕਲਪਨਾ ਦੇ ਸੰਸਾਰ ਵਿਚ ਸੰਕਲਿਤ ਕਰ ਲੈਂਦਾ ਹੈ, ਫਿਰ ਸਮਾਜ ਵਿਚ ਅਮਾਨਵੀ ਜੀਵਨ ਜਿਉਂਦਾ ਹੈ। ਸ਼ੋਸ਼ਣ ਦੀ ਵਿਵਸਥਾ ਦਾ ਜਾਂ ਤਾਂ ਸ਼ਿਕਾਰ ਹੁੰਦਾ ਹੈ ਜਾਂ ਫਿਰ ਉਸਦਾ ਨਿਰਮਾਤਾ।

ਮਾਰਕਸ ਦੇ ਇਨ੍ਹਾਂ ਵਿਚਾਰਾਂ ਦਾ ਸੂਤਰ ਵਾਕ ਉਨ੍ਹਾਂ ਦੀ ਪ੍ਰਸਿੱਧ ਰਚਨਾ 'ਪੂੰਜੀ' ਵਿਚ ਮਿਲਦਾ ਹੈ; ਧਾਰਮਿਕ ਸੰਸਾਰ ਦਾ ਵਾਸਤਵਿਕ ਸੰਸਾਰ ਨਾਲ ਪ੍ਰਤੀਕ੍ਰਿਰਿਆਤਮਿਕ ਸਬੰਧ ਹੈ। (Religous world is the reflex of the real world)

ਕਾਰਲ ਮਾਰਕਸ ਦੀਆਂ ਰਚਨਾਵਾਂ ਵਿਚ ਵਿਭਿੰਨ ਸਥਾਨਾਂ 'ਤੇ ਧਰਮ ਦੀ ਚਰਚਾ ਨੂੰ ਇਸ ਸੂਤਰਵਾਕ ਦੇ ਇਰਦ ਗਿਰਦ ਕਰਕੇ ਇਨ੍ਹਾਂ ਦੇ ਅਰਥਾਂ ਨੂੰ ਹੋਰ ਸਪੱਸ਼ਟ ਕਰਨਾ ਸੰਭਵ ਹੋਵੇਗਾ। ਧਿਆਨ ਦੇਣ ਵਾਲੀ ਗੱਲ ਹੈ ਕਿ ਇਸ ਵਾਕ ਵਿਚ reflex ਦਾ ਅਰਥ 'ਪ੍ਰਤੀਬਿੰਬ' ਨਹੀਂ ਸਗੋਂ 'ਪ੍ਰਤੀਕਿਰਿਆ' ਹੈ ਜਿਸ ਦਾ ਮਤਲਬ ਹੈ ਕਿ ਧਾਰਮਿਕ ਦੁਨੀਆ, ਜਿਸ ਵਿਚ ਧਰਮ ਗ੍ਰੰਥਾਂ ਤੋਂ ਲੈ ਕੇ ਧਾਰਮਿਕ ਵਿਵਹਾਰ ਤੱਕ ਸਭ ਕੁਝ ਆ ਜਾਂਦਾ ਹੈ, ਦਾ ਸਿੱਧਾ ਸਬੰਧ ਯਥਾਰਥ ਦੀ ਦੁਨੀਆ ਦੇ ਨਾਲ ਇਕ ਦੂਜੇ ਨੂੰ ਪ੍ਰਭਾਵਿਤ ਕਰਨ ਦਾ ਹੈ।

ਇਨ੍ਹਾਂ ਅਰਥਾਂ ਵਿਚ ਧਰਮ ਨੂੰ ਵੀ ਇਕ ਗਿਆਨ-ਪਰੰਪਰਾ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਇਸ ਨਾਲ ਦੁਨੀਆ ਭਰ ਦੇ ਮੁਕਤੀ ਸੰਘਰਸ਼ਾਂ ਦੌਰਾਨ ਧਰਮ ਵਿਚ ਹੋ ਰਹੇ ਪ੍ਰਯੋਗਾਂ ਨੂੰ ਮਾਰਕਸਵਾਦ ਦੀ ਪਰੰਪਰਾ ਨਾਲ ਜੋੜਿਆ ਜਾ ਸਕਦਾ ਹੈ। ਮਿਸਾਲ ਵਜੋਂ ਲੈਟਿਨ ਅਮਰੀਕੀ ਦੇਸ਼ਾਂ ਵਿਚ ਇਸਾਈ ਧਰਮ ਵਿਚ 'ਲਿਬਰੇਸ਼ਨ ਥਿਆਲੋਜੀ' ਨੇ ਮਾਰਕਸਵਾਦ ਅਤੇ ਇਸਾਈ ਧਰਮ ਦੇ ਮਾਨਵ ਕਲਿਆਣ ਦੇ ਪ੍ਰਤੀ ਚਿੰਤਨ ਨੂੰ ਅਧਾਰ ਮੰਨ ਕੇ ਧਰਮ ਨੂੰ ਇਕ ਨਵਾਂ ਸਰੂਪ ਦਿੱਤਾ ਹੈ।

ਭਾਰਤ ਵਿਚ ਵਿਵੇਕਾਨੰਦ, ਗਾਂਧੀ ਅਤੇ ਅੰਬੇਦਕਰ ਵਰਗੇ ਚਿੰਤਕਾਂ ਨੇ ਧਰਮ ਦੀਆਂ ਸਥਾਪਿਤ ਧਾਰਨਾਵਾਂ ਨੂੰ ਖਾਰਜ ਕਰਕੇ ਨਵੇਂ ਪ੍ਰਯੋਗ ਕੀਤੇ ਹਨ। ਗਾਂਧੀ ਦੇ ਹਿੰਦੂ ਸਵਰਾਜ ਵਿਚ ਤਾਂ ਧਰਮ ਨੂੰ ਇਕ ਗਿਆਨ-ਪ੍ਰਣਾਲੀ ਦੇ ਰੂਪ ਵਿਚ ਸਮਝਿਆ ਗਿਆ ਹੈ। ਅੰਬੇਦਕਰ ਨੇ ਧਰਮ ਨੂੰ ਨੀਤੀਆਂ ਦਾ ਧਰਮ ਅਤੇ ਨਸ਼ਿਆਂ ਦਾ ਧਰਮ ਦੋ ਭਾਗਾਂ ਵਿਚ ਵੰਡਿਆ ਹੈ ਅਤੇ ਕਿਹਾ ਹੈ ਕਿ ਧਰਮ ਦਾ ਪਹਿਲਾ ਅਰਥ ਹੀ ਉਸਦਾ ਮੂਲ ਆਧਾਰ ਹੈ। ਸਮਾਂ ਪੈਣ 'ਤੇ ਨੀਤੀਆਂ ਦਾ ਧਰਮ ਸਮਾਜਿਕ ਸ਼ਕਤੀ ਸੰਤੁਲਨ ਤੋਂ ਪ੍ਰਭਾਵਿਤ ਹੋ ਕੇ 'ਨਿਯਮਾਂ ਦਾ ਧਰਮ' ਬਣ ਜਾਂਦਾ ਹੈ। ਇਸ ਲਈ ਬੁੱਧ ਧਰਮ ਨੂੰ ਉਨ੍ਹਾਂ ਨੇ ਉਵੇਂ ਜਿਵੇਂ ਨਹੀਂ ਮੰਨਿਆ। ਉਸ ਵਿਚ ਕੁਝ ਤਬਦੀਲੀਆਂ ਕਰਕੇ ਉਸ ਨੂੰ ਨਵਾਂ ਰੂਪ ਦਿੱਤਾ ਜਾਂ ਫਿਰ ਉਸਦੇ ਮੌਲਿਕ ਰੂਪ ਨੂੰ ਪੁਨਰ ਸਥਾਪਤ ਕੀਤਾ।

ਮਾਰਕਸਵਾਦ ਵਿਚ ਗੰਭੀਰ ਚਿੰਤਨ ਪ੍ਰਣਾਲੀ ਹੈ, ਜੋ ਸ਼ੋਸ਼ਣ ਰਹਿਤ ਸਮਾਜ ਦੀ ਕਲਪਨਾ ਕਰਦੀ ਹੈ ਅਤੇ ਪੂੰਜੀਵਾਦੀ ਵਿਵਸਥਾ ਦੀ ਵਾਸਤਵਿਕਤਾ ਨੂੰ ਸਮਝਣ ਵਿਚ ਸਹਾਇਕ ਹੈ। ਵਾਸਤਵਿਕਤਾ ਦੀ ਜਟਿਲਤਾ, ਵਿ-ਗਿਆਨ ਵਿਚ ਹੋ ਰਹੇ ਨਵੇਂ ਵਿਕਾਸ ਅਤੇ ਦੇਸ਼, ਕਾਲ ਪ੍ਰਸਥਿਤੀ ਦੇ ਅਨੁਸਾਰ ਅਗਰ ਇਸ ਵਿਚ ਵਿਸਥਾਰ ਨਾ ਹੋਇਆ ਤਾਂ ਮਾਰਕਸਵਾਦੀ ਦਵੰਦਵਾਦ ਦਾ ਕੋਈ ਮਤਲਬ ਨਹੀਂ ਰਹਿ ਜਾਵੇਗਾ। ਅਜਿਹਾ ਲੱਗਦਾ ਹੈ ਕਿ ਵਿਸ਼ਵ ਨੂੰ ਭਾਰਤੀ ਚਿੰਤਨ ਤੇ ਭਾਰਤੀ ਸਮਾਜ ਦੇ ਸੰਘਰਸ਼ਾਂ ਦੇ ਤਜਰਬੇ 'ਤੇ ਅਧਾਰਿਤ ਮਾਰਕਸਵਾਦ ਦੀ ਇਕ ਨਵੀਂ ਸਮਝ ਦੇਣ ਦਾ ਸਮਾਂ ਆ ਗਿਆ ਹੈ। ਮਾਰਕਸਵਾਦੀ ਪਾਰਟੀਆਂ ਨੂੰ ਵੀ ਧਰਮ ਨੂੰ ਸਮਾਜਿਕ ਯਥਾਰਥ ਦਾ ਅੰਗ ਮੰਨ ਕੇ ਇਸ ਦੀ ਇਕ ਵਸਤੂਪਰਕ ਸਮਝ ਤਿਆਰ ਕਰਨੀ ਹੋਵੇਗੀ।

ਧਰਮ ਅਤੇ ਪਰੰਪਰਾ ਦੇ ਪ੍ਰਤੀ ਲੋਕਾਂ ਦੇ ਲਗਾਓ ਨੂੰ ਸਿੱਧਾ ਨਕਾਰਨ ਬਦਲੇ ਉਸ ਨੂੰ ਜਨ-ਹਿੱਤ ਮਾਪਦੰਡ ਉੱਪਰ ਤੋਲਣਾ ਸਿੱਖਣਾ ਜ਼ਿਆਦਾ ਬਿਹਤਰ ਹੋਵੇਗਾ। ਵਿਵਸਥਾ ਪਰਿਵਰਤਨ ਨੂੰ ਕੇਵਲ ਰਾਜ ਸੱਤਾ ਪਰਿਵਰਤਨ ਤੱਕ ਸੀਮਤ ਨਾ ਰੱਖ ਕੇ ਧਾਰਮਿਕ ਫਿਰਕਿਆਂ ਦੇ ਅੰਦਰ ਵੀ ਲੋਕਹਿੱਤਵਾਦੀ ਪਰਿਵਰਤਨ ਦੀਆਂ ਸੰਭਾਵਨਾਵਾਂ ਦੀ ਤਲਾਸ਼ ਕੀਤੀ ਜਾਵੇ ਤਾਂ ਬਿਹਤਰ ਹੋਵੇਗਾ। ਪਾਰਟੀ ਦੇ ਜੋ ਕਾਰਜਕਰਤਾ ਧਰਮ ਦੇ ਪ੍ਰਤੀ ਆਸਥਾ ਰੱਖਦੇ ਹਨ, ਉਹਨਾਂ ਨੂੰ ਸਮਝਾਉਣ ਅਤੇ ਬਦਲਣ ਦੀ ਖਾਤਰ ਨਵੇਂ ਪ੍ਰਯੋਗਾਂ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ ਨਾ ਕਿ ਉਨ੍ਹਾਂ ਨੂੰ ਨਿੱਜੀ ਤੇ ਸਮਾਜਿਕ ਜੀਵਨ ਵਿਚ ਧਰਮ ਨੂੰ ਅਲੱਗ ਤਰੀਕੇ ਨਾਲ ਮੰਨਣ ਦੀ ਗੱਲ ਕਹਿਣੀ ਚਾਹੀਦੀ ਹੈ।

MILLCREEK CLEANERS

We Specialize In:
- Designer Labels
- Wedding Gowns
- Fancy Clothing
- Punjabi Suits
- Downfills, Silks, Wools
- Laundered Shirts
- Alterations

4022 – 50 Street
By Pizza Hut and Marry Browns
780-450-0627
Over 30 Years Combined Experience
Monday - Friday: 7:30am – 6:30pm
Saturday: 9:00 am – 5:00pm

Get $10 of free drycleaning with a minimum of $50.00 of drycleaning
please present this coupon when you drop off your clothing
only one coupon valid per visit

Get $5 of free drycleaning with a minimum of $25.00 of drycleaning
please present this coupon when you drop off your clothing
only one coupon valid per visit

more specials at www.millcreekcleaners.com

## ਸੰਤੋਖ ਸਿੰਘ ਧੀਰ ਦੀ ਸ਼ਾਹਕਾਰ ਕਹਾਣੀ

# ਕੋਈ ਇਕ ਸਵਾਰ



*ਸੰਤੋਖ ਸਿੰਘ ਧੀਰ ਪੰਜਾਬੀ ਦੇ ਉਹ ਸ਼ਾਨਾਮੱਤੇ ਲੇਖਕ ਸਨ ਜਿਨ੍ਹਾਂ ਨੇ ਆਪਣੀ ਵਿਚਾਰਧਾਰਕ (ਪ੍ਰਗਤੀਵਾਦੀ) ਪ੍ਰਤੀਬੱਧਤਾ ਆਪਣੇ ਆਖ਼ਰੀ ਸਵਾਸਾਂ ਤਕ ਨਿਭਾਈ। ਕਈ ਨਾਜ਼ੁਕ ਪ੍ਰਸਥਿਤੀਆਂ ਪੈਦਾ ਹੋਈਆਂ, ਵੱਡੇ-ਵੱਡੇ ਥੰਮ੍ਹ ਡੋਲ ਗਏ ਪਰ ਉਹ ਨਹੀਂ ਡੋਲੇ। ਫਿਰ ਵੀ ਉਹ ਕੇਵਲ ਅਪਣੀ ਵਿਚਾਰਧਾਰਕ ਪ੍ਰਤੀਬੱਧਤਾ ਕਾਰਨ ਹੀ ਚਰਚਾ 'ਚ ਨਹੀਂ ਰਹੇ, ਸਗੋਂ ਆਪਣੀ ਅਦੁੱਤੀ ਸਿਰ-ਜਣਾਤਮਕ ਸਮਰਥਾ ਨਾਲ ਉਨ੍ਹਾਂ ਨੇ ਪੰਜਾਬੀ ਗਲਪ ਸਾਹਿਤ ਵਿਚ ਅਮਰ ਪਾਤਰਾਂ ਦੀ ਵੀ ਰਚਨਾ ਕੀਤੀ। ਆਪਣੀ ਅਨੋਖੀ ਕਲਾਤਮਕ ਯੋਗਤਾ ਨਾਲ ਉਹ ਪਾਤਰ ਨੂੰ ਸੰਜੀਵ ਰੂਪ ਵਿਚ ਪਾਠਕ ਦੇ ਸਨਮੁਖ ਲੈ ਆਉਂਦੇ ਸਨ। 'ਕੋਈ ਇਕ ਸਵਾਰ' ਕਹਾਣੀ ਦਾ ਮੁੱਖ ਪਾਤਰ ਬਾਰੂ (ਤਾਂਗੇ ਵਾਲਾ) ਇਕ ਅਜਿਹਾ ਹੀ ਪਾਤਰ ਹੈ। ਆਪਣੀ ਸ਼ਸਕਤ ਹੋਂਦ ਨੂੰ ਜਤਾਉਣ ਵਾਲਾ ਅਤੇ ਕਹਾਣੀ ਵਿਚ ਪੇਸ਼ ਪ੍ਰਸਥਿਤੀ ਨਾਲ ਡਟ ਕੇ ਦਸਤਪੰਜਾ ਲੈਣ ਵਾਲਾ 'ਬਾਰੂ' ਇਕ ਵਾਰ ਤਾਂ ਇਉਂ ਜਾਪਦਾ ਹੈ ਜਿਵੇਂ ਹਾਰ ਜਾਵੇਗਾ, ਟੁੱਟ ਕੇ ਬਿਖਰ ਜਾਵੇਗਾ, ਜਦ ਉਸ ਦੀਆਂ ਮਿਹਨਤ ਨਾਲ ਤਾਂਗੇ ਵਿਚ ਬਿਠਾਈਆਂ ਸਵਾਰੀਆਂ ਨੂੰ ਬੱਸ ਚੜ੍ਹਾ ਕੇ ਤੁਰਦੀ ਬਣਦੀ ਹੈ। ਪਰ ਨਹੀਂ, ਉਹ ਤਾਂ ਫਿਰ ਪੂਰੇ ਜ਼ੋਰ ਨਾਲ ਖੰਨੇ ਦੀ ਸਵਾਰੀ ਲਈ ਹੋਕਾ ਮਾਰ ਦਿੰਦਾ ਹੈ-''ਜਾਂਦਾ ਕੋਈ ਇਕ ਸਵਾਰ ਖੰਨੇ ਦਾ ਬਈ ਓ...!'' ਪਾਤਰ ਨੂੰ ਛੇਤੀ ਕਿਤੇ ਟੁੱਟਣ ਨਾ ਦੇਣ ਦੀ ਖ਼ੂਬੀ ਸੰਤੋਖ ਸਿੰਘ ਧੀਰ ਨੂੰ ਵੱਡੇ ਲੇਖਕਾਂ ਦੀ ਕਤਾਰ 'ਚ ਸ਼ਾਮਲ ਕਰ ਦੇਂਦੀ ਹੈ। ਏਥੇ ਹੀ ਬੱਸ ਨਹੀਂ, ਧੀਰ ਸਾਹਿਬ ਜਾਣਦੇ ਸਨ ਕਿ ਤਾਂਗੇ ਦਾ ਯੁੱਗ ਨਹੀਂ ਰਹਿਣਾ ਪਰ ਬਾਰੂ ਦਾ ਬਚੇ ਰਹਿਣਾ ਅਟੱਲ ਹੈ। ਇਸ ਲਈ ਮਗਰੋਂ ਉਨ੍ਹਾਂ ਨੇ ਬਾਰੂ ਉਪਰ ਇਕ ਕਵਿਤਾ ਵੀ ਲਿਖੀ ਜਿਹੜੀ ਆਉਣ ਸਮੇਂ ਵਿਚ ਬਾਰੂ ਨੂੰ ਨਵੇਂ ਸੰਘਰਸ਼ਾਂ ਦੇ ਸੂਤਰਧਰ ਵਜੋਂ ਪੇਸ਼ ਕਰਦੀ ਹੈ। 'ਕੋਈ ਇਕ ਸਵਾਰ' ਦੇ ਨਾਲ ਅਸੀ ਇਹ ਕਵਿਤਾ ਵੀ 'ਨਵੀਂ ਦੁਨੀਆ' ਦੇ ਪਾਠਕਾਂ ਲਈ ਪ੍ਰਕਾਸ਼ਤ ਕਰ ਰਹੇ ਹਾਂ ਤੇ ਹੁੰਗਾਰੇ ਦੀ ਆਸ ਵੀ ਰਖਦੇ ਹਾਂ।*

*ਸੰਪਾਦਕ*

ਸੂਰਜ ਦੀ ਟਿੱਕੀ ਨਾਲ ਤਾਂਗਾ ਜੋੜ ਕੇ ਅੱਡੇ ਵਿਚ ਲਾਉਂਦਿਆਂ ਬਾਰੂ ਤਾਂਗੇ ਵਾਲੇ ਨੇ ਹੋਕਾ ਦਿੱਤਾ, ''ਜਾਂਦਾ ਕੋਈ ਇਕ ਸਵਾਰ ਖੰਨੇ ਦਾ ਬਈ ਓ...!''

ਸਿਆਲ ਵਿਚ ਏਨੇ ਸਾਝਰੇ ਸਬੱਬ ਨਾਲ ਭਾਵੇਂ ਕੋਈ ਸਵਾਰ ਆ ਜਾਵੇ, ਨਹੀਂ ਤਾਂ ਰੋਟੀ ਟੁਕ ਖਾ ਕੇ ਧੁਪ ਚੜ੍ਹੇ ਹੀ ਘਰੋਂ ਬਾਹਰ ਨਿਕਲਦੈ ਬੰਦਾ। ਪਰ ਬਾਰੂ ਇਸ 'ਸਬੱਬ' ਤੋਂ ਵੀ ਕਿਉਂ ਖੁੰਝੇ? ਪਾਲੇ ਵਿਚ ਠਰਦਿਆਂ ਵੀ ਉਹ ਸਭ ਤੋਂ ਪਹਿਲਾਂ ਆਪਣਾ ਤਾਂਗਾ ਅੱਡੇ ਵਿਚ ਲਾਉਣ ਦੀ ਸੋਚਦਾ।

ਬਾਰੂ ਨੇ ਬਜ਼ਾਰ ਵੱਲ ਮੂੰਹ ਕਰਕੇ ਏਕਣ ਜ਼ੋਰ ਨਾਲ ਹੋਕਾ ਮਾਰਿਆ, ਜਿਵੇਂ ਉਹਨੂੰ ਕੁਲ ਇਕੋ ਸਵਾਰ ਚਾਹੀਦਾ ਹੈ। ਪਰ ਬਜ਼ਾਰ ਵਲੋਂ ਇਕ ਵੀ ਸਵਾਰ ਨਾ ਆਇਆ। ਫੇਰ ਉਹਨੇ ਪਿੰਡਾਂ ਤੋਂ ਆਉਂਦੀਆਂ ਵੱਖੋ ਵੱਖ ਡੰਡੀਆਂ ਵੱਲ ਅੱਖਾਂ ਚੁੱਕ ਕੇ ਆਸ ਨਾਲ ਤੱਕਦਿਆਂ ਹੋਕੇ ਲਾਏ। ਪਤਾ ਨਹੀਂ ਕਦੇ ਕਦੇ ਸਵਾਰੀਆਂ ਨੂੰ ਕੀ ਸੱਪ ਸੁੰਘ ਜਾਂਦਾ ਹੈ। ਬਾਰੂ ਸੜਕ ਦੇ ਇਕ ਪਾਸੇ ਫੜ੍ਹੀ ਵਾਲੇ ਕੋਲ ਬੈਠ ਕੇ ਬੀੜੀ ਪੀਣ ਲੱਗਾ।

ਬਾਰੂ ਦਾ ਚੁਸਤ ਘੋੜਾ ਨਿੱਚਲਾ ਹੋ ਕੇ ਖਲੋ ਨਹੀਂ ਸੀ ਸਕਦਾ। ਦੋ ਤਿੰਨ ਵਾਰ ਘੋੜੇ ਨੇ ਨ੍ਹਾਸਾਂ ਫੁਲਾ ਕੇ ਫਰ੍ਹਾਟੇ ਮਾਰੇ, ਪੂੰਛ ਹਿਲਾਈ ਤੇ ਫੇਰ ਆਪੇ ਦੋ ਤਿੰਨ ਕਦਮ ਤੁਰ ਪਿਆ। ''ਬਸ ਓ ਬਸ ਪੁੱਤਰਾ! ਕਾਹਲਾ ਕਿਉਂ ਪੈਨੈਂ-ਚਲਦੇ ਆਂ-ਆ ਲੈਣ ਦੇ ਕਿਸੇ ਅੱਖਾਂ ਦੇ ਅੰਨ੍ਹੇ ਤੇ ਗੱਠ ਦੇ ਪੂਰੇ ਨੂੰ!'' ਮੌਜ ਨਾਲ ਹੱਸਦਿਆਂ ਬਾਰੂ ਨੇ ਨੱਠ ਕੇ ਘੋੜੇ ਦੀਆਂ ਵਾਗਾਂ ਫੜੀਆਂ ਤੇ ਉਹਨਾਂ ਨੂੰ ਕਸ ਕੇ ਤਾਂਗੇ ਦੇ ਬੰਬ ਨਾਲ ਬੰਨ੍ਹ ਦਿੱਤਾ।

ਸਟੇਸ਼ਨ ਉੱਤੇ ਗੱਡੀ ਨੇ ਕੂਕ ਮਾਰੀ। ਰੇਲ ਦੀ ਕੂਕ ਬਾਰੂ ਦੇ ਦਿਲ ਵਿਚ ਖੁਭ ਗਈ। ਉਹਨੇ ਰੇਲ ਨੂੰ ਮਾਂ ਦੀ ਗਾਲ੍ਹ ਕੱਢੀ ਤੇ ਨਾਲੇ ਰੇਲ ਬਨਾਉਣ ਵਾਲੇ ਨੂੰ। ਪਹਿਲੋਂ ਜਨਤਾ ਲੰਘੀ ਸੀ, ਹੁਣ ਡੱਬਾ। 'ਸਾਲੀਆਂ ਘੰਟੇ ਘੰਟੇ ਮਗਰੋਂ ਗੱਡੀਆਂ ਚੱਲਣ ਲੱਗ ਪਈਆ!' ਤੇ ਫੇਰ ਬਾਰੂ ਨੇ ਜ਼ੋਰ ਨਾਲ ਸੁਆਰ ਲਈ ਹੋਕਾ ਮਾਰਿਆ।

ਇਕ ਬੀੜੀ ਉਹਨੇ ਹੋਰ ਸੁਲ੍ਹਗਾਈ ਤੇ ਏਨਾ ਲੰਮਾ ਸੂਟਾ ਖਿਚਿਆ ਕਿ ਅੱਧੀ ਬੀੜੀ ਫੂਕ ਦਿੱਤੀ। ਬਾਰੂ ਨੇ ਧੂੰਏਂ ਦੇ ਫਰਾਟੇ ਛੱਡਦਿਆਂ ਬੀੜੀ ਨੂੰ ਗਾਲ੍ਹ ਕੱਢ ਕੇ ਸੁੱਟ ਦਿੱਤਾ। ਮਿਰਚਾਂ ਵਾਂਗ ਧੂੰਆਂ ਉਹਦੇ ਮੂੰਹ ਵਿਚ ਲੜਨ ਲੱਗਾ ਸੀ।

ਘੋੜੇ ਤੋਂ ਟਿਕ ਨਹੀਂ ਸੀ ਹੁੰਦਾ। ਉਹਨੇ ਇਕ ਦੋ ਵਾਰ ਪੌੜ ਚੁਕ ਚੁਕ ਧਰਤੀ ਉੱਤੇ ਮਾਰੇ। ਮੂੰਹ ਵਿਚ ਲੋਹੇ ਦੀ ਲਗਾਮ ਚੱਬ ਚੱਬ ਬੂਥੀ ਘੁਮਾਈ। ਗੱਡੀ ਦੀਆਂ ਚੂਲਾਂ ਜੜਕੀਆਂ, ਸਾਜ਼ ਯਰਕਿਆ, ਖੰਭਾਂ ਦੀ ਰੰਗ ਬਰੰਗੀ ਕਲਗੀ ਹਵਾ ਵਿਚ ਫਰ੍ਹਕੀ ਤੇ ਗਲ ਨਾਲ ਲਟਕਦੇ ਰੇਸ਼ਮੀ ਰੁਮਾਲ ਹਿਲਣ ਲੱਗੇ। ਬਾਰੂ ਨੂੰ ਆਪਣੇ ਘੋੜੇ ਦੀ ਚੁਸਤੀ ਉੱਤੇ ਮਾਣ ਹੋਇਆ; ਉਹਨੇ ਬੁੱਲ੍ਹਾਂ ਨਾਲ ਪੁਚਕਾਰ ਕੇ ਆਖਿਆ, ''ਬਸ ਓ ਵੈਲੀਆ, ਕਰਦੇ ਆਂ ਹੁਣੇ ਹਵਾ ਨਾਲ ਗੱਲਾਂ...!''

''ਘੋੜਾ ਤੇਰਾ ਚਤੰਨ ਬੜੈ ਬਾਰੂ-ਟਪੂੰ ਟਪੂੰ ਕਰਦਾ ਰਹਿੰਦੈ'' ਫੜ੍ਹੀ ਵਾਲੇ ਨੇ ਆਖਿਆ।

''ਕੀ ਅੰਤ ਐ!'' ਬਾਰੂ ਮਾਣ ਵਿਚ ਹੁਬ ਕੇ ਬੋਲਿਆ। ''ਲਬਾਸ ਤਾਂ ਦੇਖ ਤੂੰ-ਪਿੰਡੇ ਉੱਤੇ ਮੱਖੀ ਤਿਲ੍ਹਕਦੀ ਐ-ਪੁੱਤਾਂ ਆਂਗਣ ਸੇਵਾ ਕਰੀਦੀ ਐ ਨੱਥਿਆ!''

''ਪਸ਼ੂ ਬਚਦਾ ਵੀ ਤਾਈਂ ਐ'' ਨੱਥੂ ਨੇ ਯਕੀਨ ਨਾਲ ਕਿਹਾ।

ਦਿਨ ਚੰਗਾ ਚੜ੍ਹ ਆਇਆ, ਪਰ ਖੰਨੇ ਜਾਣ ਵਾਲਾ ਇਕ ਸਵਾਰ ਵੀ ਅਜੇ ਤੱਕ ਨਾ ਸੀ ਆਇਆ। ਹੋਰ ਵੀ ਤਿੰਨ ਚਾਰ ਤਾਂਗੇ ਅੱਡੇ ਵਿਚ ਆ ਖੜ੍ਹੇ ਸਨ ਤੇ ਕੁੰਦਨ ਵੀ ਸੜਕ ਦੇ ਦੂਜੇ ਪਾਸੇ ਖੰਨੇ ਦੇ ਹੀ ਰੁੱਖ ਤਾਂਗਾ ਖਲਾਰ ਕੇ ਸਵਾਰੀਆਂ ਲਈ ਹੋਕੇ ਦੇਣ ਲੱਗ ਪਿਆ ਸੀ।

ਹੱਥ ਵਿਚ ਝੋਲਾ ਫੜੀ ਇਕ ਸ਼ੁਕੀਨ ਜਿਹਾ ਬਜ਼ਾਰ ਵਲੋਂ ਆਉਂਦਾ ਦਿਸਿਆ। ਬਾਰੂ ਉਹਦੀ ਚਾਲ ਪਛਾਨਣ ਲੱਗਾ। ਬਾਬੂ ਅੱਡੇ ਦੇ ਹੋਰ ਨੇੜੇ ਆ ਗਿਆ; ਪਰ ਅਜੇ ਤੱਕ ਉਹਦੇ ਪੈਰਾਂ ਨੇ ਕਿਸੇ ਪਾਸੇ ਦਾ ਰੁਖ ਨਾ ਸੀ ਕੀਤਾ।

''ਚੱਲ ਇਕ ਸਵਾਰ ਸਰ੍ਹੰਦ ਦਾ... ਕੋਈ ਮਲੋਹ ਜਾਂਦਾ ਬਈ ਓ...!'' ਵਾਜਾਂ ਉੱਚੀਆਂ ਹੋਣ ਲੱਗੀਆ; ਪਰ ਸਵਾਰ ਦੀ ਮਰਜ਼ੀ ਦਾ ਪਤਾ ਨਾ ਲੱਗਿਆ। ਬਾਰੂ ਨੇ ਖੰਨੇ ਦਾ ਹੋਕਾ ਲਾਇਆ। ਸਵਾਰ ਨੇ ਸਿਰ ਨਾ ਚੁਕਿਆ। 'ਕਾਹਨੂੰ ਬੋਲਦੇ ਨੇ ਮੂੰਹੋਂ ਛੇਤੀ ਜੈਂਟਰਮੈਨ ਆਦਮੀ' ਬਾਰੂ ਦੇ ਮਨ ਵਿਚ ਨਿੰਦਿਆ ਤੇ ਬਾਬੂ ਖੰਨੇ ਦੇ ਰੁਖ ਖੜ੍ਹੇ ਤਾਂਗੇ ਕੋਲ ਆ ਖਲੋਇਆ। ''ਹੋਰ ਹੈ ਬਈ ਕੋਈ ਸਵਾਰੀ...?'' ਉਹਨੇ ਮਸੀਂ ਬੋਲ ਕੇ ਪੁਛਿਆ।

ਬਾਰੂ ਨੇ ਅਦਬ ਨਾਲ ਝੋਲਾ ਫੜਨਾ ਚਾਹੁੰਦਿਆਂ ਆਖਿਆ, ''ਤੁਸੀਂ ਬੈਠੋ ਬਾਬੂ ਜੀ ਮੂਹਰੇ-ਹੁਣੇ ਹੱਕ ਦਿੰਨੇ ਆਂ ਬਸ-ਇਕ ਸਵਾਰ ਲੈ ਲਈਏ।''

ਪਰ ਬਾਬੂ ਨੇ ਝੋਲਾ ਨਾ ਫੜਾਇਆ ਤੇ ਹਵਾ ਵਿਚ ਤੱਕਦਾ ਚੁਪ ਚਾਪ ਖੜ੍ਹਾ ਰਿਹਾ। ਐਵੇਂ ਘੰਟੇ ਭਰ ਤਾਂਗੇ ਵਿਚ ਬੈਠੇ ਰਹਿਣ ਦਾ ਕੀ ਮਤਲਬ ?

ਬਾਰੂ ਨੇ ਜ਼ੋਰ ਨਾਲ ਇਕ ਸਵਾਰ ਲਈ ਹੋਕਾ ਦਿੱਤਾ, ਜਿਵੇਂ ਉਹਨੂੰ ਬਸ ਇਕੋ ਸਵਾਰ ਚਾਹੀਦਾ ਹੈ। ਬਾਬੂ ਜ਼ਰਾ ਟਹਿਲ ਕੇ ਤਾਂਗੇ ਦੇ ਅਗਲੇ ਪਾਇਦਾਨ ਦੇ ਜ਼ਰਾ ਕੁ ਨੇੜੇ ਹੋ ਗਿਆ। ਬਾਰੂ ਨੇ ਹੌਂਸਲੇ ਨਾਲ ਇਕ ਹੋਰ ਹੋਕਾ ਦਿੱਤਾ।

ਬਾਬੂ ਨੇ ਆਪਣਾ ਝੋਲਾ ਤਾਂਗੇ ਦੀ ਅਗਲੀ ਗੱਦੀ ਉੱਤੇ ਰੱਖ ਦਿੱਤਾ ਤੇ ਆਪ ਪਤਲੂਨ ਦੀਆਂ ਜੇਬਾਂ ਵਿਚ ਹੱਥ ਪਾ ਕੇ ਟਹਿਲਣ ਲੱਗ ਪਿਆ। ਬਾਰੂ ਨੇ ਘੋੜੇ ਦੀ ਪਿੱਠ ਉੱਤੇ ਪਿਆਰ ਨਾਲ ਥਾਪੀ ਮਾਰੀ ਤੇ ਫੇਰ ਤਾਂਗੇ ਦੀਆਂ ਪਿਛਲੀਆਂ ਗੱਦੀਆਂ ਨੂੰ ਐਵੇਂ ਜ਼ਰਾ ਠੀਕ ਠਾਕ ਕਰਨ ਲੱਗ ਪਿਆ। ਏਨੇ ਵਿਚ ਇਕ ਸਾਈਕਲ ਆ ਕੇ ਤਾਂਗੇ ਕੋਲ ਰੁਕ ਗਿਆ। ਥੋੜ੍ਹੀ ਜੇਹੀ ਗੱਲ ਚੜ੍ਹੇ ਚੜ੍ਹਾਏ ਸਾਈਕਲ ਵਾਲੇ ਨੇ ਬਾਬੂ ਨਾਲ ਕੀਤੀ ਤੇ ਉਹ ਗੱਦੀ ਉੱਤੋਂ ਆਪਣਾ ਝੋਲਾ ਚੁੱਕਣ ਲੱਗਾ। ਬਾਰੂ ਨੇ ਘਟਦੇ ਦਿਲ ਨਾਲ ਆਖਿਆ, ''ਹਵਾ ਸਾਹਮਣੀ ਐਂ ਬਾਬੂ ਜੀ...!'' ਪਰ ਸਾਈਕਲ ਬਾਬੂ ਨੂੰ ਲੈ ਕੇ ਤੁਰਦਾ ਹੋਇਆ।

ਗੋਡੇ ਗੋਡੇ ਦਿਨ ਚੜ੍ਹ ਆਇਆ।

ਨਿਠ ਜਿਹਾ ਹੋ ਕੇ ਬਾਰੂ ਫੇਰ ਸੜਕ ਦੇ ਇਕ ਪਾਸੇ ਫੜੀ ਵਾਲੇ ਕੋਲ ਬਹਿ ਗਿਆ। ਉਹਦਾ ਜੀ ਕੈਂਚੀ ਦੀ ਸਿਗਰਟ ਪੀਣ ਨੂੰ ਕੀਤਾ। ਪਰ ਦੋ ਪੈਸੇ ਵਾਲੀ ਸਿਗਰਟ ਅਜੇ ਉਹ ਕਿਹੜੇ ਹੌਂਸਲੇ ਪੀਵੇ? ਫੇਰਾ ਅੱਜ ਇਕੋ ਮਸੀਂ ਲੱਗਦਾ ਦੀਂਹਦਾ ਸੀ। ਚਾਰ ਆਨੇ ਸਵਾਰੀ ਐ ਖੰਨੇ ਦੀ-ਛੇ ਸਵਾਰੀਆਂ ਤੋਂ ਵੱਧ ਹੁਕਮ ਨ੍ਹੀਂ-ਤਿੰਨ ਰੁਪਏ ਤਾਂ ਘੋੜੇ ਦੇ ਈ ਢਿੱਡ 'ਚ ਪੈ ਜਾਂਦੇ ਨੇ...! ਉਹਦੇ ਮਨ ਵਿਚ ਲੂਹਣ ਜੇਹੀ ਲੱਗੀ। ਇਉਂ ਉਹ ਕਿਉਂ ਬੈਠੇ? ਉਹ ਉੱਠ ਕੇ ਤਾਂਗੇ ਵਿਚ ਪਿਛਲੀ ਗੱਦੀ 'ਤੇ ਬਹਿ ਗਿਆ, ਤਾਂ ਜੋ ਪਹਿਲੀ ਨਜ਼ਰੇ ਸੁਆਰ ਨੂੰ ਤਾਂਗਾ ਬਿਲਕੁਲ ਖਾਲੀ ਨਾ ਜਾਪੇ।

ਤਾਂਗੇ ਵਿਚ ਬੈਠਾ ਉਹ ''ਲਾਰਾ ਲੱਪਾ, ਲਾਰਾ ਲੱਪਾ...'' ਗੁਣ ਗੁਣਾਉਣ ਲੱਗਾ, ਤੇ ਫੇਰ ਹੀਰ ਦਾ ਟੱਪਾ। ਪਰ ਛੇਤੀ ਹੀ ਉਹਦੇ ਮਨ ਵਿਚ ਅੱਚਵੀਂ ਜੇਹੀ ਲੱਗੀ। ਟੱਪੇ ਉਹਦੇ ਬੁਲ੍ਹਾਂ ਨੂੰ ਭੁਲ ਗਏ। ਉਹ ਦੂਰ ਫਸਲਾਂ ਵੱਲ ਝਾਕਣ ਲੱਗਾ। ਪੈਲੀਆਂ ਵਿਚ ਵਲ ਖਾਂਦੀਆਂ ਡੰਡੀਆਂ ਉੱਤੇ ਕੁਝ ਰਾਹੀ ਤੁਰੇ ਆਉਂਦੇ ਸਨ। ਧਿਆਨ ਨਾਲ ਬਾਰੂ ਨੇ ਨੇੜੇ ਆਉਂਦੇ ਰਾਹੀਆਂ ਵੱਲ ਤੱਕਿਆ; ਡੱਬੇ ਤੇ ਚਿੱਟੇ ਖੇਸਾਂ ਦੀਆਂ ਬੁਕਲਾਂ ਮਾਰੀਂ ਚਾਰ ਜੱਟ ਜੇਹੇ ਸਨ। ਬਾਰੂ ਨੇ ਸੋਚਿਆ ; ਪੇਸ਼ੀ ਉੱਤੇ ਜਾਣ ਵਾਲੇ ਹੁੰਦੇ ਨੇ ਇਹੋ ਜਿਹੇ ਚੌਧਰੀ। ਤੇ ਉਹਨੇ ਤਾਂਗੇ ਨੂੰ ਮੋੜ ਕੇ ਉਹਨਾਂ ਵੱਲ ਜਾਂਦਿਆਂ ਵਾਜ ਦਿੱਤੀ, ''ਖੰਨੇ ਜਾਣੈ ਲੰਬੜਦਾਰੋ? ਆਓ ਬੈਠੋ, ਹੱਕੀਏ...!''

ਸੁਆਰੀਆਂ ਨੇ ਕੁਝ ਜਕੋ ਤਕੋ ਜਿਹਾ ਕੀਤਾ ਤੇ ਫੇਰ ਵਿਚੋਂ ਕਿਸੇ ਆਖਿਆ, ''ਜਾਣਾ ਤਾਂ ਹੈ-ਜੇ ਛੇੜ ਦਮੇ ਹੁਣੇ!''

''ਹੁਣੇ ਲਓ, ਬਸ ਬੈਠਣ ਦੀ ਦੇਰ ਐ'' ਬਾਰੂ ਨੇ ਘੋੜੇ ਦੇ ਮੂੰਹ ਕੋਲੋਂ ਲਗਾਮ ਫੜ ਕੇ ਤਾਂਗੇ ਦਾ ਮੂੰਹ ਅੱਡੇ ਵੱਲ ਘੁਮਾ ਦਿੱਤਾ।

''ਤਸੀਲ ਅਪੜਨੈਂ ਅਸੀਂ, ਪੇਸ਼ੀ ਉੱਤੇ, ਸਮਰਾਲੇ...।''

''ਮਖਾਂ ਬੈਠੋ ਤਾਂ ਸਹੀ-ਘੁੱਗੀ ਨ੍ਹੀਂ ਖੰਘਣ ਦਿੰਦਾ।''

ਸੁਆਰੀਆਂ ਤਾਂਗੇ ਵਿਚ ਬਹਿ ਗਈਆਂ। ਇਕ ਸਵਾਰ ਦਾ ਹੋਕਾ ਦਿੰਦਿਆਂ ਬਾਰੂ ਨੇ ਤਾਂਗੇ ਨੂੰ ਅੱਡੇ ਵੱਲ ਤੋਰ ਲਿਆ।

''ਅਜੇ ਹੋਰ ਚਾਹੀਦੀ ਐ ਇਕ ਸਬਾਰੀ?'' ਵਿਚੋਂ ਇਕ ਸਵਾਰੀ ਨੇ ਤਾਂਗੇ ਵਾਲੇ ਨੂੰ 'ਆਖਰ ਤਾਂਗੇ ਵਾਲਾ ਹੀ ਨਿਕਲਿਆ' ਬੁਝ ਕੇ ਆਖਿਆ।

''ਚੱਲ ਕਰ ਲੈਣ ਦੇ ਇਹਨੂੰ ਵੀ ਅਪਣਾ ਘਰ ਪੂਰਾ...'' ਵਿਚੋਂ ਹੀ ਕਿਸੇ ਨੇ ਉੱਤਰ ਦੇ ਦਿੱਤਾ। ''ਅਸੀਂ ਜਾਣੋਂ ਬੰਦਾ ਮਗਰੋਂ ਅੱਪੜ ਲਾਂਗੇ।''

ਅੱਡੇ ਤੋਂ ਬਾਰੂ ਨੇ ਤਾਂਗਾ ਬਜ਼ਾਰ ਵੱਲ ਭਜਾ ਲਿਆ। ਬਜ਼ਾਰ ਦੇ ਗੱਭੇ ਬਾਰੂ ਨੇ ਤਾਂਗੇ ਦੇ ਬੰਬ ਉੱਤੋਂ ਤਣ ਕੇ ਹੋਕਾ ਮਾਰਿਆ, ''ਜਾਂਦਾ ਕੋਈ ਕੱਲਾ ਸਵਾਰ ਖੰਨੇ ਬਈ ਓ...!''

''ਕੱਲੇ ਸਵਾਰ ਨੂੰ ਲੁੱਟਣੈ ਰਾਹ ਵਿਚ...?'' ਬਜ਼ਾਰ ਵਿਚੋਂ ਕਿਸੇ ਉਚੀ ਟੋਕ ਕੇ ਬਾਰੂ ਨੂੰ ਮਸ਼ਕਰੀ ਕੀਤੀ।

ਬਜ਼ਾਰ ਵਿਚ ਹਾਸਾ ਪੈ ਗਿਆ। ਬਾਰੂ ਦੇ ਚਿੱਟੇ ਦੰਦ ਤੇ ਲਾਲ ਬੁਟ ਦਿਸਣ ਲੱਗੇ। ਉਹਦੀਆਂ ਗਲ੍ਹਾਂ ਫੁਲ ਕੇ ਚਮਕੀਆਂ ਤੇ ਹਾਸੇ ਵਿਚ ਹਾਸਾ ਰਲਾ ਕੇ ਸਵਾਰ ਲਈ ਹੋਕਾ ਦਿੰਦਿਆਂ ਉਹਨੇ ਘੋੜਾ ਮੋੜ ਲਿਆ। ਅੱਡੇ ਵਿਚ ਆ ਕੇ ਸੜਕ ਦੇ ਇਕ ਪਾਸੇ ਖੰਨੇ ਦੇ ਰੁਖ ਤਾਂਗਾ ਲਾਇਆ ਤੇ ਆਪ ਫੜੀ ਵਾਲੇ ਕੋਲ ਆ ਬੈਠਾ।

''ਕੀਤੀ ਨਾ ਉਹੀ ਗੱਲ...!'' ਤਾਂਗੇ ਵਾਲੇ ਨੂੰ ਟਲਿਆ ਦੇਖ ਕੇ ਇਕ ਸਵਾਰ ਬੋਲਿਆ।

''ਓ ਬਈ ਤਾਂਗੇ ਆਲਿਆ, ਸਾਨੂੰ ਹੁਣ ਏਵੇਂ ਹਰਾਨ ਕਰਨੈ?''

ਇਕ ਹੋਰ ਸਵਾਰ ਬੋਲਿਆ।

''ਮਖਾਂ ਅਟਕਣਾ ਨ੍ਹੀਂ ਆਪਾਂ ਨੇ ਲੰਬੜਦਾਰਾ! ਬਸ ਇਕ ਸਵਾਰ ਦੀ ਝਾਕ ਐ-ਆ ਗਿਆ ਚੰਗਾ, ਨਹੀਂ ਤੁਰ ਪਾਂ ਗੇ।'' ਬਾਰੂ ਨੇ ਦਿਲ ਧਰਾਇਆ।

ਸਵਾਰੀਆਂ ਨੂੰ ਕਾਹਲੀਆਂ ਪਈਆਂ ਦੇਖ ਕੇ ਕੁੰਦਨ ਨੇ ਆਪਣੇ ਤਾਂਗੇ ਨੂੰ ਇਕ ਕਦਮ ਹੋਰ ਅੱਗੇ ਕਰਦਿਆਂ ਹੋਕਾ ਦਿੱਤਾ, ''ਚੱਲ ਚਾਰੇ ਸਵਾਰ ਲੈ ਕੇ ਤੁਰਦਾ ਖੰਨੇ ਨੂੰ...!'' ਤੇ ਉਹ ਚਿੜਾਉਣ ਲਈ ਬਾਰੂ ਵੱਲ ਬਿਟ ਬਿਟ ਝਾਕਣ ਲੱਗਾ।

''ਟਲ ਜਾ ਉਏ, ਟਲ ਜਾ ਨਾਈਆ-ਟਲ ਜਾ ਤੂੰ ਲੱਛਣਾਂ ਤੋਂ!'' ਬਾਰੂ ਨੇ ਕੁੰਦਨ ਵੱਲ ਅੱਖਾਂ ਕੱਢੀਆਂ ਤੇ ਸਵਾਰੀਆਂ ਨੂੰ ਵਰਗ ਲੱਗਣ ਤੋਂ ਬਚਾਉਣ ਲਈ ਉਹਨੇ ਤੀਵੀਆਂ ਤੇ ਕੁੜੀਆਂ ਕੱਤਰੀਆਂ ਦੀ ਆ ਰਹੀ ਰੰਗ ਬਰੰਗੀ ਟੋਲੀ ਵੱਲ ਤੱਕਦਿਆਂ ਕਿਹਾ, ''ਚਲਦੇ ਆਂ, ਸਰਦਾਰੋ ਆਪਾਂ ਹੁਣੇ ਬਸ, ਔਹ ਆ ਗਈਆਂ ਸਵਾਰੀਆਂ!''

ਸਵਾਰੀਆਂ, ਟੋਲੀ ਵੱਲ ਦੇਖ ਕੇ ਫੇਰ ਟਿਕ ਰਹੀਆਂ।

ਟੋਲੀ ਵੱਲ ਤੱਕਦਾ ਬਾਰੂ ਸੋਚਣ ਲੱਗਾ : ਵਿਆਹ ਮੁਕਲਾਵੇ ਦੀਆਂ ਸੱਗੀਆਂ ਰੱਤੀਆਂ ਸੁਆਰੀਆਂ ਨੇ ਜਾਣੋ-ਦੋ ਤਾਂਗੇ ਭਰ ਜਾਣ ਭਾਵੇਂ-ਨਾਵਾਂ ਵੀ ਚੰਗਾ ਬਣਾ ਜਾਂਦੀਆਂ ਨੇ ਇਹੋ ਜੇਹੀਆਂ ਸੁਆਰੀਆਂ।

ਟੋਲੀ ਨੇੜੇ ਆ ਗਈ।

ਕੁਝ ਮਾਈਆਂ ਤੇ ਕੁੜੀਆਂ ਨੇ ਹੱਥਾਂ ਉੱਤੇ ਕੱਪੜਿਆਂ ਨਾਲ ਢਕੇ ਹੋਏ ਗੋਹਲੇ, ਬ੍ਹੋਈਏ ਤੇ ਥਾਲ ਚੁੱਕੇ ਹੋਏ ਸਨ। ਪਿੱਛੇ ਕੁਝ ਘੁੰਡ ਵਾਲੀਆਂ ਵਹੁਟੀਆਂ ਤੇ ਨਿੱਕੀਆਂ ਨਿੱਕੀਆਂ ਕੁੜੀਆਂ ਸਨ। ਬਾਰੂ ਨੇ ਅੱਗੇ ਵਧ ਕੇ ਧੀਆਂ ਵਰਗਾ ਪੁਤ ਬਣਦਿਆਂ ਇਕ ਮਾਈ ਨੂੰ ਆਖਿਆ, ''ਆਓ ਮਾਈ ਜੀ, ਤਿਆਰ ਐ ਤਾਂਗਾ, ਬਸ ਥੋਨੂੰ ਈ 'ਡੀਕਦਾ ਸੀ-ਬੈਠੋ ਖੰਨੇ ਨੂੰ।''

''ਬੇ ਨਾ ਬੀਰ...'' ਮਾਈ ਨੇ ਸਰਸਰੀ ਆਖਿਆ। ''ਅਸੀਂ ਤਾਂ ਮੱਥਾ ਟੇਕਣ ਚੱਲੀਆਂ ਮਾਤਾ ਦੇ ਥਾਨਾਂ 'ਤੇ।''

''ਚੰਗਾ ਮਾਈ ਚੰਗਾ'' ਬਾਰੂ ਹੱਸ ਕੇ ਛਿਥਾ ਜਿਹਾ ਪੈ ਗਿਆ।

''ਓ ਬਈ ਤੁਰੇਂਗਾ ਕੁ ਨਹੀਂ?'' ਸਵਾਰੀਆਂ ਨੂੰ ਕਿੱਥੇ ਟੇਕ ਹੁੰਦੀ ਐ; ਤੇ ਹਰ ਘੜੀ ਬਾਰੂ ਵੀ ਉਹਨਾਂ ਨੂੰ ਕਿਹੜੀਆਂ ਜੁਗਤਾਂ ਨਾਲ ਟਾਲੀਂ ਜਾਂਦਾ। ਹਾਰ ਕੇ ਉਹਨੇ ਸਾਫ ਗੱਲ ਕੀਤੀ, ''ਚਲਦੇ ਆਂ ਬਾਬਾ-ਆ ਲੈਣ ਦੇਹ ਇਕ ਸਵਾਰ-ਕੁਛ ਭਾੜਾ ਤਾਂ ਬਣ ਲਵੇ...।''

''ਤੂੰ ਆਪਣਾ ਭਾੜਾ ਬਣਾ, ਸਾਡੀ ਤਰੀਕ ਖੁੰਝ ਜੂ।'' ਸਵਾਰੀਆਂ ਵੀ ਸੱਚੀਆਂ ਸਨ।

ਕੁੰਦਨ ਨੇ ਫੇਰ ਛੇੜ ਕਰਦਿਆਂ ਸੁਣਾ ਕੇ ਆਖਿਆ, ''ਸਧਾਰਨ ਹੁੰਦੇ ਨੇ ਬਾਜੇ ਲੋਕ-ਕਿੱਥੇ ਫਸ ਗੇ-ਅੱਬਲਾ ਤੁਰਦਾ ਨ੍ਹੀਂ-ਜੇ ਤੁਰਿਆ ਤਾਂ ਕਿਤੇ ਮੂਧਾ ਪਿਆ ਹੋਊ-ਪੈਰ ਪੈਰ 'ਤੇ ਨਹੁੰ ਲੈਂਦੇ ਘੋੜਾ-ਜੇ ਉੱਠ ਖੜ੍ਹਿਆ ਤਾਂ ਗੈਬ 'ਚ ਅੱੜ ਜੂ-ਸਿਰੇ ਲੱਗਦਾ ਨ੍ਹੀਂ!''

ਸਵਾਰੀਆਂ ਕੰਨਾਂ ਦੀਆਂ ਕੱਚੀਆਂ ਹੁੰਦੀਆਂ ਨੇ। ਬਾਰੂ ਨੂੰ ਇਕ ਚੜ੍ਹੇ, ਇਕ ਉਤਰੇ। ਪਰ ਉਹ ਛੇੜ ਨੂੰ ਅਜੇ ਵੀ ਜਰਦਿਆਂ ਕੁੰਦਨ ਵਲ ਕੌੜਾ ਝਾਕ ਕੇ ਬੋਲਿਆ, ''ਨਾਈਆ, ਨਾਈਆ-ਮੌਤ ਗੱਲਾਂ ਕਰੌਂਦੀ ਐ ਤੇਰੀ-ਗੱਡੀ ਤਾਂ ਸੰਵਰਾ ਲਿਆ ਪਹਿਲਾਂ ਮਾਂ ਕੋਲੋਂ ਜਾ ਕੇ-ਢੀਚਕੂੰ ਢੀਚਕੂੰ ਕਰਦੀ ਐ-ਐਥੇ ਭੌਂਕੀ ਜਾਨੈ ਖੜ੍ਹਾ-ਗੁਟਾਰ ਜਾਤ...!''

ਲੋਕ ਹੱਸਣ ਲੱਗੇ। ਪਰ ਜਿਹੜੀ ਹਾਲਤ ਬਾਰੂ ਦੀ ਸੀ, ਉਹੀ ਕੁੰਦਨ ਤੇ ਹੋਰ ਤਾਂਗੇ ਵਾਲਿਆਂ ਦੀ। ਕਿਸ ਨੂੰ ਨਹੀਂ

KULVIR GILL
ਕੁਲਵੀਰ ਗਿੱਲ
GHI
Helping you to make Informed Decisions
Registered Home Inspector
ਗਰੇਟਰ ਟਰਾਂਟੋ ਵਿਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
(416) 839-3436 (B) (905) 479-5807 (H)
Gill Home Inspection Ltd.
Commercial & Residential
OAHI
Ontario association of Certified Home Inspectors

ਸਵਾਰੀਆਂ ਚਾਹੀਦੀਆਂ? ਕੀਹਨੇ ਘੋੜੇ ਤੇ ਟੱਬਰ ਦਾ ਢਿੱਡ ਨਹੀਂ ਤੋਰਨਾ? ਨਾ ਬਾਰੂ ਵਿਚੋਂ ਤੁਰੇ, ਨਾ ਕਿਸੇ ਹੋਰ ਨੂੰ ਤੁਰਨ ਦੇਵੇ-ਸਬਰ ਵੀ ਕੋਈ ਚੀਜ਼ ਐ-ਆਪੋ ਆਪਣੇ ਭਾਗ ਨੇ-ਮੰਦਾ ਠੰਡਾ ਬਣਿਆ ਹੋਇਐ-ਚਾਰੇ ਲੈ ਕੇ ਤੁਰ ਜਾਵੇ-ਕਿਸੇ ਹੋਰ ਨੂੰ ਵੀ ਰੋਜ਼ੀ ਕਮਾਉਣ ਦੇਵੇ-ਕਿੱਥੇ ਕੁਲਾਲ ਅੜਿਆ ਖੜ੍ਹੇ ਮਣ੍ਹੇ ਆਂਗੂ ਮੂਹਰੇ...! ਕੁੰਦਨ ਨੇ ਅਪਣੀ ਜੜ੍ਹ ਉੱਤੇ ਆਪੇ ਟੱਕ ਲਾਉਂਦਿਆਂ ਖਿੱਝ ਕੇ ਹੋਕਾ ਮਾਰਿਆ, "ਚੱਲ ਚਾਰੇ ਲੈ ਕੇ ਤੁਰਦਾ ਖੰਨੇ ਨੂੰ ਬੰਬੂਕਾਟ ਚਲ ਜਾਂਦਾ ਮਿੰਟਾਂ ਸਕਿੰਟਾਂ ਵਿਚ ਖੰਨੇ-ਚਲ ਭਾੜਾ ਵੀ ਤਿੰਨੇ ਤਿੰਨ ਆਨੇ...।" ਤੇ ਤਾਂਗਾ ਉਹਨੇ ਇਕ ਕਦਮ ਹੋਰ ਅੱਗੇ ਕਰ ਲਿਆ।

ਸਵਾਰੀਆਂ ਬਾਰੂ ਦੀਆਂ ਅੱਗੇ ਹੀ ਅੱਕੀਆਂ ਹੋਈਆਂ ਸਨ ਤੇ ਸਵਾਰੀਆਂ ਕਿਸੇ ਦੀਆਂ ਬੰਨ੍ਹੀਆਂ ਹੋਈਆਂ ਵੀ ਨਹੀਂ ਹੁੰਦੀਆਂ। ਬਾਰੂ ਦੀਆਂ ਸਵਾਰੀਆਂ ਵਿਗੜ ਕੇ ਤਾਂਗੇ ਵਿਚੋਂ ਲਹਿਣ ਲੱਗੀਆਂ।

ਬਾਰੂ ਨੇ ਗੁੱਸੇ ਵਿਚ ਲਲਕਾਰ ਕੇ ਕੁੰਦਨ ਨੂੰ ਮਾਂ ਦੀ ਗਾਲ੍ਹ ਕੱਢੀ ਤੇ ਅਪਣੀ ਧੋਤੀ ਦਾ ਲਾਂਗੜ ਮਾਰ ਕੇ ਆਖਿਆ, "ਉਤਰ ਪੁੱਤ ਹੇਠ ਤਾਂਗੇ ਤੋਂ!"

ਕੁੰਦਨ, ਬਾਰੂ ਨੂੰ ਗੁੱਸੇ ਵਿਚ ਤਣਿਆ ਦੇਖ, ਕੁਝ ਯਰਕ ਤਾਂ ਗਿਆ, ਪਰ ਉਹ ਤਾਂਗੇ ਉੱਤੋਂ ਹੇਠਾਂ ਉੱਤਰ ਆਇਆ ਤੇ ਬੋਲਿਆ, "ਮੂੰਹ ਸੰਭਲ ਕੇ ਕੱਢੀਂ ਓਏ ਗਾਲ੍ਹ ਕੁਲਾਲਾ!"

ਬਾਰੂ ਨੇ ਇਕ ਗਾਲ੍ਹ ਹੋਰ ਕੱਢ ਦਿੱਤੀ ਤੇ ਹੱਥ ਵਿਚ ਫੜੀ ਪਰੈਣੀ ਉੱਤੇ ਉਂਗਲੀ ਜੋੜ ਕੇ ਆਖਿਆ, "ਪਹੀਏ ਦੇ ਗਜ਼ਾਂ ਵਿਚੋਂ ਲੰਘਾ ਦੂੰ ਸਾਲੇ ਨੂੰ ਤੀਹਰਾ ਕਰਕੇ"

"ਤੂੰ ਹੱਥ ਤਾਂ ਲਾ ਕੇ ਦੇਖ" ਕੁੰਦਨ ਅੰਦਰੋਂ ਡਰਦਾ ਸੀ, ਪਰ ਉੱਤੋਂ ਭੁੜਕਦਾ ਸੀ।

"ਓ ਮਖਾਂ ਮਿਟ ਜਾ ਤੂੰ, ਮਿਟ ਜਾ, ਨਾਈਆ! ਲਹੂ ਦਾ ਤੁਬਕਾ ਨ੍ਹੀਂ ਡੁਲ੍ਹਣ ਦਊਂਗਾ ਭੁੰਜੇ... ਸੀਰਮੇ ਪੀ ਜੂੰ!" ਬਾਰੂ ਨੂੰ ਖਿੱਝ ਸੀ ਕਿ ਕੁੰਦਨ ਉਹਨੂੰ ਕਿਉਂ ਨਹੀਂ ਬਰਾਬਰ ਗਾਲ੍ਹ ਕੱਢ ਬੈਠਦਾ।

ਸੁਆਰੀਆਂ ਆਲੇ ਦੁਆਲੇ ਖੜ੍ਹੀਆਂ ਦੋਹਾਂ ਦੇ ਮੂੰਹਾਂ ਵੱਲ ਤਕਦੀਆਂ ਸਨ।

"ਤੈਨੂੰ ਮੈਂ ਕੀ ਕਿਹੈ? ਤੂੰ ਨਾਸਾਂ ਫੁਲਾਉਨੈ ਵਾਧੂ!" ਕੁੰਦਨ ਨੇ ਜ਼ਰਾ ਕੁ ਡਟ ਕੇ ਆਖਿਆ।

"ਸਵਾਰੀਆਂ ਪੱਟਦੈਂ ਤੂੰ ਮੇਰੀਆਂ!"

"ਮੈਂ ਤਾਂ ਹਾਕਾਂ ਮਾਰਦਾਂ-ਤੂੰ ਬੰਨ੍ਹ ਲੈ ਸਵਾਰੀਆਂ!"

"ਮੈਂ ਸਵੇਰ ਦਾ ਦੇਖਦਾ ਤੇਰੇ ਮੂੰਹ ਕੰਨੀ-ਬੋਦੀਆਂ ਪੱਟ ਦੂੰ!"

"ਪੱਟ ਦਏਂਗਾ ਤੂੰ ਬੋਦੀਆਂ...!" ਕੁੰਦਨ ਬਰਾਬਰ ਜਿਦਣ ਲੱਗਾ।

"ਸਵਾਰੀਆਂ ਬਠਾਇੰਗਾ ਤੂੰ ਮੇਰੀਆਂ?"

"ਆਹੋ-ਬਠਾਊਂਗਾ!"

"ਬਠਾ ਫੇਰ" ਬਾਰੂ ਨੇ ਹੂਰਾ ਉਲਾਰ ਲਿਆ।

"ਆ ਬਾਬਾ..." ਕੁੰਦਨ ਨੇ ਇਕ ਸਵਾਰ ਨੂੰ ਮੋਢੇ ਤੋਂ ਫੜਿਆ।

ਬਾਰੂ ਨੇ ਝਟ ਕੁੰਦਨ ਨੂੰ ਝੱਗੇ ਦੇ ਗਲਾਵੇਂ ਤੋਂ ਫੜ ਲਿਆ। ਕੁੰਦਨ ਨੇ ਵੀ ਬਾਰੂ ਨੂੰ ਹੱਥ ਪਾ ਲਏ। ਦੋਵੇਂ ਉਲਝ ਪਏ। ਫੜੋ। ਛੁਡਾਓ ਹੋਣ ਲਗੀ। ਅਖੀਰ ਹੋਰ ਤਾਂਗੇ ਵਾਲਿਆਂ ਤੇ ਸਵਾਰੀਆਂ ਨੇ ਦੋਹਾਂ ਨੂੰ ਛੁਡਾ ਦਿੱਤਾ ਤੇ ਅੱਡੇ ਦੇ ਠੇਕੇਦਾਰ ਨੇ ਦੋਹਾਂ ਨੂੰ ਘੂਰ ਘੱਪ ਕਰ ਦਿੱਤੀ। ਸਾਰੇ ਲੋਕਾਂ ਇਹੋ ਆਖਿਆ ਕਿ ਸਵਾਰੀਆਂ ਬਾਰੂ ਦੇ ਹੀ ਤਾਂਗੇ ਵਿਚ ਬੈਠਣ। ਤਿੰਨ ਤਿੰਨ ਆਨੇ ਐਵੇਂ ਵਾਧੂ ਗੱਲ ਐ-ਕਿਸੇ ਲੈਣੇ ਨਾ ਦੇਣੇ-ਕੁੰਦਨ ਨੂੰ ਸਾਰਿਆਂ ਥੋੜ੍ਹੀ ਜਿਹੀ ਫਿਟ-ਲਾਹਣਤੀ ਦਿੱਤੀ ਤੇ ਸਵਾਰੀਆਂ ਮੁੜ ਬਾਰੂ ਦੇ ਤਾਂਗੇ ਵਿਚ ਬਹਿ ਗਈਆਂ।

ਬਾਰੂ ਨੂੰ ਅੱਕਿਆ ਤੇ ਦੁਖੀ ਹੋਇਆ ਦੇਖ ਕੇ ਸਾਰਿਆਂ ਨੂੰ ਹੁਣ ਉਹਦੇ ਨਾਲ ਹਮਦਰਦੀ ਜਿਹੀ ਹੋ ਗਈ ਸੀ। ਸਾਰੇ ਰਲ ਮਿਲ ਉਹਦਾ ਤਾਂਗਾ ਭਰਵਾ ਕੇ ਤੁਰਾਉਣਾ ਚਾਹੁੰਦੇ ਸਨ। ਸਵਾਰੀਆਂ ਨੇ ਵੀ ਕਹਿ ਦਿੱਤਾ ਕਿ ਚਲੋ ਉਹ ਹੋਰ ਘੜੀ ਪਛੜ ਲੈਣਗੇ, ਇਹ ਆਪਣਾ ਘਰ ਪੂਰਾ ਕਰ ਲਵੇ-ਇਹਨੇ ਵੀ ਪਸ਼ੂ ਦਾ ਢਿੱਡ ਭਰ ਕੇ ਰੋਟੀ ਖਾਣੀ ਐਂ ਗਰੀਬ ਨੇ।

ਏਨੇ ਨੂੰ ਬਜ਼ਾਰ ਵਲੋਂ ਆਉਂਦੇ ਪੁਲਿਸ ਦੇ ਹੌਲਦਾਰ ਨੇ ਨੇੜੇ ਆਉਂਦਿਆਂ ਪੁੱਛਿਆ, "ਉਏ ਤਾਂਗਾ ਹੈ ਤਿਆਰ ਕੋਈ ਖੰਨੇ ਨੂੰ ਮੁੰਡਿਓ?"

ਪਲ ਭਰ ਲਈ ਬਾਰੂ ਨੇ ਸੋਚਿਆ : ਆ ਗਈ ਮੁਫਤ ਦੀ ਬਗਾਰ-ਨਾ ਪੈਸਾ, ਨਾ ਧੇਲਾ-ਪਰ ਝਟ ਹੀ ਉਹਨੇ ਸੋਚਿਆ ਕਿ ਨਾਂਹ ਤਾਂ ਪੁਲਿਸ ਨੂੰ ਕਰ ਨਹੀਂ ਹੁੰਦੀ, ਸੁਆਰੀਆਂ ਤਾਂ ਦੋ ਵੱਧ ਬਠਾ ਈ ਲਊਂਗਾ ਇਹਦੇ ਕਰਕੇ -ਨਹੀਂ ਭਾੜਾ ਦਊ, ਨਾ ਸਹੀ-ਤੇ ਬਾਰੂ ਨੇ ਆਖਿਆ, "ਆਓ ਹੌਲਦਾਰ ਜੀ, ਤਿਆਰ ਈ ਖੜ੍ਹੈ ਤਾਂਗਾ, ਬੈਠੋ ਮੂਹਰੇ।"

ਹੌਲਦਾਰ ਤਾਂਗੇ ਵਿਚ ਬਹਿ ਗਿਆ। ਬਾਰੂ ਨੇ ਇਕ ਸਵਾਰ ਲਈ ਇਕ ਦੋ ਤਕੜੇ ਹੋਕੇ ਲਾਏ।

ਇਕ ਲਾਲਾ ਬਜ਼ਾਰ ਵਲੋਂ ਆਇਆ ਤੇ ਬਿਨਾ ਪੁੱਛੇ ਬਾਰੂ ਦੇ ਤਾਂਗੇ ਵਿਚ ਆ ਚੜ੍ਹਿਆ। ਦੋ ਕੁ ਬੁੱਢੀਆਂ ਜੇਹੀਆਂ ਅੱਡੇ ਵੱਲ ਸੜਕੋ ਸੜਕ ਆ ਰਹੀਆਂ ਸਨ। ਬਾਰੂ ਨੇ ਕਾਹਲੀ ਨਾਲ ਵਾਜ ਮਾਰ ਕੇ ਪੁੱਛਿਆ, "ਮਾਈ ਖੰਨੇ ਜਾਣੈ?" ਬੁੱਢੀਆਂ ਛੇਤੀ ਛੇਤੀ ਪੈਰ ਪੁੱਟਣ ਲੱਗੀਆਂ ਤੇ ਇਕ ਨੇ ਹੱਥ ਉਲਾਰ ਕੇ ਆਖਿਆ, "ਬੇ ਖੜ੍ਹਾ ਬੀਰ..."

"ਛੇਤੀ ਕਰੋ ਮਾਈ ਛੇਤੀ!" ਬਾਰੂ ਦੇ ਜਿਵੇਂ ਪੈਰ ਮਚਦੇ ਸਨ। ਬੁੱਢੀਆਂ ਛੇਤੀ ਛੇਤੀ ਆ ਕੇ ਤਾਂਗੇ ਵਿਚ ਬੈਠਣ ਲੱਗੀਆਂ, "ਵੇ ਭਾਈ ਕੀ ਲਏਂਗਾ?"

"ਬਹਿ ਜਾਓ ਮਾਈ ਕੇਰਾਂ ਝਟ ਦੇ ਕੇ-ਥੋਤੋਂ ਵੱਧ ਨ੍ਹੀਂ ਮੰਗਦਾ।"

ਅੱਠਾਂ ਸਵਾਰੀਆਂ ਨਾਲ ਤਾਂਗਾ ਭਰ ਗਿਆ। ਦੋ ਰੁਪਏ ਬਣ ਗਏ ਸਨ। ਤੁਰਦੇ ਤੁਰਾਉਂਦਿਆਂ ਕੋਈ ਹੋਰ ਭੇਜ ਦੂ ਮਾਲਕ-ਦੋ ਫੇਰੇ ਲੱਗ ਜਾਣ ਇਸੇ ਤਰ੍ਹਾਂ...। ਬਾਰੂ ਨੇ ਠੇਕੇਦਾਰ ਨੂੰ ਮਸੂਲ ਦੇ ਦਿੱਤਾ।

"ਲੈ ਬਈ, ਹੁਣ ਨਾ ਪਾਂਧਾ ਪੁੱਛ...!" ਪਹਿਲੀਆਂ ਸਵਾਰੀਆਂ ਵਿਚੋਂ ਇਕ ਨੇ ਕਿਹਾ।

"ਲਓ ਜੀ, ਬਸ, ਲੈਨੇ ਆਂ ਰੱਬ ਦਾ ਨਾਓਂ..." ਬਾਰੂ ਘੋੜੇ ਦੀ ਪਿਠ ਉੱਤੇ ਥਾਪੀ ਮਾਰ ਕੇ ਬੰਬ ਨਾਲੋਂ ਰਾਸਾਂ ਖੋਲ੍ਹਣ ਲੱਗਾ।

ਫੇਰ ਉਹਨੂੰ ਚੇਤਾ ਆਇਆ : ਇਕ ਸਿਗਰਟ ਵੀ ਲੈ ਲਵੇ। ਇਕ ਪਲ ਲਈ, ਖਿਆਲ ਵਿਚ ਉਹਨੇ ਆਪਣੇ ਆਪ ਨੂੰ ਟੱਪ ਟੱਪ ਤੁਰਦੇ ਤਾਂਗੇ ਦੇ ਬੰਬ ਉੱਤੇ ਤਣ ਕੇ ਬੈਠਿਆਂ ਧੂੰਏਂ ਦੇ ਫਰਾਟੇ ਮਾਰਦਾ ਤੱਕਿਆ ਤੇ ਉਹ ਭਰੇ ਹੋਏ ਤਾਂਗੇ ਨੂੰ ਛੱਡ ਕੇ ਕੈਂਚੀ ਦੀ ਸਿਗਰਟ ਖਰੀਦਣ ਲਈ ਫੜ੍ਹੀ ਵਾਲੇ ਕੋਲ ਚਲਾ ਲਿਆ।

ਭੁੱਖੀ ਡੈਣ ਵਾਂਗ, ਝੱਟ, ਅੰਬਾਲਿਓਂ ਲੁਧਿਆਣੇ ਜਾਣ ਵਾਲੀ ਬੱਸ ਤਾਂਗੇ ਦੇ ਸਿਰ ਉੱਤੇ ਆ ਖੜ੍ਹੀ। ਪਲੋ ਪਲੀ ਵਿਚ ਤਾਂਗੇ ਤੋਂ ਸਵਾਰੀਆਂ ਲਹਿ ਕੇ ਬੱਸ ਦੇ ਵੱਡੇ ਢਿੱਡ ਵਿਚ ਖਪ ਗਈਆਂ। ਅੱਡੇ ਵਿਚ ਹੂੰਝਾ ਫੇਰ ਕੇ ਡੈਣ ਵਾਂਗ ਚੰਘਿਆੜਦੀ ਬੱਸ ਅੱਗੇ ਤੁਰ ਗਈ। ਧੂੰਏਂ ਦੀ ਸੜ੍ਹਿਆਣ ਤੇ ਉਡੀ ਹੋਈ ਧੂੜ ਉਹਦੇ ਮੂੰਹ ਉੱਤੇ ਪੈ ਰਹੀ ਸੀ।

ਬਾਰੂ ਨੇ ਅੱਡੇ ਦੇ ਵਿਚਕਾਰ, ਪਰੈਣੀ ਉੱਚੀ ਕਰਕੇ, ਦਿਲ ਤੇ ਸਰੀਰ ਦੇ ਪੂਰੇ ਜ਼ੋਰ ਨਾਲ ਇਕ ਵਾਰ ਫੇਰ ਹੋਕਾ ਮਾਰਿਆ, "ਜਾਂਦਾ ਕੋਈ ਇਕ ਸਵਾਰ ਖੰਨੇ ਦਾ ਬਈ ਓ...!" □

### ਮੈਂ ਹਾਂ ਬਾਰੂ ਤਾਂਗੇ ਵਾਲਾ

ਟੁੱਟ ਗਿਆ ਮੈਂ ਭਾਵੇਂ ਸਾਰਾ
ਪਰ ਮੈਂ ਬਾਰੂ ਤਾਂਗੇ ਵਾਲਾ
ਹਾਰ ਗਿਆ, ਪਰ ਹਾਰ ਨਾ ਮੰਨਾਂ
ਮੁੜ ਕੇ ਮੁੱਢ ਸੰਗਰਾਮ ਦਾ ਬੰਨ੍ਹਾਂ
ਛਾਂਟਾ ਚੁੱਕ ਆਕਾਸ਼ ਵੰਗਾਰਾਂ
ਫਿਰ ਸੰਸਾਰ ਨੂੰ ਹੋਕੇ ਮਾਰਾਂ।

ਸੂਰਜ ਦਾ ਮੈਂ ਭਖਦਾ ਘੋੜਾ
ਧਰਤੀ ਦੇ ਤਾਂਗੇ ਨੂੰ ਜੋਇਆ
ਟੁੱਟੀ ਰਾਸ ਤੇ ਵੱਜੀ ਠੋਹਕਰ
ਤਾਂਗਾ ਘੋੜਾ ਵੱਖ-ਵੱਖ ਹੋਇਆ
ਦੂਰ-ਇੱਛਕਾਂ ਨੇ ਤਾੜੀ ਮਾਰੀ
ਪਰ ਮੈਂ ਡਿੱਗਿਆ ਉਠ ਖਲੋਇਆ।

ਮੁੜ ਘੋੜੇ ਦਾ ਸੀਸ ਪਲੋਸਾਂ
ਮੁੜ ਧਰਤੀ ਨੂੰ ਸੂਰਜ ਜੋੜਾਂ
ਮੁੜ ਮੰਜ਼ਲ ਲਈ ਅੱਖ ਨਿਹਾਰਾਂ
ਮੁੜ ਸੰਸਾਰ ਨੂੰ ਹੋਕੇ ਮਾਰਾਂ
ਟੁੱਟ ਗਿਆ ਮੈਂ ਭਾਵੇਂ ਸਾਰਾ
ਪਰ ਮੈਂ ਬਾਰੂ ਤਾਂਗੇ ਵਾਲਾ।

ਅੱਡਾ ਵਸਦਾ ਘਣਾ-ਘਨੇਰਾ
ਮੇਰਾ ਤਾਂਗਾ ਮੇਰਾ-ਈ-ਮੇਰਾ
ਮੇਰਾ ਛਾਂਟਾ ਅੰਬਰ ਛੂਹੇ
ਪੁੱਜਣਾ ਮੈਂ ਚਾਨਣ ਦੇ ਬੂਹੇ
ਹਾਰ ਗਿਆ, ਪਰ ਹਾਰ ਨਾ ਮੰਨਾਂ
ਮੁੜ ਕੇ ਮੁੱਢ ਸੰਗਰਾਮ ਦਾ ਬੰਨ੍ਹਾਂ।

ਮੈਂ ਹਾਂ ਬਾਰੂ ਤਾਂਗੇ ਵਾਲਾ
ਮੈਂ ਹਾਂ ਬਾਰੂ ਤਾਂਗੇ ਵਾਲਾ।

*ਲੇਖਕ ਦੀ ਕਹਾਣੀ 'ਕੋਈ ਇਕ ਸਵਾਰ' ਦਾ ਮਕਬੂਲ ਪਾਤਰ, ਇਸ ਕਵਿਤਾ 'ਚ ਆਸ਼ਾਵਾਦ ਦੇ ਪ੍ਰਤੀਕ ਵਜੋਂ ਆਇਆ ਹੈ।*

## ਗੁਰਦੇਵ ਰੁਪਾਣਾ ਦੀ ਸ਼ਾਹਕਾਰ ਕਹਾਣੀ

# ਸ਼ੀਸ਼ਾ

ਸ਼ੀਸਾ ਕਹਾਣੀ ਵਿਚ ਦੇਸ਼ ਵੰਡ ਸਮੇਂ ਦੀ ਹਿੰਸਾ ਨੂੰ ਇਕ ਵੱਖਰੇ ਨਜ਼ਰੀਏ ਤੋਂ ਦੇਖਿਆ ਗਿਆ ਹੈ। ਇਸ ਕਹਾਣੀ ਵਿਚ ਲੇਖਕ ਨੇ ਇਕ ਅਜਿਹੀ ਘਟਨਾ ਦਾ ਜ਼ਿਕਰ ਕੀਤਾ ਹੈ, ਜਿਸ ਨੂੰ ਪੜ੍ਹ ਕੇ ਸੰਵੇਦਨਸ਼ੀਲ ਪਾਠਕ ਨਾ ਕੇਵਲ ਸੁੰਨ ਹੀ ਹੋ ਜਾਂਦਾ ਹੈ, ਸਗੋਂ 'ਪੁੰਨ' ਦੀ ਪ੍ਰਚੱਲਤ ਪਰਿਭਾਸ਼ਾ ਬਾਰੇ ਮੁੜ ਤੋਂ ਸੋਚਣ ਲਈ ਵੀ ਮਜਬੂਰ ਹੋ ਜਾਂਦਾ ਹੈ। ਇਹ ਗੱਲ ਸੱਚਮੁਚ ਝੰਜੋੜ ਦੇਣ ਵਾਲੀ ਹੈ ਕਿ ਹਿੰਸਾ ਦੀਆਂ ਹੌਲਨਾਕ ਘਟਨਾਵਾਂ ਜਾਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਵੀ ਆਪਣੀ 'ਕੀਤੀ' ਨੂੰ ਪੁੰਨ ਦਾ ਕੰਮ ਦਸਦੇ ਹੋਏ ਚੈਨ ਦਾ ਜੀਵਨ ਬਤੀਤ ਕਰਦੇ ਰਹਿੰਦੇ ਹਨ। ਇਹ ਕਹਾਣੀ ਹਿੰਸਾ ਦੀ ਮਾਨਸਿਕਤਾ ਨੂੰ ਸੱਭਿਆਚਾਰਕ ਪਰਿਪੇਖ਼ ਵਿਚ ਰੱਖ ਕੇ ਸਮਝਣ ਦਾ ਇਕ ਸੁਚੇਤ ਤੇ ਮੌਲਿਕ ਯਤਨ ਹੈ।

ਸੰਪਾਦਕ



ਉਹ ਪਤਲਾ ਸੀ, ਤੰਦਰੁਸਤ ਸਰੀਰ ਵਾਲਾ ਚਵ੍ਹੀ-ਪੰਝੀ ਸਾਲਾਂ ਦਾ ਜਵਾਨ ਸੀ। ਚਿਹਰੇ ਦਾ ਰੰਗ ਤਾਂਬੇ ਵਰਗਾ, ਜਿਸ ਕਰਕੇ ਹੋਰ ਵੀ ਸਿਹਤਮੰਦ ਲੱਗਦਾ ਸੀ। ਨਾਂ ਸੀ ਦਾਨੀ ਤੇ ਪੈਰਿਸ ਦੇ ਰਹਿਣ ਵਾਲਾ। ਸਾਹਿਤ ਦਾ ਵਿਗਿਆਨੀ, 'ਵੀਹਵੀਂ ਸਦੀ ਦਾ ਪੰਜਾਬੀ ਸਾਹਿਤ' ਵਿਸ਼ਾ ਲੈ ਕੇ ਪੀ.ਐਚ.ਡੀ. ਕਰ ਰਿਹਾ ਸੀ। ਦਿੱਲੀ ਰਹਿ ਕੇ ਪੁਸਤਕਾਂ ਇਕੱਠੀਆਂ ਕਰਦਾ ਤੇ ਦਿੱਲੀ ਵਿਚ ਰਹਿੰਦੇ ਪੰਜਾਬੀ ਲੇਖਕਾਂ ਨੂੰ ਮਿਲਦਾ। ਮੇਰੇ ਨਾਲ ਮੁਲਾਕਾਤ ਵੀ ਏਸੇ ਸਿਲਸਿਲੇ ਵਿਚ ਹੋਈ।

ਕੰਵਲ ਤੇ ਗੁਰਦਿਆਲ ਸਿੰਘ ਦੇ ਨਾਵਲ ਪੜ੍ਹਦਿਆਂ ਉਹਨੂੰ ਬਹੁਤ ਸਾਰੇ ਮਲਵਈ ਸ਼ਬਦਾਂ ਦੇ ਅਰਥ ਸਮਝ ਨਾ ਆਉਂਦੇ। ਕਿਸੇ ਡਿਕਸ਼ਨਰੀ ਵਿਚੋਂ ਵੀ ਨਾ ਲੱਭਦੇ। ਕਈ ਵਾਰ ਉਹ ਮੇਰੀ ਸਹਾਇਤਾ ਲੈ ਲੈਂਦਾ।

ਦੋਸਤਾਂ ਵਿਚ ਬੈਠਿਆਂ ਇਕ ਦਿਨ ਉਹਨੂੰ ਪਤਾ ਲੱਗਿਆ ਕਿ ਮੈਂ ਕੁਝ ਦਿਨਾਂ ਵਾਸਤੇ ਆਪਣੇ ਪਿੰਡ ਰੁਪਾਣਾ ਜਾ ਰਿਹਾ ਹਾਂ, ਤਾਂ ਉਹਨੇ ਰੁਕ-ਰੁਕ ਕੇ ਬੋਲਦਿਆਂ ਕਿਹਾ, "ਆਪ... ਜੀ...ਦੇ ...ਨਾਲ...ਨਾਲ...ਮੈਂ...ਚੱਲਾਂ....ਤਾਂ ...?" ਉਹ ਕਿਸੇ ਉੱਤੇ ਬੋਝ ਬਣਨ ਤੋਂ ਝਿਜਕ ਰਿਹਾ ਸੀ। ਮੈਂ ਉਹਨੂੰ ਦੱਸਿਆ, ਪਿੰਡ ਵਿਚ ਮੇਰੀ ਮਾਂ ਰਹਿੰਦੀ ਹੈ। ਬੋਝ ਬਣਨ ਵਾਲੀ ਕੋਈ ਗੱਲ ਨਹੀਂ। ਖਾਣ-ਪੀਣ ਉੱਤੇ ਕੋਈ ਖਰਚ ਨਹੀਂ ਆਵੇਗਾ। ਸਾਡਾ ਕਿਰਾਇਆ-ਭਾੜਾ ਹੀ ਲੱਗੇਗਾ। ਉਹ ਜ਼ਰੂਰ ਚੱਲੇ।

ਉਹਨੂੰ ਚਾਅ ਚੜ੍ਹ ਗਿਆ ਤੇ ਖੁਸ਼ੀ ਨਾਲ ਉਹਦਾ ਸਰੀਰ ਕੰਬ ਰਿਹਾ ਸੀ।

ਅਗਲੇ ਦਿਨ ਅਸੀਂ ਦਿੱਲੀ-ਫਿਰੋਜ਼ਪੁਰ ਵਾਲੀ ਬੱਸ ਵਿਚ ਸਵਾਰ ਹੋ ਗਏ। ਰਸਤੇ ਵਿਚ ਨਿੱਕੇ-ਨਿੱਕੇ ਵੇਰਵੇ ਪੁੱਛ-ਪੁੱਛ ਕੇ ਉਹਨੇ ਮੇਰਾ ਦਿਮਾਗ ਪੱਛ ਛੱਡਿਆ। ਮੈਂ ਖੁਸ਼ੀ ਖੁਸ਼ੀ ਦੱਸਦਾ ਰਿਹਾ। ਅਪਣੇ ਲੋਕਾਂ ਦਾ ਗੁਣ-ਗਾਣ ਕਰਦਾ ਰਿਹਾ। ਹਰ ਗੱਲ ਨੂੰ ਲਿਸ਼ਕਾ ਕੇ, ਹਰ ਵੇਰਵੇ ਵਿਚੋਂ ਆਪਣੇ ਲੋਕਾਂ ਦੀ ਸਿਫ਼ਤ-ਸਲਾਹ ਲੱਭਦਾ ਰਿਹਾ। ਇਹ ਉਸਤਤ-ਪੁਰਾਣ ਹੋਰ ਵੀ ਤਿੱਖਾ ਹੋ ਗਿਆ, ਜਦੋਂ ਬੱਸ ਪੰਜਾਬ ਦੀ ਹੱਦ ਵਿਚ ਦਾਖਲ ਹੋ ਗਈ। ਪ੍ਰਸੰਸਾ ਕਰਦਾ ਮੈਂ ਉਤਸ਼ਾਹ ਨਾਲ ਨੱਕੋ-ਨੱਕ ਭਰਿਆ ਹੋਇਆ ਸਾਂ, ਕਿਉਂਕਿ ਦਾਨੀ ਸਭ ਕੁਝ ਮੰਨਦਾ ਜਾ ਰਿਹਾ ਸੀ। ਉਹਨੂੰ ਵਿਸ਼ਵਾਸ ਹੋ ਰਿਹਾ ਸੀ। ਤਿੰਨ ਵਜੇ ਅਸੀਂ ਪਿੰਡ ਪੁੱਜ ਗਏ। ਅੱਡੇ ਤੋਂ ਪਹਿਲਾਂ ਅਸੀਂ ਸੂਏ ਦੇ ਪੁਲ 'ਤੇ ਉਤਰ ਗਏ। ਸਾਡਾ ਘਰ ਪਿੰਡ ਦੇ ਦੂਜੇ ਪਾਸੇ ਹੈ। ਅੱਡੇ ਤੋਂ ਉਤਰੀਏ ਤਾਂ ਸਾਰੇ ਪਿੰਡ ਵਿਚੋਂ ਦੀ ਲੰਘਣਾ ਪੈਂਦਾ ਹੈ। ਪਰਦੇਸੀ ਬੰਦੇ ਨੂੰ ਵੇਖ ਕੇ ਲੋਕ ਅੱਖਾਂ ਪਾੜ-ਪਾੜ ਕੇ ਵੇਖਣਗੇ ਤੇ ਉਹਦੇ ਬਾਰੇ ਭਾਂਤ-ਭਾਂਤ ਦੇ ਸਵਾਲ ਕਰਨਗੇ। ਉਸ ਸਮੇਂ ਏਨਾ ਥੱਕਿਆ ਹੋਇਆ ਸਾਂ ਕਿ ਬੋਲਣ ਦੇ ਰੌਂ ਵਿਚ ਨਹੀਂ ਸਾਂ।

ਪੁਲ ਉੱਤੇ ਖੜੇ ਕੇ ਦਾਨੀ ਨੇ ਆਲੇ-ਦੁਆਲੇ ਵੇਖਿਆ। ਫੇਰ ਰੁਕ-ਰੁਕ ਕੇ ਬੋਲਿਆ, "ਆਪ...ਜੀ...ਦੀ... ਕਹਾਣੀ... 'ਹਵਾ' ... ਵਿਚ... ਇਹ ... ਸੜਕ... ਹੈ?"

ਮੈਂ ਦੱਸਿਆ, ਇਹੀ ਸੜਕ ਹੈ, ਜਿਸ ਉੱਤੇ ਚੱਲਦਾ ਕਾਫਲਾ ਵੱਢਿਆ ਗਿਆ ਸੀ। ਬਚੇ-ਖੁਚੇ ਲੋਕ ਉਸ ਥਾਂ ਆ ਕੇ ਬੈਠੇ ਸਨ ਤੇ ਪੁਲ ਦੀ ਜੜ੍ਹ ਵਿਚੋਂ ਨਿਕਲਦੀ ਸੜਕ ਉਸ ਸਾਹਮਣੇ ਪਿੰਡ, ਧਿਗਾਣੇ ਤੱਕ ਜਾਂਦੀ ਸੀ।

ਉਹਨੇ ਮੇਰਾ ਨਵਾਂ-ਨਵਾਂ ਛਪਿਆ ਨਾਵਲ 'ਗੋਰੀ' ਦੋ ਦਿਨ ਪਹਿਲਾਂ ਪੜ੍ਹਿਆ ਸੀ। ਪੁੱਛਣ ਲੱਗਾ, "ਗੋਰੀ... ਵਾਲੇ... ਦੇਵ ਮਿੱਠੋ... ਵੀ ... ਏਸ... ਸੜਕ... ਤੋਂ... ਲੱਭਦੇ... ਨੇ... ਵੱਟੀਆਂ?"

ਦਾਨੀ ਦੀਆਂ ਇਹਨਾਂ ਗੱਲਾਂ ਨੇ ਮੇਰਾ ਥਕੇਵਾਂ ਲਾਹ ਦਿੱਤਾ ਤੇ ਮੈਂ ਫੇਰ ਗੱਲਾਂ ਕਰਨ ਦੇ ਮੂਡ ਵਿਚ ਹੋ ਗਿਆ।

ਅਸੀਂ ਸੂਏ ਦੀ ਪਟੜੀ ਉੱਤੇ ਚੱਲਣ ਲੱਗੇ। ਪਟੜੀ ਦੇ ਨਾਲ ਹੀ ਸਿਵੇ ਹਨ। ਸਿਵਿਆਂ ਕੋਲੋਂ ਰਾਹ ਉਤਰ ਕੇ ਫਿਰਨੀ ਵਿਚ ਜਾ ਪੈਂਦਾ ਹੈ। ਉਥੇ ਕਿਸੇ ਦਾ ਸਸਕਾਰ ਹੋ ਰਿਹਾ ਸੀ। ਸਿਵੇ ਨੂੰ ਅੱਗ ਲੱਗ ਚੁੱਕੀ ਸੀ ਤੇ ਲਾਟਾਂ ਨਿਕਲ ਰਹੀਆਂ ਸਨ। ਮੁਰਦੇ ਦੇ ਨਾਲ ਸਿਰਫ ਮਰਦ ਹੀ ਸਨ। ਸੋਚਿਆ, ਕੋਈ ਛੜਾ ਬੁੱਢਾ ਮਰ ਗਿਆ ਹੋਵੇਗਾ। ਪਟੜੀ ਤੋਂ ਲਹਿ ਕੇ ਅਸੀਂ ਉਹਨਾਂ ਬੰਦਿਆਂ ਵਿਚ ਰਲ ਗਏ। ਕਿਸੇ ਤੋਂ ਪਤਾ ਲੱਗਿਆ, ਬੂੜਾ ਵੈਲੀ ਚੱਲ ਵਸਿਆ ਸੀ।

"ਚਲੋ! ਕਈ ਮੁੰਡਿਆਂ ਦੀ ਜ਼ਿੰਦਗੀ ਬਚ ਗਈ।" ਮੈਂ ਸੋਚਿਆ।

ਬੁੱਢਾ ਹੋਣ ਕਰਕੇ ਬੂੜਾ ਬਦਮਾਸ਼ੀ ਕਰਨੋਂ ਰਹਿ ਗਿਆ ਸੀ। ਹੁਣ ਉਹ ਨਵੇਂ ਜਵਾਨ ਹੋ ਰਹੇ ਮੁੰਡਿਆਂ ਨੂੰ ਆਪਣੇ ਰਾਹ 'ਤੇ ਪਾਉਣ ਲੱਗ ਪਿਆ ਸੀ। ਵੈਲੀ ਬਣਨ ਦੀਆਂ ਕਲਾਕਾਰੀਆਂ ਸਿਖਾਉਂਦਾ। ਜਿਵੇਂ ਬੁੱਢੀ ਹੋ ਕੇ ਨਾਚੀ ਸਕੂਲ ਖੋਲ੍ਹ ਲੈਂਦੀ ਹੈ, ਬੂੜੇ ਨੇ ਵੈਲੀ ਬਣਾਉਣ ਦਾ ਇਕ ਤਰ੍ਹਾਂ ਨਾਲ ਸਕੂਲ ਖੋਹਲ ਰੱਖਿਆ ਸੀ। ਉਹਦੀ ਸਿੱਖਿਆ ਵਿਚ ਆ ਕੇ ਕੋਈ ਮੁੰਡਾ ਸਕੂਲ ਛੱਡ ਦਿੰਦਾ, ਕੋਈ ਆਪਣੇ ਪਿਓ ਦੇ ਗਲ ਪੈ ਜਾਂਦਾ ਤਾਂ ਉਹਨੂੰ ਲੱਗਦਾ, ਉਹਦੀ ਫੀਸ ਆ ਗਈ ਸੀ। ਕਈ ਵਸਦੇ-ਰਸਦੇ ਘਰ ਉਹਨੇ ਉਜਾੜੇ ਸਨ। ਕਿਸੇ ਦਾ ਭਲਾ ਸੋਚਣਾ ਤਾਂ ਕੀ, ਕਦੀ ਵਿਖਾਵੇ ਵਜੋਂ ਕੀਤਾ ਵੀ ਨਹੀਂ ਸੀ।

ਦੋ-ਚਾਰ ਬੰਦਿਆਂ ਨੇ ਬਲਦੇ ਸਿਵੇ ਵਿਚ ਡੱਕੇ ਸੁੱਟੇ ਤੇ ਗੱਲੀਂ ਪੈ ਗਏ।

"ਮੌਤ ਆਵੇ ਤਾਂ ਐਹੋ ਜੀ।"

"ਕੋਈ ਤਾਪ ਨ੍ਹੀਂ, ਕੋਈ ਸਰਵਾਹ ਨ੍ਹੀਂ।"

"ਇਕ ਦਿਨ ਵੀ ਬੀਮਾਰ ਨਹੀਂ ਹੋਇਆ।"

"ਇਕ ਦਿਨ ਤਾਂ ਵੱਡਾ ਹੁੰਦੈ, ਪੰਜ ਮਿੰਟ ਨ੍ਹੀਂ ਹੋਇਆ ਇਹ ਤਾਂ।"

"ਜਿਵੇਂ ਕੋਈ ਬਾਹਲੇ ਪੁੰਨ ਕੀਤੇ ਹੋਣ, ਕੋਈ ਤਖਲੀਫ਼ ਨ੍ਹੀਂ ਹੋਈ।"

ਦਾਨੀ ਨੇ ਮੈਨੂੰ ਪੁੰਨ ਬਾਰੇ ਪੁੱਛਿਆ, ਮਰਨ ਵਾਲੇ ਨੇ ਬਹੁਤ ਪੁੰਨ ਕੀਤੇ ਸਨ, ਏਸੇ ਕਰਕੇ ਲੋਕ ਆਖ ਰਹੇ ਸਨ। ਸੰਖੇਪ ਵਿਚ ਤੇ ਧੀਮੀ ਆਵਾਜ਼ ਵਿਚ ਦਾਨੀ ਨੂੰ ਬੂੜੇ ਦੇ ਚਰਿੱਤਰ ਬਾਰੇ ਦੱਸਿਆ.... ਘੋਰ ਪਾਪੀ ਬਣਾ ਕੇ। 'ਜਿਵੇਂ ਪੁੰਨ ਕੀਤੇ ਹੋਣ' ਵਿਚ 'ਜਿਵੇਂ' ਦੀ ਰਮਜ਼ ਸਮਝਾਈ।

ਮੈਨੂੰ ਵੇਖ ਕੇ ਬੂੜੇ ਦਾ ਪੁੱਤਰ ਕਿਹਰੂ ਹੌਲੀ-ਹੌਲੀ ਸਾਡੇ ਕੋਲ ਨੂੰ ਹੋ ਗਿਆ। ਅਫਸੋਸ ਕਰਨ ਦੇ ਢੰਗ ਨਾਲ ਮੈਂ ਪੁੱਛ ਲਿਆ, "ਕੀ ਗੱਲ, ਬੀਮਾਰ ਹੋ ਗਿਆ ਸੀ ਤਾਇਆ?"

ਉਹ ਪਹਿਲਾਂ ਹੀ ਤਿਆਰ ਸੀ। ਵਾਰ-ਵਾਰ ਦੱਸ ਕੇ ਉਹਨੂੰ ਚੰਗਾ ਅਭਿਆਸ ਹੋ ਚੁੱਕਿਆ ਸੀ। ਇਕਦਮ ਸ਼ੁਰੂ ਹੋ ਗਿਆ, "ਕੋਈ ਬੀਮਾਰ ਨਹੀਂ ਸੀ। ਚੰਗਾ-ਭਲਾ। ਤਾਪ ਵੀ ਨਹੀਂ ਚੜ੍ਹਿਆ। ਨਾ ਜ਼ੁਕਾਮ, ਨਾ ਬੁੱਲਾ। ਚੰਗੀ-ਭਲੀ ਰੋਟੀ ਖਾਧੀ। ਵੱਡੀ ਰਾਤ ਤਾਈਂ ਮੁੰਡਿਆਂ ਨਾਲ ਧੂਏਂ 'ਤੇ ਬੈਠਾ ਰਿਹਾ। ਚੰਗਾ-ਭਲਾ ਉਠ ਕੇ ਆਇਆ। ਆਪ ਈ ਬਾਰ ਬੰਦਾ ਕੀਤਾ, ਕੁੰਡਾ ਲਾਇਆ। ਸਵੇਰੇ ਮੈਂ ਚਾਹ ਦੀ ਗੜਵੀ ਦੇਣ ਗਿਆ। 'ਵਾਜ ਦਿੱਤੀ ਤਾਂ ਬੋਲਿਆ ਨਾ। ਰਜਾਈ ਲਾਹ ਕੇ ਮੂੰਹ ਵੇਖਿਆ। ਅੱਖਾਂ ਮਿੱਚੀਆਂ ਹੋਈਆਂ। ਮੂੰਹ ਬੰਦ। ਜਵਾਂ ਸੁੱਤਾ ਲੱਗਿਆ। ਮਰੇ ਬੰਦੇ ਦੀਆਂ ਅੱਖਾਂ ਤੇ ਮੂੰਹ ਖੁੱਲ੍ਹੇ ਰਹਿ ਜਾਂਦੇ ਐ। ਪਰ ਨਹੀਂ, ਜਿਵੇਂ ਘੂਕ ਸੁੱਤਾ ਹੋਵੇ। ਮੈਂ ਚਾਹ ਵਾਲੀ ਗੜਵੀ ਮੋੜ ਕੇ ਚੁੱਲ੍ਹੇ ਵਿਚ ਅੱਗ ਉੱਤੇ ਰੱਖ ਦਿੱਤੀ, ਬਈ ਤੱਤੀ ਰਹੂ। ਚਾਹ ਦੀ ਉਹਨੂੰ ਆਦਤ ਸੀ, ਸੜਦੀ ਸੜਦੀ ਪੀਂਦਾ ਹੁੰਦਾ ਸੀ। ਫੇਰ ਮੈਂ ਆਵਦੇ ਕੰਮ ਲੱਗ ਗਿਆ। ਪਿੰਡ ਵਿਚ ਵੀ ਇਕ-ਦੋ ਕੰਮ ਕਰ ਆਇਆ। ਆ ਕੇ ਵੇਖਿਆ ਤਾਂ ਗੜਵੀ ਉਵੇਂ ਚੁੱਲ੍ਹੇ ਵਿਚ ਪਈ। ਵੱਡੀਆਂ-ਵੱਡੀਆਂ ਧੁੱਪਾਂ ਚੜ੍ਹ ਆਈਆਂ ਸੀ। ਵਾਜਾਂ ਦਿੱਤੀਆਂ, ਇਕ, ਦੋ.... ਪਰ ਬੋਲਣਾ ਕੀ ਸੀ। ਵਾਜ ਵਿਚ ਹੁੰਦੀ ਤਾਂ ਬੋਲਦੀ ਨਾ... ਬੋਲਣ ਵਾਲੀ ਚੀਜ਼ ਤਾਂ ਉਡ ਗਈ ਸੀ। ਰਜਾਈ ਲਾਹ ਕੇ ਮੂੰਹ ਨੰਗਾ ਕੀਤਾ। ਬਾਂਹ ਫੜ ਕੇ ਹਲੂਣੀ ਤਾਂ ਠੰਡੀ ਬਰਫ ਵਰਗੀ। ਸੁੱਤੇ-ਸੁੱਤੇ ਦੇ ਪਰਾਣ-ਪੰਖੇਰੂ ਹੋ ਗਏ, ਬੱਸ।" ਰੋਣ ਦੇ ਯਤਨ ਵਿਚ



ਕਿਹਰੂ ਨੇ ਬੁੱਲ੍ਹ ਜਿਹੇ ਅਟੇਰੇ, ਪਰ ਰੋਣ ਨਹੀਂ ਨਿਕਲਿਆ।

ਦੂਜੇ ਪਾਸੇ ਕੋਈ ਧਰਮ ਸਿੰਘ ਦੀ ਮੌਤ ਨੂੰ ਯਾਦ ਕਰ ਰਿਹਾ ਸੀ। ਦਿਨ-ਰਾਤ ਭਜਨ-ਬੰਦਗੀ ਕਰਨ ਵਾਲਾ। ਨਿਤਨੇਮੀ। ਪੰਜਾਂ ਬਾਣੀਆਂ ਦਾ ਪਾਠ ਕਰਨ ਪਿੱਛੋਂ ਮੂੰਹ ਜੂਠਾ ਕਰਦਾ। ਕਿਸੇ ਨੂੰ ਕੋਈ ਦੁੱਖ-ਤਕਲੀਫ ਹੁੰਦੀ, ਪਹਿਲਾਂ ਪੁੱਜਦਾ। ਕਿਸੇ ਦਾ ਕੰਡਾ ਵੱਜਿਆ ਧਰਮ ਸਿੰਘ ਤੋਂ ਜਰ ਨਾ ਹੁੰਦਾ। ਪਰ ਮਰਿਆ ਵੇਖ ਲਉ ਕਿਵੇਂ। ਪਏ-ਪਏ ਦਾ ਸਰੀਰ ਗਲ ਗਿਆ, ਇਕ ਪਾਸੇ ਤੋਂ। ਮੁਸ਼ਕ ਮਾਰਿਆ ਕਰੇ। ਹਾਜ਼ਤ-ਪਾਣੀ ਤੋਂ ਵੀ ਆਰੀ ਹੋ ਗਿਆ। ਟਿਕੀ ਰਾਤ ਤੋਂ ਮੌਤ ਨੂੰ ਵਾਜਾਂ ਮਾਰ-ਮਾਰ ਸੱਦਿਆ ਕਰੇ। ਪਰ ਉਹਨੇ ਤਾਂ ਆਪਣੇ ਵਕਤ 'ਤੇ ਹੀ ਆਉਣਾ ਸੀ। ਬਹੁਤ ਨਰਕ ਭੋਗਿਆ ਵਿਚਾਰੇ ਨੇ। ਵੇਖ ਲਓ ਰੱਬ ਦੇ ਰੰਗ।

ਧਰਮ ਸਿੰਘ ਦੀ ਮੌਤ ਬਾਰੇ ਸਾਰਿਆਂ ਨੇ ਕੁਝ ਕਿਹਾ। ਫੇਰ ਕੁਝ ਲੋਕ ਬੂੜੇ ਦੀ ਸੌਖੀ ਮੌਤ ਬਾਰੇ ਦੱਸਦੇ ਤੇ ਕੋਈ ਧਰਮ ਸਿੰਘ ਦੀ ਕਸ਼ਟਾਂ-ਭਰੀ ਮੌਤ ਬਾਰੇ ਗੱਲ ਕਰਦਾ। ਇਕ ਤਰ੍ਹਾਂ ਨਾਲ 'ਗੁਰਮੁਖ' ਤੇ 'ਮਨਮੁਖ' ਦੀ ਮੌਤ ਦਾ ਮੁਕਾਬਲਾ ਹੋਣ ਲੱਗ ਪਿਆ। ਪੁੰਨ ਕਰਨ ਵਾਲਾ ਕਿੰਨਾ ਦੁਖੀ ਹੋ ਕੇ ਮਰਿਆ ਤੇ ਪਾਪੀ ਦੀ ਮੌਤ ਕਿੰਨੀ ਸੁਖਾਲੀ ਸੀ। ਧਰਮ ਸਿੰਘ ਬਾਰੇ ਲੋਕ ਕਹਿ ਰਹੇ ਸਨ-'ਕਿੰਨੇ ਪੁੰਨ ਕੀਤੇ ਸੀ' ਅਤੇ ਬੂੜੇ ਬਾਰੇ-'ਜਿਵੇਂ ਪੁੰਨ ਕੀਤੇ ਹੋਣ।'

ਕਿਹਰੂ ਦੀ ਹਾਲਾਤ ਬੜੀ ਤਰਸਯੋਗ ਸੀ। ਉਹਦੇ ਪਿਉ ਦੀ ਸੁਖੀ ਮੌਤ ਲੋਕਾਂ ਨੂੰ ਚੁਭ ਰਹੀ ਸੀ। ਐਸੀ ਮੌਤ ਦੇ ਵੀ ਉਹਨੂੰ ਯੋਗ ਨਹੀਂ ਸਮਝ ਰਹੇ ਸਨ। ਪਿੱਪਲ ਦੇ ਮੁੱਢ ਵਿਚੋਂ ਲੈ ਕੇ ਉਹਨੇ ਖੇਸ ਦੀ ਬੁੱਕਲ ਮਾਰ ਲਈ ਤੇ ਇਉਂ ਖੜ੍ਹਾ ਹੋ ਗਿਆ ਜਿਵੇਂ ਕੋਈ ਐਲਾਨ ਕਰਨਾ ਹੋਵੇ।

''ਅਸਲ ਵਿਚ ਉਹ ਪੁੰਨ ਤਾਰ ਗਿਆ ਬਾਪੂ ਨੂੰ... ਓਸ ਅਪਕਾਰ ਨੇ ਸੌਤਾ ਕੀਤੀ ਉਹਦੀ'', ਕਿਹਰੂ ਨੇ ਕਿਹਾ ਤੇ ਲੋਕਾਂ ਦੇ ਚਿਹਰਿਆਂ ਵੱਲ ਵੇਖਣ ਲੱਗਾ। ਸਾਰੇ ਚੁੱਪ ਹੋ ਗਏ। ਜਿਵੇਂ ਯਾਦ ਕਰਦੇ ਹੋਣ, ਕਿਹੜਾ ਉਪਕਾਰ ਸੀ, ਜੋ ਲੋਕਾਂ ਤੋਂ ਚੋਰੀ-ਚੋਰੀ ਬੂੜੇ ਨੇ ਕਰ ਦਿੱਤਾ, ਜਿਸ ਨੇ ਉਸਦੀ ਮੌਤ ਏਨੀ ਆਸਾਨ ਕਰ ਦਿੱਤੀ।

''ਏਥੋਂ ਦੀ ਕਾਫਲਾ ਲੰਘਿਆ ਸੀ ਰੌਲੇ ਵੇਲੇ।'' ਕਿਹਰੂ ਨੇ ਦੱਸਿਆ, ''ਤੀਹ ਦੁੱਧ ਪੀਂਦੇ ਬੱਚਿਆਂ ਦੀ ਮੁਕਤੀ ਕੀਤੀ ਸੀ ਬਾਪੂ ਨੇ। ਉਹੀ ਪੁੰਨ ਤਾਰ ਗਿਆ।''

ਦੇਸ਼ ਦੀ ਵੰਡ ਸਮੇਂ, 1947 ਵਿਚ, ਪਿੰਡ ਕੋਲੋਂ ਲੰਘਦੀ ਸੜਕ ਉੱਤੋਂ ਦੀ ਇਕ ਪੰਦਰਾਂ-ਵੀਹ ਮੀਲ ਲੰਮਾ ਕਾਫਲਾ ਲੰਘਿਆ। ਲੁਟੇਰੇ ਤੇ ਧਾੜਵੀ ਕਾਫਲੇ ਦੇ ਪਿੱਛੋਂ ਥੋੜ੍ਹੇ ਕੁ ਬੰਦਿਆਂ ਨੂੰ ਵੱਖ ਕਰ ਲੈਂਦੇ। ਜਵਾਨ ਤੀਵੀਆਂ ਨੂੰ ਉਧਾਲ ਕੇ ਲੈ ਜਾਂਦੇ। ਹੋਰ ਧਾੜਵੀ ਆ ਜਾਂਦੇ। ਇਹ ਸਿਲਸਿਲਾ ਚਲਦਾ ਰਿਹਾ। ਪਿੱਛੋਂ ਕਾਫਲਾ ਵੱਢਿਆ ਜਾ ਰਿਹਾ ਸੀ, ਅੱਗੇ ਤੁਰ ਰਿਹਾ ਸੀ। ਸੜਕ ਲਾਸ਼ਾਂ ਨਾਲ ਭਰ ਗਈ। ਬਿਮਾਰੀ ਫੈਲਣ ਦੇ ਡਰ ਤੋਂ ਅਗਲੇ ਦਿਨ ਲਾਸ਼ਾਂ ਸਮੇਟਣ ਲੱਗੇ ਤਾਂ ਪਿੰਡ ਦੀ ਜੂਹ ਵਿਚ ਕੁਝ ਦੁੱਧ ਪੀਂਦੇ ਬੱਚੇ ਜਿਉਂਦੇ ਲੱਭੇ। ਪਿੰਡ ਵਾਲੇ ਉਹਨਾਂ ਨੂੰ ਧਰਮਸ਼ਾਲਾ ਵਿਚ ਲੈ ਆਏ। ਹੁਣ ਚਿੰਤਾ ਬਣੀ ਕਿ ਇਨ੍ਹਾਂ ਬੱਚਿਆਂ ਦਾ ਕੀ ਕੀਤਾ ਜਾਏ। ਕੁਝ ਬੱਚੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਲੈ ਗਏ। ਫੇਰ ਵੀ ਤੀਹ ਬੱਚੇ ਰਹਿ ਗਏ ਜਿਹਨਾਂ ਦੀ ਉਮਰ ਮਹੀਨਿਆਂ ਵਿਚ ਹੀ ਸੀ। ਪੰਜ-ਸੱਤ ਦਿਨਾਂ ਵਿਚ ਹੀ ਪਿੰਡ ਵਾਲੇ ਦੁਖੀ ਹੋ ਗਏ। ਕੌਣ ਸੰਭਾਲੇ ਬਿਗਾਨੇ ਬੱਚਿਆਂ ਨੂੰ। ਬੰਦੇ ਦਾ ਬੱਚਾ ਪਾਲਣਾ ਕੋਈ ਖੇਲ ਨਹੀਂ। ਵਿਚਾਰ ਹੋਣ ਲੱਗੀ। ਕੋਈ ਕਹੇ, ਪਾਕਿਸਤਾਨ ਵਿਚ ਛੱਡ ਆਈਏ। ਕੋਈ ਕਿਸੇ ਯਤੀਮਖਾਨੇ ਦੀ ਗੱਲ ਕਰਦਾ। ਪਰ ਛੱਡ ਕੇ ਕੌਣ ਆਵੇ। ਖਤਰਨਾਕ ਹਾਲਾਤ ਵਿਚ ਕੋਈ ਜਾਨ ਖਤਰੇ ਵਿਚ ਪਾਉਣ ਨੂੰ ਤਿਆਰ ਨਹੀਂ ਸੀ।

''ਪਰ੍ਹਾਂ ਮੁਕਤੀ ਕਰੋ ਵਿਚਾਰਿਆਂ ਦੀ। ਪਾਕਿਸਤਾਨ 'ਚ ਕੌਣ ਇਹਨਾਂ ਵਾਸਤੇ ਪੂੜੇ ਲਈ ਬੈਠੈ'', ਬੂੜੇ ਨੇ ਸਲਾਹ ਦਿੱਤੀ।

ਏਨੇ ਛੋਟੇ ਦੁੱਧ ਪੀਂਦੇ ਬੱਚਿਆਂ ਨੂੰ ਮਾਰੇਗਾ ਕੌਣ। ਕੋਈ ਨਹੀਂ ਮਾਰ ਸਕਦਾ। ਜੇ ਕਈ ਮਾਰ ਸਕਦਾ ਹੁੰਦਾ ਤਾਂ ਉਹੀ ਨਾ ਮਾਰ ਜਾਂਦੇ ਜਿਹਨਾਂ ਨੇ ਬਾਕੀ ਕਾਫਲਾ ਵੱਢਿਆ ਸੀ। ਜਿਹੜੇ ਇਹਨਾਂ ਦੀਆਂ ਮਾਵਾਂ ਨੂੰ ਲੈ ਗਏ ਸਨ। ਇਸ ਖਿਆਲ ਨਾਲ ਹੀ ਲੋਕਾਂ ਦਾ ਦਿਲ ਦਹਿਲ ਜਾਂਦਾ।

'ਲਿਆਉ। ਮੈਂ ਕਰਦਾਂ ਇਹ ਪੁੰਨ।'' ਅੰਤ ਨੂੰ ਬੂੜੇ ਨੇ ਕਿਹਾ, ''ਇਹਨਾਂ ਦਾ ਕੀ ਐ। ਇਕ-ਇਕ ਟੱਕ ਦੀ ਮਾਰ ਐ ਵਿਚਾਰੇ। ਸਾਰੀ ਉਮਰ ਰੁਲਦੇ ਫਿਰਨਗੇ ਮਾਂ-ਮਹਿੱਟਰ।''

ਬੂੜਾ ਬੱਚਿਆਂ ਨੂੰ ਸੂਏ ਉੱਤੇ ਲੈ ਗਿਆ ਤੇ ਇਕ-ਇਕ ਟੱਕ ਲਾ ਕੇ ਸੂਏ ਵਿਚ ਸੁੱਟ ਦਿੱਤੇ। ਇਹ ਪੁੰਨ ਸੀ, ਕਿਹਰੂ ਦੇ ਦੱਸਣ ਅਨੁਸਾਰ, ਜਿਸ ਨੇ ਉਸਦੇ ਬਾਪੂ ਦੀ ਮੌਤ ਸੌਖੀ ਕਰ ਦਿੱਤੀ ਸੀ।

ਕਿਹਰੂ ਦੀ ਜ਼ਬਾਨੀ ਸੁਣ ਕੇ ਦਾਨੀ ਨੂੰ ਗੱਲ ਪੂਰੀ ਤਰ੍ਹਾਂ ਸਮਝ ਨਾ ਪਈ। ਮੇਰੇ ਕੋਲੋਂ ਦੁਬਾਰਾ ਸੁਣੀ।

''ਆਪ...ਜੀ...ਨੇ... ਵੇਖਿਆ...ਸੀ?'' ਦਾਨੀ ਨੇ ਕਿਹਰੂ ਨੂੰ ਪੁੱਛਿਆ।

ਕਿਹਰੂ ਨੂੰ ਜਦ ਪਤਾ ਲੱਗਿਆ ਕਿ ਪੁੱਛਣ ਵਾਲਾ ਪਰਦੇਸੀ ਹੈ, ਉਹਨੇ ਪਰਦੇਸੀਆਂ ਨੂੰ ਸਮਝਾਉਣ ਵਾਲੇ ਅੰਦਾਜ਼ ਵਿਚ ਬੋਲਣਾ ਸ਼ੁਰੂ ਕਰ ਦਿੱਤਾ, ''ਹਾਂ, ਹਮ ਕੋ ਦੇਖਿਆ ਸੀ... ਹਮ ਤੇਰਾਂ ਬਰਸ ਕਾ ਸੀ ਉਸ ਟੈਮ। ਗੱਡੇ ਉੱਪਰ ਲੱਦ ਕੇ ਲੈ ਗਏ ਥੇ ਹਮ ਬੱਚਿਆਂ ਕੋ।''

''ਕਿੰਨੇ... ਵੱਡੇ ਸਨ... ਬੱਚੇ?'' ਦਾਨੀ ਨੇ ਪੁੱਛਿਆ।

''ਨੀਕੇ-ਨੀਕੇ ਥੇ।'' ਕਿਹਰੂ ਨੇ ਦੋਵਾਂ ਹੱਥਾਂ ਵਿਚ ਵਿੱਥ ਕਰਕੇ ਬੱਚਿਆਂ ਦੇ ਆਕਾਰ ਦੱਸੇ, ''ਐਤਨੇ-ਐਤਨੇ ਦੁੱਧ ਪੀਂਦੇ। ਇਹੀ ਪੁੰਨ ਨੇ ਤਾਰ ਦੀਤਾ।''

''ਤਲਵਾਰ... ਨਾਲ... ਕੱਟ... ਦਿੱਤੇ...ਆਪ...''

ਕਿਹਰੂ ਨੇ ਹੱਥ ਦੀ ਤਲਵਾਰ ਉਪਰੋਂ ਥੱਲੇ ਨੂੰ ਵਾਰ ਕਰਨ ਵਾਂਗ ਕੀਤਾ, ''ਬਸ ਟੇਕ ਟੱਕ ਔਰ ਸਿਰ ਅੱਡ।''

ਦਾਨੀ ਦਾ ਜਿਸਮ ਇਕ ਧੁੜਬੜੀ ਨਾਲ ਕੰਬ ਗਿਆ।

ਚਿਹਰੇ ਦਾ ਤਾਂਬੇ ਵਰਗਾ ਰੰਗ ਪੀਲਾ ਪੈ ਗਿਆ ਤੇ ਫੇਰ ਇਕਦਮ ਬੱਗਾ ਪੂਣੀ ਵਰਗਾ। ਮੈਨੂੰ ਤੁਰਨ ਵਾਸਤੇ ਇਸ਼ਾਰਾ ਕੀਤਾ। ਬੋਲ ਨਹੀਂ ਨਿਕਲਿਆ ਉਹਦਾ।

ਬੰਦਿਆਂ ਤੋਂ ਵੱਖ ਹੋ ਕੇ ਅਸੀਂ ਰਾਹ ਵਿਚ ਆ ਗਏ। ਉਹਨੇ ਆਪਣਾ ਅਟੈਚੀ ਧਰਤੀ 'ਤੇ ਰੱਖ ਦਿੱਤਾ ਤੇ ਅਟੈਚੀ ਵੱਲ ਇਉਂ ਵੇਖਣ ਲੱਗਾ ਜਿਵੇਂ ਖੋਹਲਣਾ ਚਾਹੁੰਦਾ ਹੋਵੇ। ਖੋਹਲਣ ਦਾ ਵਿਚਾਰ ਛੱਡ ਕੇ ਉਹ ਆਪਣੇ ਚਿਹਰੇ ਉੱਤੇ ਉਂਗਲ ਫੇਰਨ ਲੱਗਿਆ। ਉਂਗਲਾਂ ਦੇ ਪੋਟਿਆਂ ਨਾਲ ਟੋਹਣ ਲੱਗਿਆ, ਜਿਵੇਂ ਚਿਹਰੇ ਦਾ ਬਦਲਿਆ ਹੋਇਆ ਰੰਗ ਪੋਟਿਆਂ ਨਾਲ ਵੇਖ ਰਿਹਾ ਹੋਵੇ। ਫੇਰ ਇਕਦਮ ਮੂੰਹ ਦੂਜੇ ਪਾਸੇ ਕਰਕੇ ਬੈਠ ਗਿਆ। ਉਹਨੂੰ ਉਲਟੀ ਆ ਗਈ। ਸਹਾਰਾ ਦੇਣ ਵਾਸਤੇ ਮੈਂ ਉਹਦੇ ਮੋਢੇ ਫੜ ਲਏ। ਤਿੰਨ ਵਾਰ ਉਲਟੀ ਕੀਤੀ।

ਰਾਹ ਦੇ ਦੂਜੇ ਪਾਸੇ ਪੱਕਾ ਖਾਲ ਪਾਣੀ ਦਾ ਭਰਿਆ ਹੋਇਆ ਸੀ। ਸਹਾਰਾ ਦੇ ਕੇ ਉਹਨੂੰ ਉੱਥੇ ਬਿਠਾ ਦਿੱਤਾ। ਕੁਰਲੀ ਕੀਤੀ। ਰੁਮਾਲ ਨਾਲ ਮੂੰਹ ਪੂੰਝਿਆ। ਮੇਰੇ ਤੋਂ ਮੁਆਫੀ ਮੰਗੀ। ''ਮੈਨੂੰ ... ਅਫਸੋਸ... ਹੋਣਾ... ਚਾਹੀਦਾ... ਸੀ... ਮੁਆਫੀ... ਚਾਹੁੰਦਾ ਹਾਂ... ਬੰਦੇ...ਨੂੰ ... ਕਮਜ਼ੋਰ ... ਨਹੀਂ...ਹੋਣਾ...ਚਾਹੀਦਾ...।'' ਉਹ ਅਟਕ ਅਟਕ ਬੋਲਿਆ।

ਮੇਰੀ ਮਾਂ ਨੂੰ ਜਦ ਪਤਾ ਲੱਗਿਆ, ਉਹ ਪਰਦੇਸੀ ਹੈ, ਆਪਣੇ ਪਰਵਾਰ ਤੇ ਦੇਸ ਤੋਂ ਦੂਰ ਹੈ, ਉਹਨੇ ਦਾਨੀ ਦਾ ਬਹੁਤ ਆਦਰ ਕੀਤਾ। ਮੂੰਹ-ਹੱਥ ਧੋਣ ਵਾਸਤੇ ਪਾਣੀ ਗਰਮ ਕਰਕੇ ਦਿੱਤਾ। ਚਾਹ ਬਣਾ ਦਿੱਤੀ। ਉਹਦੇ ਤੋਂ ਉਹਦੇ ਦੇਸ ਬਾਰੇ ਗੱਲਾਂ ਪੁੱਛਦੀ ਰਹੀ। ਪਰ ਦਾਨੀ ਖੁੱਲ੍ਹ ਨਹੀਂ ਸੀ ਰਿਹਾ।

ਉਹਦਾ ਮੂਡ ਠੀਕ ਕਰਨ ਵਾਸਤੇ ਮੈਂ ਆਪਣੇ ਚਾਚੇ ਦੇ ਘਰ ਲੈ ਗਿਆ। ਚਾਚੇ ਦੇ ਪੁੱਤਰ ਨੇ ਵਿਸਕੀ ਪਿਆਈ, ਮੁਰਗੇ ਬਣਵਾਏ। ਪਰ ਦਾਨੀ ਪਿਚਕਿਆ ਹੀ ਰਿਹਾ। ਜੋ ਉਹਨੂੰ ਪੁੱਛਿਆ ਜਾਂਦਾ, ਸੰਖੇਪ ਵਿਚ ਦੱਸ ਦਿੰਦਾ। ਜੋ ਉਹਨੂੰ ਦੱਸਿਆ ਜਾਂਦਾ, ਸੁਣ ਲੈਂਦਾ। ਆਪ ਕੁਝ ਨਾ ਪੁੱਛਦਾ। ਪੁੱਛਣ ਤੇ ਜਾਨਣ ਦਾ ਉਹਦਾ ਉਤਸ਼ਾਹ ਉਕਾ ਮਰ ਚੁੱਕਾ ਸੀ। ਰੋਟੀ ਵੀ ਉਹਨੇ ਥੋੜ੍ਹੀ ਕੁ ਖਾਧੀ। ਉਹਦੀ ਚੁੱਪ ਨੇ ਆਪਣੇ ਲੋਕਾਂ ਦੀ ਮਹਿਮਾਨ ਨਿਵਾਜ਼ੀ ਦੀ ਸਿਫਤ ਕਰਨ ਦਾ ਮੌਕਾ ਵੀ ਮੇਰੇ ਤੋਂ ਖੋਹ ਲਿਆ। ਮੈਂ ਤਾਂ ਦੱਸਣਾ ਚਾਹੁੰਦਾ ਸਾਂ ਕਿ ਬਿਨ ਬੁਲਾਏ ਮਹਿਮਾਨਾਂ ਦਾ ਵੀ ਕਿੰਨਾ ਸਵਾਗਤ ਹੁੰਦਾ ਹੈ ਸਾਡੇ ਘਰਾਂ ਵਿਚ।

ਉਹਦਾ ਬਿਸਤਰਾ ਚੁਬਾਰੇ ਵਿਚ ਕਰ ਦਿੱਤਾ। ਉਥੇ ਰੌਸ਼ਨੀ ਦਾ ਚੰਗਾ ਪ੍ਰਬੰਧ ਸੀ। ਟਿਊਬ ਵਰਗੀ, ਟੇਬਲ ਲੈਂਪ ਵੀ ਸੀ। ਉਹਨੂੰ ਪੜ੍ਹਨ ਵਾਸਤੇ ਸੌਖ ਰਹਿਣੀ ਸੀ। ਮੈਨੂੰ ਵੀ ਉਹਨੇ ਉਥੇ ਸੌਣ ਲਈ ਕਿਹਾ। ਸੌਣ ਤੋਂ ਪਹਿਲਾਂ ਉਹਨੇ ਕੋਈ ਗੱਲ ਨਾ ਕੀਤੀ। ਚੁੱਪ-ਚਾਪ ਰਜਾਈ ਤਾਣ ਕੇ ਪੈ ਗਿਆ।

ਅੱਧੀ ਕੁ ਰਾਤ ਹੋਵੇਗੀ, ਉਹਦੀ ਆਵਾਜ਼ ਸੁਣ ਕੇ ਮੇਰੀ ਨੀਂਦ ਖੁੱਲ੍ਹ ਗਈ। ਰਜਾਈ ਦੀ ਝੀਥ ਵਿਚੋਂ ਵੇਖਿਆ, ਦਾਨੀ ਨੇ ਸਾਰੀਆਂ ਬੱਤੀਆਂ ਜਗਾ ਰੱਖੀਆਂ ਸਨ। ਮੰਜੇ 'ਤੇ ਬੈਠਾ ਫਰੈਂਚ ਵਿਚ ਗੱਲਾਂ ਕਰ ਰਿਹਾ ਸੀ। ਜਿੰਨੀ ਕੁ ਫਰੈਂਚ ਮੈਨੂੰ ਆਉਂਦੀ ਹੈ, ਉਸ ਨਾਲ ਏਨਾ ਕੁ ਸਮਝ ਸਕਿਆ, ''ਪੈਂਤੀ ਸਾਲਾਂ ਬਾਅਦ ਵੀ ਉਹ ਕੰਮ ਪੁੰਨ ਲੱਗਦਾ ਹੈ, ਪੈਂਤੀ ਸਾਲਾਂ ਬਾਅਦ ਪੁੰਨ, ਤੋਬਾ ਤੋਬਾ... ਮੇਰੀ ਬੱਚੀ ਤਿੰਨ ਮਹੀਨਿਆਂ ਦੀ ਹੈ... ਦੁੱਧ ਪੀਂਦੀ ਬੱਚੀ ... ਛੋਟੀ ਬੱਚੀ...''

ਫੇਰ ਉਹ ਮੰਜੇ ਉੱਤੇ ਡਿੱਗ ਪਿਆ ਤੇ ਇਉਂ ਵਲਾਵੇਂ ਜਿਹੇ ਖਾਣ ਲੱਗ ਪਿਆ, ਜਿਵੇਂ ਸੱਪ ਵਿਸ ਘੋਲਦਾ ਹੈ। ਕਦੇ ਇਕ ਪਾਸੇ ਦੀ ਬਾਹੀ ਨਾਲ ਵੱਜਦਾ, ਕਦੇ ਦੂਜੀ ਨਾਲ। ਮੂੰਹ ਵਿਚੋਂ ਇਉਂ ਆਵਾਜ਼ ਆ ਰਹੀ ਸੀ, ਜਿਵੇਂ ਦੰਦ ਪੀਹ ਰਿਹਾ ਹੋਵੇ। ਮੰਜੇ ਦੀਆਂ ਚੂਲਾਂ ਜਰਕ ਰਹੀਆਂ ਸਨ, ਜਿਵੇਂ ਕੋਈ ਉੱਤੇ ਘੋਲ ਕਰ ਰਿਹਾ ਹੋਵੇ। ਮੈਂ ਡਰ ਗਿਆ।

''ਜਾਗ ਗਏ?'' ਮੈਂ ਹੌਸਲਾ ਕਰਕੇ ਆਵਾਜ਼ ਦਿੱਤੀ।

ਉਹ ਛਾਲ ਮਾਰ ਕੇ ਫਰਸ਼ ਉੱਤੇ ਖੜ੍ਹਾ ਹੋ ਗਿਆ। ਉਹ ਫਰਨ-ਫਰਨ ਕੰਬ ਰਿਹਾ ਸੀ। ਚਿਹਰਾ ਪੂਣੀ ਵਾਂਗ ਬੱਗਾ। ਉਹਨੇ ਕੰਧ ਤੋਂ ਸ਼ੀਸ਼ਾ ਚੁੱਕਿਆ ਤੇ ਇਕ ਹੱਥ ਵਿਚ ਫੜ ਕੇ ਵੇਖਣ ਲੱਗ ਪਿਆ। ਦੂਜਾ ਹੱਥ ਉਹ ਗਰਦਨ 'ਤੇ ਫੇਰ ਰਿਹਾ ਸੀ।

''ਦਾਨੀ, ਕੀ ਗੱਲ ਹੈ?''

''ਮੇਰਾ ਦਿਲ ਸ਼ੀਸ਼ਾ ਵੇਖਣ ਨੂੰ ਕਰਦਾ ਸੀ... ਮੇਰੀ ਬੇਬੀ ਤਿੰਨ ਮਹੀਨਿਆਂ ਦੀ ਹੈ।''

''ਸਮਝ ਨਹੀਂ ਆਈ ਮੈਨੂੰ। ਸ਼ੀਸ਼ੇ ਦੀ ਸਮਝ ਨਹੀਂ ਆਈ।''

''ਮੈਨੂੰ ਵੀ ਨਹੀਂ। ਪਰ ਹਰ ਵਾਰ ਮੇਰਾ ਦਿਲ ਸ਼ੀਸ਼ਾ ਦੇਖਣ ਨੂੰ ਕਰਦਾ ਹੈ... ਨਹੀਂ ਤਾਂ ਮੈਂ ਠੀਕ ਨਹੀਂ ਰਹਿੰਦਾ... ਬੀਮਾਰ ਮਹਿਸੂਸ ਕਰਦਾ ਹਾਂ... ਮੈਨੂੰ ਅਫਸੋਸ... ਡਿਸਟਰਬ ਕੀਤਾ... ਮਜਬੂਰ ਹਾਂ ਮੈਂ।'' ਉਹਨੇ ਵਾਰ-ਵਾਰ ਮੁਆਫੀ ਮੰਗੀ। ਮੈਂ ਵਾਰ-ਵਾਰ ਸ਼ੀਸ਼ਾ ਵੇਖਣ ਬਾਰੇ ਪੁੱਛਿਆ। ਪਰ ਉਹਨੂੰ ਆਪ ਪਤਾ ਨਹੀਂ ਸੀ, ਇਸ ਤਰ੍ਹਾਂ ਹਾਲਤ ਵਿਚ ਉਹ ਸ਼ੀਸ਼ਾ ਕਿਉਂ ਵੇਖਣਾ ਚਾਹੁੰਦਾ ਹੈ।

ਫੇਰ ਪੁੱਛਣ ਲੱਗਾ, ''ਉਹ ਆਦਮੀ ਜਿਸ ਕਾਫਲੇ ਦੀ ਗੱਲ ਸੁਣੀ ਸੀ, ਤੁਹਾਡੀ ਕਹਾਣੀ 'ਹਵਾ' ਵਿਚ ਉਸੇ ਕਾਫਲੇ ਦਾ ਜ਼ਿਕਰ ਹੈ?'' ਮੈਂ ਦੱਸਿਆ, ਉਹੀ -ਕਾਫਲਾ ਸੀ।

''ਆਪ ਜੀ ਨੇ ਬੱਚਿਆਂ ਵਾਲੀ ਘਟਨਾ ਕਿਉਂ ਨਹੀਂ ਲਿਖੀ?''

ਇਸ ਸਵਾਲ ਦੀ ਮੈਨੂੰ ਉੱਕਾ ਆਸ ਨਹੀਂ ਸੀ। ਦੱਸਣ ਨੂੰ ਤਾਂ ਬਹੁਤ ਦਲੀਲਾਂ ਦੇ ਸਕਦਾ ਸਾਂ, ਪਰ ਮੈਨੂੰ ਲੱਗਿਆ, ਜਿਵੇਂ ਉਹ ਕਹਿ ਰਿਹਾ ਹੋਵੇ, ਤੁਸੀਂ ਸਿਰਫ ਉਸਤਤ ਹੀ ਲਿਖ ਸਕਦੇ ਹੋ ਅਪਣੇ ਲੋਕਾਂ ਦੀ। ਮੈਂ ਏਨਾ ਹੀ ਕਹਿ ਦਿੱਤਾ, ''ਧਿਆਨ ਨਹੀਂ ਰਿਹਾ।''

ਸਵੇਰੇ ਉਹ ਸਵਾ ਛੇ ਵਜੇ ਵਾਲੀ ਬੱਸ ਫੜ ਕੇ ਦਿੱਲੀ ਨੂੰ ਮੁੜ ਗਿਆ। ਮੇਰੇ ਬਹੁਤ ਜ਼ੋਰ ਦੇਣ ਉੱਤੇ ਵੀ ਉਹ ਨਾ ਰੋਕਿਆ।

# ਪੀਪਲੀ ਲਾਈਵ ਕਲਾਸਿਕ ਫ਼ਿਲਮ ਪਰ...

ਨਵੀਨ ਰਮਨ

ਅਨੂਸ਼ਾ ਰਿਜ਼ਵੀ ਦੁਆਰਾ ਲਿਖੀ ਤੇ ਨਿਰਦੇਸ਼ਿਤ ਕੀਤੀ ਫ਼ਿਲਮ 'ਪੀਪਲੀ (ਲਾਈਵ)' ਦੇ ਨਿਰਮਾਣ ਨਾਲ ਭਾਰਤੀ ਸਿਨੇਮਾ ਫਿਰ ਸਤਿਆਜੀਤ ਰੇਅ, ਸ਼ਿਆਮ ਬੈਨੇਗਲ, ਗੋਬਿੰਦ ਨਿਹਲਾਨੀ ਤੇ ਮ੍ਰਿਣਾਲ ਸੇਨ ਆਦਿ ਫ਼ਿਲਮਕਾਰਾਂ ਦੀ ਫ਼ਿਲਮ ਪਰੰਪਰਾ ਵੱਲ ਝੁਕਿਆ ਦਿਖਾਈ ਦਿੱਤਾ ਹੈ। ਇਸ ਫ਼ਿਲਮ ਦੇ ਮੁੱਖ ਨਿਰਮਾਤਾ ਅਮੀਰ ਖ਼ਾਨ ਵਲੋਂ ਭਾਰਤੀ ਫ਼ਿਲਮ ਖੇਤਰ ਵਿਚ ਜੋ ਪ੍ਰਯੋਗ ਕੀਤੇ ਜਾ ਰਹੇ ਹਨ, ਉਨ੍ਹਾਂ ਪ੍ਰਯੋਗਾਂ ਦੇ ਸਫ਼ਲ ਰਹਿਣ ਦੀ ਪੁਸ਼ਟੀ ਵੀ ਇਹ ਫ਼ਿਲਮ ਕਰਦੀ ਹੈ। ਛੋਟੀ ਜਿਹੀ ਸ਼ਾਇਦ ਛੋਟੇ ਬਜਟ ਦੀ ਵੀ, ਇਹ ਫ਼ਿਲਮ ਉਸਦੀਆਂ ਪਹਿਲੀਆਂ ਫ਼ਿਲਮਾਂ ਲਗਾਨ, ਰੰਗ ਦੇ ਬਸੰਤੀ, ਤਾਰੇ ਜ਼ਮੀ ਪੇ, ਥ੍ਰੀ ਈਡੀਅਟਸ ਵਾਂਗ ਚਰਚਾ ਦਾ ਕੇਂਦਰ ਬਣੀ ਰਹੀ ਹੈ। ਇਹ ਵੀ ਠੀਕ ਹੈ ਕਿ ਇਸ ਚਰਚਾ ਦੌਰਾਨ ਇਸ ਫ਼ਿਲਮ ਨੂੰ ਗਹਿਰਾਈ ਤੋਂ ਸਮਝਣ ਦੀ ਕੋਸ਼ਿਸ ਬਹੁਤ ਘੱਟ ਹੋਈ ਹੈ। ਇਸ ਗੰਭੀਰ ਦੁਖਾਂਤਕ ਫ਼ਿਲਮ ਨੂੰ ਕਈ ਸਮੀਖਿਅਕਾਂ ਨੇ ਮੀਡੀਆ ਦੀ ਖਿੱਲੀ ਉਡਾਉਣ ਵਾਲੀ ਕਾਮੇਡੀ ਸਮਝਣ ਦੀ ਭੁੱਲ ਵੀ ਕੀਤੀ ਹੈ।

ਨਿਰਸੰਦੇਹ, 'ਪੀਪਲੀ (ਲਾਈਵ)' ਦੀਆਂ ਕੁੱਝ ਸੀਮਾਵਾਂ ਵੀ ਹਨ, ਕਥਾਕਾਰ ਤੇ ਨਿਰਦੇਸ਼ਿਕਾਂ ਨੇ ਫ਼ਿਲਮ ਦੀ ਕਹਾਣੀ ਵਿਚਲੀਆਂ ਕੁੱਝ ਅਹਿਮ ਕੜੀਆਂ ਅਣ ਜੁੜੀਆਂ ਹੀ ਰਹਿਣ ਦਿੱਤੀਆਂ ਹਨ। ਫਿਰ ਵੀ ਕੁੱਝ ਇਕ ਪੱਖਾਂ ਤੋਂ ਇਹ ਫ਼ਿਲਮ ਕਲਾਸਿਕ ਹਿੰਦੀ ਫ਼ਿਲਮਾਂ 'ਚ ਸ਼ੁਮਾਰ ਕੀਤੇ ਜਾਣ ਦੇ ਯੋਗ ਹੈ। ਚਿਰ ਮਗਰੋਂ ਬਾਲੀਵੁਡ ਦਾ ਕੈਮਰਾ ਸਮਾਜ ਦੇ ਮਿਹਨਤਕਸ਼ ਵਰਗ ਦੇ ਯਥਾਰਮਥ ਜੀਵਨ ਵੱਲ ਪਰਤਿਆ ਹੈ। ਕਰਜ਼ੇ ਤੋਂ ਕੰਗਾਲੀ ਦਾ ਨਰਕ ਭੋਗ ਰਹੇ ਕਿਸਾਨਾਂ ਨੂੰ ਬਾਲੀਵੁਡ ਫ਼ਾਰਮੂਲਿਆਂ ਤੋਂ ਵੱਡੀ ਹੱਦ ਤੱਕ ਮੁਕਤ ਰੱਖਿਆ ਹੈ। ਕਿਸਾਨਾਂ ਦੀਆਂ ਭੂਮਿਕਾਵਾਂ ਵੀ ਗ਼ਰੀਬ ਕਿਸਾਨਾਂ ਵਾਂਗ ਜਪਦੇ ਰਘੁਬੀਰ ਯਾਦਵ ਵਰਗੇ ਅਦਾਕਾਰਾਂ ਪਾਸੋਂ ਕਰਵਾਈਆਂ ਗਈਆਂ ਹਨ। ਭਾਰਤ ਦੀ ਅਤੀ ਗ਼ਰੀਬ ਕਿਸਾਨੀ ਦੀ ਆਰਥਿਕ ਤਸਵੀਰਕਸ਼ੀ ਪੱਖੋਂ ਇਹ ਫ਼ਿਲਮ ਬੇਜੋੜ ਹੈ।

ਕਰਜ਼ੇ ਦੇ ਬੋਝ ਥੱਲੇ ਨਪੀੜੇ ਹੋਏ ਕਿਸਾਨ ਕੋਲ ਬੋਝ ਤੋਂ ਮੁਕਤ ਹੋਣ ਦਾ ਹੋਰ ਕੋਈ ਵਸੀਲਾ ਨਹੀਂ ਸਿਵਾਏ ਇਸ ਦੇ ਕਿ ਉਹ ਆਪਣੇ ਪੁਰਖਿਆਂ ਕੋਲੋਂ ਵਿਰਸੇ 'ਚ ਮਿਲੀ ਜ਼ਮੀਨ ਨੂੰ ਨੀਲਾਮ ਹੋ ਜਾਣ ਦੇਵੇ। ਕਹਾਣੀ ਦੇ ਪ੍ਰਮੁੱਖ ਪਾਤਰ ਨੱਥਾ ਤੇ ਬੁਧੀਆਦਾ, ਦੋਵੇਂ ਜ਼ਮੀਨ ਬਚਾਉਣ ਲਈ ਵੋਟਾਂ ਦੇ ਦਿਨਾਂ ਦਾ ਖ਼ਿਆਲ ਕਰ ਕੇ ਰਿਆਇਤ ਦੀ ਆਸ ਦਿਲ 'ਚ ਲੈ ਕੇ ਇਲਾਕੇ ਦੇ ਚੌਧਰੀਆਂ ਕੋਲ ਜਾਂਦੇ ਹਨ। ਖਰਮਸਤੀ ਕਰਦੇ ਚੌਧਰੀਆਂ ਵਿਚੋਂ ਇਕ ਮਜ਼ਾਕੀਆ ਲਹਿਜ਼ੇ 'ਚ ਕਹਿੰਦਾ ਹੈ ਕਿ ਕਰਜ਼ੇ ਤੋਂ ਛੁਟਕਾਰਾ ਪਾਉਣ ਦਾ ਇਕ ਹੀ ਤਰੀਕਾ ਹੈ ਕਿ ਕਰਜ਼ਾਈ ਕਿਸਾਨ ਖ਼ੁਦਕੁਸ਼ੀ ਕਰ ਲਵੇ ਤੇ ਕਿਸਾਨ ਦਾ ਪਰਿਵਾਰ ਸਰਕਾਰ ਕੋਲੋਂ ਇਕ ਲੱਖ ਰੁਪਏ ਦੀ ਰਕਮ ਮੁਆਵਜ਼ੇ ਵਜੋਂ ਹਾਸਲ ਕਰੇ।

ਲੱਠਮਾਰ ਚੌਧਰੀ ਦੀ ਸੁਝਾਈ ਤਰਕੀਬ ਅਨੁਸਾਰ ਨੱਥਾ ਖ਼ੁਦਕੁਸ਼ੀ ਦਾ ਫ਼ੈਸਲਾ ਕਰਦਾ ਹੈ। ਫ਼ੈਸਲੇ ਦੀ ਖ਼ਬਰ ਅਖ਼ਬਾਰ ਵਿਚ ਛਪਦਿਆਂ ਹੀ ਪੀਪਲੀ ਦੇ ਗ਼ਰੀਬ ਕਿਸਾਨ ਉਪਰ ਮੀਡੀਆ ਤੇ ਸਿਆ-ਸਤ ਦਾ ਦੰਗਲ ਭੱਖ ਪੈਂਦਾ ਹੈ। ਇਹ ਦੰਗਲ ਅਖ਼ੀਰ ਨੱਥਾ ਦੀ ਬਲੀ ਲੈ ਲੈਂਦਾ ਹੈ। ਫ਼ਿਲਮ ਦੇ ਖੇਤਰੀ ਪੁੱਠ ਵਾਲੇ ਸੰਵਾਦ ਵਿਅੰਗਤਮਿਕ ਵੀ ਹਨ ਤੇ ਪ੍ਰਭਾਵਸ਼ਾਲੀ ਵੀ। ਫ਼ਿਲਮ ਦਾ ਤਕਨੀਕੀ ਪੱਖ ਵੀ ਸ਼ਲਾਘਾਯੋਗ ਹੈ। ਦੇਸ਼ ਦੀ ਗ਼ਰੀਬੀ ਤੋਂ ਹੱਟ ਕੇ ਮਹਾਂ ਨਗਰਾਂ ਨੂੰ ਮੁੜਦਾ ਹੋਇਆ ਕੈਮਰਾ ਜਦੋਂ ਚਹੁੰ-ਮਾਰਗੀ ਸੜਕਾਂ, ਬਹੁ-ਮੰਜ਼ਲੀ ਇਮਾਰਤਾਂ, ਫ਼ਲਾਈਓਵਰਾਂ, ਪੁਲਾਂ ਆਦਿ ਤੋਂ ਘੁੰਮਦਾ ਹੈ ਤਾਂ ਫ਼ਿਲਮ ਦੇ ਅਰਥ ਹੋਰ ਵੀ ਉਘੜ ਆਉਂਦੇ ਹਨ। ਹਾਲ ਦੀ ਘੜੀ ਅਨੂਸ਼ਾ ਰਿਜ਼ਵੀ ਤੇ ਅਮੀਰ ਖ਼ਾਨ ਦੀ ਇਸ ਗੱਲੋਂ ਸਿਫ਼ਤ ਕਰਨੀ ਬਣਦੀ ਹੈ ਕਿ ਉਨ੍ਹਾਂ ਫ਼ਿਲਮ ਮਾਧਿਅਮ ਵਿਚ ਅਸਲੀ ਭਾਰਤ ਦਾ ਮੁੜ ਤੋਂ ਪ੍ਰਵੇਸ਼ ਕਰਵਾਇਆ ਹੈ। ਕਿਸਾਨਾਂ ਤੇ ਮਜ਼ਦੂਰਾਂ ਦੀ ਜਮਾਤੀ ਚੇਤਨਾ ਤੇ ਰਾਜਨੀਤੀ ਨੂੰ ਨਜ਼ਰਅੰਦਾਜ਼ ਕਰਨ ਕਰ ਕੇ ਇਹ ਫ਼ਿਲਮ ਆਪਣੇ ਵਿਸ਼ੇ ਨਾਲ ਪੂਰਾ ਨਿਆਂ ਨਹੀਂ ਕਰ ਸਕੀ। ਨੱਥਾ ਦੀ ਖ਼ੁਦਕੁਸ਼ੀ ਦੀ ਯੋਜਨਾ ਜੇਕਰ ਏਡੀ ਵੱਡੀ ਖ਼ਲਬਲੀ ਪੈਦਾ ਕਰ ਸਕਦੀ ਹੈ ਤਾਂ ਜ਼ਰੂਰ ਹੀ ਨੱਥਾ ਵਰਗ ਦੀ ਆਪਣੀ ਵੀ ਕੋਈ ਸਸ਼ਕਤ ਰਾਜਸੀ ਹੋਂਦ ਹੈ। ਫ਼ਿਲਮ ਜਮਾਤੀ ਵਿਰੋਧ ਦੀ ਸੰਭਾਵਨਾ ਨੂੰ ਉਆੜਨ ਵਿਚ ਸਫ਼ਲ ਨਹੀਂ ਹੋ ਸਕੀ। ਕੁੱਲ ਮਿਲਾਕੇ ਇਹ ਫ਼ਿਲਮ ਦੇਖਣ ਯੋਗ ਹੈ।

# ਸਮਕਾਲੀ ਸਾਹਿਤ :

## ਪ੍ਰਵਚਨ

ਪੰਜਾਬੀ ਸਭਿਆਚਾਰ ਵਿਚ ਪੱਤਰ/ਪੱਤ੍ਰਿਕਾਵਾਂ ਦਾ ਵਿਸ਼ੇਸ਼ ਸਥਾਨ ਬਣਦਾ ਜਾ ਰਿਹਾ ਹੈ। ਭਾਵੇਂ ਕਈ ਪੱਤ੍ਰਿਕਾਵਾਂ ਕੁਝ ਸਾਲ ਚੱਲ ਕੇ ਬੰਦ ਵੀ ਹੁੰਦੀਆਂ ਰਹੀਆਂ ਹਨ ਜਾਂ ਉਹ ਸਮਾਂ ਪਾ ਕੇ ਘੱਟ ਪ੍ਰਭਾਵਸ਼ਾਲੀ ਹੁੰਦੀਆਂ ਰਹੀਆਂ ਹਨ, ਪਰੰਤੂ ਸਾਹਿਤਕ ਪੱਤਰਕਾਰੀ ਨੇ ਆਪਣਾ ਮੁੱਲ ਗਵਾਇਆ ਨਹੀਂ, ਸਗੋਂ ਵਧਾਇਆ ਹੀ ਹੈ। ਸਮਕਾਲੀ ਸਮਿਆਂ ਵਿਚ 'ਹੁਣ' ਚਿਰਾਗ, ਸਿਰਜਣਾ, ਸ਼ਬਦ ਅਤੇ ਪ੍ਰਵਚਨ ਆਦਿ ਪੱਤਰ/ਪੱਤ੍ਰਿਕਾਵਾਂ ਬਾਰੇ ਕੁਝ ਨਾ ਕੁਝ ਸਮਾਚਾਰ ਪੱਤਰਾਂ ਵਿਚ ਲਿਖਿਆ ਮਿਲ ਜਾਂਦਾ ਹੈ, ਭਾਵੇਂ ਇਹ ਸਰਵਰਕ ਜਾਂ ਅੰਦਰ ਦੀ ਸੂਚਨਾ ਮਾਤਰ ਹੀ ਹੁੰਦੀ ਹੈ।




ਇਥੇ ਅਸੀਂ ਇਕ ਕਾਲਮ ਸ਼ੁਰੂ ਕਰ ਰਹੇ ਹਾਂ ਜਿਸ ਵਿਚ ਲਗਾਤਾਰ ਇਕ ਪਰਚੇ ਬਾਰੇ ਜਾਣਕਾਰੀ ਦਿੱਤੀ ਜਾਇਆ ਕਰੇਗੀ। ਇਥੇ ਅਸੀਂ ਪ੍ਰਵਚਨ ਮੈਗਜ਼ੀਨ ਬਾਰੇ ਸੰਖੇਪ ਜਿਹੀ ਜਾਣਕਾਰੀ ਦੇਣਾ ਚਾਹਾਂਗੇ। ਡਾ. ਰਜਨੀਸ਼ ਬਹਾਦਰ ਸਿੰਘ ਨੇ ਸੰਨ 2000 ਵਿਚ ਸਵਰਨ ਚੰਦਨ ਦੀ ਮੱਦਦ ਨਾਲ ਪ੍ਰਵਚਨ ਦਾ ਆਰੰਭ ਕੀਤਾ ਸੀ। ਜਿਵੇਂ ਕਿ ਰਜਨੀਸ਼ ਬਹਾਦਰ ਨੂੰ ਉਸਦੇ ਮਿੱਤਰਾਂ ਨੇ ਕਿਹਾ ਸੀ ਕਿ ਸਵਰਨ ਚੰਦਨ ਬਹੁਤੀ ਦੇਰ ਨਿਭ ਨਹੀਂ ਸਕੇਗਾ, ਉਸੇ ਤਰ੍ਹਾਂ ਹੀ ਹੋਇਆ। ਸਵਰਨ ਚੰਦਨ ਦੇ ਪਿੱਛੇ ਹਟਣ ਦਾ ਕਾਰਣ ਰਜਨੀਸ਼ ਬਹਾਦਰ ਸਿੰਘ ਆਪ ਦਿੰਦਾ ਹੈ, "ਪਰ ਇਨ੍ਹਾਂ ਪੰਨ੍ਹਿਆਂ ਦੇ ਕੁਝ ਅੰਕਾਂ ਬਾਰੇ ਮੇਰੇ ਲਿਖੇ ਉੱਤੇ ਮੈਨੂੰ ਸ਼ਰਮ ਆਉਂਦੀ ਹੈ। 2002 ਦੀ ਵਲਾਇਤ ਫੇਰੀ ਸਮੇਂ ਉਥੋਂ ਦੀ ਧੜੇਬੰਦੀ ਵਿਚ ਉਲਝੇ ਕੁਝ ਲੋਕਾਂ ਨੇ ਤੋਹਮਤਬਾਜ਼ੀ ਕੀਤੀ। ਮੈਨੂੰ ਉਨ੍ਹਾਂ ਦੇ ਜਵਾਬ ਵਿਚ ਨਹੀਂ ਪੈਣਾ ਚਾਹੀਦਾ ਸੀ। ਪਰ ਇਹ ਉਮਰ ਦਾ ਵਹਾਅ ਤੇ ਸਮੇਂ ਦੀ ਗੱਲ ਹੁੰਦੀ ਹੈ।" ਪੰਜਾਂ ਸਾਲਾਂ ਬਾਅਦ ਸਵਰਨ ਚੰਦਨ ਦੇ ਪਿਛਾਂਹ ਹਟਣ ਨਾਲ ਭਾਵੇਂ ਪ੍ਰਵਚਨ ਨੂੰ ਝਟਕਾ ਲੱਗਾ। ਪਰੰਤੂ ਆਪਣੇ ਦੋਸਤ-ਮਿੱਤਰਾਂ ਦੀ ਮਦਦ ਨਾਲ ਵਿਸ਼ੇਸ਼ ਕਰਕੇ ਸੰਤੋਖ ਧਾਲੀਵਾਲ ਦੀ ਸਹਾਇਤਾ ਨਾਲ ਇਸ ਪਰਚੇ ਨੂੰ ਅਗਾਂਹ ਵਧਾਇਆ ਗਿਆ ਅਤੇ ਹੁਣ ਇਸ ਪਰਚੇ ਦਾ 40-41 ਵਾਂ ਅੰਕ ਸਾਡੇ ਹੱਥਾਂ ਵਿਚ ਹੈ। ਸਮੇਂ-ਸਮੇਂ ਭਗਤ ਸਿੰਘ ਬਾਰੇ, ਦਲਿਤ ਮਸਲਿਆਂ ਬਾਰੇ, ਪਰਵਾਸੀ ਸਾਹਿਤ ਅਤੇ ਸੁਹਜ-ਸ਼ਾਸ਼ਤਰ ਬਾਰੇ ਸੰਪਾਦਕੀ ਟਿੱਪਣੀਆਂ ਲਿਖੀਆਂ ਗਈਆਂ। ਉਮੀਦ ਕਰਨੀ ਚਾਹੀਦੀ ਹੈ ਕਿ ਇਹ ਪਰਚਾ ਕੇਵਲ ਵਿਦਿਆਰਥੀਆਂ ਤੱਕ ਹੀ ਸੀਮਤ ਨਹੀਂ ਰਹੇਗਾ। ਸਗੋਂ ਆਪਣੇ ਇਸ ਅਹਿਦ ਨੂੰ ਨਿਭਾਏਗਾ ਕਿ, "ਅਸੀਂ ਪ੍ਰਵਚਨ ਨੂੰ ਤਰਕਯੁਕਤ ਵਿਚਾਰਧਾਰਾ ਦਾ ਵਾਹਕ ਬਣਾਉਣਾ ਚਾਹੁੰਦੇ ਹਾਂ।"

ਕਰਮਜੀਤ ਸਿੰਘ

# ਉਹੋ ਤਾਂ ਵੇਲਾ ਕਰ ਲੈ ਯਾਦ

## ਲੋਕ-ਗੀਤਾਂ ਦੇ ਨਾਲ ਨਾਲ



ਡਾ. ਕਰਮਜੀਤ ਸਿੰਘ

ਫ਼ੀਲਡ ਵਰਕ ਕਰਦਿਆਂ ਕਈ ਅਨੁਭਵ ਅਜਿਹੇ ਹੁੰਦੇ ਹਨ, ਜਿਨ੍ਹਾਂ ਨੂੰ ਵੱਖਰੇ ਅਨੁਭਵ ਦਾ ਨਾਂ ਹੀ ਦਿੱਤਾ ਜਾ ਸਕਦਾ ਹੈ। ਇਕ ਵਾਰੀ ਮੇਰਾ ਮਨ ਕੀਤਾ ਕਿ ਵਿਆਹ ਦੀਆਂ ਰਸਮਾਂ ਨਾਲ ਜੁੜੇ ਗੀਤਾਂ ਨੂੰ ਸੰਗੀਤਬੱਧ ਤਰੀਕੇ ਨਾਲ ਰਿਕਾਰਡ ਕੀਤਾ ਜਾਵੇ। ਇਸ ਲਈ ਜ਼ਰੂਰੀ ਸੀ ਵਿਆਹ ਤੋਂ ਇਕ ਦੋ ਦਿਨ ਪਹਿਲਾਂ ਵਿਆਹ ਵਾਲੇ ਘਰ ਪਹੁੰਚਿਆ ਜਾਵੇ ਅਤੇ ਰਸਮਾਂ ਖ਼ਤਮ ਹੁੰਦਿਆਂ ਤਕ ਟਿਕਿਆ ਜਾਵੇ। ਅਜਿਹਾ ਜਾਣੇ ਪਹਿਚਾਣੇ ਘਰ ਹੀ ਹੋ ਸਕਦਾ ਸੀ। ਸੋ ਮੈਂ ਕਈ ਮਿੱਤਰਾਂ ਨੂੰ ਵਿਆਹ ਦੀ ਸੂਚਨਾ ਦੇਣ ਬਾਰੇ ਕਹਿ ਦਿੱਤਾ। ਪਹਿਲਾਂ ਵਿਆਹ ਜੋ ਆਇਆ ਉਹ ਮੋਹਰੀ ਚੱਕ ਪਿੰਡ ਦਾ ਹੀ ਆ ਗਿਆ। ਮੈਂ ਛੁੱਟੀਆਂ ਲੈ ਕੇ ਸ਼ਨੀਵਾਰ, ਐਤਵਾਰ ਮਿਲਾ ਕੇ ਪੁੱਜ ਗਿਆ। ਗਹਿਮਾ ਗਹਿਮੀ ਸੀ। ਮੇਰੇ ਰਹਿੰਦਿਆਂ ਨਾਨਕਿਆਂ ਦਾ ਆਉਣਾ, ਮਾਈਆ (ਵੱਟਣ) ਲੱਗਣ, ਘੋੜੀ ਚੜ੍ਹਨ ਪੱਖਾ ਝੱਲਣ, ਗ੍ਰਹਿ ਸੈਂਤ ਕਰਨ, ਗਾਨਾ ਖੋਲ੍ਹਣ ਆਦਿ ਰਸਮਾਂ ਹੋਈਆਂ ਤੇ ਉਸ ਨਾਲ ਜੁੜੇ ਗੀਤ ਵੀ ਗਾਏ ਗਏ। ਕੁੱਝ ਤਾਂ ਅਸਲੋਂ ਮੇਰੇ ਲਈ ਨਵੇਂ ਸਨ। ਬਲਕਿ ਪੰਜਾਬੀ ਲੋਕ ਸਾਹਿਤ ਵਿਚ ਹੁਣ ਤਕ ਜਾਣੇ ਜਾਂਦੇ ਗੀਤਾਂ ਤੋਂ ਹੱਟ ਕੇ ਸਨ। ਕੁਦਰਤੀ ਹੈ ਕਿ ਮੈਂ ਮਹਿਸੂਸ ਕੀਤਾ ਕਿ ਕੁੱਝ ਗੀਤ ਵਿਆਹ ਦੌਰਾਨ ਹੀ ਮਿਲ ਸਕਦੇ ਹਨ। ਵੈਸੇ ਮੇਰੀ ਇਹ ਧਾਰਨਾ ਹੈ ਕਿ ਗਹਿਮਾ ਗਹਿਮੀ ਵਿਚ ਮਿਲੇ ਗੀਤ ਆਮ ਹੀ ਹੁੰਦੇ ਹਨ। ਡੂੰਘੇ ਗੀਤ ਕਢਵਾਉਣ ਲਈ ਬਜ਼ੁਰਗਾਂ ਨੂੰ ਵੱਖਰਿਆਂ ਹੀ ਲੈ ਕੇ ਬੈਠਣਾ ਪੈਂਦਾ ਹੈ।

ਘੋੜੀ ਚੜ੍ਹਣ ਤੋਂ ਪਹਿਲੀ ਰਾਤ ਮੇਰੇ ਲਈ ਜਗਰਾਤੇ ਦੀ ਰਾਤ ਸੀ। ਨਾਨੀ (ਲਾਭੀ), ਮਾਤਾ ਜੀ ਦੀ ਭੂਆ, ਮੈਨੂੰ ਬਹੁੜੀ। ਉਸ ਨੇ ਗਿੱਧੇ ਦੇ ਪਿੜ ਵਿਚੋਂ ਵਿਹਲੇ ਹੋ ਕੇ, ਆਪਣੀ ਧੀ ਬਿਮਲਾ ਨੂੰ ਵੀ ਨਾਲ ਬਿਠਾ ਲਿਆ। ਬਿਸ਼ਨੋ, ਕਿਸ਼ਨੋ, ਦੇਬੋ ਤੇ ਪੱਪੀ ਵੀ ਆ ਜੁੜੀਆਂ। ਮੈਂ ਖ਼ੁਰਚ ਖ਼ੁਰਚ ਕੇ ਗੀਤ ਕਢਵਾਉਂਦਾ ਰਿਹਾ। ਨਾਲ ਨਾਲ ਟੇਪ ਕਰਦਾ ਰਿਹਾ। ਕਰਦਿਆਂ ਕਰਾਉਂਦਿਆਂ ਸਵੇਰ ਦੇ ਚਾਰ ਵੱਜ ਗਏ। ਸਪੀਕਰ ਲੱਗ ਗਿਆ। ਗੁਰਬਾਣੀ ਦੇ ਸ਼ਬਦ ਸ਼ੁਰੂ ਹੋ ਗਏ।

ਨਾਨੀ ਲਾਭੀ ਕਹਿਣ ਲੱਗੀ , 'ਨੀ ਕੁੜੇ ਬਥੇਰਾ ਲੂਤ ਬਾਣਾ ਬਕ ਲਿਆ, ਹੁਣ ਸਵੇਰ ਹੋ ਗਈ ਆ। ਕੋਈ ਸਵੇਰ ਦਾ ਗੀਤ ਗਾਉ।' ਮੈਂ ਤਾਂ ਇਕ ਦਮ ਚੁਕੰਨਾ ਹੋ ਗਿਆ। ਕਿਉਂਕਿ ਹੁਣ ਤਕ ਦੇ ਫ਼ੀਲਡ ਵਰਕ ਵਿਚ ਮੈਂ ਸਵੇਰ ਦੇ ਗੀਤ ਦੀ ਵੰਨਗੀ ਨਹੀਂ ਸੀ ਸੁਣੀ। ਮੈਨੂੰ ਲੱਗਾ ਕਿ ਕੁੱਝ ਨਵਾਂ ਆਉਣ ਵਾਲਾ ਹੈ। ਪਤਲੀ ਜਿਹੀ, ਗਿਠ-ਮੁਠੀ ਲਾਭੀ ਨਾਨੀ ਨੂੰ ਦੇਖ ਕੇ ਇਹ ਕੋਈ ਨਹੀਂ ਸੀ ਸੋਚ ਸਕਦਾ ਕਿ ਉਸ ਦੀ ਆਵਾਜ਼ ਏਨੀ 'ਟਾਟਰੀ' ਤੇ ਸਾਫ਼ ਹੋ ਸਕਦੀ ਹੈ ਪਰ ਮੈਂ ਤਾਂ ਸਭ ਕੁੱਝ ਜਾਣਦਾ ਸਾਂ। ਉਹ ਤਾਂ ਲੋਕ ਗੀਤਾਂ ਦਾ ਵਿਸ਼ਵਕੋਸ਼ ਸੀ ਮੇਰੇ ਲਈ। ਉਸ ਨੇ ਆਵਾਜ਼ ਚੁੱਕੀ, ਬਿਮਲਾ ਨੇ ਸਾਥ ਦਿਤਾ।

ਉਠ 'ਸੋਧਾਂ' ਪਿਆਰੀ, ਉਠ ਕੇ ਜੰਦੜੇ ਨੂੰ ਖੋਲ੍ਹ,  
ਦਾਤਣ ਦੀ ਵੇਲਾ ਸਾਡੀ ਹੋ ਗਈ ਮਹਾਰਾਜ।

ਸੋਧਾਂ, ਜਸੋਧਾਂ ਦਾ ਵਿਗੜਿਆ ਰੂਪ ਸੀ। ਉਸ ਨੂੰ ਕੌਣ ਕਹਿ ਸਕਦਾ ਕਿ ਤੂੰ ਉਠ ਕੇ ਜੰਦਰਾ ਖੋਲ੍ਹ ਦੇ। ਉਹ ਵੀ ਸਵੇਰ ਦੇ ਵੇਲੇ। ਅਗਲੀ ਪੰਗਤੀ ਸੁਣਨ ਲਈ ਮਨ ਕਾਹਲਾ ਪੈ ਗਿਆ। ਲਾਭੀ ਦੀ ਇਹ ਸਿਫ਼ਤ ਸੀ ਕਿ ਉਹ ਗੀਤ ਦੀ ਪਹਿਲੀ ਪੰਗਤੀ ਸ਼ੁਰੂ ਕਰ ਦੇਵੇ ਤਾਂ ਫਿਰ ਪੂਰਾ ਗੀਤ ਹੀ ਗਾ ਦਿੰਦੀ ਸੀ। ਵਿਚ ਰੁਕਣ ਦੀ ਕਦੇ ਉਸ ਨੂੰ ਲੋੜ ਪਈ ਹੋਵੇ, ਮੈਨੂੰ ਤਾਂ ਯਾਦ ਨਹੀਂ। ਉਸ ਨੇ ਅਗਲੀ ਪੰਗਤੀ ਚੁੱਕੀ।

ਕਨ੍ਹਈਆ ਦਾ ਨਾਂ ਆਉਂਦਿਆਂ ਹੀ ਮੈਂ ਸ਼ਸੋਪੰਜ ਵਿਚ ਪੈ ਗਿਆ। ਕ੍ਰਿਸ਼ਨ ਮਾਂ ਨਾਲ ਯਾਨੀ ਜਸੋਧਾਂ ਨਾਲ ਇਹੋ ਜਿਹੀਆਂ ਅੰਤਰ-ਗੱਲਾਂ ਨਹੀਂ ਕਰ ਸਕਦਾ। ਲਗਦਾ ਸੀ ਕਿ ਗਾਇਕਾਵਾਂ ਨੇ ਜਿਵੇਂ ਗੀਤ ਸੁਣਿਆ ਸੀ ਉਵੇਂ ਸੁਣਾ ਦਿਤਾ ਸੀ। ਕਿਸੇ ਪੜਾਅ ਤੇ ਮੌਖਿਕ ਪ੍ਰਕਿਆ ਰਾਹੀਂ 'ਰਾਧਾ' ਦੀ ਥਾਂ 'ਸੋਧਾਂ' ਹੋ ਗਿਆ ਸੀ। ਅਚੇਤ ਗ੍ਰਹਿਣ ਕੀਤੇ ਗੀਤ ਦੀ ਸੁਚੇਤ ਪੁਣ-ਛਾਣ ਨਹੀਂ ਸੀ ਹੋ ਸਕੀ। ਲੋਕ ਅਜਿਹੀ ਛਾਣਬੀਣ ਕਰਦੇ ਵੀ ਨਹੀਂ। ਸਿਰਜਣ ਪ੍ਰਕਿਆ ਤੋਂ ਲੈ ਕੇ ਗਾਉਣ ਪ੍ਰਕਿਆ ਤਕ ਸਭ ਕੁਝ ਅਚੇਤ ਹੀ ਚਲਦਾ ਰਹਿੰਦਾ ਹੈ। ਇਥੇ ਨਾਂ ਬਦਲੀ ਵੀ ਅਚੇਤ ਹੋ ਗਈ ਸੀ। ਰਾਧਾ ਕ੍ਰਿਸ਼ਨ ਨੂੰ ਹੁਣ ਤਕ ਪ੍ਰੇਮੀ ਪ੍ਰੇਮਿਕਾ ਦੇ ਰੂਪ ਵਿਚ ਚਿਤ੍ਰਿਤ ਕੀਤਾ ਜਾਂਦਾ ਰਿਹਾ ਹੈ ਪਰ ਇਥੇ ਤਾਂ ਦੋਵੇਂ ਪਤੀ-ਪਤਨੀ ਦੇ ਸਬੰਧਾਂ ਵਿਚ ਬੱਝੇ ਹੋਏ ਹਨ। ਇਸੇ ਲਈ ਤਾਂ ਸੇਵਰ ਹੋਣ ਦਾ ਅਹਿਸਾਸ ਹੈ। ਇਹ ਗੱਲ ਵੀ ਰਾਧਾ ਹੀ ਕਹਿ ਸਕਦੀ ਹੈ ਕਿ 'ਵੇ ਕਾਨ੍ਹ ਕਨ੍ਹਈਆ ਅਜੇ ਤਾਂ ਅੱਧੀ ਰਾਤ ਪਈ ਹੈ, ਤੇਰੀ ਦਾਤਣ ਦੀ ਵੇਲਾ ਨਹੀਂ ਹੋਈ। ਚੁੱਪ ਕਰ ਕੇ ਸੌਂ ਜਾ।' ਪਰ ਅਗਾਂਹ ਕੀ ਹੋਇਆ? ਕੀ ਕ੍ਰਿਸ਼ਨ ਨੇ ਇਹ ਗੱਲ ਸਵੀਕਾਰ ਕਰ ਲਈ?

ਨੀ ਸੁਣ ਸੋਧਾਂ ਪਿਆਰੀ, ਕੌਣ ਤਾਂ ਆਇਆ ਤੈਨੂੰ ਲੈਣ,  
ਕੌਣ ਤਾਂ ਆਇਆ ਤੇਰੇ ਪਾਮਣੇ ਮਹਾਰਾਜ।

ਰਾਧਾ ਦੇ ਜਵਾਬ ਨਾਲ ਇੰਝ ਲਗਦਾ ਹੈ ਕਿ ਗੱਲ ਸਮਾਪਤ ਹੋ ਗਈ। ਨਵੀਂ ਘਟਨਾ ਵਾਪਰੀ ਹੈ, ਕਿ ਰਾਧਾ ਨੂੰ ਕੋਈ ਲੈਣ ਆਇਆ ਹੈ। ਉਸ ਬਾਰੇ ਕ੍ਰਿਸ਼ਨ ਆਪਣੀ ਜਗਿਆਸਾ ਸ਼ਾਂਤ ਕਰਨਾ ਚਾਹੁੰਦਾ ਹੈ। ਰਾਧਾ ਨੇ ਛੇਤੀ ਹੀ ਇਸ ਦਾ ਸਮਾਧਾਨ ਕਰ ਦਿਤਾ ਹੈ।

ਵੇ ਸੁਣ ਕਾਨ੍ਹ ਕਨ੍ਹਈਆ, ਵੀਰ ਤਾਂ ਆਇਆ ਮੈਨੂੰ ਲੈਣ,  
ਲਾਗੀ ਤਾਂ ਆਇਆ ਮੇਰੇ ਪਾਮਣੇ ਮਹਾਰਾਜ।

ਹੁਣ ਤਕ ਇਹ ਸੁਣੀਂਦਾ ਸੀ ਕਿ ਕਾਨ੍ਹ ਤੇ ਰਾਧਾ ਇਕੋ ਕਬੀਲੇ ਵਿਚ ਰਹਿੰਦੇ ਸਨ। ਪਰ ਇਥੇ ਤਾਂ ਬਾਹਰਲੇ ਪਿੰਡੋਂ ਰਾਧਾ ਦਾ ਭਰਾ ਆਪਣੇ ਲਾਗੀ ਨਾਲ ਰਾਧਾ ਨੂੰ ਲੈਣ ਲਈ ਆਇਆ ਹੈ। ਇਹ ਸਾਰੇ ਵੇਰਵੇ ਮੇਰੇ ਲਈ ਨਵੇਂ ਸਨ। ਅਣਹੋਣੇ ਭਾਵੇਂ ਨਹੀਂ ਸਨ। ਕਿਉਂਕਿ ਲੋਕ ਧਾਰਾ ਵਿਚ ਅਜਿਹੇ ਵੇਰਵੇ ਆਮ ਮਿਲਦੇ ਹਨ। ਇਥੇ 'ਅਵਤਾਰ' ਆਮ ਮਨੁੱਖੀ ਭਾਵਨਾਵਾਂ ਨੂੰ ਲੋਕਾਂ ਵਾਂਗ ਹੀ ਹੰਢਾਉਂਦਾ ਹੈ। ਅਸਲ ਵਿਚ ਇਹ ਅਵਤਾਰ ਲੋਕ ਜੀਵਨ ਵਿਚ ਵਿਚਰਦਾ ਲੋਕ ਮਨ ਦਾ ਪ੍ਰਗਟਾ ਹੀ ਹੁੰਦਾ ਹੈ। ਪੁਰਾਣਾਂ ਵਿਚ ਕ੍ਰਿਸ਼ਨ ਦਾਤਣ ਕਰਦਾ ਕਿਤੇ ਵੀ ਦਿਖਾਈ ਨਹੀਂ ਦਿੰਦਾ। ਪਰ ਇਥੇ ਤਾਂ ਉਹ ਸਮਾਜ ਦੇ ਹੇਠਲੇ ਤਬਕੇ ਵਿਚ ਗੀਤਾਂ ਦਾ ਨਾਇਕ ਬਣ ਰਿਹਾ ਹੈ। ਇਸ ਲਈ ਉਹ ਆਮ ਮਨੁੱਖ ਵਾਂਗ ਵਿਚਰਦਾ ਹੈ। ਪੁਰਾਣਾਂ ਵਿਚ ਰਾਧਾ ਦਾ ਕੋਈ ਭਰਾ ਵੀ ਹੈ? ਇਸ ਦਾ ਜ਼ਿਕਰ ਤੱਕ ਨਹੀਂ। ਪਰ ਜੋ ਸਥਿਤੀ ਗੀਤ ਚਿੱਤਰ ਰਿਹਾ ਸੀ। ਉਸ ਵਿਚ ਅਵਤਾਰ ਵੀ ਆਮ ਰੀਤਾਂ ਰਸਮਾਂ ਨਾਲ ਸਹੁਰੇ ਘਰ ਤੁਰਦੇ ਹਨ। ਗੀਤ ਕਹਿ ਰਿਹਾ ਸੀ,

ਨੀ ਸੁਣ ਸੋਧਾਂ ਪਿਆਰੀ, ਲਾਏ ਲੈ ਹਾਰ ਸ਼ਿੰਗਾਰ,  
ਚਲੇ ਤਾਂ ਜਾਣਾ ਤੇਰੇ ਮਾਪਿਆਂ ਮਹਾਰਾਜ।

ਠੀਕ ਤਾਂ ਹੈ। ਕ੍ਰਿਸ਼ਨ ਸਹੁਰੇ ਘਰ ਜਾਵੇਗਾ ਤਾਂ ਆਪ ਵੀ ਬਣ-ਠਣ ਕੇ ਜਾਵੇਗਾ ਤੇ ਰਾਧਾ ਨੂੰ ਵੀ ਬਣਾ ਸੁਆਰ ਕੇ ਲੈ ਜਾਵੇਗਾ। ਇਸੇ ਲਈ ਰਾਧਾ ਨੂੰ ਤਿਆਰੀ ਦਾ ਹੁਕਮ ਹੋਇਆ ਹੈ।

ਵੇ ਸੁਣ ਕਾਨ੍ਹ, ਕਨ੍ਹਈਆ, ਰੁਸਿਆਂ ਦਾ ਕੀ ਹਾਰ ਸ਼ਿੰਗਾਰ  
ਚਲੇ ਤਾਂ ਜਾਣਾ ਅਸੀਂ ਪੇਕਿਆਂ ਮਹਾਰਾਜ।

ਇਹ ਜਵਾਬ ਸੁਣ ਕੇ ਮੈਂ ਸੋਚ ਰਿਹਾ ਸਾਂ ਕਿ ਸ਼ੁਰੂ ਦੇ ਵਾਰਤਾਲਾਪਾਂ ਤੋਂ ਅਗਾਂਹ ਵੀ ਕੁਝ ਹੋਣਾ ਚਾਹੀਦਾ ਸੀ। ਜਿਸ ਤੋਂ ਰਾਧਾ ਦੇ ਰੁੱਸੇ ਹੋਣ ਦਾ ਕਾਰਨ ਪਤਾ ਚਲਦਾ। ਪਰ ਮੈਂ ਗੀਤ ਰੋਕਣਾ ਨਹੀਂ ਸੀ ਚਾਹੁੰਦਾ। ਅੰਦਾਜ਼ਾ ਇਹੀ ਲਾਇਆ ਕਿ ਰਾਧਾ ਵਲੋਂ ਹੁਕਮ ਦੀ ਪਾਲਣਾ ਨਾ ਕਰ ਕੇ ਕ੍ਰਿਸ਼ਨ ਦੇ ਕਹੇ ਤੇ ਸਵੇਰੇ ਜੰਦਰਾ ਨਹੀਂ ਖੋਲ੍ਹਿਆ ਗਿਆ। ਇਸ ਲਈ ਤੇ ਉਹ ਦੁਖੀ ਹੋਇਆ ਤੇ ਉਸ ਨੇ ਰਾਧਾ ਨੂੰ ਕੁਝ ਅਜਿਹਾ ਆਖਿਆ ਕਿ ਉਹ ਨਾਰਾਜ਼ ਹੋ ਗਈ। ਤੇ ਉਹ ਸੱਚੀ ਸੀ ਕਿ ਹਾਰ ਸ਼ਿੰਗਾਰ ਤਾਂ ਖ਼ੁਸ਼ੀ ਵਿਚ ਹੀ ਹੋ ਸਕਦੇ ਹਨ। ਕੱਲਿਆਂ ਬੰਦਿਆਂ ਲਈ ਅਜਿਹਾ ਕਰਨਾ ਸੰਭਵ ਨਹੀਂ। ਇਸ ਲਈ ਉਹ ਇਵੇਂ ਹੀ ਪੇਕਿਆਂ ਦੇ ਜਾਣ ਲਈ ਤਿਆਰ ਹੈ। ਗੀਤ ਬੜੀ ਤੇਜ਼ੀ ਨਾਲ ਅਗਾਂਹ ਵੱਧ ਰਿਹਾ ਸੀ।

ਵੇ ਸੁਣ ਕਾਨ੍ਹ, ਕਨ੍ਹਈਆ, ਤੇਰਾ ਤਾਂ ਨੀਲਾ ਹੋ ਗਿਆ ਪਾਰ,  
ਮੇਰਾ ਤਾਂ ਡੋਲਾ ਉਰਾਰ ਵੇ ਮਹਾਰਾਜ।

ਇਹ ਤਾਂ ਛੜੱਪਾ ਵੱਜਾ। ਰਾਧਾ-ਕ੍ਰਿਸ਼ਨ ਘਰੋਂ ਚਲ ਕੇ ਲੰਬਾ ਰਸਤਾ ਤੈਅ ਕਰ ਕੇ ਨਦੀ ਦੇ ਕੰਢੇ ਆ ਗਏ ਸਨ। ਇਸ ਦਾ ਮਤਲਬ ਇਹ ਕਿ ਰਸਤੇ ਵਿਚ ਕੋਈ ਮਹੱਤਵਪੂਰਣ ਘਟਨਾ ਨਹੀਂ ਘਟੀ ਨਾ ਉਹ ਆਪਸ ਵਿਚ ਬੋਲੇ ਹੀ। ਪਰ ਹੁਣ ਤਾਂ ਸਥਿਤੀ ਅਜਿਹੀ ਹੋ ਗਈ ਸੀ ਕਿ ਰਾਧਾ ਨੂੰ ਬੋਲਣਾ ਹੀ ਪਿਆ। ਅਸਿੱਧੇ ਤੌਰ 'ਤੇ ਸਮਾਜ ਵਿਚ ਵਿਆਪਤ ਔਰਤ ਮਰਦ ਦੇ ਰਿਸ਼ਤਿਆਂ ਦਾ ਪਰਤੌ ਹੈ, ਇਸ ਗੀਤ ਵਿਚ। ਮਰਦ ਔਰਤ ਦੀ ਲੜਾਈ ਵਿਚ ਆਮ ਤੌਰ 'ਤੇ ਔਰਤ ਨੂੰ ਹੀ ਨੀਵੀਂ ਹੋਣਾ ਪੈਂਦਾ ਹੈ। ਇਥੇ ਤਾਂ ਕ੍ਰਿਸ਼ਨ ਆਪਣੇ ਨੀਲੇ ਘੋੜੇ 'ਤੇ ਸਵਾਰ ਹੋ ਨਦੀ ਪਾਰ ਕਰ ਗਿਆ ਸੀ। ਰਾਧਾ ਦਾ ਡੋਲਾ ਨਦੀ ਦੇ ਉਰਾਰ ਹੀ ਰਹਿ ਗਿਆ। ਇਥੇ ਦੋ ਗੱਲਾਂ ਮੇਰੇ ਲਈ ਮਹੱਤਵਪੂਰਣ ਸਨ। ਇਕ ਤਾਂ ਕ੍ਰਿਸ਼ਨ ਦਾ ਨੀਲੇ ਘੋੜੇ ਉਪਰ ਸਵਾਰ ਹੋਣਾ ਤੇ ਦੂਜਾ ਰਾਧਾ ਦਾ ਡੋਲੇ 'ਤੇ ਚੜ੍ਹਣਾ। ਨੀਲਾ ਘੋੜਾ ਲੋਕ ਮਨ ਵਿਚ ਵਸਿਆ ਬਿੰਬ ਹੈ। ਇਕ ਰੂੜ੍ਹੀ ਤੇ ਰਾਧਾ ਰੱਥ 'ਤੇ ਸਵਾਰ ਹੋਣ ਦੀ ਬਜਾਇ ਆਮ ਕੁੜੀਆਂ ਵਾਂਗ ਡੋਲੀ ਪੈ ਕੇ ਪੈਕੇ ਗਈ ਹੈ। ਮੇਰੇ ਲਈ ਇਹ ਉਤਸੁਕਤਾ ਵਾਲਾ ਮਾਹੌਲ ਸੀ ਕਿ ਕ੍ਰਿਸ਼ਨ ਇਸ ਦਾ ਕੀ ਢੁੱਕਵਾਂ ਉੱਤਰ ਦੇਵੇਗਾ। ਗੀਤ ਆਪਣੀ ਤੋਰੇ ਤੁਰ ਰਿਹਾ ਸੀ।

ਨੀ ਸੁਣ ਸੋਧਾਂ ਪਿਆਰ, ਉਹੋ ਤਾਂ ਵੇਲਾ ਕਰ ਲੈ ਯਾਦ,  
ਦਾਤਣ ਦੀ ਵੇਲਾ ਸਾਡੀ ਨਾ ਕੋਈ ਮਹਾਰਾਜ।

ਗੀਤ ਇਕ ਦਮ ਥੰਮ ਗਿਆ ਨਾਨੀ ਦੇ ਇਨ੍ਹਾਂ ਬੋਲਾਂ ਨਾਲ ਕਿ , 'ਲੈ ਕਰਮ ਸਿਆਂ, ਹੁਣ ਤਾਂ ਖ਼ੁਸ਼ ਐਂ।' ਤੇ ਨਾਲ ਹੀ ਉਸ ਦਾ ਛਣਕਵਾਂ ਹਾਸਾ, ਪਰ ਮੈਨੂੰ ਤਾਂ ਗੀਤ ਨੇ ਜਕੜਿਆ ਹੋਇਆ ਸੀ। ਕ੍ਰਿਸ਼ਨ ਰਾਧਾ ਨੂੰ ਪਾਰ ਕਰਨ ਦੀ ਬਜਾਇ ਇਹ ਮਿਹਣਾ ਮਾਰ ਰਿਹਾ ਸੀ। ਉਸੇ ਤਰ੍ਹਾਂ ਜਿਵੇਂ ਬੱਚੇ ਇਕ ਦੂਜੇ ਨੂੰ ਮਾਰਦੇ ਹਨ। ਗੀਤ ਦੀਆਂ ਆਖਰੀ ਲਾਈਨਾਂ ਪਹਿਲੀਆਂ ਨਾਲ ਜਾ ਜੁੜੀਆਂ ਸਨ। ਕ੍ਰਿਸ਼ਨ ਨੇ ਰਾਧਾ ਦੇ ਜਵਾਬ ਦੇਣ ਦਾ ਬੁਰਾ ਮਨਾਇਆ ਸੀ। ਇਥੇ ਆ ਕੇ ਉਸ ਨੇ ਮਨ ਦੀ ਭੜਾਸ ਕੱਢ ਦਿੱਤੀ।

ਗੀਤ ਤਾਂ ਖ਼ਤਮ ਹੋ ਗਿਆ ਪਰ ਇਕ ਸਵਾਲ ਮੇਰੇ ਮਨ ਵਿਚ ਖੁਭ ਗਿਆ ਕਿ ਜੇ ਸਵੇਰ ਦੇ ਗੀਤ ਹਨ ਤਾਂ ਸ਼ਾਮ ਦੇ ਗੀਤ ਵੀ ਹੋਣੇ ਚਾਹੀਦੇ ਹਨ। ਹੁਣ ਮੈਨੂੰ ਸ਼ਾਮ ਦੇ ਗੀਤਾਂ ਦੀ ਭਾਲ ਰਹਿਣ ਲੱਗੀ। ਜੋ ਬਾਅਦ ਵਿਚ ਜਾ ਕੇ ਪੂਰੀ ਹੋਈ। ਪੜ੍ਹਦਿਆਂ ਪੜ੍ਹਾਉਂਦਿਆਂ ਮੈਨੂੰ ਇਹ ਵੀ ਪਤਾ ਲੱਗ ਗਿਆ ਕਿ ਕਈ ਥਾਂ ਤੇ ਸਵੇਰ ਦੇ ਗੀਤਾਂ ਨੂੰ ਬਿਹਾਗੜੇ ਕਿਹਾ ਜਾਂਦਾ ਹੈ। ਸ਼ਾਮ ਦੇ ਗੀਤਾਂ ਲਈ ਮੈਂ ਅਪਣੇ ਹੁਸ਼ਿਆਰਪੁਰ ਦੇ ਇਲਾਕੇ ਵਿਚ ਹੀ 'ਸੰਝੜੀਆਂ' ਦਾ ਸ਼ਬਦ ਸੁਣਿਆ । ਅੱਜ ਮੈਂ ਇਹ ਸੋਚਦਾ ਹਾਂ ਕਿ ਜੇ ਮੈਂ ਉਹ ਪੂਰੀ ਰਾਤ ਨਾ ਜਾਗਿਆ ਹੁੰਦਾ ਤਾਂ ਲੋਕ ਗੀਤਾਂ ਦੇ ਇਹ ਰੂਪ ਕਿੱਥੋਂ ਹੱਥ ਆਉਣੇ ਸਨ? □

---

# ਜਸਵਿੰਦਰ ਦੀਆਂ ਗ਼ਜ਼ਲਾਂ



ਪੰਜਾਬੀ ਗ਼ਜ਼ਲ ਨੂੰ ਸੁਰਜੀਤ ਪਾਤਰ ਅਤੇ ਡਾ ਜਗਤਾਰ ਤੋਂ ਅੱਗੇ ਤੋਰਨਾ, ਜਾਂ ਫੇਰ ਘੱਟੋ ਘੱਟ ਉਨ੍ਹਾਂ ਦੁਆਰਾ ਸਥਾਪਿਤ ਪੱਧਰ ਨੂੰ ਬਰਕਰਾਰ ਰੱਖਣਾ ਆਪਣੇ ਆਪ ਵਿਚ ਇਕ ਵੱਡੀ ਚੁਣੌਤੀ ਸੀ। ਇਸ ਚੁਣੌਤੀ ਨੂੰ ਕਬੂਲ ਕਰਨ ਲਈ ਕਵੀ ਕੋਲ ਅਸਧਾਰਨ ਸਿਰਜਣਾਤਮਕ ਪ੍ਰਤਿਭਾ ਲੋੜੀਂਦੀ ਸੀ। ਜਿਹੜੇ ਕਵੀਆਂ ਨੇ ਗ਼ਜ਼ਲ ਵਿਧਾ ਦੀ ਇਸ ਚੁਣੌਤੀ ਨੂੰ ਦ੍ਰਿੜ ਵਿਸ਼ਵਾਸ ਨਾਲ ਕਬੂਲ ਕੀਤਾ, ਜਸਵਿੰਦਰ ਦਾ ਨਾਂ ਉਹਨਾਂ ਵਿਚ ਪ੍ਰਮੁੱਖ ਹੈ। ਜਸਵਿੰਦਰ ਨੂੰ ਗ਼ਜ਼ਲ ਵਿਧਾ 'ਤੇ ਅਬੂਰ ਹਾਸਲ ਤਾਂ ਹੈ ਹੀ, ਨਾਲ ਹੀ ਉਹਦੀ ਗ਼ਜ਼ਲ ਕਾਵਿ ਗੁਣਾਂ ਪੱਖੋਂ ਵੀ ਉਚ ਪਾਏ ਦੀ ਹੈ।

ਬਹੁਤ ਹੋ ਚੁੱਕੀਆਂ ਨੇ ਗੱਲਾਂ ਬਹੁਤ ਹੋ ਚੁੱਕੇ ਬਿਆਨ  
ਪਰ ਨਾ ਕੋਈ ਲਫ਼ਜ਼ ਬਣਿਆ ਜ਼ਿੰਦਗੀ ਦਾ ਤਰਜਮਾਨ

ਕੋਈ ਧਿਰ ਚੁਣਨੀ ਪਵੇਗੀ ਬਚ ਨਹੀਂ ਸਕਦੇ ਤੁਸੀਂ  
ਇਸ ਨਿਰੰਤਰ ਜੰਗ ਦੇ ਰਸਤਾ ਨਹੀਂ ਹੈ ਦਰਮਿਆਨ

ਖੋ੍ਲ ਦੇ ਗੰਢਾਂ ਤੇ ਦੱਬੀ ਚੀਖ ਨੂੰ ਕਰਦੇ ਰਿਹਾਅ  
ਏਸ ਤੋਂ ਪਹਿਲਾਂ ਕਿ ਘਟ ਜਾਵੇ ਲਹੂ ਦਾ ਤਾਪਮਾਨ

ਇਸ ਕਦਰ ਮੁਸ਼ਕਿਲ ਨਾ ਹੁੰਦਾ ਇਹ ਸਮੁੰਦਰ ਦਾ ਸਫ਼ਰ  
ਜੇ ਬਦਲ ਲੈਂਦੇ ਜਹਾਜ਼ਾਂ ਦੇ ਪੁਰਾਣੇ ਬਾਦਬਾਨ

ਤੀਸਰੀ ਅੱਖ ਖੋਲ੍ਹ ਕੇ ਪੜ੍ਹਦੇ ਜੋ ਓਹੀ ਜਾਣਦੇ  
ਤਪਦਿਆਂ ਰਾਹਾਂ 'ਤੇ ਪੈਰਾਂ ਨੇ ਲਿਖੀ ਜੋ ਦਾਸਤਾਨ

ਕੌਣ ਜਾਣੇ ਬਾਗ ਦੇ ਮਹਿਕਣ ਲਈ ਹੋਏ ਜ਼ਿਬਾਹ  
ਕਿੰਨੇ ਫੁੱਲਾਂ ਦੇ ਕਬੀਲੇ ਤਿਤਲੀਆਂ ਦੇ ਖਾਨਦਾਨ

ਹੜ੍ਹ ਦੇ ਅੰਦਰ ਰੁੜ੍ਹ ਗਈ ਦਰਗਾਹ ਖਵਾਜ਼ਾ ਪੀਰ ਦੀ  
ਡਿੱਗ ਪਈ ਹੈ ਪਿਆਸਿਆਂ ਉੱਤੇ ਕੰਧਾਰੀ ਦੀ ਚਟਾਨ

ਪੌਣ ਨਾਲੋਂ ਤੇਜ਼ ਰਥ ਉੱਤੇ ਹੈ ਇੰਡੀਆ ਜਾ ਰਿਹਾ  
ਧੂੜ ਵਿਚ ਗੱਡੇ 'ਤੇ ਪਿੱਛੇ ਆ ਰਿਹੈ ਹਿੰਦੋਸਤਾਨ

ਗੂੰਜਦੇ ਪੌਣਾਂ 'ਚ ਅਜ਼ਲਾਂ ਤੀਕ ਦਰਵੇਸ਼ਾਂ ਦੇ ਬੋਲ  
ਸ਼ਹਿਨਸ਼ਾਹਾਂ ਦੇ ਸ਼ਿਲਾਲੇਖਾਂ ਤੋਂ ਮਿਟ ਜਾਂਦੇ ਨਿਸ਼ਾਨ

!!

ਹੋਰ ਥਾਂ ਡਿੱਗੀ ਹੈ ਬਿਜਲੀ ਹਾਦਸਾ ਤਾਂ ਦੂਰ ਹੋਇਆ  
ਪਰ ਮੇਰੇ ਅੰਦਰ ਵੀ ਕਿੰਨਾ ਕੁਝ ਹੈ ਚਕਨਾਚੂਰ ਹੋਇਆ

ਇਕ ਪਰਿੰਦੇ ਦੇ ਪਤੇ 'ਤੇ ਅੱਗ ਦੇ ਖ਼ਤ ਆਉਣ ਲੱਗੇ  
ਅੰਤ ਨੂੰ ਉਹ ਆਲ੍ਹਣਾ ਛੱਡਣ ਲਈ ਮਜਬੂਰ ਹੋਇਆ

ਖ਼ੁਦ ਨੂੰ ਧੋਖਾ ਦੇ ਕੇ ਵੀ ਮੈਂ ਬਚ ਨਹੀਂ ਸਕਦਾ ਸੀ ਤਾਹੀਂ  
ਸਿਰ ਲੁਕੋਣਾ ਰੇਤ ਵਿਚ ਮੈਨੂੰ ਨਹੀਂ ਮਨਜ਼ੂਰ ਹੋਇਆ

ਰਾਤ ਇਕ ਐਸੀ ਵੀ ਆਈ ਸੀ ਕਿ ਮੈਂ ਰੋ ਵੀ ਨਾ ਸਕਿਆ  
ਬਰਫ਼ ਸੀ ਖ਼ਾਬਾਂ 'ਚ ਪਰ ਇਹ ਜਿਸਮ ਸੀ ਤੰਦੂਰ ਹੋਇਆ

ਪਿੰਡ ਦੇ ਦਾਨਿਸ਼ਵਰਾਂ ਨਾ ਦੇਖੀਆਂ ਬਾਰੀਕ ਤੰਦਾਂ  
ਸੱਥ ਵਿਚ ਕਠਪੁਤਲੀਆਂ ਦਾ ਨਾਚ ਸੀ ਭਰਪੂਰ ਹੋਇਆ

ਵੇਚਣੇ ਦੀਵੇ ਅਤੇ ਇਤਰਾਜ਼ ਕਰਨਾ ਰੌਸ਼ਨੀ 'ਤੇ  
ਰਾਤ ਦੇ ਸੌਦਾਗਰਾਂ ਦਾ ਇਹ ਵੀ ਕੀ ਦਸਤੂਰ ਹੋਇਆ

!!

ਜੰਗਲ 'ਚ ਲੁਕਿਆ ਜਾਲ ਸੀ ਏਨੀ ਕਮਾਲ ਨਾਲ  
ਤਿਤਲੀ ਉਲਝ ਕੇ ਰਹਿ ਗਈ ਫੁੱਲਾਂ ਦੀ ਡਾਲ ਨਾਲ

ਤੇਰੀ ਵਿਦਾਈ ਬਾਦ ਮੈਂ ਸੰਭਲਦਾ ਕਿਸ ਤਰ੍ਹਾਂ  
ਹਿਲਦੀ ਸੀ ਇਹ ਜ਼ਮੀਨ ਵੀ ਹਿਲਦੇ ਰੁਮਾਲ ਨਾਲ

ਮਨ ਦੇ ਆਕਾਸ਼ ਵਿਚ ਕਦੇ ਤਨ ਦੀ ਜ਼ਮੀਨ 'ਤੇ  
ਦੁਖ ਸੁਖ ਦੇ ਸ਼ਾਹੀ ਕਾਫ਼ਲੇ ਚਲਦੇ ਨੇ ਨਾਲ ਨਾਲ

ਤੇਰੇ ਮੁਰੀਦ ਅੱਗ 'ਤੇ ਨੱਚੇ ਸੀ ਖ਼ੂਬ ਪਰ  
ਤੂੰ ਹੀ ਸੁਰਾਂ ਨਾ ਮੇਲੀਆਂ ਖੰਜਰ ਦੀ ਤਾਲ ਨਾਲ

ਕੀ ਕੌਣ ਕਿੱਥੇ ਕਿਸ ਤਰ੍ਹਾਂ ਕਿਹੜਾ ਕਦੋਂ ਕਿਵੇਂ  
ਸਾਰੇ ਸਫ਼ਰ 'ਚ ਤੁਰ ਰਹੇ ਕਿੰਨੇ ਸਵਾਲ ਨਾਲ

ਮੇਰੀ ਗ਼ਜ਼ਲ ਦੇ ਦਿਲ 'ਚ ਉਹ ਸਾਰੇ ਹੀ ਲਹਿ ਗਏ  
ਰੋਕੇ ਸੀ ਜਿੰਨੇ ਤੀਰ ਮੈਂ ਲਫ਼ਜ਼ਾਂ ਦੀ ਢਾਲ ਨਾਲ

!!

# ਸੁਖ਼ਨ-ਸਾਜ਼

## ਸੁਲੱਖਣ ਸਰਹੱਦੀ



ਕੱਚ ਦੀਆਂ ਰਹੁ ਰੀਤਾਂ ਰੱਖੋਗੇ ਕਦ ਤੀਕ ਬਚਾ ਕੇ  
ਬੱਚੇ ਵੇਖ ਰਹੇ ਨੇ ਸਿੱਧੀਆਂ ਚੀਜ਼ਾਂ ਨੂੰ ਉਲਟਾ ਕੇ

ਚੜ੍ਹਦੇ ਲਹਿੰਦੇ ਐਸਾ ਕਾਰੋਬਾਰ ਨਹੀਂ ਸੀ ਸੁਣਿਆ  
ਵੇਚ ਰਹੇ ਵਣਜਾਰੇ ਪੌਣਾਂ ਪਿੰਜਰਿਆਂ ਵਿਚ ਪਾ ਕੇ

ਧੁੱਪਾਂ ਨਾਲ ਨਜਿੱਠਣ ਦਾ ਇਹ ਕਿੰਨਾ ਅਜਬ ਤਰੀਕਾ  
ਡੱਬ ਖੜੱਬੀਆਂ ਛਾਵਾਂ ਜੋੜ ਰਹੇ ਹੋ ਮੇਖਾਂ ਲਾ ਕੇ

ਸਭ ਰਿਸ਼ਤੇ ਹੀ ਨਰਦਾਂ ਬਾਜ਼ੀ ਕੌਣ ਹਾਰਨੀ ਚਾਹੁੰਦਾ  
ਲੋਕੀਂ ਮੇਲ ਮਿਲਾਪ 'ਚ ਰਖਦੇ ਨੇ ਸ਼ਤਰੰਜ ਵਿਛਾ ਕੇ

ਅੱਖਾਂ ਵਿਚ ਉਹ ਲਿਸ਼ਕ ਨਹੀਂ ਜੋ ਪਾ ਸਕਦੀ ਕੁਝ ਤੇੜਾਂ  
ਹਰ ਵਾਰੀ ਮੁੜ ਆਉਂਦੇ ਹੋ ਸ਼ੀਸ਼ੇ ਵਿਚ ਅਕਸ ਗੁਆ ਕੇ

ਛਤਰੀ ਹੀ ਅਸਮਾਨ ਜਿਨ੍ਹਾਂ ਦਾ ਕੀ ਉਹਨਾਂ ਤੋਂ ਆਸਾਂ  
ਕਿਧਰ ਗਏ ਉਹ ਪੰਛੀ ਲੈ ਜਾਂਦੇ ਜੋ ਜਾਲ ਉਡਾ ਕੇ

ਰੋਹੀ ਬੀਆਬਾਨ 'ਚ ਹੁਣ ਕੀ ਅਕਸ ਉਭਰਨਾ ਤੇਰਾ  
ਜਿਸਦਾ ਸੀ ਤੂੰ ਸਾਇਆ ਉਹ ਹੀ ਡਿੱਗ ਪਿਆ ਗਸ਼ ਖਾ ਕੇ

ਕਿੰਨੇ ਕੰਮ ਪਏ ਨੇ ਹਾਲੇ ਜਲੀ ਨਾ ਅੱਧੀ ਬਸਤੀ  
ਕਾਹਲੀ ਕਾਹਲੀ ਮਸਜਿਦ 'ਚੋਂ ਉਹ ਨਿਕਲੇ ਈਦ ਮਨਾ ਕੇ

ਏਸ ਗੁਫ਼ਾ ਦੇ ਅੰਦਰ ਮਿਲੀਆਂ ਕੋਹਾਂ ਤੀਕ ਸੁਰੰਗਾਂ  
ਚੰਗਾ ਸੀ ਜੇ ਲੈ ਆਉਂਦੇ ਇਕ ਜੁਗਨੂੰ ਜੇਬ 'ਚ ਪਾ ਕੇ

□

# ਮੇਰੀ ਮੰਜੀ ਦੇ ਤਿੰਨ ਪਾਵੇ ਹਨ

## ਪ੍ਰੇਮ ਪ੍ਰਕਾਸ਼

ਪੰਜਾਬੀ ਕਥਾ ਜਗਤ ਵਿਚ ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਦੇ ਪ੍ਰਗਤੀਵਾਦੀ ਰੁਝਾਨਾਂ ਹੇਠ ਪਾਤਰਾਂ ਦੀਆਂ ਆਰਥਿਕ ਸਮੱਸਿਆਵਾਂ ਦੇ ਕੇਵਲ ਇਕਹਿਰੇ ਉਲੇਖ ਦੇ ਨਾਲ ਨਾਲ ਉਨ੍ਹਾਂ ਦੀਆਂ ਮਨੋਵਿਗਿਆਨਕ ਗੁੰਝਲਾਂ ਦੀ ਬਾਤ ਪਾ ਕੇ ਸੰਪੂਰਨ ਮਨੁੱਖ ਦੀਆਂ ਭਾਵਪੂਰਤ ਕਹਾਣੀਆਂ ਲਿਖਣ ਦਾ ਸਿਹਰਾ ਪ੍ਰੇਮ ਪ੍ਰਕਾਸ਼ ਦੇ ਸਿਰ ਬੱਝਦਾ ਹੈ। ਉਹ ਇੱਕੋ ਇੱਕ ਕਲਮਕਾਰ ਹੈ ਜੋ ਲਹਿਰਾਂ ਦੇ ਜ਼ੋਰਦਾਰ ਵਹਾਉ ਵਿਚ ਵਿਚਰਦਾ ਹੋਇਆ ਵੀ ਨਵੇਕਲਾ ਖਲੋਤਾ ਰਿਹਾ ਤੇ ਪੰਜਾਬੀ ਕਹਾਣੀ ਨੂੰ ਅਸਲੋਂ ਨਵਾਂ ਮੋੜ ਦੇਣ ਵਿਚ ਸਫ਼ਲ ਹੋਇਆ। ਪ੍ਰੇਮ ਪ੍ਰਕਾਸ਼ ਦਾ ਜਨਮ 1932 ਵਿਚ ਖਰੜ ਦੇ ਨੇੜਲੇ ਉਹਦੇ ਨਾਨਕੇ ਪਿੰਡ ਹੋਇਆ ਸੀ। ਸਕੂਲ ਕਾਲਜ ਦੀ ਰਵਾਇਤੀ ਪੜ੍ਹਾਈ ਬਹੁਤੀ ਨਾ ਹੋ ਸਕੀ ਪਰ ਪੜ੍ਹਨ ਲਿਖਣ ਦੇ ਸ਼ੌਕ ਕਾਰਨ ਉਹਨੇ ਜਰਨਿਲਿਜ਼ਮ ਦੇ ਡਿਪਲੋਮੇ ਦੇ ਨਾਲ ਉਰਦੂ ਦੀ ਐਮ.ਏ. ਤੱਕ ਕਾਮਯਾਬੀ ਪ੍ਰਾਪਤ ਕੀਤੀ।

ਪ੍ਰੇਮ ਪ੍ਰਕਾਸ਼ ਦਾ ਬਹੁਤਾ ਜੀਵਨ ਉਰਦੂ ਅਖਬਾਰਾਂ 'ਮਿਲਾਪ' ਅਤੇ 'ਹਿੰਦ ਸਮਾਚਾਰ' ਵਿਚ ਨੌਕਰੀ ਕਰਦਿਆਂ ਲੰਘਿਆ ਪਰ ਸੱਠਵਿਆਂ ਤੋਂ ਹੀ ਉਸਨੇ ਸਫਲ ਕਹਾਣੀਆਂ ਦੀ ਰਚਨਾ ਅਰੰਭ ਲਈ ਸੀ। ਉਹਦੀ ਪਹਿਲੀ ਹੀ ਕਹਾਣੀ ਉਸ ਵੇਲੇ ਦੇ ਚੋਟੀ ਦੇ ਮਾਸਕ ਪੱਤਰ 'ਪ੍ਰੀਤ ਲੜੀ' ਵਿਚ ਪ੍ਰਕਾਸ਼ਿਤ ਹੋਈ ਸੀ।

ਸਮੇਂ ਦੇ ਬੀਤਣ ਨਾਲ ਉਹਦੀ ਲਿਖਤ ਵਿਚ ਹੋਰ ਡੂੰਘਾਈ ਆਉਂਦੀ ਗਈ। ਵਿਵਿਧ ਵਿਸ਼ਿਆਂ 'ਤੇ ਲਿਖੀਆਂ ਸੌ ਕੁ ਕਹਾਣੀਆਂ ਦੇ ਨਾਲ ਉਹਨੇ ਵਿਵਾਦ ਗ੍ਰਸਤ ਨਾਵਲ 'ਦਸਤਾਵੇਜ਼' ਦੀ ਰਚਨਾ ਵੀ ਕੀਤੀ। ਸਾਹਿਤ ਅਕਾਦਮੀ ਦਿੱਲੀ ਤੋਂ ਲੈਕੇ ਕਈ ਵਕਾਰੀ ਇਨਾਮ ਉਹਦੀ ਲਿਖਤ ਨੂੰ ਮਿਲ ਚੁੱਕੇ ਹਨ।

'ਨਵੀਂ ਦੁਨੀਆ' ਦੇ ਪਾਠਕਾਂ ਲਈ ਪੇਸ਼ ਹੈ **ਅਵਤਾਰ ਜੰਡਿਆਲਵੀ** ਅਤੇ **ਸੁਸ਼ੀਲ ਦੁਸਾਂਝ** ਵਲੋਂ ਪ੍ਰੇਮ ਪ੍ਰਕਾਸ਼ ਨਾਲ ਕੀਤੀ ਗਈ ਲੰਮੀ ਗੱਲਬਾਤ ਦੇ ਅਹਿਮ ਅੰਸ਼

ਸੰਪਾਦਕ



ਪ੍ਰੇਮ ਪ੍ਰਕਾਸ਼

ਅਪਣਾ ਹੀ ਅੰਦਾਜ਼

: ਪ੍ਰੇਮ ਪ੍ਰਕਾਸ਼ ਜੀ, ਪੰਜਾਬੀ ਸਾਹਿਤ ਵਿਚ ਮਾਰਕਸਵਾਦੀ ਸੋਚਾਂ ਦਾ ਦੌਰ ਦੌਰਾ ਹੋਣ ਦੇ ਬਾਵਜੂਦ ਅਤੇ ਏਸੇ ਤਰ੍ਹਾਂ ਦੇ ਵਿਚਾਰਾਂ ਵਾਲੇ ਅਪਣੇ ਮਿੱਤਰਾਂ ਦੇ ਘੇਰੇ ਵਿਚ ਰਹਿੰਦਿਆਂ ਤੁਸੀਂ ਨਿਰੋਲ ਅਪਣੇ ਹੀ ਅੰਦਾਜ਼ ਵਿਚ ਲਿਖਿਆ। ਕੀ ਤੁਹਾਡੇ ਵਰਗੇ ਭਾਵੁਕ ਮਨੁੱਖ ਨੂੰ ਸਥਿਤੀਆਂ ਦੇ ਐਨ ਵਿਚਕਾਰ ਰਹਿ ਕੇ, ਇਨ੍ਹਾਂ ਦੇ ਪ੍ਰਭਾਵ ਤੋਂ ਅਭਿੱਜ ਰਹਿ ਜਾਣ ਦੀ ਅਪਣੀ ਨਿੱਜੀ ਕਾਬਲੀਅਤ 'ਤੇ ਮਾਣ ਕਰਨਾ ਚਾਹੀਦਾ ਹੈ ਜਾਂ ਸ਼ਰਮਸਾਰੀ?

: ਇਹ ਕੀ ਗੱਲ ਬਣੀ! ਆਉਂਦਿਆਂ ਈ ਪੁੱਠਾ ਜਿਹਾ ਸਵਾਲ ਵਗਾਹ ਮਾਰਿਆ। ਨਾ ਹਾਲ ਚਾਲ ਪੁੱਛਿਆ, ਨਾ ਗੱਲਾਂ ਕਰਨ ਦਾ ਮਾਹੌਲ ਬਨਣ ਦਿੱਤਾ।.. ਤੁਹਾਡਾ ਇਹ ਜਟਕਾ ਵਿਹਾਰ ਤੁਹਾਨੂੰ ਮੁਬਾਰਕ। ਮੈਂ ਤਾਂ ਮਹਾਜਨ ਕਲਚਰ ਦਾ ਬੰਦਾ ਹਾਂ। ਹੁਣ ਦੱਸੋ ਕੀ ਪੀਓਗੇ.. ਚਾਹ ਜਾਂ ਸ਼ਕੰਜਬੀ?... ਤੁਹਾਡੀ ਮਰਜ਼ੀ, ਮੈਂ ਦੂਜੀ ਵਾਰ ਨਹੀਂ ਪੁੱਛਦਾ ਹੁੰਦਾ।

ਮੈਨੂੰ ਤੁਹਾਡਾ ਪਹਿਲਾ ਸਵਾਲ ਈ ਰੁੱਖਾ, ਤੇ ਗੋਲ ਮੋਲ ਲੱਗਿਆ ਏ। ਇਹ ਸਥਿਤੀਆਂ ਕਿਹੜੀਆਂ? ਸਥਿਤੀ ਸਮਾਜੀ, ਸਿਆਸੀ, ਮੇਰੇ ਘਰ ਪਰਿਵਾਰ ਦੀ ਜਾਂ ਮੇਰੀ ਨਿਜੀ ਜ਼ਿੰਦਗੀ ਦੀ? ਇਹ ਸਾਰੀਆਂ ਸਥਿਤੀਆਂ ਰਲ ਕੇ ਮੇਰੇ ਮਨ ਦੀ ਸਿਹਤ ਠੀਕ ਜਾਂ ਖਰਾਬ ਕਰਦੀਆਂ ਨੇ। ਇਨ੍ਹਾਂ ਤੋਂ ਅਭਿੱਜ ਰਿਹਾ ਈ ਨਹੀਂ ਜਾ ਸਕਦਾ। ਬੰਦਾ ਇਹਨਾਂ ਤੋਂ ਬਚਣ ਦੇ ਜਤਨ ਕਰਦਾ ਰਹਿੰਦਾ ਏ। ਕਦੇ ਸਫਲ ਹੁੰਦਾ ਏ ਤੇ ਕਦੇ ਅਸਫਲ। ਨਤੀਜੇ ਦੇ ਤੌਰ 'ਤੇ ਕਦੇ ਸੁਖ ਮਹਿਸੂਸ ਕਰਦਾ ਏ ਤੇ ਕਦੇ ਦੁੱਖ। ਨਿਜੀ ਕਾਬਲੀਅਤ ਵੀ ਇਹਨਾਂ ਨਾਲ ਈ ਬਣਦੀ ਵਿਗੜਦੀ ਏ। ਕਦੇ ਮਾਣ ਵੀ ਮਹਿਸੂਸ ਹੁੰਦਾ ਏ ਤੇ ਕਦੇ ਸ਼ਰਮਸਾਰੀ ਵੀ। ਬੰਦਾ ਹਮੇਸ਼ਾ ਇੱਕੋ ਜਿਹਾ ਥੋੜ੍ਹਾ ਹੁੰਦਾ ਏ। ਕਿਉਂਕਿ ਸਥਿਤੀਆਂ ਕਦੇ ਇੱਕੋ ਜਿਹੀਆਂ ਨਹੀਂ ਹੁੰਦੀਆਂ। ਇਹ ਤਾਂ ਪਲੋ ਪਲ ਬਦਲਦੀਆਂ ਰਹਿੰਦੀਆਂ ਨੇ। ਅਸਲ 'ਚ ਇਹ ਮਸਲਾ ਬੰਦੇ ਦੇ ਮਨ ਨੂੰ ਸਮਝਣ ਦਾ ਏ। ਇਹਦੇ ਲਈ ਮਨੋਵਿਗਿਆਨ ਦਾ ਗਿਆਨ ਹੋਣਾ ਜ਼ਰੂਰੀ ਏ।

: ਕਿੰਨੇ ਸਾਰੇ ਲੋਕਾਂ ਦਾ ਵਿਚਾਰ ਹੈ ਕਿ ਪ੍ਰੇਮ ਪ੍ਰਕਾਸ਼ ਸੱਚੀ ਸੁੱਚੀ ਸਖਸ਼ੀਅਤ ਦਾ ਮਾਲਕ ਨਹੀਂ। ਉਹ ਹਰ ਗੱਲ ਨੂੰ ਧੁੰਦ ਵਿਚ ਲਪੇਟਕੇ ਅਪਣੇ ਹਿੱਤ ਲਈ ਵਰਤਣ ਵਿਚ ਮਾਹਿਰ ਹੈ। ਜਾਣ ਬੁੱਝ ਕੇ ਰਹੱਸ ਪੈਦਾ ਕਰਦਾ ਹੈ। ਉਹ ਚਤੁਰ, ਜੁਗਤੀ, ਜੁਗਾੜੀ ਕਿਸਮ ਦਾ ਮਦਾਰੀ ਹੈ। ਕੀ ਕਹੋਗੇ?

: ਤੁਸੀਂ ਅਖੌਤੀ ਅਗਾਂਹ-ਵਧੂ ਲੇਖਕ ਜਦੋਂ ਸ਼ਬਦ 'ਲੋਕ' ਵਰਤਦੇ ਹੋਂ ਤਾਂ ਆਪ ਤਾਂ ਤੁਸੀਂ ਗੁਮਰਾਹ ਹੁੰਦੇ ਈ ਹੋ, ਪਾਠਕਾਂ ਨੂੰ ਵੀ ਗੁਮਰਾਹ ਕਰਦੇ ਹੋਂ। ਤੁਸੀਂ ਜਦੋਂ ਕਿਸੇ ਨੂੰ ਮਾੜਾ ਚੰਗਾ ਕਹਿਣਾ ਹੁੰਦਾ ਏ ਤਾਂ 'ਲੋਕਾਂ' ਦਾ ਨਾਂ ਲੈ ਕੇ ਕਹਿ ਲੈਂਦੇ ਹੋਂ। ਇਹ ਲੋਕ ਕੌਣ ਹੁੰਦੇ ਨੇ? ਪੰਜਾਬ 'ਚ 70 ਫੀਸਦੀ ਲੋਕ ਪੜ੍ਹੇ ਹੋਏ ਨੇ। ਮਤਲਬ, ਦਸਤਖਤ ਕਰਨ ਜੋਗੇ। ਉਹਨਾਂ 'ਚੋਂ ਮਸਾਂ ਵੀਹ ਫੀਸਦੀ ਅਖਬਾਰ ਪੜ੍ਹਦੇ ਨੇ। ਫੇਰ ਉਹਨਾਂ ਵਿਚੋਂ ਵੀਹ ਫੀਸਦੀ ਅਖਬਾਰੀ ਸਾਹਿਤ ਪੜ੍ਹਦੇ ਨੇ। ਚੰਗਾ ਸਾਹਿਤ ਕਿੰਨੇ ਕੁ ਪੜ੍ਹਦੇ ਨੇ? ਆਮ ਲੋਕ ਤਾਂ ਸਾਹਿਤ ਪੜ੍ਹਦੇ ਹੀ ਨਹੀਂ। ਜੇ ਪੜ੍ਹਦੇ ਵੀ ਨੇ ਤਾਂ ਮੇਰੀਆਂ ਕਹਾਣੀਆਂ ਨਹੀਂ ਪੜ੍ਹਦੇ।...

ਤੁਹਾਡੇ ਤਕ ਇਹ ਗੱਲ ਕਿਹੜੇ ਮਾਧਿਅਮ ਰਾਹੀਂ ਤੇ ਕਿੰਨੇ ਫੀਸਦੀ ਲੋਕਾਂ ਨੇ ਪੁਚਾਈ ਏ? ਕੀ ਸਾਹਿਤਕ ਪਰਚਿਆਂ ਰਾਹੀਂ? ਜਾਂ ਤੁਹਾਡੇ ਕੋਲ ਨਿੰਦਿਆ ਚੁਗਲੀ ਕਰਨ ਵਾਲਿਆਂ ਤੋਂ ਆਈ ਏ? ... ਇਹ ਸ਼ਬਦ 'ਲੋਕ'ਦੀ ਵਰਤੋਂ ਤਾਂ ਉਹ ਕਮਜ਼ੋਰ ਤੇ ਬੁਜ਼ਦਿਲ ਬੰਦੇ ਕਰਦੇ ਨੇ, ਜਿਹੜੇ ਇਹ ਨਹੀਂ ਕਹਿ ਸਦਕੇ ਕਿ ਇਹ ਰਾਏ ਮੇਰੀ ਏ।.. ਆਮ ਲੋਕ ਤਾਂ ਵਿਚਾਰੇ ਮਸੀਹ ਦੀਆਂ ਗਵਾਚੀਆਂ ਭੇਡਾਂ ਜਿਹੇ ਹੁੰਦੇ ਨੇ। ... ਕੀ ਜਿਹੜੀਆਂ ਗੱਲਾਂ ਮੈਂ ਹੁਣ ਕੀਤੀਆਂ ਨੇ, ਉਹ ਧੁੰਦ 'ਚ ਲਿਵ੍ਹਟੀਆਂ ਹੋਈਆਂ ਨੇ?.. ਕੀ ਇਹਨਾਂ 'ਚ ਕੋਈ ਰਹੱਸ ਏ?

ਇਹ 'ਸੱਚੀ ਸੁਚੀ' ਸ਼ਖਸੀਅਤ' ਕੀ ਹੁੰਦੀ ਏ? ਤੁਹਾਡਾ ਕੀ ਮਤਲਬ ਏ ਏਸ ਤੋਂ? ਸ਼ਖਸੀਅਤ ਤਾਂ ਹਰੇਕ ਬੰਦੇ ਦੀ ਹੁੰਦੀ ਏ। ਚੋਰਾਂ, ਉਚੱਕਿਆਂ, ਲੋਫਰਾਂ ਲੁੱਚਿਆਂ ਤੇ ਸਮਗਲਰਾਂ ਦੀ ਵੀ ਸ਼ਖਸੀਅਤ ਹੁੰਦੀ ਏ। ਫੇਰ ਮੇਰੀ ਕਿਉਂ ਨਹੀਂ। ਮੇਰੀ ਮਾੜੀ ਹੋ ਸਕਦੀ ਏ। ਟੇਢੀ ਵਿੰਗੀ ਹੋ ਸਕਦੀ ਏ। ਤੁਹਾਨੂੰ ਇਹਦੇ 'ਚ ਕੀੜੇ ਦਿਸ ਸਕਦੇ ਨੇ। ਪਰ ਇਹਦੇ ਵਜੂਦ ਤੋਂ ਇਨਕਾਰੀ ਕੋਈ ਕਿਵੇਂ ਹੋ ਸਕਦਾ ਏ?... ਮੈਨੂੰ ਇਹ ਗਲ ਫ਼ਜ਼ੂਲ ਜਿਹੀ ਲਗਦੀ ਏ ਸੱਚੀ ਸੁਚੀ ਸਖ਼ਸ਼ੀਅਤ, ਸੱਚਾ ਪਿਆਰ! ਮੈਨੂੰ ਤਾਂ ਸਭ ਕੁੱਝ ਕਦੇ ਸੁੱਚਾ ਕਦੇ ਜੂਠਾ ਜਿਹਾ ਲਗਦਾ ਏ।

ਜਲੰਧਰ ਨਾਲ ਲਗਾਓ

: ਤੁਸੀਂ ਆਖਦੇ ਹੋ ਜਲੰਧਰ ਤੁਹਾਨੂੰ ਬਹੁਤ ਪਿਆਰਾ ਲਗਦਾ ਹੈ। ਸਾਨੂੰ ਵੀ ਮਹਿਸੂਸ ਹੋਇਆ ਹੈ ਕਿ ਖੰਨਾ ਛੱਡਕੇ ਜਲੰਧਰ ਆਉਣਾ ਤੁਹਾਡੇ ਜੀਵਨ ਦਾ ਇਕ ਅਹਿਮ ਪੜਾਅ ਸੀ ਜਿਥੇ ਆ ਕੇ ਤੁਹਾਡੇ ਲਈ ਜੀਵਨ ਦੀਆਂ ਬੇਅੰਤ ਸੰਭਾਵਨਾਵਾਂ ਦੇ ਬੂਹੇ ਖੁਲ੍ਹਣੇ ਸ਼ੁਰੂ ਹੋ ਗਏ। ਨਹੀਂ?

: ਨਹੀਂ। ਮੈਂ ਜਲੰਧਰ ਕੁਝ ਵੀ ਅਜਿਹਾ ਸੋਚ ਕੇ ਨਹੀਂ ਅਇਆ ਸੀ। ਮੈਂ ਤਾਂ ਬਾਪ ਤੇ ਭਾਈ ਦਾ ਸਤਾਇਆ ਹੋਇਆ ਸੀ। ਬਾਪ ਨੇ ਕਈ ਵਾਰ ਮੈਨੂੰ ਘਰੋਂ ਕੱਢਿਆ ਸੀ। ਮੈਂ ਤਾਂ ਘਰੋਂ ਨਿੱਕਲ ਕੇ ਕਿਤੇ ਵੀ ਉੱਜੜ ਜਾਣ ਲਈ ਨਿੱਕਲਿਆ ਸੀ। ਇਹ ਤਾਂ ਜ਼ਿੰਦਗੀ ਦੇ ਇਤਫ਼ਾਕਾਂ ਨੇ ਮੈਨੂੰ ਕੁਝ ਦਾ ਕੁਝ ਬਣਾ ਦਿੱਤਾ। ਏਥੇ ਮੈਂ ਸ਼ਬਦ 'ਪ੍ਰਸਥਿਤੀਆਂ' ਵਰਤਦਾ ਹਾਂ, ਜਿਹੜੀਆਂ ਬੰਦੇ ਨੂੰ ਘੁੰਮਣਘੇਰੀ 'ਚ ਪਾਈ ਰੱਖਦੀਆਂ ਨੇ। ਅੱਗੇ ਬੰਦੇ ਦੀ ਸਮਰਥਾ ਜਾਂ ਇੱਤਫਾਕ ਦੀ ਗੱਲ ਹੁੰਦੀ ਏ ਕਿ ਉਹ ਕਿਸੇ ਸਥਿਤੀ ਨਾਲ ਕਿਵੇਂ ਨਿੱਬੜਦਾ ਏ। ਉਹ ਕਿੰਨਾ ਕੁ ਸਫਲ ਹੁੰਦਾ ਏ।... ਜਲੰਧਰ ਕੋਈ ਵਲੈਤ ਸੀ, ਜਿੱਥੇ ਮੈਂ ਪੈਸੇ ਕਮਾਓਣ ਆਇਆ ਸੀ? ... ਰਹੀ ਜਲੰਧਰ ਦੇ ਪਿਆਰਾ ਲੱਗਣ ਦੀ ਗੱਲ। ਪਿਆਰਾ ਏਸ ਲਈ ਵੀ ਲੱਗਦਾ ਏ ਕਿ ਏਥੇ ਮੈਂ ਅਪਣਾ ਘਰ ਬਣਾਇਆ ਤੇ ਵਸਾਇਆ। ਜਿੱਥੇ ਮੇਰੀ ਪਤਨੀ ਤੇ ਮੇਰੇ ਬੱਚੇ ਰਹਿੰਦੇ ਨੇ। ਮੇਰੇ ਬੱਚੇ ਦੁਆਬੀਏ ਨੇ। ਏਸ ਲਈ ਮੈਂ ਪਹਿਲਾਂ ਵਾਂਗ ਦੁਆਬੀਆਂ ਨੂੰ 'ਖੁਦਗਰਜ਼' ਨਹੀਂ ਕਹਿੰਦਾ। .. ਏਸ ਸ਼ਹਿਰ 'ਚ ਮੇਰੇ ਦੋਸਤ ਰਹਿੰਦੇ ਨੇ। ਮੈਂ ਅਪਣੀ ਉਮਰ ਦਾ ਗੋਭਲਾ ਹਿੱਸਾ ਏਸ ਸ਼ਹਿਰ 'ਚ ਗੁਜ਼ਾਰਿਆ ਏ। ਮੈਂ ਬਹੁਤ ਲੋਕਾਂ ਨੂੰ ਰੱਜ ਕੇ ਪਿਆਰ ਦਿੱਤਾ ਤੇ ਲਿੱਤਾ ਏ। ਮੈਨੂੰ ਉਹ ਥਾਵਾਂ ਵੀ ਪਿਆਰੀਆਂ ਲੱਗਦੀਆਂ ਨੇ, ਜਿੱਥੇ ਮੈਂ ਪ੍ਰੇਮ-ਕ੍ਰੀੜਾ ਕੀਤੀ ਏ। ਜਿੱਥੇ ਮੈਂ ਔਖੇ ਸਾਹ ਸੁਣੇ ਤੇ ਲਏ ਨੇ। ...

ਮੈਂ ਜਦ ਜਲੰਧਰੋਂ ਬਾਹਰ ਜਾਂਦਾ ਹਾਂ ਤਾਂ ਦੂਜੇ ਕਿਸੇ ਵੀ ਸ਼ਹਿਰ 'ਚ ਕਿਸੇ ਦੋਸਤ ਦੇ ਘਰ 'ਚ ਬੈਠਾ ਤੇ ਲੇਟਿਆ ਤਾਂ ਕੀ ਸੁੱਤਾ ਪਿਆ ਵੀ ਥੱਕ ਜਾਂਦਾ ਹਾਂ। ਫੇਰ ਮੈਂ ਕਾਹਲਾ ਪੈ ਜਾਂਦਾ ਹਾਂ, ਘਰ ਨੂੰ ਮੁੜਨ ਲਈ। ਬਸ 'ਚ ਬੈਠਿਆਂ ਮੈਂ ਖਾਸਾ ਅਵਾਜ਼ਾਰ ਹੁੰਦਾ ਹਾਂ। ਬੇਚੈਨੀ ਮਹਿਸੂਸ ਹੁੰਦੀ ਏ। ਪਰ ਜਦ ਫਗਵਾੜਾ ਟੱਪਦਾ ਹਾਂ ਤਾਂ ਸੌਖਾ ਹੋਣ ਲੱਗ ਪੈਂਦਾ ਹਾਂ। ਫੇਰ ਮੈਂ ਸ਼ੀਸ਼ੇ ਵਿਚੀਂ ਜਾਣੀਆਂ ਪਛਾਣੀਆਂ ਬਾਹਰਲੀਆਂ ਬਿਲਡਿੰਗਾਂ ਤੇ ਦਰਖਤਾਂ ਨੂੰ ਦੇਖਦਾ ਰਹਿੰਦਾ ਹਾਂ। ਮੈਨੂੰ ਸੁਆਦ ਆਓਣ ਲੱਗ ਪੈਂਦਾ ਏ। ... ਇਹ ਬਈਂ ਦਾ ਪੁਲ ਲੰਘ ਗਿਆ। ਇਹ ਖਜੂਰਲਾ, ਜਿੱਥੇ ਅਸੀਂ ਕਦੇ ਸਸਤੀ ਸ਼ਰਾਬ ਪੀਣ ਆਉਂਦੇ ਹੁੰਦੇ ਸੀ। ਇਹ ਹਵੇਲੀ ਰੈਸਟੋਰੈਂਟ ਲੰਘ ਗਿਆ। ਇਹ ਰਾਮਾ ਮੰਡੀ। ਇਹ ਬਾਈ ਪਾਸ। ਇਹ ਖਾਲਸਾ ਕਾਲਜ। ਇਹ ਅੱਡਾ। ਇਹ ਮੋਤਾ ਸਿੰਘ ਨਗਰ। ਇਹ ਮੇਰਾ ਘਰ।... ਗੇਟ ਖੁਲ੍ਹਦਿਆਂ ਈ ਮੇਰਾ ਕੁੱਤਾ ਰੋਨੀ ਮੈਨੂੰ ਚਿੰਬੜ ਜਾਂਦਾ ਏ। ਅਸੀਂ ਪੰਜ ਕੁ ਮਿੰਟ ਜੱਫੀਆਂ ਪਾਉਂਦੇ ਹਾਂ। ਫੇਰ ਪਤਨੀ ਤੇ ਬੱਚਿਆਂ ਨੂੰ ਮਿਲ ਕੇ ਮੈਂ ਅਪਣੇ ਕਮਰੇ 'ਚ ਆਉਂਦਾ ਹਾਂ। ਹਰ ਚੀਜ਼ ਓਸੇ ਤਰਤੀਬ ਨਾਲ ਪਈ ਹੁੰਦੀ ਏ। ਜਿਹੜੀ ਜ਼ਰਾ ਕੁ ਵੀ ਹਿੱਲੀ ਹੁੰਦੀ ਏ, ਮੈਨੂੰ ਪਤਾ ਲੱਗ ਜਾਂਦਾ ਏ। ਮੈਂ ਕਈ ਸਰਾਹਣਿਆਂ ਵਾਲੇ ਅਪਣੇ ਬੈੱਡ 'ਤੇ ਬਹਿ ਜਾਂਦਾ ਹਾਂ। ਆਈਆਂ ਚਿੱਠੀਆਂ ਪੜ੍ਹਦਾ ਹਾਂ। ਟੀ ਵੀ ਦੇਖਦਾ ਹਾਂ। ਸੌਂ ਜਾਂਦਾ ਹਾਂ। ਜਾਗਦਾ ਹਾਂ ਤਾਂ ਏਨਾ ਤਰੋ ਤਾਜ਼ਾ ਹੁੰਦਾ ਹਾਂ ਕਿ ਮੁੜ ਕੇ ਕਿਤੇ ਵੀ ਜਾਣ ਜੋਗਾ ਹੋ ਜਾਂਦਾ ਹਾਂ।

: ਤੁਹਾਡੀਆਂ ਕਹਾਣੀਆਂ ਦੇ ਬਹੁਤੇ ਪਾਤਰ ਆਮ ਤੌਰ 'ਤੇ ਆਰਥਿਕਤਾ ਦੀਆਂ ਥੁੜ੍ਹਾਂ ਕਰ ਕੇ ਦੁੱਖੀ ਨਹੀਂ ਹੁੰਦੇ ਸਗੋਂ ਹੋਰ ਗੁੰਝਲਾਂ ਵਿਚ ਉਲਝ ਜਾਂਦੇ ਹਨ, ਕਿਉਂ?

: ਮੇਰੇ ਪਾਤਰਾਂ ਦਾ ਵਿਹਾਰ ਤਾਂ ਬੰਦੇ ਦੀ ਸੰਪੂਰਨਤਾ 'ਚ ਏ। ਆਰਥਿਕਤਾ ਤੋਂ ਬਿਨਾਂ ਤਾਂ ਪਾਤਰ ਹੋ ਈ ਨਹੀਂ ਸਕਦਾ। ਮੈਂ ਆਰਥਿਕਤਾ ਨੂੰ ਦੂਜੇ ਦਰਜੇ ਦਾ ਤੱਤ ਮੰਨਦਾ ਹਾਂ। ਇਹ ਬਦਲਦਾ ਈ ਰਹਿੰਦਾ ਏ। ਪੰਜਾਬੀ ਦਾ ਜਿਹੜਾ ਸਾਹਿਤ ਆਰਥਿਕਤਾ ਨੂੰ ਅਧਾਰ ਬਣਾ ਕੇ ਰਚਿਆ ਗਿਆ, ਉਹ ਹੁਣ ਅਪਣੇ ਅਰਥ ਗੁਆਉਂਦਾ ਜਾ ਰਿਹਾ ਏ।... ਅਸਲੀ ਗੱਲ ਤਾਂ ਬੰਦੇ ਦੀਆਂ ਬਦਲਦੀਆਂ ਮਨੋਸਥਿਤੀਆਂ ਨੇ। ਇਹਨਾਂ ਨਾਲ ਈ ਕਥਾ 'ਚ ਰਸ ਪੈਦਾ ਹੁੰਦਾ ਏ। ਰਸ ਹੀ ਸਾਹਿਤ ਦਾ ਸਦੀਵੀ ਤੱਤ ਏ।

ਮੈਂ ਬੰਦੇ ਨੂੰ ਸਮਝਣ ਲਈ ਉਹਦੇ ਧਾਰਮਿਕ ਵਿਸ਼ਵਾਸਾਂ, ਉਹਦੀ ਸੰਸਕ੍ਰਿਤੀ, ਉਹਦੇ ਉਪ-ਸੱਭਿਆਚਾਰ ਨੂੰ ਵੱਧ ਮਹੱਤਵ ਦੇਂਦਾ ਹਾਂ। ਏਸੇ ਨਾਲ ਮੇਰੇ ਪਾਤਰ ਹੋਰਾਂ ਲੇਖਕਾਂ ਦੇ ਪਾਤਰਾਂ ਨਾਲੋਂ ਵੱਖਰੇ ਲੱਗਦੇ ਨੇ।... ਮੈਂ ਵਰਗਾਂ ਜਾਂ ਵਰਣਾਂ ਦੇ ਅਧਾਰ 'ਤੇ ਹੀ ਪਾਤਰਾਂ ਨੂੰ ਸਮਝਣਾ ਠੀਕ ਨਹੀਂ ਸਮਝਦਾ। ਇਕ ਵਰਗ ਜਾਂ ਇਕ ਵਰਣ ਤਾਂ ਇਕ ਪਾਸੇ, ਇਕ ਘਰ 'ਚ ਪਲਦੇ ਪੰਜ ਭਾਈ ਵੀ ਕਦੇ ਇਕੋ ਜਿਹੇ ਨਹੀਂ ਹੋ ਸਕਦੇ। ਮੇਰੇ ਲਈ 'ਵਿਅਕਤੀ' ਸਭ ਤੋਂ ਵੱਧ ਅਹਿਮ ਏ। ਹਰੇਕ ਵਿਅਕਤੀ ਦੀ ਅਪਣੀ ਪਛਾਣ ਹੁੰਦੀ ਏ।... ਤੁਸੀਂ 'ਨਿਮਨ ਕਿਸਾਨੀ' ਜਾਂ 'ਬੁਰਜ਼ਵਾ' ਸ਼ਬਦ ਬੋਲ ਕੇ ਲੱਖਾਂ ਬੰਦਿਆਂ ਨੂੰ ਇੱਕੋ ਰੱਸੇ ਨਾਲ ਬੰਨ੍ਹ ਦੇਂਦੇ ਹੋਂ। ਇਹ ਠੀਕ ਨਹੀਂ।

ਮੈਨੂੰ ਲੱਗਦਾ ਏ ਕਿ ਮਾਰਕਸਵਾਦੀਆਂ ਤਾਂ ਕੀ ਸਾਰੇ ਭਾਰਤੀਆਂ ਨੂੰ 'ਕਾਮੁਕ ਵਿਹਾਰ' ਦੀ ਗੱਲ ਕਰਨ ਲੱਗਿਆਂ ਦੰਦਲ ਜਿਹੀ ਪੈ ਜਾਂਦੀ ਏ। ਹਿੰਦੂ ਧਰਮ ਅਤੇ ਦਰਸ਼ਨ ਨੇ ਇਹਨੂੰ ਜੀਵਨ 'ਚ ਬਹੁਤ ਅਹਿਮ ਮੰਨਿਆ ਏ। ਇਹ ਭਾਵ ਮਨੁੱਖ ਦਾ ਸਭ ਤੋਂ ਪਹਿਲਾ ਤੇ ਸਦੀਵੀ ਏ। ਲੱਖਾਂ ਲੇਖਕ ਰੋਜ਼ ਇਹਦੇ ਬਾਰੇ ਲਿਖਦੇ ਸ਼ਿੰਗਾਰ ਰਸ ਦੀ ਕਲਾ ਦੀ ਸਿਰਜਣਾ ਕਰਦੇ ਪਏ ਨੇ। .... ਆਮ ਲੋਕ ਏਸ ਭਾਵਨਾ ਦੀ ਸ਼ਕਤੀ ਦੇ ਪ੍ਰਭਾਵ ਹੇਠ ਰਹਿੰਦੇ ਵੀ ਇਹਨੂੰ ਨਿੰਦੀ ਜਾਂਦੇ ਨੇ। .... ਇਕ ਸਾਡੇ ਸਮਾਜ ਦੀ ਇਹ ਬੀਮਾਰੀ ਏ ਕਿ ਅਸੀਂ ਪੰਜਾਹਾਂ ਤੋਂ ਟੱਪੇ ਬੰਦੇ ਨੂੰ 'ਕਬਰ 'ਚ ਲੱਤਾਂ' ਕਹਿ ਦੇਂਦੇ ਹਾਂ ਕਿ ਉਹਨੂੰ ਹੁਣ ਬਾਣਪ੍ਰਸਥੀ ਜਾਂ ਸੰਨਿਆਸੀ ਹੋ ਜਾਣਾ ਚਾਹੀਦਾ ਏ। ਬਥੇਰਾ ਗ੍ਰਹਸਤ ਭੋਗ ਲਿਆ। ਪਰ ਮੈਂ ਏਸ ਦੇ ਉਲਟ ਸਮਝਦਾ ਹਾਂ। ਮੇਰਾ ਖਿਆਲ ਏ ਕਿ ਨੂਹਾਂ ਤੇ ਪੋਤਿਆਂ ਵਾਲੇ ਬੰਦਿਆਂ ਨੂੰ ਵੀ ਪਿਆਰ ਦੀ ਓਨੀ ਹੀ ਲੋੜ ਹੁੰਦੀ ਏ, ਜਿੰਨੀ ਜਵਾਨਾਂ ਨੂੰ। ਪਰ ਉਹਨਾਂ ਦੇ ਤੌਰ ਤਰੀਕੇ ਬਦਲ ਜਾਂਦੇ ਨੇ। ਹਰ ਉਮਰ 'ਚ ਬੰਦੇ ਅੰਦਰ ਮੁਹੱਬਤ ਕਰਨ ਤੇ ਮੁਹੱਬਤ ਲੱਭਣ ਦੀ ਚਾਹਤ ਹੁੰਦੀ ਏ। ਜਿਹੜੇ ਇਹਦੇ ਬਾਰੇ ਲਿਖਣ ਦੇ ਵਿਰੋਧੀ ਨੇ, ਉਹ ਆਮ ਜੀਵਨ 'ਚ ਇਹਦੇ ਬਾਰੇ ਵੱਧ ਗੱਲਾਂ ਕਰਦੇ ਨੇ - ਮੈਂ ਤਾਂ ਹੁਣ ਵੀ ਇਸਤਰੀ ਦੇ ਪਿਆਰ ਲਈ ਤਰਸਦਾ ਹਾਂ।

ਕਾਵਿ ਰਚਨਾ

: ਪਤਾ ਲੱਗਾ ਹੈ ਕਿ ਕਦੀ ਤੁਸੀਂ ਗਜ਼ਲ ਲਿਖੀ ਸੀ । ਕੀ ਤੁਹਾਨੂੰ ਕਿਸੇ ਵੇਲੇ ਕਵਿਤਾ ਦੀ ਕੋਈ ਸਤਰ ਵੀ ਸੁੱਝੀ ਸੀ ਜੋ ਹਰ ਲੇਖਕ ਨੂੰ ਸੁੱਝਦੀ ਹੈ। ਹੋਰ ਨਹੀਂ ਤਾਂ ਕਿਸੇ ਹੋਰ ਦੀ ਹੀ ਚੰਗੀ ਲੱਗੀ ਹੋਵੇ?

: ਮੈਂ ਗ਼ਜ਼ਲ ਕਦੇ ਨਹੀਂ ਲਿਖੀ। ਹਾਂ, ਮੈਂ ਕਵਿਤਾਵਾਂ ਜ਼ਰੂਰ ਲਿਖੀਆਂ ਪੰਜ ਸੱਤ। ਇਕ ਦੋ ਐਂਵੇ ਲੋਰ 'ਚ। ਕੁਝ 'ਸੈਨਿਕ ਸਮਾਚਾਰ' 'ਚ ਛਪਵਾ ਕੇ ਪੈਸੇ ਕਮਾਓਣ ਲਈ। ਕੁਝ ਕਵਿਤਾਵਾਂ ਉਰਦੂ ਦੇ ਆਧੁਨਿਕ ਸਾਹਿਤ ਛਾਪਣ ਵਾਲੇ ਮਸ਼ਹੂਰ ਪਰਚੇ 'ਸ਼ਬਖੂਨ' 'ਚ ਛਪਣ ਲਈ ਭੇਜੀਆਂ। ਤਾਂ ਜੋ ਕਹਿ ਸਕਾਂ ਕਿ ਇਹ ਆਧੁਨਿਕ ਸਾਹਿਤ ਵਾਲੇ ਵੀ ਲਾਲ ਬੁਝੱਕੜ ਈ ਨੇ। ਜਿਹੜੀ ਰਚਨਾ ਉਲਝੀ ਜਿਹੀ ਤੇ ਰੱਬੀ ਸੁਰ ਵਾਲੀ ਹੋਵੇ, ਉਹਨੂੰ ਇਹ 'ਨਵੀਂ' ਮੰਨ ਲੈਂਦੇ ਨੇ। ਮੈਂ ਦੱਸਣਾ ਚਾਹੁੰਦਾ ਸੀ ਕਿ ਪੌਣੇ ਦੋ ਹਜ਼ਾਰ ਸਾਲ ਪਹਿਲਾਂ ਵੀ ਆਧੁਨਿਕ ਸਾਹਿਤ ਰਚਿਆ ਜਾਂਦਾ ਸੀ। ਉਹ ਕਵਿਤਾਵਾਂ ਛਪ ਗਈਆਂ। ਮੈਂ ਆਧੁਨਿਕਤਾ ਦਾ ਮਜ਼ਾਕ ਉਡਾਣ 'ਚ ਸਫਲ ਹੋ ਗਿਆ। ਉਹ ਸਾਰੀਆਂ ਕਵਿਤਾਵਾਂ ਮੈਂ ਬਾਈਬਲ ਵਿਚੋਂ ਨਕਲ ਕਰ ਕੇ ਭੇਜੀਆਂ ਸਨ। ਪਰ ਅਗਲੇ ਅੰਕ 'ਚ ਕਿਸੇ ਕ੍ਰਿਸ਼ਚਨ ਭਾਈ ਨੇ ਚਿੱਠੀ ਲਿਖ ਕੇ ਮੇਰਾ ਭੇਤ ਖੋਲ੍ਹ ਦਿੱਤਾ ਸੀ। ... ਉਹ ਕਵਿਤਾਵਾਂ ਮੈਂ ਸੰਤੋਸ਼ ਕਪਿਲ ਦੇ ਨਾਂ ਨਾਲ ਛਪਵਾਈਆਂ ਸਨ। ਸੰਤੋਸ਼ ਨਾਂ ਦੀ ਇਕ ਸੁੰਦਰ ਇਸਤਰੀ ਮੈਨੂੰ ਚੰਗੀ ਲੱਗਦੀ ਹੁੰਦੀ ਸੀ। ਮੇਰਾ ਇਕ ਨੇੜੇ ਦਾ ਦੋਸਤ ਮੈਨੂੰ 'ਕਪਿਲਵਸਤੂ' ਕਹਿਣ ਲੱਗ ਪਿਆ ਸੀ।

ਕਵਿਤਾ ਜਾਂ ਕਿਸੇ ਹੋਰ ਵੀ ਸਾਹਿਤਕ ਵਿਧਾ ਦਾ ਚੰਗਾ ਲੱਗਣਾ ਸਾਰੀ ਉਮਰ ਇੱਕੋ ਜਿਹਾ ਨਹੀਂ ਹੁੰਦਾ। ਕਦੇ ਮੈਂ ਡੰਗਰਾਂ ਵਾਲੀਆਂ ਮੰਡੀਆਂ 'ਚ ਵਿਕਦੇ ਕਿੱਸੇ ਖਰੀਦ ਕੇ ਸ਼ੌਕ ਨਾਲ ਪੜ੍ਹਦਾ ਸੀ ਤਾਂ ਬਹੁਤੇ ਸੁਆਦ ਨਾਲ ਮੈਂ ਸਾਧੂ ਦਯਾ ਸਿੰਘ ਆਰਿਫ ਦਾ 'ਜ਼ਿੰਦਗੀ ਬਿਲਾਸ' ਪੜ੍ਹਿਆ। ਗਾਇਆ ਤੇ ਹੋਰਾਂ ਦੋਸਤਾਂ ਨੂੰ ਸੁਣਾਇਆ। ਏਸੇ ਤੋਂ ਮੈਨੂੰ ਪੰਜਾਬੀ ਪੜ੍ਹਨ ਤੇ ਗੁਰਮੁਖੀ ਅੱਖਰਾਂ ਦੀ ਪਛਾਣ ਆਈ। ਕਿਉਂਕਿ ਸਾਡੇ ਸਕੂਲ 'ਚ ਪੰਜਾਬੀ ਦਾ ਵਿਸ਼ਾ ਈ ਨਹੀਂ ਸੀ। ਮੈਂ ਹਿੰਦੀ ਤੇ ਸੰਸਕ੍ਰਿਤ ਪੜ੍ਹਦਾ ਸੀ। ਉਰਦੂ ਪੜ੍ਹਾਈ ਦੇ ਮਾਧਿਅਮ ਦੀ ਭਾਸ਼ਾ ਸੀ। ਮੈਨੂੰ ਇਹੋ ਚੰਗੀ ਲੱਗਦੀ ਸੀ। ਏਸ ਲਈ ਮੈਂ ਸਭ ਤੋਂ ਵੱਧ ਸਾਹਿਤ ਉਰਦੂ ਦਾ ਪੜ੍ਹਿਆ। ਸ਼ਾਇਰੀ ਵੀ ਬਹੁਤ ਪੜ੍ਹੀ। ਹੁਣ ਵੀ ਮੈਂ ਅਪਣੇ ਆਪ ਨੂੰ ਬੁਨਿਆਦੀ ਤੌਰ 'ਤੇ ਉਰਦੂ ਦਾ ਬੰਦਾ ਈ ਸਮਝਦਾ ਹਾਂ। ਜਾਂ ਇੰਜ ਕਹਿਣਾ ਮੈਨੂੰ ਚੰਗਾ ਲੱਗਦਾ ਏ। ... ਫੇਰ ਮੈਂ ਆਰੀਆ ਸਮਾਜ ਖੰਨਾ ਤੇ ਮਿਉਂਸੀਪਲ ਕਮੇਟੀ ਖੰਨਾ ਦੀਆਂ ਲਾਇਬ੍ਰੇਰੀਆਂ ਵਿਚੋਂ ਕਿਤਾਬਾਂ ਕਢਵਾ ਕੇ ਬੇਤਹਾਸ਼ਾ ਪੜ੍ਹੀਆਂ। (ਮੇਰੇ ਬਾਈ ਜੀ ਦੋਹਾਂ ਲਾਇਬ੍ਰੇਰੀਆਂ ਦੇ ਲਾਈਫ ਮੈਂਬਰ ਸਨ) ਜਿਹੜੀਆਂ ਸਭ ਤੋਂ ਵੱਧ ਉਰਦੂ 'ਚ ਸਨ। ਜੇ ਕੋਈ ਪੰਜਾਬੀ ਦੀ ਕਿਤਾਬ ਪੜ੍ਹੀ ਤਾਂ ਫਾਰਸੀ ਲਿਪੀ 'ਚ ਹੁੰਦੀ ਸੀ। ਮੈਨੂੰ ਦਰਸ਼ਨ ਸਿੰਘ ਆਵਾਰਾ ਦੀਆਂ ਸਾਰੀਆਂ ਕਿਤਾਬਾਂ ਚੰਗੀਆਂ ਲੱਗੀਆਂ ਸਨ। ਹਿੰਦੀ 'ਚ ਹਰਿਵੰਸ਼ ਰਾਏ ਬੱਚਨ ਦੀ ਸਾਰੀ 'ਮਧੁਸ਼ਾਲਾ' ਪੜ੍ਹੀ ਸੀ। ਪਰ ਬਾਅਦ 'ਚ ਮੈਂ ਮੁਹੱਬਤ ਤੇ ਇਨਕਲਾਬ ਦੀ ਸ਼ਾਇਰੀ ਪੜ੍ਹਦਾ ਰਿਹਾ।

ਹੁਣ ਵੀ ਮੈਂ ਪੰਜਾਬੀ ਕਵਿਤਾ ਪੜ੍ਹਦਾ ਤਾਂ ਹਾਂ, ਪਰ ਮੈਨੂੰ ਉਹ ਕੁਝ ਨਹੀਂ ਹੁੰਦਾ, ਜਿਹੜਾ ਪਹਿਲਾਂ ਹੋਇਆ ਕਰਦਾ ਸੀ। ਸ਼ਾਇਦ ਸਾਹਿਤ ਬਾਰੇ ਮੇਰੀ ਸਮਝ ਬਹੁਤੀ ਪੱਕ ਗਈ ਏ। ਉਰਦੂ ਸ਼ਾਇਰੀ ਹੁਣ ਵੀ ਅਸਰ ਕਰਦੀ ਏ। ਔਹ ਦੇਖੋ! ਮੇਰੇ ਬੈੱਡ ਅੱਗੇ ਪਈ ਛੋਟੀ ਮੇਜ਼ 'ਤੇ ਮਿਰਜ਼ਾ ਗ਼ਾਲਿਬ, ਮੀਰ ਤਕੀ ਮੀਰ ਤੇ ਇਕਬਾਲ ਦੇ ਦੀਵਾਨ ਪਏ ਹੋਏ ਨੇ। ਗ਼ਾਲਿਬ ਦੇ ਕਲਾਮ ਦੀਆਂ ਸੱਤੇ ਸ਼ਰਾਆਂ ਦੇ ਹਵਾਲਿਆਂ ਵਾਲੀ ਕਿਤਾਬ ਵੀ ਹੈਗੀ। ਕਦੇ ਕਦੇ ਮੈਂ ਇਹਨਾਂ ਨੂੰ ਪੜ੍ਹਦਾ ਹਾਂ ਤੇ ਅਪਣੇ ਹਮਰਾਜ਼ ਦੋਸਤ ਓਮ ਪ੍ਰਕਾਸ਼ ਪਨਾਹਗੀਰ ਨੂੰ ਫੋਨ ਕਰ ਕੇ ਕਹਿੰਦਾ ਹਾਂ... ਗਾਹੇ ਗਾਹੇ ਬਾਜ਼ ਖਾਂ ਕਿੱਸਾ ਏ ਪਾਰੀਨਾ ਰਾ (ਕਦੇ ਕਦੇ ਪੁਰਾਣੇ ਕਿੱਸੇ ਵੀ ਪੜ੍ਹ)।

: ਫਿਕਰ ਤੌਂਸਵੀ ਵਾਂਗ ਪ੍ਰੇਮ ਪ੍ਰਕਾਸ਼ ਖੰਨਵੀ ਬਹੁਤ ਸੁਹਣਾ ਨਾਮ ਸੀ। ਇਹ 'ਖੰਨਵੀ' ਕਿਉਂ ਲਾਹ ਮਾਰਿਆ। ਸਗੋਂ ਪ੍ਰੇਮ ਪ੍ਰਕਾਸ਼ ਟੁੰਡਾ ਜਿਹਾ ਲਗਦੈ। ਕੀ ਖ਼ਿਆਲ ਐ?

:'ਖੰਨਵੀ' ਤੁਹਾਨੂੰ ਸੋਹਣਾ ਲੱਗਦਾ ਹੋਵੇਗਾ, ਮੈਨੂੰ ਨਾ ਲੱਗਿਆ। ਜਿਨ੍ਹਾਂ ਨੂੰ ਚੰਗਾ ਲੱਗਦਾ ਏ ਜਾਂ ਯਾਦ ਏ, ਉਹ ਬੰਦੇ ਮੇਰੀ ਅਖਬਾਰ ਨਵੀਸ ਬਰਾਦਰੀ ਦੇ ਨੇ। ਜਿਨ੍ਹਾਂ 'ਚੋਂ ਕਈਆਂ ਨੂੰ ਮੇਰੇ ਪੂਰੇ ਨਾਂ ਦਾ ਵੀ ਪਤਾ ਨਹੀਂ ਸੀ। ਉਰਦੂ ਦੇ ਅਦਬ ਆਦਾਬ ਮੁਤਾਬਿਕ ਅਸੀਂ ਨਾਂ ਦੇ ਨਾਲ 'ਸਾਹਿਬ' ਬੋਲਦੇ ਹਾਂ। ਏਸ ਹਿਸਾਬ ਨਾਲ ਮੈਨੂੰ 'ਖੰਨਵੀ ਸਾਹਿਬ' ਕਹਿ ਕੇ ਬੁਲਾਇਆ ਜਾਂਦਾ ਸੀ।... ਪਰ ਅਪਣੀਆਂ ਕਹਾਣੀਆਂ ਤੋਂ ਮੈਂ ਚਾਰ ਪੰਜ ਸਾਲਾਂ ਬਾਅਦ ਈ 'ਖੰਨਵੀ' ਲਾਹ ਦਿੱਤਾ ਸੀ।

Blitz Auto Canada
Full Maintenance Service
Breaks
Muffler
Suspension
Steering
Lube & Oil
Tires
Batteries
WE CARE YOUR CAR BETTER
Contact: Umesh Amin
3207-97 Street, Edmonton, Alberta, T6N 1B7, Canada
Phone: 780 463 2886 Fax: 780 463 6536
E-mail: unamin@gmail.com

ਮੈਨੂੰ ਤੁਹਾਡਾ ਇਹ ਸ਼ਬਦ 'ਟੁੰਡਾ' ਕੁਰੱਖਤ ਲੱਗਿਆ ਏ। ਖੈਰ ਤੁਸੀਂ ਅਪਣੇ ਸੱਭਿਆਚਾਰ ਦੀ ਬੋਲੀ ਬੋਲਣੀ ਏ।....

ਇਹ 'ਖੰਨਵੀ' ਮੈਂ ਉਰਦੂ ਵਾਲਿਆਂ ਦੀ ਰੀਸ 'ਚ ਲਾਇਆ ਸੀ। ਜਿਵੇਂ ਸਾਹਿਰ ਲੁਧਿਆਨਵੀ, ਹਫ਼ੀਜ਼ ਜਲੰਧਰੀ, ਹਾਲੀ ਪਾਨੀਪਤੀ ਆਦਿ। ਉਹ ਅਪਣਾ ਤਖ਼ਲੁਸ ਏਸ ਲਈ ਵੀ ਲਿਖਦੇ ਸਨ ਕਿ ਨਾਂ ਲੰਮੇ ਹੁੰਦੇ ਸਨ। ਗ਼ਜ਼ਲ ਦੇ ਮਕਤਾਅ 'ਚ ਚੰਗੀ ਤਰ੍ਹਾਂ ਫਿਟ ਨਹੀਂ ਸੀ ਹੁੰਦੇ। ਜਿਵੇਂ ਫ਼ਿਕਰ ਤੌਂਸਵੀ ਦਾ ਨਾਂ ਰਾਮ ਲਾਲ ਸੀ। ਮਿਰਜ਼ਾ ਗ਼ਾਲਿਬ ਦਾ ਨਾਂ ਅਸਦੁੱਲਾ ਖਾਂ ਸੀ। ਸਾਹਿਰ ਲੁਧਿਆਨਵੀ ਦਾ ਨਾਂ ਅਬਦੁਲਯਹੀ ਸੀ । ਹਾਲੀ ਦਾ ਨਾਂ ਮੈਂ ਭੁੱਲ ਗਿਆ ਹਾਂ।

: ਸੁਣਿਆ ਹੈ ਕਿ ਤੁਹਾਨੂੰ ਬਚਪਨ ਵਿਚ ਬੜੀ ਘੁਟਨ ਰਹੀ, ਬੜੀਆਂ ਤਕਲੀਫ਼ਾਂ ਦਾ ਸਾਹਮਣਾ ਕਰਨਾ ਪਿਆ। ਕੀ ਉਸ ਵੇਲੇ ਦੀ ਕੋਈ ਭਿਆਨਕ ਘਟਨਾ ਅਜੇ ਵੀ ਚੇਤੇ ਵਿਚ ਅੜੀ ਹੋਈ ਹੈ?

: ਜਿਨ੍ਹਾਂ ਕਰ ਕੇ ਔਖਿਆਈਆਂ ਪੈਦਾ ਹੋਈਆਂ ਸਨ। ਉਹਨਾਂ ਵਿਚੋਂ ਮੇਰੇ ਬਾਈ ਜੀ (ਪਿਤਾ ਜੀ) ਕਦੋਂ ਦੇ ਗੁਜ਼ਰ ਚੁੱਕੇ ਨੇ। ਮੈਨੂੰ ਉਹਨਾਂ ਗੱਲਾ ਦੀ ਯਾਦ ਏਨੀ ਧੁੰਦਲੀ ਪੈ ਗਈ ਲੱਗਦੀ ਏ ਕਿ ਸਪਸ਼ਟ ਤਸਵੀਰ ਬਣਦੀ ਹੀ ਨਹੀਂ। ਉਂਜ ਵੀ ਮੇਰਾ ਦਿਲ ਦੁੱਖਾਂ ਦੀਆਂ ਉਹਨਾਂ ਗੱਲਾਂ ਦੀ ਦੁਹਰਾਈ ਕਰਨਾ ਨਹੀਂ ਚਾਹੁੰਦਾ।

: ਤੁਹਾਡੇ ਬਚਪਨ ਦੇ ਹੋਰ ਡਰਾਂ ਵਿਚੋਂ ਇੱਕ ਮਦਰਸੇ ਜਾਣ ਦਾ ਡਰ ਵੀ ਸੀ। ਰਾਸ਼ਿਆਂ ਵਰਗੇ ਮਾਸਟਰਾਂ ਦਾ ਡਰ। ਫੇਰ ਇਹ ਅਜੀਬ ਗੱਲ ਨਹੀਂ ਕਿ ਪਿਛੋਂ ਆਪ ਹੀ ਕਿਤਾਬਾਂ ਪੜ੍ਹਨ ਅਤੇ ਲਿਖਣ ਦਾ ਕਿੱਤਾ ਅਪਣਾ ਬੈਠੇ?

: ਇਹ ਸਭ ਇਤਫਾਕ ਦੀਆਂ ਗੱਲਾਂ ਨੇ। ਮੇਰੀ ਜ਼ਿੰਦਗੀ 'ਚ ਤਾਂ ਬਹੁਤ ਕੁਝ ਉਲਟ ਪੁਲਟ ਈ ਹੁੰਦਾ ਆ ਰਿਹਾ ਏ। ਮੈਂ ਡਰਦਾ ਮਾਸਟਰ ਦੀ ਮਾਰ ਤੋਂ ਸੀ। ਹੋਰ ਵੀ ਬਹੁਤ ਸਾਰੇ ਡਰ ਸਨ ਸਕੂਲ 'ਚ ਰਹਿਣ ਦੇ। ਕਈ ਘੰਟੇ ਮਾਂ ਤੇ ਘਰ ਤੋਂ ਦੂਰ ਰਹਿਣ ਦਾ ਡਰ, ਲੋਦੇ ਲਾਓਣ ਵਾਲੇ ਡਾਕਟਰਾਂ ਦੇ ਆਓਣ ਦਾ ਡਰ ਤੇ ਓਪਰੇ ਮੁੰਡਿਆਂ ਦੇ ਘੂਰਨ ਦਾ ਡਰ।... ਇਹਦੀ ਸਜ਼ਾ ਮੈਨੂੰ ਇਹੀ ਮਿਲੀ ਕਿ ਮੇਰੇ ਬਾਈ ਜੀ ਮੈਨੂੰ ਬੀਬੀ ਨਾਲੋਂ ਤੋੜ ਕੇ ਭਾਦਸੋਂ ਭੂਆ ਕੋਲ ਛੱਡ ਆਏ। .. ਹੋਰ ਦਿਲਚਸਪ ਵਿਸੰਗਤੀਆਂ ਮੇਰੇ ਕਿੱਤੇ 'ਚ ਹੋਈਆਂ। ਮੈਂ ਕਾਲਜ 'ਚ ਪੜ੍ਹਨਾ ਚਾਹੁੰਦਾ ਸੀ, ਪਰ ਘਰ ਦੀ ਮਜਬੂਰੀ ਕਾਰਨ ਖੇਤੀ 'ਚ ਪੈਣਾ ਪੈ ਗਿਆ। ਕਲਰਕੀ ਕਿਤੇ ਲੱਭੀ ਨਾ ਤਾਂ ਮੇਰਾ ਦਾਦਾ ਜ਼ੋਰ ਪਾਵੇ ਕਿ ਪਟਵਾਰੀ ਬਣ ਜਾ। ਮੈਂ ਅਪਣੇ ਨਾਨਾ ਜੀ ਹਕੀਮ ਗੰਗਾ ਰਾਮ ਦੇ ਜ਼ੋਰ ਨਾਲ ਕ੍ਰਿਸਚਿਅਨ ਸਕੂਲ ਖਰੜ 'ਚ ਜੇ ਬੀ.ਟੀ. ਕਰ ਲਈ। ਜਲੰਧਰ ਮਾਸਟਰੀ ਮਿਲੀ। ਸਰਕਾਰੀ ਨੌਕਰੀ ਏਸ ਲਈ ਛੱਡੀ ਕਿ ਮੈਨੂੰ ਬੱਚਿਆਂ ਨੂੰ ਇਹ ਨਸੀਹਤਾਂ ਕਰਨੀਆਂ ਬਦਅਖਲਾਕੀ ਲੱਗਦੀ ਸੀ ਕਿ ਰੋਜ਼ ਨਹਾ ਕੇ ਆਇਆ ਕਰੋ, ਸਿਗਰਟ ਤੇ ਸ਼ਰਾਬ ਪੀਣਾ ਮਾੜੀ ਗੱਲ ਏ। ਜਦਕਿ ਇਹ ਸਾਰੇ ਕੰਮ ਮੈਂ ਆਪ ਕਰਦਾ ਸੀ।

ਕਹਾਣੀ ਲਿਖਣ ਲੱਗਿਆ ਤਾਂ ਮੈਨੂੰ ਅਖਬਾਰ ਤੋਂ ਬੜੀ ਅਲਰਜੀ ਸੀ। ਮੈਂ ਅਖਬਾਰੀ ਬੰਦਿਆਂ ਦਾ ਮਜ਼ਾਕ ਉਡਾਇਆ ਕਰਦਾ ਸੀ। ਇਕ ਵਾਰ ਵਿਰਕ ਦੇ ਦਫਤਰ 'ਚ ਚਾਹ ਪੀਂਦਾ ਮੈਂ ਮਿਲਾਪ ਦੇ ਐਡੀਟਰ ਇੰਚਾਰਜ ਜਨਾਬ ਨੰਦ ਲਾਲ ਐਸ਼ ਨਾਲ ਲੜ ਪਿਆ ਸੀ।... ਫੇਰ ਮੈਂ ਮਾਸਟਰੀ ਦੀ ਸਰਕਾਰੀ ਨੌਕਰੀ ਛੱਡ ਕੇ ਪਿੰਡ ਜਾ ਬੈਠਿਆ। ਵੱਡੇ ਭਾਈ ਨਾਲ ਨਾ ਬਣੀ ਤਾਂ ਐਵੇਂ ਸਿਰ ਫਸੌਣ ਲਈ ਪੰਜਾਬ ਯੂਨੀਵਰਸਿਟੀ 'ਚ ਅਤਰ ਸਿੰਘ ਨੂੰ ਕਿਹਾ ਕਿ ਮੈਨੂੰ ਕਿਤੇ ਅੜਾ ਦੇ। ਉਹਨੇ ਕਾਮਰੇਡ ਤਾਰਾ ਚੰਦ ਗੁਪਤਾ ਨੂੰ ਮਿਲਾ ਕੇ ਜਰਨਲਿਜ਼ਮ 'ਚ ਦਾਖਲਾ ਦਿਵਾ ਦਿੱਤਾ।... ਜਦ ਮੈਂ ਮੁੜ ਕੇ ਜਲੰਧਰ ਗਿਆ ਤਾਂ ਕਿਸੇ ਤੋਂ ਨੌਕਰੀ ਮੰਗਣ ਦਾ ਹੌਸਲਾ ਨਾ ਪਵੇ। ਇਕ ਦਿਨ ਮਿਲਾਪ ਦੇ ਦਫਤਰ ਚਲਿਆ ਗਿਆ। ਐਸ਼ ਸਾਹਿਬ, ਜਿਹੜੇ ਮੇਰੇ ਨਾਲ ਲੜੇ ਹੋਏ ਸਨ, ਨੇ ਮੈਨੂੰ ਕਿਹਾ,''ਆ ਵਈ ਖੰਨਵੀ ਭਾਈ। ਹੁਣ ਨੌਕਰੀ ਕਰਨੀ ਐ।''... ਮੈਂ ਕਿਹਾ 'ਹਾਂ ਜੀ'। ਉਹਨੇ ਓਸੇ ਵੇਲੇ ਮੈਨੂੰ ਨਿਊਜ਼ ਡੈਸਕ 'ਤੇ ਬਹਾ ਲਿਆ। ਛੇਆਂ ਮਹੀਨਿਆਂ 'ਚ ਮੈਨੂੰ ਹਰ ਫਨ ਮੌਲਾ ਅਖਬਾਰ ਨਵੀਸ ਬਣਾ ਦਿੱਤਾ। ਕਾਮਰੇਡ ਤਾਰਾ ਚੰਦ ਗੁਪਤਾ ਵੀ ਲਾਹੌਰ 'ਤੋਂ ਉਹਨਾਂ ਦੇ ਸ਼ਾਗਿਰਦ ਸਨ।... ਫੇਰ ਮੈਂ 26 ਸਾਲ ਉਰਦੂ ਅਖਬਾਰ ਨਵੀਸੀ ਦਾ ਭੱਠ ਝੋਕਦਾ ਰਿਹਾ। ਮੈਨੂੰ ਇਹ ਕੰਮ ਅਪਣੀ ਸਾਹਿਤਕ ਹੈਸੀਅਤ ਤੋਂ ਛੋਟਾ ਲੱਗਦਾ ਸੀ।... ਜਿਨ੍ਹਾਂ ਦੇ ਨਾਲ ਮੈਂ ਕੰਮ ਕਰਦਾ ਸੀ, ਉਹਨਾਂ ਨੂੰ ਪਿਆਰ ਤੇ ਮਖ਼ੌਲ ਕਰਦਾ ਸੀ, ਪਰ ਉਹਨਾਂ ਨੂੰ ਮੈਂ ਅਪਣੇ ਘਰ ਨਹੀਂ ਸੀ ਆਓਣ ਦੇਂਦਾ। ਬਜ਼ਾਰ 'ਚ ਮਿਲਦੇ ਸੀ ਤਾਂ ਮੈਂ ਮੂੰਹ ਭੂੰਆ ਲੈਂਦਾ ਸੀ। ... ਏਨੀ ਨਫ਼ਰਤ ਨਾਲ ਮੈਂ ਰੋਟੀ ਕਮਾਈ।

: ਪਿਛਾਂਹ ਮੁੜਕੇ ਦੇਖੋ ਤਾਂ ਅਪਣੇ ਬਚਪਨ ਵਿਚ ਹੀ ਨਾਸਤਕ ਹੋ ਜਾਣਾ ਅਤੇ ਦੇਵੀ ਦੇਵਤਿਆਂ ਨੂੰ ਬੁਰਾ ਭਲਾ ਬੋਲਣ ਦਾ ਹੁਣ ਕੋਈ ਕਾਰਨ ਵੀ ਲੱਭਦਾ ਹੈ ਜਾਂ ਨਹੀਂ?

: ਕਾਰਨ ਤਾਂ ਲੱਭਦੇ ਨੇ, ਪਰ ਲੱਗਦਾ ਏ ਕਿ ਉਦੋਂ ਮੇਰਾ ਰਵੱਈਆ ਘਰ ਦੀਆਂ ਕੁੜੱਤਣਾਂ ਕਰ ਕੇ ਅਜਿਹਾ ਹੋ ਗਿਆ ਸੀ। ਹੁਣ ਮੈਂ ਬਿਲਕੁਲ ਬਦਲ ਗਿਆ ਹਾਂ। ਹੁਣ ਤਾਂ ਮੈਂ ਮੂਰਤੀ ਪੂਜਾ ਨੂੰ ਵੀ ਠੀਕ ਸਮਝਦਾ ਹਾਂ। ਮੈਂ ਰਾਧਾ ਤੇ ਕ੍ਰਿਸ਼ਣ ਦੇ ਪਿਆਰ ਨੂੰ ਸਮਝਣ ਤੋਂ ਬਾਅਦ ਉਹਨੂੰ ਮਹਿਸੂਸ ਕਰਨ ਦੀ ਅਨੁਭੂਤੀ ਪ੍ਰਾਪਤ ਕਰਨ ਲਈ ਨੌ ਦਸ ਸਾਲ ਲਾ ਦਿੱਤੇ ਸੀ। ਹੁਣ ਮੈਨੂੰ ਸਾਰੇ ਦੇਵੀ ਦੇਵਤੇ ਤੇ ਉਹਨਾਂ ਬਾਰੇ ਬਣੀਆਂ ਕਹਾਣੀਆਂ ਬੜੀਆਂ ਦਿਲਚਸਪ ਲੱਗਦੀਆਂ ਨੇ। ਏਸੇ ਲਈ ਹਿੰਦੂ ਮਿਥਿਹਾਸ ਮੇਰੇ ਅੰਦਰ ਰਚਦਾ ਰਚਦਾ ਰਚ ਵਸ ਗਿਆ। ਮੈਂ ਪੁਰਾਣਾਂ ਨੂੰ ਏਸ ਧਰਤੀ ਦੀ ਬਹੁਤ ਵੱਡੀ ਗਲਪ ਮੰਨਦਾ ਹਾਂ। ਜੀਹਨੂੰ ਆਮ ਪਾਠਕ ਇਹ ਕਹਿ ਕੇ ਛੱਡ ਦੇਂਦੇ ਨੇ ਕਿ ਹਿੰਦੂ ਧਰਮ ਵਾਲਿਆਂ ਦੀਆਂ ਗੱਪਾਂ ਨੇ। ਮੈਂ ਗੱਪਾਂ ਨੂੰ ਵੀ ਗਲਪ ਕਹਿੰਦਾ ਹਾਂ।

ਉਦੋਂ ਮੇਰਾ ਰੱਵਈਆ ਚੜ੍ਹਦੀ ਉਮਰ ਦੀ ਨਾਦਾਨੀ ਤੇ ਹਰੇਕ ਗੱਲ ਤੇ ਸੋਚ ਤੋਂ ਮੁਨਕਰ ਹੋਣ ਜਾਂ ਵਿਰੋਧ ਤੇ ਬਗ਼ਾਵਤ ਕਰਨ ਦੇ ਅੰਨ੍ਹੇ ਜਜ਼ਬੇ ਕਰ ਕੇ ਬਣ ਗਿਆ ਸੀ।

ਨਾਸਤਕ ਤਾਂ ਮੈਨੂੰ 1947 ਦੀਆਂ ਅਮਾਨਵੀ ਘਟਨਾਵਾਂ ਨੇ ਬਣਾ ਦਿੱਤਾ ਸੀ।... ਉਂਜ 'ਨਾਨ ਬੀਲੀਵਰ' ਤਾਂ ਮੈਂ ਹੁਣ ਵੀ ਹਾਂ। ਸਾਰੀ ਜ਼ਿੰਦਗੀ ਮੈਂ ਕਿਤੇ ਮੱਥਾ ਨਹੀਂ ਟੇਕਿਆ।... ਕਦੇ ਅਸੀਂ ਸਾਹਿਰ ਦਾ ਇਹ ਸ਼ਿਅਰ ਗੁਣਗੁਣਾਂਦੇ ਹੁੰਦੇ ਸੀ....'ਯੇਹ ਖ਼ੁਦਾ ਯੇਹ ਦੇਵਤਾ ਚੰਦ ਰੋਜ਼ ਹੀ ਰਹਿ ਪਾਏਂਗੇ।...ਜਾਹਿਲ ਸੇ ਪੈਦਾ ਹੁਏ ਹੈਂ, ਇਲਮ ਸੇ ਮਰ ਜਾਏਂਗੇ।।.... ਪਰ ਗੱਲ ਉਲਟ ਹੋਈ। ਭਾਰਤ 'ਚ ਜਿਵੇਂ ਜਿਵੇਂ ਲੋਕ ਗਿਆਨ ਪ੍ਰਾਪਤ ਕਰਦੇ ਗਏ, ਉਵੇਂ ਉਵੇਂ ਦੇਵਤਿਆਂ ਦੇ ਵੱਧ ਸ਼ਰਧਾਲੂ ਬਣਦੇ ਗਏ। ਵਹਿਮ ਭਰਮ ਵਧਦੇ ਗਏ।

ਮੈਂ ਤਾਂ ਕਹਿੰਦਾ ਹੁੰਦਾ ਹਾਂ ਕਿ ਪਰਮਾਤਮਾ ਨੇ ਬੰਦੇ ਨਹੀਂ ਬਣਾਏ, ਬੰਦਿਆਂ ਨੇ ਪਰਮਾਤਮਾ ਨੂੰ ਬਣਾਇਆ ਏ। ਇਹ ਦੇਵੀਆਂ ਦੇਵਤੇ ਸਭ ਅਸੀਂ ਸਿਰਜੇ ਨੇ। ਅਸੀਂ ਜਿਹੜੀਆਂ ਸ਼ਕਤੀਆਂ ਤੋਂ ਡਰਦਿਆਂ ਇਹਨਾਂ ਨੂੰ ਸਿਰਜਿਆ ਸੀ, ਉਹ ਸ਼ਕਤੀਆਂ ਉਵੇਂ ਕਾਇਮ ਰਹੀਆਂ। ਪਰ ਅਸੀਂ ਦੇਵਤਿਆਂ 'ਚ ਸ਼ਕਤੀਆਂ ਪੈਦਾ ਕਰ ਕੇ ਆਪ ਉਹਨਾਂ ਤੋਂ ਡਰਨ ਲੱਗ ਪਏ ਹਾਂ। ਜਿਹੜੀ ਮੂਰਤੀ ਨੂੰ ਛੋਟੀ ਜਾਤ ਦਾ ਬੰਦਾ ਆਪ ਬਣਾ ਕੇ ਰੱਸਿਆਂ ਨਾਲ ਬੰਨ੍ਹ ਕੇ ਮੰਦਰ ਤਕ ਲਿਆਉਂਦਾ ਏ, ਉਹੀ ਮੂਰਤੀ ਜਦ ਮੰਦਰ 'ਚ ਸਥਾਪਤ ਹੋ ਜਾਂਦੀ ਏ ਤੇ ਮੰਤਰਾਂ ਦੇ ਉਚਾਰਣ ਨਾਲ ਉਹਦੀ ਪ੍ਰਾਣ ਪਰਤਿਸ਼ਟਾ ਹੋ ਜਾਂਦੀ ਏ ਤਾਂ ਅਸੀਂ ਉਹਦੇ ਮੂਹਰੇ ਝੁਕ ਕੇ ਵਰਦਾਨ ਮੰਗਣ ਲੱਗ ਪੈਂਦੇ ਹਾਂ।... ਮੈਨੂੰ ਇਹ ਸਾਰੀ ਖੇਡ ਬੜੀ ਗਹਿਰ ਗੰਭੀਰ ਤੇ ਦਿਲਚਸਪ ਲੱਗਦੀ ਏ।

(ਲਓ, ਹੁਣ ਚਾਹ ਆ ਗਈ ਏ। ਪੀ ਈ ਲਓ।...ਇਕ ਕੱਪ ਜਿਹੜਾ ਫਿੱਕਾ ਏ, ਉਹਦੇ 'ਚ ਚਮਚਾ ਪਿਆ ਏ।)

ਰੱਬ ਮਰ ਗਿਆ

: ਸੰਤਾਲੀ ਵੇਲੇ ਤੁਹਾਡੀ ਉਮਰ ਪੰਦਰਾਂ ਸਾਲਾਂ ਦੀ ਸੀ। ਆਲੇ ਦੁਆਲੇ ਬੜਾ ਵੱਢ ਵਢਾਂਗਾ ਦੇਖਿਆ ਹੋਵੇਗਾ। ਡੰਗਰ ਚਾਰਦਿਆਂ ਗਲੀਆਂ ਸੜੀਆਂ ਲਾਸ਼ਾਂ ਦੀਆਂ ਹੱਡੀਆਂ ਵੀ ਗਿਣੀਆਂ-ਪਛਾਣੀਆਂ। ਕੀ ਮਨ ਵਿਚ ਬਹਿ ਨਹੀਂ ਗਿਆ ਕਿ ਆਦਮੀ ਵਿਚ ਪਸ਼ੂ ਬਿਰਤੀ ਲੁਕੀ ਬੈਠੀ ਹੈ ਜੋ ਜਦ ਚਾਹੇ ਜਾਗ ਪੈਂਦੀ ਹੈ?

: 1947 ਦਾ ਵੱਢ ਵਢਾਂਗਾ ਮੇਰੇ ਸਾਹਮਣੇ ਹੋਇਆ। ਅੱਗਾਂ 'ਚ ਜਲਦੇ ਬੰਦੇ ਕੋਠਿਆਂ 'ਤੋਂ ਸੁੱਟੇ ਜਾਂਦੇ ਦੇਖੇ। ਮੈਂ ਕੋਈ ਤਿੰਨ ਸੌ ਲਾਸ਼ਾਂ ਦਾ ਢੇਰ ਅਪਣੀਆਂ ਅੱਖਾਂ ਅੱਗੇ ਸੜਦਾ ਵੇਖਿਆ। ਮੈਂ ਅਪਣੇ ਬਾਪ ਤੇ ਦਾਦੇ ਦੇ ਨਾਲ ਅਪਣੇ ਜੱਦੀ ਪਿੰਡ ਬਦੀਨ ਪੁਰ ਗਿਆ। ਉਥੇ ਸਾਡੇ ਬੇਆਬਾਦ ਘਰ ਦੇ ਸਾਹਮਣੇ ਬਰੋਟੇ ਕੋਲ ਲਾਸ਼ਾਂ ਦਾ ਢੇਰ ਚੁਬਾਰੇ ਜਿੰਨਾ ਉੱਚਾ ਸੀ। ਉਹਨੂੰ ਸਾੜਨ ਵਾਲਾ ਕੋਈ ਨਹੀਂ ਸੀ। ਲੁੱਟਣ ਵਾਲੇ ਪਠਾਣੀਆਂ ਦੀਆਂ ਬਹੂਆਂ ਤੇ ਬੁੜ੍ਹੀਆਂ ਦੇ ਗਹਿਣੇ ਲਾਹ ਕੇ ਭੱਜ ਗਏ ਸਨ। ਚਾਰੇ ਪਾਸੇ ਖ਼ੂਨ ਡੁੱਲ੍ਹਿਆ ਹੋਇਆ ਸੀ। ਪਿੰਡ 'ਚ ਜਿਹੜੀ ਥੋੜ੍ਹੀ ਜਿਹੀ ਹਿੰਦੂ ਵਸੋਂ ਸੀ, ਉਹ ਕਿਤੇ ਭੱਜ ਗਈ ਸੀ। ਜਿੱਦਣ ਅਸੀਂ ਗਏ ਓਦਣ ਭੱਜੇ ਟੱਬਰ ਮੁੜ ਆਏ ਸੀ। ਲਾਸ਼ਾਂ ਸਾੜਨ ਲਈ ਲੱਕੜੀ ਕਾਫੀ ਨਹੀਂ ਸੀ। ਸਰਕਾਰੀ ਬੰਦਿਆਂ ਨੇ ਮਿੱਟੀ ਦਾ ਤੇਲ ਪਾ ਕੇ ਫੂਕੀਆਂ ਤੇ ਪਿੰਡ ਨੂੰ ਬਿਮਾਰੀ ਤੋਂ ਬਚਾਇਆ ਸੀ।

ਹੱਲਿਆਂ ਤੋਂ ਕੁਝ ਚਿਰ ਪਹਿਲਾਂ ਵੱਢ ਟੁੱਕ ਕੇ ਭਜਾਏ ਰਫਿਊਜੀਆਂ ਨੂੰ ਦੇਖ ਕੇ ਮੈਂ ਗਾਂਧੀਵਾਦੀ ਤੋਂ ਕੱਟੜ ਹਿੰਦੂ ਬਣ ਗਿਆ ਸੀ। ਫੇਰ ਮੁਸਲਮਾਨਾਂ 'ਤੇ ਹੋਏ ਜ਼ੁਲਮ ਦੇਖ ਕੇ ਮੇਰੀ ਸੋਚ ਬਦਲ ਗਈ ਸੀ। ਮੈਂ ਰੱਬ ਤੋਂ ਮੁਨਕਰ ਹੋ ਗਿਆ।... ਇਹ ਕੀ ਹੋਈ ਜਾਂਦਾ ਏ? ...ਹਰ ਵੇਲੇ ਮੇਰੇ ਜ਼ਿਹਨ 'ਚ ਇਹੀ ਸਵਾਲ ਗੂੰਜਦਾ ਰਹਿੰਦਾ ਸੀ।... ਏਸ ਸਵਾਲ ਦਾ ਜਵਾਬ ਲੱਭਣ ਲਈ ਮੈਂ ਗੌਸੂ ਦੀ ਖੂਹੀ ਦੀਆਂ ਕੁਟੀਆਂ ਵਿਚ ਰਹਿੰਦੇ ਸਾਧੂਆਂ ਕੋਲ ਜਾਂਦਾ ਸੀ। ਉਥੇ ਈ ਮੈਨੂੰ ਮਹਾ ਰਾਸ਼ਟਰ ਤੋਂ ਆਇਆ ਸਾਧ ਮਿਲਿਆ। ਪੱਕੇ ਰੰਗ ਦੇ ਓਸ ਹੱਟੇ ਕੱਟੇ ਸਾਧ ਦੇ ਹੱਥ 'ਚ ਬਰਛਾ ਸੀ। ਉਹ ਗੁੱਸੇ ਨਾਲ ਬੋਲਿਆ,''ਇਹ ਸਭ ਸੱਪ ਨੇ। ਇਹਨਾਂ ਨੂੰ ਉਵੇਂ ਮਿੱਧ ਦੇਣਾ ਚਾਹੀਦਾ ਏ ਜਿਸ ਤਰ੍ਹਾਂ ਭਾਰਤ 'ਤੇ ਹਮਲੇ ਕਰਨ ਵਾਲੇ ਮੁਸਲਮਾਨਾਂ ਨੇ ਹਿੰਦੂਆਂ ਨੂੰ ਮਾਰਿਆ ਸੀ।... ਦੇਖੋ, ਏਸ ਬਰਛੇ ਨਾਲ ਮੈਂ ਸੋਲਾਂ ਸਪੋਲੀਏ ਮਾਰੇ ਨੇ। ਉਹਨਾਂ ਦੇ ਸਿਰ ਟੰਗ ਕੇ ਵਗਾਹ ਮਾਰੇ...ਔਹ ਪਰੇ।''

ਮੈ ਉਹਦੇ ਸਾਹਮਣੇ ਬੋਲ ਨਾ ਸਕਿਆ। ਉਹ ਪੁਲਿਸ 'ਚੋਂ ਭੱਜਿਆ ਹੋਇਆ ਸੀ।... ਮੈਨੂੰ ਕਿਸੇ ਨੇ ਦੱਸਿਆ ਕਿ ਉਹ ਬੱਚੇ ਸਾਡੇ ਪੁਰਾਣੇ ਮੋਰੀ ਮੁਹੱਲੇ ਦੇ ਬੱਕਰਵਾਲਾਂ, ਗੁੱਜਰਾਂ, ਛੀਂਬਿਆਂ ਤੇ ਲੋਹਾਰਾਂ ਤਰਖਾਣਾਂ ਦੇ ਸਨ।... ਉਦੋਂ ਈ ਮੇਰਾ ਰੱਬ ਮਰ ਗਿਆ। ਜਿਹੜਾ ਅੱਜ ਵੀ ਮਰਿਆ ਪਿਆ ਏ।

ਫੇਰ ਬੰਦੇ ਦੇ ਵਹਿਸ਼ੀ ਹੋਣ ਦਾ ਸਵਾਲ ਮੈਨੂੰ


# Get Government Grants

## ਕੀ ਤੁਸੀਂ ਜਾਣਦੇ ਹੋ?

- ਕਿ ਕੈਨੇਡੀਅਨ ਗੌਰਮਿੰਟ ਨੇ 0 ਤੋਂ 6 ਸਾਲ ਦੀ ਉਮਰ ਦੇ ਬੱਚਿਆਂ ਨੂੰ ਹਰ ਮਹੀਨੇ 100 ਡਾਲਰ ਦੇਣ ਦਾ ਐਲਾਨ ਕੀਤਾ ਹੈ।
- ਕਿ ਇਹ 100 ਡਾਲਰ ਜੁਲਾਈ 2006 ਤੋਂ ਮਿਲਣਾ ਸ਼ੁਰੂ ਹੋਇਆ ਹੈ
- ਕਿ ਤੁਸੀਂ ਜੇਕਰ ਇਹੀ 100 ਡਾਲਰ RESP ਪੈਲਨ ਵਿਚ ਪਾਉਂਦੇ ਹੋ ਤਾਂ ਤੁਹਾਨੂੰ ਫੇਡਰਲ ਅਤੇ ਪ੍ਰੋਵਿੰਸ਼ੀਅਲ ਗਰਾਂਟਾਂ ਮਿਲ ਸਕਦੀਆਂ ਹਨ।
- ਕਿ ਭਾਵੇਂ ਤੁਸੀਂ ਪਹਿਲਾਂ ਵੀ RESP ਪਲੈਨ ਪੀ ਕੀਤੀ ਹੋਈ ਹੋਵੇ ਤਾਂ ਇਸ 100 ਡਾਲਰਾਂ ਦੀ ਇਕ ਹੋਰ RESP ਪਲੈਨ ਲੈ ਸਕਦੇ ਹੋ। ਜਦੋਂ ਤਕ ਤੁਸੀਂ ਇਕ ਬੱਚੇ ਦਾ ਉਮਰ ਭਰ ਵਿਚ 50,000 ਡਾਲਰ ਤੋਂ ਵੱਧ ਨਾ ਪਾਉਂਦੇ ਹੋਵੋ।
- ਕਿ ਜੇਕਰ ਤੁਸੀਂ ਇਹੀ 100 ਡਾਲਰ ਦੀ ਪੰਜ ਸਾਲਾ CET ਦੀ ਪਲੈਨ ਲੈਂਦੈ ਹੋ ਅਤੇ ਪੰਜ ਸਾਲ ਤੋਂ ਬਾਦ ਕੁਝ ਵੀ ਨਹੀਂ ਪਾਉਂਦੇ ਤਾਂ ਤਕਰੀਬਨ 31,000 ਡਾਲਰ ਬੱਚੇ ਦੀ ਕਾਲਜ ਜਾਂ ਯੂਨੀਵਰਸਿਟੀ ਦੀ ਪੜ੍ਹਾਈ ਸਮੇ ਮਿਲ ਸਕਦਾ ਹੈ।
- ਸੈਨਟੇਨੀਅਲ ਗਰਾਂਟ(800 ਡਾਲਰ) ਬੱਚੇ ਦੇ 2 ਸਾਲ ਦਾ ਹੋਣ ਤੋਂ ਪਹਿਲਾਂ ਹੀ ਲੈ ਸਕਦੇ ਹੋ।

## Did You Know?

- That Canadian Government announced to give $100 for every child up to 6 years of age?
- That this $100 will be coming to every parent for every child under 6 years of age starting the month of July 2006?
- That you save money in your RESP, you can got all the Federal and Provincial Grants from the Government?
- That you can have as many RESP's as you want as long as total life time contribution per child is not over $50,000?
- That if you save $100 only for 5 years in CET Group Plus, it could add up approximately $31,000* after 18 years?

ਗੌਰਮਿੰਟ ਦੇ ਹੀ ਪੈਸਿਆਂ ਨੂੰ RESP ਵਿਚ ਪਾਕੇ ਗੌਰਮਿੰਟ ਦੀਆਂ ਹੀ ਫਰੀ ਗਰਾਂਟਾਂ ਦਾ ਫਾਇਦਾ ਉਠਾਓ

Save New Free Money From Government For Your Child's Education Plan & Get Grants From Government

*Want to know more about above all, Please call today for FREE information JESSIE SINGH C.A.I.B. (Branch Manager) of Childern Education Trust Inc.*

**403-830-7007**



JESSIE SINGH C.A.I.B.

**Based on post performance & actual educational assistance paid. This amount includes CEGS, Enchanced CESG, CLB and ACES. This amount is intended to reflect future results. Discretionary Enhancements are included in the value. The rate of return is not intended to reflect future values or returns on investments. Please refer to our prospectus for further details.**

ਨਕਸਲੀ ਲਹਿਰ ਵੇਲੇ ਵੀ ਤੰਗ ਕਰਦਾ ਰਿਹਾ। ਇਕ ਵਾਰ ਮੈਂ ਕਾਮਰੇਡ ਕੇਵਲ ਕੌਰ ਦੇ ਘਰ ਇਕ ਸਾਧ ਨੂੰ ਦੇਖਿਆ। ਉਹ ਮੰਜੀ 'ਤੇ ਬੈਠਾ ਚਾਹ ਪੀ ਰਿਹਾ ਸੀ। ਕੇਵਲ ਕੌਰ ਨੇ ਦੱਸਿਆ ਕਿ ਇਹ ਲਾਲ ਪਾਰਟੀ ਦਾ ਬੰਦਾ ਏ। ਨਵੇਂ ਸ਼ਹਿਰ ਤੋਂ ਅਗਾਂਹ ਸੂਰਜ ਕੁੰਡ 'ਚ ਇਹਦਾ ਡੇਰਾ ਏ। ਆਪਾਂ ਕਦੇ ਜਾਵਾਂਗੇ। ਲਾਲ ਪਾਰਟੀ ਵਾਲੇ ਕਾਮਰੇਡ ਅੱਗੇ ਵੀ ਕੇਵਲ ਕੌਰ ਦੇ ਘਰ ਆਉਂਦੇ ਹੁੰਦੇ ਸੀ। ਜਿਨ੍ਹਾਂ ਵਿਚੋਂ ਇਕ ਕਾਲਾ ਭੂਤ ਬੰਦਾ ਹਥਿਆਰਾਂ ਦਾ ਧੰਦਾ ਕਰਦਾ ਸੀ।

ਇਕ ਦਿਨ ਮੈਂ ਤੇ ਕੇਵਲ ਕੌਰ ਸੂਰਜ ਕੁੰਡ ਦੇ ਡੇਰੇ ਚਲੇ ਗਏ। ਸੰਤ ਬੜੇ ਪਿਆਰ ਨਾਲ ਮਿਲਿਆ। ਜਦ ਮੈਂ ਤਖਤ ਪੋਸ਼ 'ਤੇ ਬਹਿਣ ਲੱਗਿਆ ਤਾਂ ਕੇਵਲ ਕੌਰ ਨੇ ਸੈਨਤ ਨਾਲ ਰੋਕ ਦਿੱਤਾ। ਬਾਹਰ ਕੋਈ ਸ਼ਰਧਾਲੂ ਆ ਰਿਹਾ ਸੀ। ਅਸੀਂ ਹੇਠਲੇ ਗੱਦੇ 'ਤੇ ਬਹਿ ਗਏ। ਉਹਨਾਂ ਦਿਨਾਂ 'ਚ ਇਰਾਕ ਤੇ ਈਰਾਨ ਦੀ ਜੰਗ ਚੱਲ ਰਹੀ ਸੀ। ਜਦ ਮੈਂ ਸੰਤਾਂ ਨੂੰ ਬੰਦਿਆਂ ਦੇ ਏਸ ਵੱਢ ਟੁੱਕ ਦੀ ਗੱਲ ਕੀਤੀ ਤਾਂ ਉਹ ਕਹਿਣ ਲੱਗੇ,"ਤੁਸੀ ਐਵੇਂ ਚਿੰਤਾ ਕਰਦੇ ਹੋ। ਅਕਾਸ਼ 'ਚ ਹਰ ਵੇਲੇ ਯੁੱਧ ਚੱਲਦਾ ਈ ਰਹਿੰਦਾ ਏ। ਮਹਾਭਾਰਤ ਕਿਤੇ ਉਦੋਂ ਈ ਮੁੱਕ ਗਿਆ ਸੀ? ਉਹ ਤਾਂ ਹੁਣ ਵੀ ਜਾਰੀ ਏ। ਇਹ ਸੁਰਾਂ ਅਸੁਰਾਂ ਵਿਚਕਾਰ ਯੁੱਧ ਤਾਂ ਹੁੰਦਾ ਈ ਰਹਿਣੈ।''

ਫੇਰ ਜਦ ਪੰਜਾਬ 'ਚ 12 ਸਾਲਾਂ ਦਾ ਅੱਤਵਾਦ ਚੱਲਿਆ, ਹਜ਼ਾਰਾਂ ਬੇਦੋਸ਼ੇ ਬੰਦੇ ਗੋਲੀਆਂ ਨਾਲ ਉਡਾ ਦਿੱਤੇ ਗਏ। ਕੁਝ ਮਾਰਕਸਵਾਦੀ ਵੀ ਅੱਤਵਾਦੀਆਂ ਦੀ ਹਮਾਇਤ ਕਰਨ ਲੱਗ ਪਏ ਤਾਂ ਮੈਨੂੰ 1947 ਵਾਲੇ ਅੱਤਿਆਚਾਰ ਫਿੱਕੇ ਲੱਗਣ ਲੱਗ ਪਏ। ਮੈਨੂੰ ਲੱਗਿਆ ਕਿ ਕਾਮਰੇਡ ਸਾਧ ਠੀਕ ਈ ਕਹਿੰਦਾ ਸੀ ਕਿ ਮਹਾਭਾਰਤ ਦਾ ਯੁੱਧ ਤਾਂ ਜਾਰੀ ਹੀ ਰਹਿੰਦਾ ਏ। ਇਹਦੇ 'ਚ ਤਾਂ ਲੜਨਾ ਪੈਣਾ ਈ ਏ।

ਕਾਮ ਵਰਜਣਾ

: ਜਲੰਧਰ ਸਾਹਿਤ ਸਭਾ ਵਿਚ ਪੜ੍ਹੀ ਪਹਿਲੀ ਹੀ ਕਹਾਣੀ 'ਉਪਤ ਖੁਪਤ' ਦਾ 'ਪ੍ਰੀਤ ਲੜੀ' ਵਿਚ ਛਪ ਜਾਣਾ ਅਤੇ ਅਗਲੀ ਕਹਾਣੀ ਨੂੰ 'ਪੰਜ ਦਰਿਆ' ਵਰਗੇ ਪਰਚੇ ਵਿਚ ਥਾਂ ਮਿਲਣ ਨਾਲ ਕੀ ਇਹ ਅਹਿਸਾਸ ਨਹੀਂ ਸੀ ਹੋ ਗਿਆ ਕਿ ਤੁਹਾਡੀ ਲਿਖਤ ਵਿਚ ਮੁਢੋਂ ਹੀ ਬੜੀ ਪਕਿਆਈ ਸੀ?

: ਏਸ ਪਕਿਆਈ ਕਚਿਆਈ ਦਾ ਪਤਾ ਮੈਨੂੰ ਆਪ ਨੂੰ ਨਹੀਂ ਸੀ। ਇਹ ਤਾਂ ਹੁਣ ਵੀ ਨਹੀਂ ਹੁੰਦਾ। ਇਹਦਾ ਅਹਿਸਾਸ ਤਾਂ ਚੰਗੇ ਪਾਠਕ ਤੇ ਵਿਦਵਾਨ ਕਰਾਉਂਦੇ ਨੇ।.. ਮੈਨੂੰ ਬਹੁਤ ਕੁਝ ਦਾ ਨਹੀਂ ਸੀ ਪਤਾ। ਮੇਰੀਆਂ ਕਹਾਣੀਆਂ ਪੜ੍ਹ ਕੇ ਉਨ੍ਹਾਂ ਨੂੰ ਚੰਗੀਆਂ ਕਹਿਣ ਵਾਲਿਆਂ ਨੇ ਮੈਨੂੰ ਪਕਿਆਈ ਦਾ ਅਹਿਸਾਸ ਕਰਾਇਆ ਸੀ। ਉਹਨਾਂ ਨੇ ਈ ਮੈਨੂੰ ਬਾਂਸ 'ਤੇ ਟੰਗ ਦਿੱਤਾ ਸੀ। ਉਰਦੂ ਕਹਾਣੀ ਨੂੰ ਜਾਨਣ ਦਾ ਮਾੜਾ ਜਿਹਾ ਹੰਕਾਰ ਵੀ ਮੇਰੇ 'ਚ ਪਹਿਲਾਂ ਤੋਂ ਈ ਮੌਜੂਦ ਸੀ। ਮੇਰੇ ਜਿੰਨਾ ਉਰਦੂ ਸਾਹਿਤ ਕਿਸੇ ਨੇ ਨਹੀਂ ਸੀ ਪੜ੍ਹਿਆ ਹੋਇਆ।

: ਕੀ ਸਾਹਿਤ ਰਚਨਾ ਵਿਚ ਸਾਹਿਤਕਾਰ ਮਿੱਤਰਾਂ ਨਾਲ ਮੇਲ ਜੋਲ ਜਾਂ ਮਾਹੌਲ ਵੀ ਕੋਈ ਸਹਾਇਤਾ ਕਰਦਾ ਹੈ?

: ਜੀ ਹਾਂ, ਬਹੁਤ ਜ਼ਿਆਦਾ। ਮੈਂ ਤਾਂ ਅਪਣੀਆਂ ਸਾਰੀਆਂ ਲਿਖਤਾਂ ਛਪਣ ਤੋਂ ਪਹਿਲਾਂ ਦੋਸਤਾਂ ਨੂੰ ਸੁਣਾਈਆਂ ਨੇ। ਸ਼ੁਰੂ 'ਚ ਮਹਿਰਮ ਯਾਰ ਤੇ ਜਸਵੰਤ ਸਿੰਘ ਵਿਰਦੀ ਨੂੰ ਸੁਣਾਇਆ ਕਰਦਾ ਸੀ। ਫੇਰ ਭੂਸ਼ਨ ਤੇ ਭੰਡਾਰੀ ਮੇਰੇ ਅੜਿੱਕੇ ਆ ਗਏ। ਮੈਂ ਉਹਨਾਂ ਨੂੰ ਕਹਾਣੀ ਸੁਣਾਨ ਲਈ ਚੰਡੀਗੜ੍ਹ ਜਾਇਆ ਕਰਦਾ ਸੀ। ਫੇਰ ਜਲੰਧਰ 'ਚ ਹੀ ਇਕ ਮਾਰਕਸੀ ਦੋਸਤ ਪ੍ਰਿਯਵ੍ਰਤ ਮਿਲ ਗਿਆ। ਉਹਦੇ ਹੁੰਦਿਆਂ ਈ ਚਿਤਰਕਾਰ ਸੁਰਜੀਤ ਕੌਰ ਨੂੰ ਵੀ ਸੁਣਾਉਂਦਾ ਹੁੰਦਾ ਸੀ। ਉਹ ਚਿਤਰਕਾਰੀ ਤੇ ਕਹਾਣੀ ਦੇ ਮਾਮਲੇ 'ਚ ਏਨੀ ਸਿਆਣੀ ਏ ਕਿ ਫਾਈਨਲ ਕੀਤੀ ਕਹਾਣੀ ਮੈਂ ਉਹਨੂੰ ਸੁਣਾ ਕੇ ਹੀ ਛਪਣ ਲਈ ਭੇਜਦਾ ਸੀ। ਸੁਰਜੀਤ ਹਾਂਸ ਦੀ ਵਿਦਵਾਨਾਂ ਵਾਲੀ ਰਾਏ ਵੀ ਮਿਲਦੀ ਰਹਿੰਦੀ ਸੀ। ਕਈ ਵਾਰ ਤਾਂ ਮੇਰੀ ਐਵੇਂ ਛੱਡੀ ਜਾਂ ਸਿੱਟੀ ਕਹਾਣੀ ਦੇ ਨੁਕਤੇ ਉਹ ਦੱਸ ਦੇਂਦਾ ਸੀ।... ਅੱਜਕਲ੍ਹ ਮੈਂ ਜਿੰਦਰ ਤੋਂ ਵੀ ਰਾਏ ਲੈਂਦਾ ਹਾਂ। ਜੇ ਕੋਈ ਨਾ ਈ ਮਿਲੇ ਤਾਂ ਪਨਾਹਗੀਰ ਤਾਂ ਹੈਗਾ ਈ।

: ਪ੍ਰੋ: ਮੋਹਨ ਸਿੰਘ ਨਾਲ ਜਲੰਧਰ ਰਹਿੰਦਿਆਂ ਕਿੰਨਾ ਕੁ ਸੰਪਰਕ ਰਿਹਾ। ਕਵੀ ਤਾਂ ਉਹ ਚੋਟੀ ਦਾ ਸੀ ਹੀ ਪਰ ਉਹਦੀ ਸਖਸ਼ੀਅਤ ਬਾਰੇ ਤੁਹਾਡੇ ਕੀ ਪ੍ਰਭਾਵ ਹਨ?

: ਪ੍ਰੋ. ਮੋਹਨ ਸਿੰਘ ਨਾਲ ਮੇਰੀਆਂ ਬਹੁਤ ਮੁਲਾਕਾਤਾਂ ਹੋਈਆਂ। ਪਰ ਸਾਡੇ ਵਿਚਕਾਰ ਉਮਰ ਦਾ ਫ਼ਾਸਲਾ ਬਰਕਰਾਰ ਰਿਹਾ। ਉਹ ਅਪਣੇ ਪੋਠੋਹਾਰੀ ਕਲਚਰ ਅਨੁਸਾਰ ਛੋਟਿਆਂ ਨੂੰ ਵੀ 'ਤੁਸੀਂ' ਕਹਿ ਕੇ ਮੁਖ਼ਾਤਿਬ ਹੁੰਦੇ ਸਨ। ਜਦ ਵੀ ਮੈਂ ਜਾਂਦਾ ਸੀ, ਚਾਹ ਜ਼ਰੂਰ ਪੁੱਛਦੇ। ਮੈਂ ਸੰਗਾਊ ਸੀ। ਉਹਨਾਂ ਦੀ ਪਤਨੀ ਜੀਤ ਦਫਤਰ 'ਚ ਵੀ ਉਹਨਾਂ ਦੇ ਸਾਹਮਣੇ ਬੈਠੀ ਰਹਿੰਦੀ ਸੀ। ਉਹਨਾਂ ਦੀਆਂ ਬੇਟੀਆਂ ਵੀ ਆ ਜਾਂਦੀਆਂ ਸਨ। ਮੈਂ ਬਹੁਤੀ ਗੱਲ ਨਹੀਂ ਸੀ ਕਰ ਸਕਦਾ। ਉਹ ਆਪ ਮੈਨੂੰ ਫਾਰਸੀ ਸਾਹਿਤ ਬਾਰੇ ਨੁਕਤੇ ਦੱਸਦੇ ਰਹਿੰਦੇ ਸੀ।... ਵਿਰਕ ਨਾਲ ਉਹਨਾਂ ਦੀ ਕਾਫੀ ਸਾਂਝ ਸੀ। ਮੈਨੂੰ ਵਿਰਕ ਨੇ ਈ ਦੱਸਿਆ ਸੀ ਕਿ ਮੋਹਨ ਸਿੰਘ ਪੁਰੀ ਖੱਤਰੀ ਏ। ਮੇਰੀ ਭੂਆ ਨਾਭੇ ਪੁਰੀਆਂ ਦੇ ਵਿਆਹੀ ਹੋਈ ਸੀ। ... ਦੋਵੇਂ ਵੱਡੇ ਸਾਹਿਤਕਾਰ ਦਾਰੂ ਪੀਂਦੇ ਹੋਏ ਬਥੇਰੀਆਂ ਓਹਲੇ ਦੀਆਂ ਗੱਲਾਂ ਕਰ ਲੈਂਦੇ ਸੀ। ਮੈਨੂੰ ਉਹ ਕੁਝ ਲਿਖਣ ਦਾ ਹੱਕ ਨਹੀਂ।

: ਤੁਹਾਡੇ ਨਾਲ ਹੀ ਕਹਾਣੀਆਂ ਲਿਖਣੀਆਂ ਸ਼ੁਰੂ ਕਰਨ ਵਾਲੇ ਜਿਵੇਂ ਮਹਿਰਮ ਯਾਰ, ਜਸਵੰਤ ਸਿੰਘ ਵਿਰਦੀ ਆਦਿ ਚੰਗਾ ਲਿਖਣ ਦੇ ਬਾਵਜੂਦ ਰੁਲ ਖੁਲ ਗਏ। ਇਹਦਾ ਕੀ ਕਾਰਨ ਲੱਭਦੇ ਹੋ?

: ਉਹਨਾਂ ਕਾਰਨਾਂ ਦਾ ਮੈਨੂੰ ਨਹੀਂ ਪਤਾ। ਇਹ ਤਾਂ ਵਿਦਵਾਨ ਲੋਕ ਹੀ ਦੱਸ ਸਕਦੇ ਨੇ। ਉਂਜ ਉਹ ਦੋਵੇਂ ਸਿਆਣੇ ਲੇਖਕ ਸਨ। ਮਹਿਰਮ ਯਾਰ ਨੂੰ ਗੱਲਾਂ ਬੜੀਆਂ ਫੁਰਦੀਆਂ ਸਨ। ਵਿਰਦੀ ਕੋਲ ਕਹਾਣੀ ਲਿਖਣ ਦੀ ਟੈਕਨੀਕ ਦਾ ਕਮਾਲ ਏ। ਉਹਦੀ ਕਲਪਨਾ ਬਹੁਤ ਤੇਜ਼ ਦੌੜਦੀ ਏ। ਏਸੇ ਲਈ ਪੰਜਾਬੀ 'ਚ ਸਭ ਤੋਂ ਵੱਧ ਕਹਾਣੀਆਂ ਉਹਨੇ ਲਿਖੀਆਂ ਨੇ। ਇਹਨਾਂ ਦੋਹਾਂ ਨੇ ਨਾ ਸਿਰਫ਼ ਕਹਾਣੀ ਲਿਖਣ 'ਚ ਬਲਕਿ ਮੇਰੀ ਹਰੇਕ ਸਹੂਲਤ ਲਈ ਮੇਰੀ ਬੜੀ ਸਹਾਇਤਾ ਕੀਤੀ। ਮੈਂ ਉਹਨਾਂ ਦਾ ਅਹਿਸਾਨ ਮੰਨਦਾ ਹਾਂ।

: ਤੁਸੀਂ ਸ਼ੁਰੂ ਤੋਂ ਈ ਉੱਤਮ ਪੁਰਖੀ ਕਹਾਣੀ ਲਿਖਣੀ ਕਿਉਂ ਸ਼ੁਰੂ ਕੀਤੀ?

: ਪਹਿਲਾਂ ਜਿਹੜੀ ਕਹਾਣੀ ਅਨਯ ਪੁਰਖ (ਟਹਰਿਦ ਪਅਰਸੋਨ) ਵਿੱਚ ਲਿਖੀ ਜਾਂਦੀ ਸੀ, ਮੈਨੂੰ ਉਸ ਕੋਲੋਂ ਗੁਰੇਜ਼ ਹੋਣ ਲੱਗ ਪਿਆ। ਮੈਨੂੰ ਲੱਗਾ ਕਿ ਉਹਦੇ ਨਾਲ ਪਾਠਕ ਨਾਲ ਗੱਲ ਦੀ ਸਾਂਝ ਘਟ ਬਣਦੀ ਹੈ। ਫਰਜ਼ ਕਰੋ ਮੈਂ ਬਹੁਤ ਹੀ ਨੇੜਲੇ ਦੋਸਤਾਂ ਵਿੱਚ ਬਹਿ ਕੇ ਕੋਈ ਗੱਲ ਸੁਣਾਉਂਦਾ ਹਾਂ- ਉਸ ਤੋਂ ਅੱਗੇ ਚਾਰ ਅਜਿਹੇ ਦੋਸਤ ਹਨ, ਜਿਨ੍ਹਾਂ ਕੋਲ ਦਿਲ ਦੀ ਗੱਲ ਵੀ ਕਰਦਾ ਹਾਂ। ਮੈਂ ਉਨ੍ਹਾਂ ਨਾਲ ਬਰੀਕ ਤੇ ਲੁਕਵੀਂ ਗੱਲ ਵੀ ਕਰਦਾ ਹਾਂ। ਪਰ ਪੰਜਵੇਂ ਕੋਲ ਨਹੀਂ ਕਰਦਾ। ਨੇੜਤਾ ਤੋਂ ਬਿਨਾਂ ਉਹ ਗੱਲ ਨਹੀਂ ਦੱਸੀ ਜਾ ਸਕਦੀ। ਮੇਰਾ ਪਾਤਰ ਸੱਚਾਈ ਨਾਲ ਤਾਂ ਹੀ ਦੱਸੇਗਾ ਜੇ ਦੂਜਾ ਉਸ ਦਾ ਨੇੜੇ ਦਾ ਦੋਸਤ ਹੋਏਗਾ।

ਸੁਪਨੇ, ਧਰਮ ਤੇ ਜਾਤਾਂ

: ਹਰ ਮਨੁੱਖ ਸੁਪਨੇ ਲੈਂਦਾ ਹੈ, ਤੁਸੀਂ ਵੀ ਲਏ ਹੋਣਗੇ ਉਹ । ਕੀ ਇਨ੍ਹਾਂ ਕਾਰਨ ਵੀ ਜੀਵਨ 'ਚ ਕੋਈ ਉਲਝਣਾਂ ਪੈਦਾ ਹੋਈਆਂ ?

: ਸੁਫ਼ਨੇ ਮੈਨੂੰ ਛੋਟੀ ਉਮਰ ਤੋਂ ਹੀ ਤੰਗ ਕਰਦੇ ਰਹੇ ਨੇ। ਲੱਗਦਾ ਹੈ ਕਿ ਹੁਣ ਇਹ ਮੈਨੂੰ ਮਾਰ ਕੇ ਈ ਖਹਿੜਾ ਛੱਡਣਗੇ...! ਛੋਟਾ ਹੁੰਦਾ ਸੀ ਤਾਂ ਚੁੜੇਲਾਂ ਤੇ ਭੂਤਾਂ ਪ੍ਰੇਤਾਂ ਦੇ ਸੁਫ਼ਨੇ ਡਰਾਉਂਦੇ। ਵੱਡਾ ਹੋਇਆ ਤਾਂ ਕਦੇ ਮੇਰਾ ਦਾਦਾ, ਕਦੇ ਬਾਪ ਤੇ ਕਦੇ ਭਾਈ ਸੋਟੀਆਂ ਚੁੱਕੀ ਮੇਰੇ ਮਗਰ ਫਿਰਦੇ। ਉਹ ਅਜੀਬ ਅਜੀਬ ਜਾਨਵਰਾਂ ਦੀਆਂ ਸ਼ਕਲਾਂ ਧਾਰਦੇ, ਜਿਵੇਂ ਸ਼ੇਰ, ਬਘਿਆੜ, ਸੱਪ, ਬਿੱਛੂ ਤੇ ਮਗਰਮੱਛ....। ਰਾਤ ਨੂੰ ਸੁੱਤੇ ਪਏ ਨੂੰ ਇੱਕ ਗੋਹ ਮੈਨੂੰ ਕਈ ਵਰ੍ਹੇ ਚਿੰਬੜਦੀ ਰਹੀ। ਕਦੀ ਬਾਂਹ 'ਤੇ ਕਦੀ ਛਾਤੀ 'ਤੇ ਬਹਿ ਕੇ ਚਿੰਬੜ ਜਾਂਦੀ। ਜ਼ਿੰਦਗੀ ਵਿੱਚ ਹੋਈਆਂ ਬੇਇਜ਼ਤੀਆਂ ਦੇ, ਨਾਕਾਮੀਆਂ ਦੇ ਸੁਫ਼ਨੇ ਕਈ ਸਾਲ ਆਉਂਦੇ ਰਹੇ। ਹੁਣ ਕਈ ਵਰ੍ਹਿਆਂ ਤੋਂ ਮੈਂ ਗੋਲੀ ਖਾ ਕੇ ਏਸ ਲਈ ਸੌਂਦਾ ਹਾਂ ਕਿ ਸੁਫਨੇ ਦਾ ਅਸਰ ਦਿਲ 'ਤੇ ਘੱਟ ਪਵੇ। ਸੁਫਨਿਆਂ 'ਚ ਮੈਂ ਅਪਣੇ ਆਪ ਨੂੰ ਕਦੇ ਲੇਖਕ ਨਹੀਂ ਦੇਖਿਆ। ਇਹ ਤਾਂ ਅਹਿਸਾਸ ਹੁੰਦਾ ਏ ਕਿ ਦੁਨੀਆਂ 'ਚ ਮੇਰਾ ਕੋਈ ਘਰ ਏ, ਕੋਈ ਮੇਰਾ ਕੁਝ ਲੱਗਦਾ ਏ। ਪਰ ਮੈਨੂੰ ਅਪਣਾ ਕਦੇ ਘਰ ਨਹੀਂ ਲੱਭਿਆ। ਗਲੀ ਲੱਭ ਪੈਂਦੀ ਏ ਪਰ ਹਰੇਕ ਮੋੜ 'ਤੇ ਬੰਦ ਹੋ ਜਾਂਦੀ ਏ। ਦੋਸਤ, ਰਿਸ਼ਤੇਦਾਰ ਤੇ ਮੇਰੀ ਪ੍ਰੇਮਿਕਾ ਮਿਲਦੀ ਹੈ ਪਰ ਸਭ ਅਜਨਬੀ ਹੋ ਜਾਂਦੇ ਨੇ ਜਾਂ ਮੇਰੇ ਨਾਲ ਮਾੜਾ ਸਲੂਕ ਕਰਦੇ ਨੇ। ਜ਼ਿੰਦਗੀ 'ਚ ਮੈਂ ਜਿਹੜੀਆਂ ਸ਼ਕਤੀਆਂ ਨੂੰ ਨਹੀਂ ਮੰਨਦਾ, ਸੁਫ਼ਨਿਆਂ 'ਚ ਉਨ੍ਹਾਂ ਨੂੰ ਮੈਂ ਸਵੀਕਾਰ ਕਰਦਾ ਹਾਂ। ਮੈਂ ਇਹਨਾਂ ਦਾ ਡਰ ਚੰਗੀ ਕਲਪਨਾ ਨਾਲ ਦੂਰ ਕਰ ਲੈਂਦਾ ਹਾਂ।

ਪਾਕਿਸਤਾਨ ਅਤੇ ਪੰਜਾਬੀ ਬੋਲੀ

: ਤੁਸੀਂ ਹੁਣੇ ਹੀ ਪਾਕਿਸਤਾਨ ਜਾ ਕੇ ਆਏ ਹੋ। ਕੀ ਮਨਸ਼ਾ ਸੀ ਏਸ ਯਾਤਰਾ ਦੀ? ਪਾਕਿਸਤਾਨ ਵਿਚ ਪੰਜਾਬੀ ਬੋਲੀ ਨਾਲ ਕੀ ਬੀਤ ਰਹੀ ਹੈ?

: ਮੇਰੀ ਯਾਤਰਾ ਦਾ ਮਕਸਦ ਤਾਂ ਸਿਰਫ ਲਹੌਰ 'ਚ ਸਾਹਿਤਕਾਰਾਂ, ਖਾਸ ਤੌਰ 'ਤੇ ਉਰਦੂ ਦੇ ਅਦੀਬਾਂ ਨੂੰ ਮਿਲਣਾ ਸੀ। ਮੈਂ ਕਈ ਵਰ੍ਹਿਆਂ ਤੋਂ ਵੀਜ਼ੇ ਦੀ ਉਡੀਕ 'ਚ ਬੈਠਾ ਰਿਹਾ ਹਾਂ। ਏਸ ਦੌਰਾਨ 'ਚ 'ਹੱਡਵਰਤੀ' ਲਿਖਣ ਵਾਲਾ ਅਨਵਰ ਅਲੀ ਮਿਲਣ ਤੋਂ ਪਹਿਲਾਂ ਗੁਜ਼ਰ ਗਿਆ। 'ਗਡਰੀਆ' ਕਹਾਣੀ ਵਾਲਾ ਉਰਦੂ ਦਾ ਦਾਨਿਸ਼ਵਰ ਅਦੀਬ ਅਸ਼ਫ਼ਾਕ ਅਹਿਮਦ ਪੂਰਾ ਹੋ ਗਿਆ। ਉਰਦੂ ਦਾ ਕਹਾਣੀਕਾਰ ਅਹਿਮਦ ਨਦੀਮ ਕਾਸਮੀ ਵੀ ਅੱਲਾ ਨੂੰ ਪਿਆਰਾ ਹੋ ਗਿਆ।...ਹੁਣ ਕੀਹਨੂੰ ਮਿਲਣਾ ਸੀ। ਮੈਂ ਤਿੰਨ ਦਿਨ ਕਹਾਣੀਕਾਰ ਨਾਦਰ ਅਲੀ ਦੇ ਘਰ ਰਿਹਾ। ਉਹਨਾਂ ਬੜੀ ਮਿਹਰਬਾਨੀ ਕਰ ਕੇ ਮੈਨੂੰ ਉਰਦੂ ਦੇ ਕਹਾਣੀਕਾਰ ਇੰਤਜ਼ਾਰ ਹੁਸੈਨ ਨਾਲ ਮਿਲਵਾ ਦਿੱਤਾ। ਅਸੀਂ ਡੇਢ ਘੰਟਾ ਉਰਦੂ ਕਹਾਣੀ ਤੇ ਪਾਕਿਸਤਾਨ ਦੇ ਸਾਹਿਤ ਦੀ ਪਛਾਣ ਦੀਆਂ ਗੱਲਾਂ ਕਰਦੇ ਰਹੇ। ...ਓਸੇ ਦਿਨ 'ਉਦਾਸ ਨਸਲੇਂ' ਵਾਲੇ ਅਬਦੁੱਲਾ ਹੁਸੈਨ ਨਾਲ ਵੀ ਮੁਲਾਕਾਤ ਹੋ ਜਾਣੀ ਸੀ। ਓਹ ਘਰੇ ਸਨ, ਪਰ ਬਾਥ ਰੂਮ 'ਚ ਹੋਣ ਕਰ ਕੇ ਗੱਲ ਨਾ ਹੋ ਸਕੀ। ਫੇਰ ਜਦ ਇੰਤਜ਼ਾਰ ਹੁਸੈਨ ਦੇ ਘਰੋਂ ਮੁੜ ਰਹੇ ਸੀ ਤਾਂ ਨਾਦਰ ਅਲੀ ਜੀ ਕਿਸੇ ਮਜਬੂਰੀ ਕਰ ਕੇ ਢਿੱਲੇ ਪੈ ਗਏ। ਕਹਿੰਦੇ, "ਛੱਡ ਯਾਰ, ਉਹਦਾ ਘਰ ਏਥੋਂ 25 ਕਿੱਲੋ ਮੀਟਰ ਏ। ਪੈਂਡਾ ਬਹੁਤ ਏ।'' ਮੈਂ ਅਪਣੇ ਮੀਜ਼ਬਾਨ ਦੀ ਗੱਲ ਮੰਨ ਲਈ।

ਨਾਦਰ ਅਲੀ ਹੁਰਾਂ ਕੋਲ ਕਾਰ ਸੀ। ਡਰਾਇਵਰੀ ਚਲਾਉਂਦਾ ਸੀ। ਕਾਰ ਸ਼ਹਿਰ ਦੇ ਅੰਦਰਲੇ ਹਿੱਸਿਆਂ 'ਚ ਜਾ ਨਹੀਂ ਸਕਦੀ ਸੀ। ਬਹੁਤੀਆਂ ਸੜਕਾਂ 'ਤੇ ਟਰੈਫਿਕ 'ਵਨ ਵੇ' ਸੀ। ਪਾਕਿਸਤਾਨ ਦੇ ਲੋਕ ਟ੍ਰੈਫਿਕ ਦੇ ਰੂਲਜ਼ ਨਹੀਂ ਤੋੜਦੇ। ਇਹ ਡਿਸਿਪਲਨ ਫੌਜੀ ਰਾਜ ਦਾ ਪੈਦਾ ਕੀਤਾ ਹੋਇਆ ਏ। ... ਸੋ ਅੰਦਰੂਨੀ ਲਹੌਰ ਨਹੀਂ ਦੇਖ ਸਕਿਆ। ਉਹ ਕਾਰ 'ਚ ਨਹੀਂ, ਮੋਟਰ ਸਾਈਕਲ 'ਤੇ ਦੇਖਣ ਵਾਲਾ ਏ। ਕਦੇ ਫੇਰ ਜਾਵਾਂਗਾ।

ਪਾਕਿਸਤਾਨੀ ਉਰਦੂ ਜਾਂ ਪੰਜਾਬੀ ਕਹਾਣੀ ਬਾਰੇ ਕਈ ਭੁਲੇਖੇ ਨਿੱਕਲ ਗਏ ਨੇ। 1947 ਤੋਂ ਪਹਿਲਾਂ ਜਿਹੜੇ ਲਹੌਰ ਨੂੰ ਸਾਹਿਤ ਦਾ ਕੇਂਦਰ ਕਿਹਾ ਜਾਂਦਾ ਸੀ, ਉਹਨੂੰ ਹੁਣ ਭੁੱਲ ਜਾਓ। ਉਥੇ ਕੋਈ ਮਰਕਜ਼ ਨਹੀਂ। ਸਿਰਫ ਚਿਤਰਕਾਰ ਤੇ ਆਰਟ ਗੈਲਰੀਆਂ ਹੈਨ। ਮੈਂ ਕਈ ਵੇਖੀਆਂ। ਚਿੱਤਰਕਾਰ ਸ਼ਾਹਿਦ ਮਿਰਜ਼ਾ ਨੂੰ ਮਿਲ ਕੇ ਬੜਾ ਅਨੰਦ ਆਇਆ। ...

ਇਕ ਗੱਲ ਪਾਕਿਸਤਾਨ 'ਚ ਚੰਗੀ ਦੇਖੀ। ਉਹ ਸੀ ਮਹਿਮਾਨ -ਨਵਾਜ਼ੀ। ਉਹ ਹਾਲੇ ਵੀ ਪੰਜਾਬੀਆਂ ਦੀ ਮਹਿਮਾਨ -ਨਵਾਜ਼ੀ ਦੀ ਪਰੰਪਰਾ ਨਿਭਾ ਰਹੇ ਨੇ। ਅਸੀਂ ਬਦਲ ਰਹੇ ਹਾਂ। ਸ਼ਾਇਦ ਏਸ ਲਈ ਕਿ ਸਾਡੇ ਦੇਸ 'ਚ ਸਭ ਕੁਝ ਬੜੀ ਤੇਜ਼ੀ ਨਾਲ ਬਦਲ ਰਿਹਾ ਏ। ਸਭ ਤੋਂ ਵੱਧ ਸਾਡੀਆਂ ਪੁਰਾਣੀਆਂ ਸੋਚਾਂ ਨਵੀਆਂ ਸੋਚਾਂ ਨਾਲ ਟਕਰਾ ਕੇ ਨਵੇਂ ਰੂਪ ਧਾਰ ਰਹੀਆਂ ਨੇ। ਜਿਸ ਦਾ ਕਾਰਨ ਸਨਅਤੀ ਤੇ ਵਪਾਰਕ ਤਰੱਕੀ ਏ। ਪਾਕਿਸਤਾਨ 'ਚ ਇਹ ਵਰਤਾਰਾ ਹੌਲੀ ਚੱਲ ਰਿਹਾ ਏ। ਉਹਨਾਂ ਦੀ ਆਰਥਿਕ ਤਰੱਕੀ ਦੀ ਰਫਤਾਰ ਵੀ ਬੜੀ ਢਿੱਲੀ ਏ। ਉਥੇ ਭਾਸ਼ਾਵਾਂ ਦੇ ਨਾਂ 'ਤੇ ਸਿਆਸਤ ਲੜੀ ਜਾ ਰਹੀ ਏ। ਜਿਵੇਂ ਸਾਡੇ ਧਰਮ, ਜਾਤ, ਇਲਾਕੇ ਜਾਂ ਕਿਸੇ ਵੀ ਤੰਗ ਜਿਹੀ ਵਿਚਾਰਧਾਰਾ ਨੂੰ ਮਸਲਾ ਬਣਾ ਲਿਆ ਜਾਂਦਾ ਏ। ਪਾਕਿਸਤਾਨ 'ਚ ਸਰਾਇਕੀ ਬੋਲਣ ਵਾਲੇ ਕਹਿੰਦੇ ਨੇ ਕਿ ਪੰਜਾਬੀ ਬੋਲਣ ਵਾਲੇ ਸਿਰਫ ਸਾਢੇ ਪੰਜ ਜ਼ਿਲੇ ਨੇ - ਲਹੌਰ, ਗੁੱਜਰਾਂਵਾਲਾ, ਸ਼ੇਖੂਪੁਰਾ, ਸਿਆਲਕੋਟ ਤੇ ਫੈਸਲਾਬਾਦ। ਬਾਕੀ ਸਰਾਇਕੀ ਜਾਂ ਪੋਠੋਹਾਰੀ ਬੋਲਦੇ ਨੇ। ਓਥੇ ਆਮ ਪੜ੍ਹੇ ਲੋਕ ਪੰਜਾਬੀ ਬੋਲਦੇ ਨੇ, ਪਰ ਪੜ੍ਹਦੇ ਨਹੀਂ। ਪੜ੍ਹਨਾ ਤਾਂ ਉਰਦੂ ਦਾ ਵੀ ਘਟ ਰਿਹਾ ਏ। ਜਿਨ੍ਹਾਂ ਨੇ ਪੰਜਾਬੀ ਦਾ ਬੀੜਾ ਚੁੱਕਿਆ ਹੋਇਆ ਏ, ਉਹ ਦਿਨ ਰਾਤ ਸੂਫੀਆਂ ਦਾ ਕਲਾਮ ਪੜ੍ਹਦੇ ਤੇ ਗਾਉਂਦੇ ਮਾਜ਼ੀ - ਪ੍ਰਸਤ (ਭੂਤ ਕਾਲ-ਪੂਜਕ) ਹੋ ਗਏ ਨੇ। ਉਹਨਾਂ ਨੇ ਬੀਤੇ ਸਮੇਂ ਵੱਲ ਮੂੰਹ ਤੇ ਬੀਤ ਰਹੇ ਸਮੇਂ ਵੱਲ ਪਿੱਠ ਕਰ ਕੇ ਜਿਊਣ ਦਾ ਭਾਣਾ ਮੰਨ ਲਿਆ ਏ। ਜਿਥੇ ਥਾਂ ਥਾਂ ਬੁਲ੍ਹਾ ਨੱਚਦਾ ਹੋਵੇ, ਓਥੇ ਨਵਾਂ ਸਾਹਿਤ ਕਿਵੇਂ ਰਚਿਆ ਜਾ ਸਕਦਾ ਏ?

ਮੀਸ਼ੇ ਦੀ ਸਖਸ਼ੀਅਤ

: ਕਵੀ ਮੀਸ਼ੇ ਦੀ ਗਲੀ ਸੜੀ ਹੋਈ ਲਾਸ਼ ਦੇ ਪਰਦੇ ਫੋਲ ਕੇ ਕੀ ਮਾਨਸਿਕ ਤਸੱਲੀ ਹੋਈ ਭਲਾ?

: ਜਿਹੜੇ ਅਜਿਹਾ ਸੋਚਦੇ ਨੇ ਕਿ ਮੀਸ਼ੇ ਨੂੰ ਮਾੜਾ ਕਹਿ ਕੇ ਮੈਨੂੰ ਮਾਨਸਿਕ ਤਸੱਲੀ ਹੋਈ ਏ, ਉਹ ਜਦ ਮਰਨਗੇ ਤਾਂ ਉਹਨਾਂ ਬਾਰੇ ਕਿਸੇ ਦੋ ਫਿਕਰੇ ਵੀ ਨਹੀਂ ਲਿਖਣੇ। ਮੇਰੇ ਲਈ ਮੀਸ਼ਾ ਨਾ ਸਿਰਫ ਵੱਡਾ ਕਵੀ, ਬਲਕਿ ਵੱਡਾ ਤੇ ਸੰਵੇਦਨਸ਼ੀਲ ਇਨਸਾਨ ਵੀ ਸੀ। ਹੋਰ ਬਥੇਰੇ ਲੂਰ ਲੂਰ ਫਿਰਦੇ ਨੇ, ਮੈਂ ਉਹਨਾਂ ਬਾਰੇ ਚਾਰ ਸ਼ਬਦ ਨਹੀਂ ਲਿਖਣਾ ਚਾਹੁੰਦਾ। ਸ਼ੈਕਸਪੀਅਰ ਦੀਆਂ ਲਿਖਤਾਂ ਤੇ ਉਹਦੀ ਸ਼ਖਸੀਅਤ ਬਾਰੇ ਅੱਜ ਤਕ ਲੱਖਾਂ ਰੀਸਰਚ ਪੇਪਰ ਲਿਖੇ ਗਏ ਨੇ। ਹੋਰ ਲਿਖੇ ਜਾਣੇ ਨੇ। ਉਹ ਏਸ ਲਈ ਕਿ ਉਹ ਮਹਾਨ ਸਾਹਿਤਕਾਰ ਸੀ। ਉਹਦੇ ਸਮੇਂ 'ਚ ਹੋਰ ਹਜ਼ਾਰਾਂ ਸਾਹਿਤਕਾਰ ਮਰੇ ਹੋਣਗੇ। ਕਿਸੇ ਬਾਰੇ ਕੁਝ ਵੀ ਲਿਖਿਆ ਨਹੀਂ ਮਿਲਦਾ।

ਮੈਂ ਮੀਸ਼ੇ ਦੀ ਸੰਪੂਰਨ ਸ਼ਖਸੀਅਤ ਦਾ ਖਾਕਾ ਖਿੱਚਿਆ ਏ। ਜਿਹੜਾ ਪਾਠਕਾਂ ਦੇ ਮਨਾਂ 'ਤੇ ਉੱਕਰਿਆ ਜਾਂਦਾ ਏ। ਮੋਟੀ ਬੁੱਧੀ ਵਾਲੇ ਲੋਕ ਇਹਨੂੰ ਮੀਸ਼ੇ ਦੀ ਨਿੰਦਿਆ ਸਮਝਦੇ ਨੇ। ਮੈਂ ਇਹਨੂੰ ਅਪਣੀ ਸ੍ਰੇਸ਼ਠ ਲਿਖਤ ਮੰਨਦਾ ਹਾਂ। ਮੀਸ਼ਾ ਮੇਰਾ ਭੇਤੀ ਯਾਰ ਸੀ। ਕੋਈ ਅਜਿਹਾ ਵਿਅਕਤੀ ਚਿਤਰ ਲਿਖ ਕੇ ਦਿਖਾਵੇ।... ਅਕਸਰ ਲੇਖਕ ਧੋਖਾ ਕਰਦੇ ਨੇ ਦੋਸਤਾਂ ਨਾਲ। ਅਪਣੇ ਮਤਲਬ ਲਈ ਸਿਫਤਾਂ ਖੁਸ਼ਾਮਦਾਂ ਕਰਦੇ ਨੇ ਜਾਂ ਦੁਸ਼ਮਣੀ ਕੱਢਣ ਲਈ ਦੋਖੀ ਬਣ ਬਹਿੰਦੇ ਨੇ। ਫੇਰ ਉਹਦਾ ਵਿਅਕਤੀ ਚਿਤਰ ਲਿਖ ਕੇ ਯਾਰੀ ਪਾਲਦੇ ਨੇ ਜਾਂ ਦੁਸ਼ਮਣੀ ਕੱਢਦੇ ਨੇ। ਮੈਂ ਅਜਿਹਾ ਕਰਨ ਨੂੰ ਕਮੀਨਗੀ ਮੰਨਦਾ ਹਾਂ।

ਰਚਨਾ ਪ੍ਰਕ੍ਰਿਆ

: ਤੁਹਾਡੀ ਰਚਨਾ ਪ੍ਰਕ੍ਰਿਆ ਦਾ ਸਾਰਅੰਸ਼ ਇਹ ਹੈ ਕਿ ਸਮੇਂ ਸਮੇਂ ਆਏ ਵਿਕੋਲਿਤਰੇ ਖ਼ਿਆਲ ਜਾਂ ਘਟਨਾਵਾਂ ਨੂੰ ਤੁਸੀਂ ਕਾਗਜ਼ ਦੇ ਟੁਕੜਿਆਂ 'ਤੇ ਲਿਖਦੇ ਰਹਿੰਦੇ ਹੋ। ਫੇਰ ਕਿਸੇ ਦਿਨ ਉਨ੍ਹਾਂ ਨੂੰ ਜੋੜਕੇ ਕਹਾਣੀ ਬਣ ਜਾਂਦੀ ਹੈ। ਕੀ ਇਹ ਸਾਰਾ ਚੌਵੀ ਘੰਟੇ ਦਾ ਸੁਚੇਤ ਅਮਲ ਨਹੀਂ?

: ਨਹੀਂ, ਏਸ ਤਰ੍ਹਾਂ ਦਾ ਸੁਚੇਤ ਨਹੀਂ। ਸੁਚੇਤ ਏਸ ਤਰ੍ਹਾਂ ਦਾ ਹੁੰਦਾ ਏ ਕਿ ਮੇਰੀ ਕਲਪਨਾ 'ਚ ਅਪਣੇ ਨਾਲ ਵਰਤੀਆਂ ਘਟਨਾਵਾਂ ਤੇ ਉਹਨਾਂ ਦੇ ਪਾਤਰ ਘੁੰਮਦੇ ਰਹਿੰਦੇ ਨੇ। ਘਟਨਾਵਾਂ ਵੀ ਵਾਪਰਦੀਆਂ ਰਹਿੰਦੀਆਂ ਨੇ। ਪਰ ਜ਼ਰੂਰੀ ਤੇ ਨਹੀਂ ਕਿ ਉਹ ਸਾਰਾ ਢੇਰ ਕਹਾਣੀ ਦੇ ਕੰਮ ਆ ਜਾਵੇ। ਮਸਾਂ ਕਿਤੋਂ ਇਕ ਅੱਧ ਟੁਕੜਾ ਕਹਾਣੀ ਲਈ ਜੁੜਦਾ ਏ। ... ਪਰ ਕਦੇ ਕਦੇ ਅੱਧੇ ਘੰਟੇ 'ਚ ਈ ਇਕ ਕਹਾਣੀ ਜਿਹੀ ਜੁੜ ਕੇ ਸਾਹਮਣੇ ਆ ਖਲੋਂਦੀ ਏ। ਬਸ ਅੰਤ ਖੁਣੋਂ ਰੁਕੀ ਰਹਿੰਦੀ ਏ। ਉਹ ਸੁਝ ਗਿਆ ਤਾਂ ਬਣ ਗਈ ਗੱਲ। ....ਪਰ ਇਹ ਸਾਰਾ ਅਮਲ ਮੇਰੇ ਹੱਥ ਵੱਸ ਨਹੀਂ। ਕਦੇ ਮੈਂ ਸਾਲ 'ਚ ਚਾਰ ਕਹਾਣੀਆਂ ਲਿਖ ਲੈਂਦਾ ਸੀ। ਫੇਰ ਤਿੰਨ ਲਿਖਦਾ ਰਿਹਾ। ਕਿਸੇ ਸਾਲ ਦੋ ਈ ਲਿਖੀਆਂ। ਹੁਣ ਸਾਰਾ ਸਾਲ ਕੋਰਾ ਈ ਲੰਘ ਜਾਂਦਾ ਏ। .... ਇਹ ਚੌਵੀ ਘੰਟੇ ਤਾਂ ਕੀ ਕੁਝ ਮਿੰਟਾਂ ਦਾ ਵੀ ਸੁਚੇਤ ਅਮਲ ਨਹੀਂ। ਹਾਂ, ਰਾਤ ਨੂੰ ਸੌਣ ਵੇਲੇ ਮੇਰੀ ਕਲਪਨਾ ਬਹੁਤ ਦੌੜਦੀ ਏ। ਭੁੱਖੀਆਂ ਤਰਸੀਆਂ ਰੀਝਾਂ ਪੂਰੀਆਂ ਕਰਦੀ ਏ। ਤਦ ਕਦੇ ਕਹਾਣੀ ਵੀ ਬਣ ਜਾਂਦੀ ਏ। ਮੈਂ ਹਨੇਰੇ 'ਚ ਈ ਕਾਗ਼ਜ਼ ਜਾਂ ਹਥੇਲੀ 'ਤੇ ਕੁਝ ਸ਼ਬਦ ਲਿਖ ਲੈਂਦਾ ਹਾਂ। ਜਿਹੜੇ ਸਵੇਰੇ ਕੱਚੀ ਕਹਾਣੀ ਦਾ ਹਿੱਸਾ ਬਣ ਜਾਂਦੇ ਨੇ।

ਕਹਾਣੀ ਮੈਂ ਨਹੀਂ ਲਿਖਦਾ

: 'ਕਹਾਣੀ ਮੈਂ ਨਹੀਂ ਲਿਖਦਾ, ਇਹ ਮੈਥੋਂ ਲਿਖ ਹੋ ਜਾਂਦੀ ਹੈ' ਤੁਹਾਡਾ ਕਥਨ ਹੈ। ਕੀ ਇਹ ਹਕੀਕਤ ਤੋਂ ਇਨਕਾਰੀ ਹੋਣ ਵਾਲੀ ਗੱਲ ਨਹੀਂ ਜਦ ਕਿ ਤੁਹਾਨੂੰ ਆਪ ਹੀ ਚੱਤੇ ਪਹਿਰ ਕਹਾਣੀ ਲਿਖਣ ਦੀ ਲਿਲ੍ਹ ਚੰਬੜੀ ਰਹਿੰਦੀ ਹੈ ਅਤੇ ਵਾਰਤਕ ਰਚਨਾ ਹੈ ਵੀ ਅੱਧਾ ਕੁ ਸੁਚੇਤ ਅਮਲ?

: ਮੇਰਾ ਖਿਆਲ ਏ ਕਿ ਤੁਸੀਂ ਸ਼ਬਦ 'ਗਲਪ' ਦੀ ਥਾਂ ਸ਼ਬਦ 'ਵਾਰਤਕ' ਵਰਤ ਰਹੇ ਹੋਂ। ਇਹ ਠੀਕ ਨਹੀਂ। ਵਾਰਤਕ ਪਰੋਜ਼ ਲਈ ਵਰਤਿਆ ਜਾਂਦਾ ਏ ਤੇ ਫਿਕਸ਼ਨ ਲਈ ਗਲਪ ਵਰਤਿਆ ਜਾਂਦਾ ਏ। .. 'ਚੱਤੋ ਪਹਿਰ ਕਹਾਣੀ ਲਿਖਣ ਦੀ ਲਿਲ੍ਹ ਚੰਬੜੀ' ਦੀ ਗੱਲ ਤਾਂ ਉਹੀ ਬੰਦਾ ਕਹਿ ਸਕਦਾ ਏ, ਜੀਹਨੂੰ ਮਨੋਵਿਗਿਆਨ ਦੀ ਸਮਝ ਨਾ ਹੋਵੇ। ਚੱਤੋ ਪਹਿਰ ਤਾਂ ਮਨ ਕਿਸੇ ਵੀ ਸੋਚ 'ਤੇ ਨਹੀਂ ਟਿਕ ਸਕਦਾ। ਕਹਾਣੀ ਰਚਨਾ ਤਾਂ ਮੇਰੇ ਲਈ ਆਪ ਮੁਹਾਰੇ ਹੋਣ ਵਾਲਾ ਅਮਲ ਏ। ਜਿਵੇਂ ਅਸੀਂ ਰੋਜ਼ ਦੇ ਕੰਮ ਕਰਦੇ ਹੋਏ ਅਪਣੇ ਅੰਗਾਂ ਨੂੰ ਇਸਤੇਮਾਲ ਕਰਦੇ ਹਾਂ। ਕਦੇ ਕਦੇ ਕਿਸੇ ਮੋੜ 'ਤੇ ਜੇ ਗੱਡੀ ਅੜ ਜਾਂਦੀ ਏ ਤਾਂ ਮੈਂ ਓਸ ਪਾਤਰ ਦੀ ਵਿਸ਼ੇਸ਼ ਮਨੋਸਥਿਤੀ ਨੂੰ ਸਮਝਣ ਲਈ ਗਿਆਨ ਦੀਆਂ ਕਿਤਾਬਾਂ ਦਾ ਸਹਾਰਾ ਲੈਂਦਾ ਹਾਂ। ਕਦੇ ਉਹ ਕੁਝ ਕਰ ਕੇ ਵੀ ਜੋ ਲਿਖਿਆ

Best Truck Wash
Your Mobile Wash Professionals Edmonton & Area
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ
ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ

We can Wash Your Truck anywhere in Edmonton & Area
- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease

For more info Call:
BIN: (780) 267-9102
CAM: (780) 238-8161

ਜਾਂਦਾ ਏ ਤਾਂ ਉਹ ਬਾਅਦ 'ਚ ਸਾਰੇ ਦਾ ਸਾਰਾ ਧਰਿਆ ਧਰਾਇਆ ਰਹਿ ਜਾਂਦਾ ਏ। ਤੇ ਕਹਾਣੀ ਹੋਰ ਹੀ ਰੁਖ ਤੁਰ ਪੈਂਦੀ ਏ। ਤੇ ਆਪੇ ਅਪਣੇ ਅੰਤ 'ਤੇ ਪਹੁੰਚ ਜਾਂਦੀ ਏ।

ਜਦ ਕਦੇ ਮੈਂ ਸ਼ਬਦ 'ਰਹੱਸ' ਵਰਤਦਾ ਹਾਂ ਤਾਂ ਪੜ੍ਹਨ ਸੁਣਨ ਵਾਲੇ ਇਹਨੂੰ ਹਿੰਦੂ ਅਧਿਆਤਮਕਤਾ ਨਾਲ ਜੁੜੀ ਗੱਲ ਸਮਝ ਲੈਂਦੇ ਨੇ। ਜਦ ਮੈਂ ਦੇਸ਼ ਭਗਤ ਹਾਲ, ਜਲੰਧਰ 'ਚ ਇਕ ਵਾਰ ਕਹਾਣੀ ਲਿਖਣ ਨੂੰ ਰਹੱਸ ਕਿਹਾ ਤਾਂ ਵਰਿਆਮ ਸਿੰਘ ਸੰਧੂ ਨੇ ਵਿਰੋਧ ਕਰਦਿਆਂ ਕਿਹਾ ਕਿ ਉਹ ਤਾਂ ਕਹਾਣੀ ਦੀ ਇਕ ਇਕ ਘਟਨਾ ਤੇ ਵਾਕ ਨੂੰ ਸੋਚ ਸਮਝ ਕੇ ਲਿਖਦਾ ਏ। ਇਹ ਵੀ ਸੋਚਦਾ ਏ ਕਿ ਇਹ ਕਹਾਣੀ ਕੀਹਦੇ ਹੱਕ 'ਚ ਭੁਗਤੇਗੀ।.... ਜਦ ਹੁਣ ਵਰਿਆਮ ਸੰਧੂ ਕਹਾਣੀ ਨਹੀਂ ਲਿਖ ਰਿਹਾ ਤਾਂ ਇਹਦਾ ਮਤਲਬ ਇਹ ਨਹੀਂ ਕਿ ਉਹ ਸਿਆਣਾ ਨਹੀਂ ਰਿਹਾ। ਉਹਨੂੰ ਕਹਾਣੀ ਬੁਨਣ ਦੀ ਜਾਚ ਭੁੱਲ ਗਈ। ... ਇਹ ਰਹੱਸ ਏ, ਜੀਹਨੂੰ ਕੋਈ ਜਾਣਦਾ ਹੋਵੇਗਾ, ਪਰ ਮੈਨੂੰ ਸਮਝ 'ਚ ਨਹੀਂ ਆਉਂਦਾ।

ਔਰਤਾਂ ਨਾਲ ਸੰਬੰਧ

: ਤੁਹਾਡੀ ਸਵੈਜੀਵਨੀ 'ਆਤਮ ਮਾਇਆ' ਵਿਚ ਤੁਸੀਂ ਕਿੰਨੀਆਂ ਸਾਰੀਆਂ ਇਸਤ੍ਰੀਆਂ ਨਾਲ ਅਪਣੇ ਕਾਮ ਸੰਬੰਧਾਂ ਦਾ ਬੇਬਾਕ ਜ਼ਿਕਰ ਕੀਤਾ ਹੈ। ਕੀ ਇਨ੍ਹਾਂ ਬਾਰੇ ਤੁਸੀਂ ਅਪਣੀ ਪਤਨੀ ਨੂੰ ਵੀ ਦੱਸਦੇ ਹੁੰਦੇ ਸੀ?

: ਨਹੀਂ। ਮੈਂ ਅਪਣੇ ਘਰ ਦੇ ਕਿਸੇ ਜੀਅ ਨਾਲ ਅਜਿਹੀਆਂ ਗੱਲਾਂ ਨਹੀਂ ਕਰਦਾ। ਏਥੇ ਤਕ ਕਿ ਦੋਸਤਾਂ ਨਾਲ ਵੀ ਨਹੀਂ ਕਰਦਾ। ਸਿਰਫ ਓਮ ਪ੍ਰਕਾਸ਼ ਪਨਾਹਗੀਰ ਨਾਲ ਕਰ ਲਿਆ ਕਰਦਾ ਹਾਂ। ਬਾਕੀ ਸਾਰੀਆਂ ਗੱਲਾਂ ਮੇਰੇ ਮਨ 'ਚ ਹੀ ਰਹਿੰਦੀਆਂ ਨੇ

: ਬਹੁਤ ਸਾਰੀਆਂ ਔਰਤਾਂ ਨਾਲ ਦੋਸਤੀਆਂ ਦੇ ਤੁਹਾਡੇ ਬੜੇ ਭੇਤ ਭਰੇ ਕਿੱਸੇ ਸੁਣੇ ਤੇ ਪੜ੍ਹੇ ਨੇ। ਇਨ੍ਹਾਂ ਬਾਰੇ ਕੀ ਕਹੋਗੇ।

: ਔਰਤਾਂ ਨਾਲ ਦੋਸਤੀਆਂ ਕਰ ਕੇ ਮੈਨੂੰ ਨਹੀਂ ਲੱਗਦਾ ਕਿ ਮੇਰੀ ਬਦਨਾਮੀ ਹੋਈ ਏ। ਇਹ ਨਵੇਂ ਸਮੇਂ ਦਾ ਵਤੀਰਾ ਏ। ਜਿਹੜਾ ਬਹੁਤੇ ਲੇਖਕ ਅਪਣੀ ਪੇਂਡੂ ਮਾਨਸਿਕਤਾ ਕਰ ਕੇ ਅਪਨਾ ਨਹੀਂ ਸਕੇ। ਇਹਨੂੰ ਮੈਂ 'ਅਪਣੇ ਲਹੂ ਦਾ ਸੁਆਦ' ਕਹਿੰਦਾ ਹਾਂ। ਜਿਹੜਾ ਕਿਸੇ ਦੇ ਜੀਵਨ 'ਚ ਸਾਲ ਦੋ ਸਾਲ ਰਹਿੰਦਾ ਏ ਪਰ ਮੇਰੇ ਨਾਲ ਠਾਈ ਸਾਲ ਰਿਹਾ। ਮੇਰੇ ਦੋਸਤ ਇਹਨੂੰ ਮਨ ਨੂੰ ਧੋਖਾ ਦੇਣਾ ਕਹਿੰਦੇ ਨੇ। ਮੇਰੇ ਦੋਸਤ ਪ੍ਰੀਤਮ ਨੇ ਮੇਰੇ ਸ਼ਬਦ ਚਿਤਰ 'ਚ ਲਿਖਿਆ ਏ,'' ਉਰਦੂ ਦੇ ਪ੍ਰਸਿੱਧ ਕਹਾਣੀਕਾਰ ਸਆਦਤ ਹਸਨ ਮੰਟੋ ਦੇ ਇੱਕ ਆਲੋਚਕ ਦੇ ਵਿਚਾਰ ਅਨੁਸਾਰ ਮੰਟੋ ਨਾਮਰਦ ਸੀ। ਅਪਣੀ ਦਲੀਲ ਦੀ ਪ੍ਰੌੜ੍ਹਤਾ ਵਿੱਚ ਉਹ ਮੰਟੋ ਦੀ ਹੀ ਇੱਕ ਕਹਾਣੀ ਦਾ ਹਵਾਲਾ ਦਿੰਦਾ ਏ, ਜਿਸ ਵਿੱਚ ਮੰਟੋ ਲਿਖਦਾ ਏ, 'ਮੈਨੂੰ ਉਹ ਔਰਤ ਪਸੰਦ ਏ ਜਿਸਦੀ ਪੀਲੇ ਰੰਗ ਦੀ ਚਮੜੀ ਵਿੱਚ ਹਰੇ ਰੰਗ ਦੀਆਂ ਨਾੜਾਂ ਨਜ਼ਰ ਆ ਰਹੀਆਂ ਹੋਣ।'...।'' ਪ੍ਰੇਮ ਪ੍ਰਕਾਸ਼ ਦਾ ਵੀ ਇਹੋ ਹਾਲ ਏ। ਉਹਦੀਆਂ ਕਹਾਣੀਆਂ ਵਿੱਚ ਵੀ ਔਰਤ ਇੱਕ ਛਲਾਵਾ ਏ। ਜਦ ਇਹ ਔਰਤ ਪ੍ਰੇਮ ਪ੍ਰਕਾਸ਼ ਦੇ ਸਾਹਮਣੇ ਹੁੰਦੀ ਏ ਤਾਂ ਉਹਦੀ ਹਿੰਮਤ ਨਹੀਂ ਪੈਂਦੀ ਉਸਨੂੰ ਛੂਹ ਲੈਣ ਦੀ। ਘਰ ਆ ਕੇ ਉਹ ਉੱਸਲਵੱਟੇ ਭੰਨਦਾ ਏ। ਫਿਰ ਕੋਈ ਕਹਾਣੀ ਲਿਖ ਦਿੰਦਾ ਏ। ਅਪਣੀ ਮਜਬੂਰੀ ਤੇ ਲਾਚਾਰੀ ਉਹ ਕਈ ਵਾਰ ਔਰਤ ਦਾ ਰੂਪ ਧਾਰ ਕੇ ਜ਼ਾਹਿਰ ਕਰਦਾ ਏ।''

... ਪ੍ਰੀਤਮ ਦੀ ਗੱਲ ਕਿਸੇ ਹੱਦ ਤਕ ਠੀਕ ਏ। ਮੇਰਾ ਦੂਜਾ ਦੋਸਤ ਦਿਲਜੀਤ ਸਿੰਘ ਵੀ ਇਹੋ ਗੱਲ ਕਹਿੰਦਾ ਹੁੰਦਾ ਸੀ। ਉਹਦਾ ਖਿਆਲ ਸੀ ਕਿ ਇਹ ਮੇਰੀ ਅਤ੍ਰਿਪਤੀ ਏ, ਜਿਹੜੀ ਭਾਂਤ-ਭਾਂਤ ਦੇ ਇਸਤ੍ਰੀ ਪਾਤਰ ਅਪਣੀ ਕਲਪਨਾ ਦੇ ਜ਼ੋਰ ਨਾਲ ਪੈਦਾ ਕਰ ਕੇ ਕਹਾਣੀਆਂ ਲਿਖਵਾਈ ਜਾਂਦੀ ਏ। ਅਤ੍ਰਿਪਤੀ ਮੁੱਕਣ 'ਤੇ ਕਹਾਣੀਆਂ ਮੁੱਕ ਜਾਣੀਆਂ ਨੇ। ਪਤਾ ਨਹੀ ਸੱਚ ਕੀ ਏ? ਮਨੋ-ਚਕਿਤਸਕ ਏਸ ਰੋਗ ਨੂੰ ਛੋਮਪੁਲਸਵਿਏ ਬਸਏਸਸੋਨਿ ਧਸੋਿਰਦਏਰ ਕਹਿੰਦੇ ਨੇ। ਏਸ ਰੋਗ ਨਾਲ ਕਲਪਨਾ ਤੇ ਸਿਰਜਣਾ ਸ਼ਕਤੀ ਤਾਂ ਵੱਧ ਜਾਂਦੀ ਏ, ਪਰ ਮਨ ਤੇ ਸਰੀਰ ਦੇ ਹੋਰ ਬਹੁਤ ਸਾਰੇ ਰੋਗ ਪੈਦਾ ਹੋ ਜਾਂਦੇ ਨੇ। ਜਿਹੜੇ ਸਾਰੀ ਉਮਰ ਪਿੱਛਾ ਨਹੀਂ ਛੱਡਦੇ।- ਸਭਦੇ ਅਪਣੇ ਅਪਣੇ ਸੱਚ ਨੇ। ਇਕ ਮੇਰਾ ਵੀ ਏ, ਜਿਹੜਾ ਮੈਂ ਲਿਖਿਆ ਏ।

ਕਹਾਣੀਆਂ ਦਾ ਕੱਚ ਸੱਚ

: ਕਹਾਣੀਆਂ ਦਾ ਸੱਚ ਕੱਚ ਕੀ ਹੈ? ਕੀ ਅਨੁਭਵ ਹੀ ਕਹਾਣੀ ਦੀ ਜੜ ਹੁੰਦੀ ਹੈ?

: ਹੋ ਸਕਦੈ ਅਨੁਭਵ ਬੀਜ ਰੂਪ 'ਚ ਹੋਣ....। ਜਦ ਕੋਈ ਕਹਾਣੀ ਬਨਣ ਲੱਗਦੀ ਐ ਤਾਂ ਉਹ ਬੀਜ ਵਿਕਸਿਤ ਹੋ ਕੇ ਕੁਝ ਦਾ ਕੁਝ ਬਨਣ ਲੱਗ ਪੈਂਦਾ ਏ। ਕੋਈ ਇਕ ਪਾਤਰ ਪਤਾ ਨਹੀਂ ਕਿੰਨੇ ਕੁ ਪਾਤਰਾਂ ਦੇ ਜੋੜ ਮੇਲ ਨਾਲ ਬਣਿਆ ਹੁੰਦਾ ਹੈ।... ਮੇਰੇ ਕੋਲ ਤਾਂ ਇਹੋ ਹੁੰਦਾ ਹੈ। ਜਿਸ ਤਰ੍ਹਾਂ ਬਹੁਤ ਸਾਰੀਆਂ ਗੱਲਾਂ ਮੈਨੂੰ ਸੁਝਦੀਆਂ ਰਹਿੰਦੀਆਂ ਨੇ। ਮੈਂ ਉਨ੍ਹਾਂ ਨੂੰ ਕਿਸੇ ਵੀ ਕਾਗਜ਼ ਉੱਤੇ ਉਤਾਰਦਾ ਰਹਿੰਦਾ ਹਾਂ। ਪਾਤਰ ਤੇ ਘਟਨਾਵਾਂ ਨਵੇਂ-ਨਵੇਂ ਰੂਪ ਧਾਰਦੇ ਰਹਿੰਦੇ ਨੇ। ਕਹਾਣੀ ਜ਼ਿਹਨ ਵਿੱਚ ਚੱਲਦੀ ਰਹਿੰਦੀ ਏ...। ਸੋ ਇਸ ਤਰ੍ਹਾਂ ਮੇਰੀ ਸਾਹਿਤ ਰਚਨਾ ਕੋਈ ਚੇਤਨ ਅਮਲ ਨਹੀਂ ਏ।.. ਜਿਸ ਤਰ੍ਹਾਂ ਮੈਂ ਇੱਕ ਨਾਵਲ ਲਿਖਿਆ ਸੀ 'ਦਸਤਾਵੇਜ਼'। ਵੈਸੇ ਉਹ ਨਾਵਲ ਨਹੀਂ ਏ...। ਮੈਂ ਤਾਂ ਊਈਂ ਕੁਝ ਯਾਦਾਂ ਲਿਖੀਆਂ ਸਨ। ਨੋਟਸ ਲਿਖੇ ਸਨ। ਜਿਨ੍ਹਾਂ ਵਿਚ ਪਾਤਰਾਂ ਦੇ ਅਸਲੀ ਨਾਂ ਸਨ। ਜਿਹੜੇ ਮੈਂ ਬਾਅਦ 'ਚ ਬਦਲ ਦਿੱਤੇ। ਫੇਰ ਮੈਂ ਉਹ ਨੋਟਸ ਛਪਵਾ ਦਿੱਤੇ। ਹੁਣ ਕੋਈ ਚੰਗਾ ਕਹਿੰਦੈ ਕੋਈ ਮਾੜਾ ਕਹਿੰਦੈ। ਕੋਈ ਕਹਿੰਦੈ ਕਿ ਕੀ ਲੋੜ ਪਈ ਸੀ ਅਜਿਹਾ ਲਿਖਣ ਦੀ। ਜਦ ਮੇਰੀਆਂ ਸਾਰੀਆਂ ਕਹਾਣੀਆਂ ਦੀ ਕਿਤਾਬ ਛਪ ਰਹੀ ਸੀ। ਉਹਦੇ ਮੈਨੂੰ ਪਰੂਫ਼ ਪੜ੍ਹਨੇ ਪਏ। ਪਰੂਫ਼ ਪੜ੍ਹਦਿਆਂ ਮੈਨੂੰ ਕਈ ਨਵੇਂ ਤਜਰਬੇ ਹੋਏ। ਬੜੀਆਂ ਅੱਛੀਆਂ ਗੱਲਾਂ ਦਾ ਪਤਾ ਲੱਗਿਆ। ਇੱਕ ਤਾਂ ਇਹ ਪਤਾ ਲੱਗਾ ਪਈ ਮੈਂ ਪਹਿਲਾਂ ਕੀ ਲਿਖਦਾ ਹੁੰਦਾ ਸੀ। ਮੈਨੂੰ ਆਦਤ ਐ ਕਿ ਮੈਂ ਕਹਾਣੀ ਛਪਣ ਤੋਂ ਬਾਅਦ ਪੜ੍ਹਦਾ ਨਹੀਂ। ਉਹ ਜਿਸ ਵੇਲੇ ਕਿਤਾਬਾਂ 'ਚ ਛਪਦੀ ਐ ਤਾਂ ਵੀ ਮੈਂ ਨਹੀਂ ਪੜ੍ਹਦਾ। ਪਰ ਹੁਣ ਜਿਸ ਵੇਲੇ ਸਾਰੀਆਂ ਕਿਤਾਬਾਂ ਦੇ ਪਰੂਫ਼ ਪੜ੍ਹਨੇ ਪਏ ਤਾਂ ਮੈਨੂੰ ਅਪਣੀਆਂ ਗਲਤੀਆਂ ਦਾ ਪਤਾ ਲੱਗਾ। ਮਿਸਾਲ ਦੇ ਤੌਰ 'ਤੇ ਮੇਰੀ ਦੂਸਰੀ ਕਿਤਾਬ ਹੈ 'ਨਮਾਜ਼ੀ'। ਉਹ ਸਾਰੀ ਕਿਤਾਬ ਵਿੱਚ ਸਾਰੇ ਪਾਤਰ ਭਾਵੁਕ, ਕਾਮੁਕ ਤੇ ਸੋਚਵਾਨ ਨੇ। ਨਾਲੇ ਨਾਲ ਉਹ ਮੌਤ ਬਾਰੇ ਸੋਚ ਰਹੇ ਨੇ। ਪਾਤਰ ਈਸਾਈ ਵੀ ਨੇ ਤੇ ਹਿੰਦੂ ਵੀ..। ਮੌਤ ਬਾਰੇ ਸੋਚ ਰਹੇ ਨੇ, ਸੈਕਸ ਦੀਆਂ ਗੱਲਾਂ ਕਰ ਰਹੇ ਨੇ। ਜਾਂ ਵਿਨਾਸ਼ ਦੀਆਂ ਗੱਲਾਂ ਕਰਦੇ ਨੇ। ਤੇ ਮੈਂ ਹੈਰਾਨ ਹੋਇਆ ਕਿ ਇਹ ਕਿਸ ਤਰ੍ਹਾਂ ਹੋ ਗਿਆ? ਮੇਰੀ ਉਮਰ ਉਸ ਵੇਲੇ ਕੋਈ 34-35 ਸਾਲ ਸੀ। ਜਿਸ ਵੇਲੇ ਮੈਂ ਮੌਤ ਦੀਆਂ ਗੱਲਾਂ ਕਰ ਰਿਹਾ ਸਾਂ। ਜੋ ਹੁਣ ਮੈਂ ਕਹਾਣੀਆਂ ਲਿਖਦਾਂ, ਜੋ ਵਾਕ ਮੈਂ ਅੱਜ ਲਿਖ ਰਿਹਾਂ ਉਹ ਮੈਂ 34-35 ਸਾਲ ਵਿੱਚ ਵੀ ਲਿਖਦਾ ਰਿਹਾ ਹਾਂ। ਮੈਂ ਹੈਰਾਨ ਹੋਇਆ ਕਿ ਇਹ ਕਿਸ ਤਰ੍ਹਾਂ ਦੀ ਮੌਤ ਮੇਰੇ ਮਗਰ ਪੈ ਗਈ ਸੀ? ਮੌਤ ਬਾਰੇ ਤਾਂ ਆਦਮੀ ਬੁੱਢਾ ਹੋ ਕੇ ਸੋਚਦੈ। ਮੈਂ ਜਵਾਨੀ 'ਚ ਵੀ ਸੋਚਦਾ ਸੀ। ਇਸ ਲਈ ਲਿਖਣ ਬਾਰੇ ਆਦਮੀ ਆਪ ਨਹੀਂ ਸੋਚ ਸਕਦਾ ਪਈ ਮੈਂ ਕੀ ਲਿਖਾਂ ਤੇ ਕਿਵੇਂ ਲਿਖਾਂ।

: ਕੀ ਹੁਣ ਖਾਹਿਸ਼ਾਂ, ਜੋਸ਼ ਤੇ ਲਿਖਣ ਮਸਾਲੇ ਦੀ ਕਮੀ ਰੜਕਦੀ ਹੈ?

: ਨਹੀਂ, ਖਾਹਿਸ਼ਾਂ ਘਟ ਜਾਂਦੀਆਂ ਨੇ। ਪਰ ਤਮਾਂ ਪੂਰੀ ਨਹੀਂ ਮੁੱਕੀ। ਸ਼ਕਲ ਬਦਲ ਗਈ ਏ। ਹੁਣ ਵੀ ਮੈਨੂੰ ਗੁਪਤ ਧਨ, ਸ਼ੁਹਰਤ ਤੇ ਵਡਿਆਈ ਦੀ ਕਲਪਨਾ ਹੁੰਦੀ ਏ ਤੇ ਸੁਫਨੇ ਆਉਂਦੇ ਨੇ। ਕਹਿਣ ਨੂੰ ਮੈਂ ਸੰਤੁਸ਼ਟ ਹਾਂ, ਪਰ ਹੁੰਦਾ ਨਹੀਂ। ਕਿਸੇ ਪਲ ਸੰਤੁਸ਼ਟੀ ਦਾ ਅਹਿਸਾਸ ਹੁੰਦਾ ਏ। ਪਰ ਅਗਲੇ ਪਲ ਅਸੰਤੁਸ਼ਟ ਹੋ ਜਾਂਦਾ ਹਾਂ। ਝਾਕਣਾ ਕਿਸੇ ਵਿਸ਼ੇਸ਼ ਪ੍ਰਾਪਤੀ ਦੀ ਨਹੀਂ। ਬੱਸ ਇਹੀ ਚਾਹਣਾ ਹੁੰਦੀ ਏ ਕਿ ਕੋਈ ਸੁਖਾਵੀਂ ਜਿਹੀ ਖਬਰ ਆ ਜਾਵੇ। ... ਬੜੀਆਂ ਲੁਕੀਆਂ ਇੱਛਾਵਾਂ ਤੇ ਸਚਾਈਆਂ ਨੇ, ਜਿਹੜੀਆਂ ਮੈਂ ਮੰਨਦਾ ਨਹੀਂ, ਪਰ ਉਹ ਮੇਰੇ ਪਾਤਰਾਂ ਰਾਹੀਂ ਜ਼ਾਹਰ ਹੋਈ ਜਾਂਦੀਆਂ ਨੇ। ਸੂਝਵਾਨ ਪਾਠਕ ਲੱਭ ਲੈਂਦੇ ਨੇ।

ਨਾਟਕ ਨਹੀਂ ਦੇਖ ਸਕਦਾ

: ਤੁਸੀਂ ਆਖਦੇ ਹੋ ਕਿ ਨਾਟਕਾਂ, ਵਾਰਤਾਲਾਪਾਂ, ਗੋਸ਼ਟੀਆਂ ਨਾਲ ਤੁਹਾਨੂੰ ਸੁਭਾਵਿਕ ਮੋਹ ਨਹੀਂ ਕਿਉਂਕਿ ਇਹ ਪੂਰੇ ਅੰਦਰ ਦੀ ਤਸਵੀਰ ਸਾਹਮਣੇ ਲਿਆਉਣ ਤੋਂ ਅਸਮਰਥ ਹਨ। ਪਰ ਯੂਨਾਨੀਆਂ ਤੋਂ ਲੈ ਕੇ ਸ਼ੈਕਸਪੀਅਰ ਤੱਕ ਨੇ ਨਾਟਕਾਂ ਰਾਹੀਂ ਸਮਾਜ ਨੂੰ ਸਮਝਿਆ ਸਮਝਾਇਆ ਹੈ। ਸ਼ਾਇਦ ਕਿਸੇ ਕਾਰਨ ਤੁਸੀਂ ਏਸ ਵਿਧਾ ਤੋਂ ਕਤਰਾਂਦੇ ਹੋ, ਨਹੀਂ?

: ਇਹ ਮੇਰੀ ਨਿਜੀ ਜਿਹੀ ਪਸੰਦ ਏ ਕਿ ਮੈਂ ਨਾਟਕ ਨਹੀਂ ਦੇਖ ਸਕਦਾ। ਉਹਦੇ 'ਚ ਬੋਲਦੇ ਪਾਤਰ ਮੈਨੂੰ ਘਟੀਆ ਕਿਸਮ ਦੀ ਬਕਬਕ ਕਰਦੇ ਲੱਗਦੇ ਨੇ। ਮੈਂ ਗਲਪ 'ਚ ਵੀ ਬਹੁਤੇ ਵਾਤਾਲਾਪ ਵਾਲੀਆਂ ਕਹਾਣੀਆਂ ਪੜ੍ਹਦਾ ਅੱਕ ਜਾਂਦਾ ਹਾਂ। ਜਿੱਥੇ ਮੇਰੀ ਵਾਹ ਚੱਲਦੀ ਏ ਮੈਂ ਓਸ ਤੋਂ ਪਿੱਛਾ ਛੁਡਾ ਲੈਂਦਾ ਹਾਂ ਕਿਉਂਕਿ ਮੈਂ ਸਮਝਦਾ ਹਾਂ ਕਿ ਬੰਦੇ ਦਾ ਉਹ ਸੱਚ ਨਹੀਂ ਹੁੰਦਾ, ਜਿਹੜਾ ਉਹਦੇ ਵਾਰਤਾਲਾਪ ਜਾਂ ਲਿਬਾਸ ਤੋਂ ਮਿਲਦਾ ਏ। ਏਸ ਬਾਹਰਲੇ ਰੂਪ 'ਚ ਬੰਦੇ ਦਾ ਸੱਚ ਕੇਵਲ 20 ਫੀਸਦੀ ਹੁੰਦਾ ਏ। ਬਾਕੀ 80 ਫੀਸਦੀ ਉਹਦੇ ਅੰਦਰਲੇ ਅਵਚੇਤਨ ਮਨ 'ਚ, ਉਹਦੇ ਸੁਫਨਿਆਂ 'ਚ ਜਾਂ ਉਹਦੀ ਕਲਪਨਾ 'ਚ ਹੁੰਦਾ ਏ। ਸਟੇਜ 'ਤੇ ਲਗਾਤਾਰ ਬੋਲੀ ਜਾਣ ਵਾਲਾ ਬੰਦਾ ਮੈਨੂੰ ਬਹੁਤ ਝੂਠਾ ਜਿਹਾ ਲੱਗਦਾ ਏ।

ਏਸ ਦੇ ਉਲਟ ਮੈਂ ਆਪ ਬਹੁਤ ਗਾਹਲੜੀ ਹਾਂ। ਮੈਨੂੰ ਅਪਣੀ ਪਸੰਦ ਦੀਆਂ ਗੱਲਾਂ ਕਰਨ ਵਾਲਿਆਂ ਦੀ ਸੰਗਤ ਚੰਗੀ ਲੱਗਦੀ ਏ। ਕੋਈ ਨਾ ਆਵੇ ਤਾਂ ਮੈਂ ਫੋਨ ਕਰ ਕੇ ਸੱਦ ਲੈਂਦਾ ਹਾਂ।... ਰਹੀ ਗੱਲ ਗੋਸ਼ਟੀਆਂ ਦੀ ਮੈਂ ਸਿਰਫ ਉਹਨਾਂ 'ਚ ਜਾਂਦਾ ਹਾਂ, ਜਿਥੇ ਸਾਹਿਤ ਬਾਰੇ ਸੰਜੀਦਗੀ ਨਾਲ ਬਹਿਸ ਕੀਤੀ ਜਾਂਦੀ ਏ। ਨੁਮਾਇਸ਼ੀ ਘੁੰਡ ਚੁਕਾਈਆਂ ਤੇ ਬੱਲੇ ਬੱਲੇ ਕਰਾਈਆਂ 'ਚ ਨਹੀਂ ਜਾਂਦਾ।... ਮੈਨੂੰ ਗੱਲਾਂ, ਬਹਿਸਾਂ ਤੇ ਦਲੀਲਾਂ ਨਾਲ ਮਸਲੇ ਨੂੰ ਸਮਝਣਾ ਵੱਧ ਚੰਗਾ ਲੱਗਦਾ ਏ। 'ਲਕੀਰ' 'ਚ ਮੈਂ ਸਭ ਤੋਂ ਵੱਧ ਬਹਿਸਾਂ ਛਾਪੀਆਂ ਨੇ। ਬਹਿਸ ਤਾਂ ਚੱਲਦੀ ਹੀ ਰਹਿਣੀ ਚਾਹੀਦੀ ਏ। ਏਸੇ ਨਾਲ ਸੋਚ ਨਿੱਖਰਦੀ ਏ।

: ਕੁਲਵੰਤ ਸਿੰਘ ਵਿਰਕ ਨੂੰ ਪਾਸ਼, ਗਾਰਗੀ ਅਤੇ ਸੰਤੋਖ ਸਿੰਘ ਧੀਰ ਨਾਲ ਕੀ ਚਿੜ ਸੀ ਭਲਾ ?

: ਮੈਨੂੰ ਬਹੁਤਾ ਠੀਕ ਪਤਾ ਨਹੀਂ। ਮੇਰਾ ਖਿਆਲ ਏ




ਕਿ ਉਹਨੂੰ ਕਾਮਰੇਡ ਬਣੀਂ ਫਿਰਨ ਵਾਲੇ ਚੰਗੇ ਨਹੀਂ ਸੀ ਲੱਗਦੇ। ਉਹ ਇਨਕਲਾਬੀ ਕਵੀਆਂ ਤੋਂ ਵੀ ਖਿਝਦਾ ਸੀ।.... ਗਾਰਗੀ ਨੂੰ ਉਹ ਨਿਰਾ ਬਨੌਟੀ ਸਾਹਿਤਕਾਰ ਤੇ ਬੰਦਾ ਸਮਝਦਾ ਸੀ। ਉਹਨੂੰ ਉਹਦੀ ਸ਼ਕਲ ਨਾਲ ਵੀ ਨਫਰਤ ਸੀ। ਗੀਂਢਾ ਜਿਹਾ ਕੱਦ ਵੀ ਚੰਗਾ ਨਹੀਂ ਲੱਗਦਾ ਸੀ। ... ਵਿਰਕ ਧੀਰ ਨੂੰ ਮਾੜਾ ਬੰਦਾ ਨਹੀਂ ਸੀ ਕਹਿੰਦਾ, ਉਹਦੀ ਕਹਾਣੀ ਨੂੰ ਸਿੱਧੜ ਜਹੀ ਸਮਝਦਾ ਕੋਈ ਅਹਿਮੀਅਤ ਨਹੀਂ ਸੀ ਦਿੰਦਾ। ਵਿਰਕ ਧੀਰ ਦੀ ਕਹਾਣੀ ਪੜ੍ਹਦਾ ਸੀ ਤਾਂ ਪੇਂਡੂ ਬੋਲੀ ਵਾਲਾ ਬਿਆਨ ਦੇਖਣ ਲਈ।

: ਤੁਸੀ ਔਰਤਾਂ ਬਾਰੇ ਬਹੁਤ ਲਿਖਿਆ। ਤੁਹਾਡੀ ਨਜ਼ਰ 'ਚ ਔਰਤਾਂ ਆਖਰ ਹੈ ਕੀ?

:ਔਰਤ ਸਾਡੀ ਮਾਂ ਏ। ਸਭ ਤੋਂ ਪਹਿਲਾਂ ਵਾਸਤਾ ਉਸੇ ਨਾਲ ਪੈਂਦਾ ਏ। ਫੇਰ ਭੈਣ ਏ, ਫੇਰ ਧੀ ਏ। ਫੇਰ ਪਰ ਨਾਰੀ ਏ। ਪਤਨੀ ਏ। ਮਹਿਬੂਬਾ ਏ। ਅੱਗੇ ਹਰੇਕ ਬੰਦੇ ਦੀ ਅਪਣੀ ਪਹੁੰਚ ਏ ਕਿ ਉਹ ਔਰਤ ਨੂੰ ਕਿਸ ਰੂਪ 'ਚ ਦੇਖਦਾ ਏ। ਜਿਵੇਂ ਮਰਦ ਦੀ ਨਜ਼ਰ ਬਦਲਦੀ ਏ, ਉਵੇ ਔਰਤ ਦੇ ਰੂਪ ਵੀ ਬਦਲਦੇ ਰਹਿੰਦੇ ਨੇ। ਕਦੇ ਉਹ ਵੈਸ਼ਿਆ ਵੀ ਹੁੰਦੀ ਏ ਤੇ ਕਦੇ ਦੇਵੀ ਵੀ। ਉਹ ਦੁਰਗਾ ,ਲਕਸ਼ਮੀ, ਸਰਸਵਤੀ, ਚੰਡੀ, ਕਈ ਰੂਪਾਂ 'ਚ ਸਾਨੂੰ ਦਿੱਸਦੀ ਏ। ਏਨੇ ਹੀ ਰੂਪ ਮਰਦ ਇਸਤ੍ਰੀ ਨੂੰ ਸਮਝਣ ਦੇ ਚੱਕਰ 'ਚ ਹੈ ਤੇ ਇਸਤ੍ਰੀ ਮਰਦ ਨੂੰ। ਦੋਹਾਂ ਦਾ ਮਨੋਰਥ ਇਕ ਦੂਜੇ ਦੀਆਂ ਸ਼ਕਤੀਆਂ ਕਮਜ਼ੋਰੀਆਂ ਨੂੰ ਸਮਝਣਾ ਤੇ ਫੇਰ ਵਰਤਣਾ ਏ। ਪੰਜਾਬੀ ਸਾਹਿਤ 'ਚ ਔਰਤ ਨੂੰ ਸਮਝਣਾ ਤੇ ਉਹਦੇ ਬਾਰੇ ਲਿਖਣਾ ਬਹੁਤਾ ਚੰਗਾ ਨਹੀਂ ਸਮਝਿਆ ਗਿਆ। ਪਰ ਮੈਂ ਤਾਂ ਸ਼ੁਰੂ ਤੋਂ ਈ ਲਿਖ ਰਿਹਾਂ। ਮੇਰੀ ਪਹਿਲੀ ਪੁਸਤਕ 'ਕੱਚਕੜੇ' 'ਚ ਵੀ ਅਜਿਹੀਆਂ ਕਹਾਣੀਆਂ ਮਿਲਣਗੀਆਂ।

ਪਰਚਾ ਕੱਢਣ ਦੀ ਲੋੜ

: ਤੁਹਾਡੇ ਵਰਗੇ ਰਚਨਾਤਮਕ ਅਤੇ ਹਸਾਸ ਲੇਖਕ ਨੂੰ ਪਰਚਾ ਕੱਢਣ ਦੀ ਭਲਾ ਕੀ ਮਜਬੂਰੀ ਸੀ? ਕੀ 'ਲਕੀਰ' ਨਾਲ ਕੋਈ ਕਿਸੇ ਕਿਸਮ ਦਾ ਲਾਭ ਵੀ ਹੋਇਆ?

:ਇਹ ਪਰਚਾ ਕੱਢਣ ਦੀ ਲੋੜ ਮੈਨੂੰ ਅਖਬਾਰ ਤੋਂ ਰੀਟਾਇਰ ਹੋਣ ਕਰ ਕੇ ਵੱਧ ਪਈ। ਏਨੀ ਵਿਹਲ ਦਾ ਮੈਂ ਕੀ ਕਰਦਾ। ਮੈਂ ਤਾਂ ਨੌਕਰੀ ਕਰਦਾ ਹੋਇਆ ਵੀ ਅਪਣੇ ਆਪ ਨੂੰ ਵਿਹਲਾ ਜਿਹਾ ਮਹਿਸੂਸ ਕਰਦਾ ਸੀ। ਇਹ ਲੋੜ ਹੱਸਾਸ ਤੇ ਰਚਨਾਤਮਕ ਕੰਮ ਕਰਨ ਵਾਲਿਆਂ ਨੂੰ ਬਹੁਤੀ ਹੁੰਦੀ ਏ। ਮੋਟੀ ਚਮੜੀ ਤੇ ਮੋਟੀ ਬੁੱਧੀ ਦੇ ਲੋਕ ਪੈਸੇ ਕਮਾਓਣ ਦੇ ਆਹਰੇ ਲੱਗੇ ਰਹਿੰਦੇ ਨੇ।... ਏਸ ਕੰਮ 'ਚ ਸੁਰਜੀਤ ਹਾਂਸ ਫੇਰ ਮੈਨੂੰ ਡੁਬਣੋਂ ਬਚਾਓਣ ਆ ਗਿਆ। ਉਹਨੇ ਮਾਇਕ ਸਹਾਇਤਾ ਨਾਲ ਕੰਮ ਚਾਲੂ ਕਰਾ ਦਿੱਤਾ।

ਹੁਣ ਇਕ ਵਾਰੀ ਫੇਰ ਮੈਂ ਬੰਦ ਕਰਨ ਲੱਗਿਆ ਤਾਂ ਮੇਰੇ ਪ੍ਰਕਾਸ਼ਕ ਹਰੀਸ਼ ਜੈਨ ਨੇ ਮੈਨੂੰ ਰੋਕ ਕੇ ਨੇਕ ਸਲਾਹ ਦਿੱਤੀ। ਉਹਨੇ ਤਾਂ ਮੇਰੇ ਵੱਲੋਂ ਕੁੱਤਾ ਰੱਖਣ 'ਤੇ ਕਿਹਾ ਕਿ ਸਮਝੋ, ਚਾਰ ਸਾਲ ਉਮਰ ਵਧ ਗਈ। ਪਰਚੇ ਨਾਲ ਜੁੜ ਕੇ ਮੈਂ ਸਾਰੇ ਨਵੇਂ ਕਹਾਣੀਕਾਰਾਂ ਦੇ ਨਾਲ ਹੋ ਗਿਆ। ਹਰੇਕ ਨਵਾਂ ਕਹਾਣੀਕਾਰ ਮੇਰਾ ਬੇਲੀ ਬਣ ਗਿਆ। ਮੈਂ ਪੀੜ੍ਹੀਆਂ ਦੇ ਪਾੜੇ ਤੇ ਪੜਾਵਾਂ ਦੀਆਂ ਹੱਦਾਂ ਟੱਪ ਕੇ ਨਵੇਂ ਲੇਖਕਾਂ ਨਾਲ ਰਲ਼ ਗਿਆ। ਹਜ਼ਾਰਾਂ ਨਵੀਆਂ ਕਹਾਣੀਆਂ ਮੇਰੇ ਨਾਲ ਜੁੜ ਗਈਆਂ। ਨਵੇਂ ਕਹਾਣੀਕਾਰਾਂ ਦੇ ਰੂਪ 'ਚ ਮੈਂ ਅਪਣਾ ਨਵਾਂ ਜਨਮ ਦੇਖਦਾ ਹਾਂ। ਇਹ ਸਾਰੇ ਮੇਰੇ ਬੱਚੇ ਨੇ।

: ਪੰਜਾਬ ਦੇ ਨਕਸਲਬਾੜੀਆਂ ਨਾਲ ਤੁਹਾਡੀ ਬੜੀ ਹੀ ਨੇੜਤਾ ਰਹੀ। ਕਦੀ ਇਨ੍ਹਾਂ ਦੇ ਸਿਧਾਂਤਕ ਵਿਚਾਰਾਂ ਅਤੇ ਮਨੋਵਿਗਿਆਨ ਬਣਤਰ ਬਾਰੇ ਗੰਭੀਰਤਾ ਨਾਲ ਸੋਚਿਆ ਵੀ ?

: ਨਹੀਂ। ਹਥਿਆਰਬੰਦ ਕ੍ਰਾਂਤੀਕਾਰੀ ਸੋਚ ਦੀ ਤਾਂ ਕੀ, ਮੈਨੂੰ ਤਾਂ ਮਾਰਕਸਵਾਦੀ ਵਿਚਾਰਧਾਰਾ ਦੀ ਵੀ ਕੋਈ ਸਮਝ ਨਹੀਂ। ਮੈਂ ਤਾਂ ਵਿਦਰੋਹ ਦਾ ਹਮਾਇਤੀ ਹਾਂ। ਏਸੇ ਨਾਲ ਪੁਰਾਣੀਆਂ ਕੀਮਤਾਂ ਨੂੰ ਭੰਨ ਕੇ ਨਵੀਆਂ ਬਨਣ ਲਈ ਮਜਬੂਰ ਕੀਤਾ ਜਾ ਸਕਦਾ ਏ। ਮੈਨੂੰ ਸਿਆ-ਸਤ ਦੀ ਸਮਝ ਨਹੀਂ, ਪਰ ਮੈਂ ਬੰਦਿਆਂ ਦੇ ਸਮਾਜੀ ਤੇ ਮਨੋਵਿ-ਗਆਨਕ ਵਿਹਾਰਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹਾਂ। ਇਹੀ ਮੇਰੀ ਗਲਪ ਦੀ ਬੁਨਿਆਦ ਏ।

ਮੌਤ ਦਾ ਡਰ

: ਤੁਹਾਨੂੰ ਮੌਤ ਤੋਂ ਕਿੰਨਾ ਕੁ ਡਰ ਲਗਦਾ ਹੈ?

:ਹਾਂ, ਮੌਤ ਤੋਂ ਡਰ ਤਾਂ ਲੱਗਦਾ ਏ। ਪਰ ਪਹਿਲਾਂ ਨਾਲੋਂ ਘਟ ਗਿਆ ਏ। ਸ਼ਾਇਦ ਮੈਂ ਭਾਣਾ ਮੰਨ ਲਿਆ ਏ।... ਪਰ ਕੁਝ ਹੋਰ ਵੱਧ ਗਏ ਨੇ। ਜਿਵੇਂ ਸਫਰ ਕਰਦਿਆਂ ਅਚਾਨਕ ਬੀਮਾਰ ਹੋਣ ਦਾ ਡਰ। ਤੁਰਦੇ ਫਿਰਦਿਆਂ ਡਿੱਗ ਪੈਣ ਦਾ ਡਰ।... ਕਿਸੇ ਬੇਵਕੂਫ ਹੱਥੋਂ ਬੇਇੱਜ਼ਤੀ ਹੋਣ ਦਾ ਡਰ। ਖੰਨੇ ਜਾਂ ਪਹੋਹੇ ਵਸਦੇ ਭਾਈਆਂ ਦੇ ਘਰੋਂ ਕਿਸੇ ਮਾੜੀ ਖਬਰ ਆਓਣ ਦਾ ਡਰ। ਮਨ ਦੇ ਜੋਸ਼ 'ਚ ਆਓਣ 'ਤੇ ਬਲੱਡ ਪ੍ਰੈਸ਼ਰ ਦੇ ਵਧਣ ਦਾ ਡਰ।... ਮੌਤ ਤੋਂ ਇਲਾਵਾ ਹੋਰ ਵੀ ਕਈ ਡਰ ਲੱਗਦੇ ਨੇ। ਅਪਣੇ ਜਿਸਮ ਦੀ ਕਮਜ਼ੋਰੀ ਕਰ ਕੇ ਕਿਸੇ ਨਾਲ ਹੱਥੋਪਾਈ ਹੋਣ ਤੇ ਡਿੱਗਣ ਦਾ ਡਰ। ਹੁਣ ਸੋਹਣੀਆਂ ਜਨਾਨੀਆਂ ਦੇਖਣ ਲਈ ਓਮ ਪ੍ਰਕਾਸ਼ ਪਨਾਹਗੀਰ ਨਾਲ ਬਜ਼ਾਰਾਂ 'ਚ ਘੁੰਮਣ ਨਹੀਂ ਜਾਂਦਾ। ਮੈਂ ਹੁਣ ਬੇਮੁਹਾਰ ਹੋ ਕੇ ਕਿਸੇ ਦੇ ਘਰ ਵੱਲ ਆਪ ਨਹੀਂ ਮੁੜਦਾ, ਜਿਵੇਂ ਪਹਿਲਾਂ ਧੱਕੇ ਨਾਲ ਮੁੜ ਜਾਂਦਾ ਸੀ !

: ਮਰਨਾ ਕਿਹੜੇ ਸ਼ਹਿਰ ਜਾਂ ਘਰ 'ਚ ਜਾ ਕੇ ਐ?

: ਮਰਨ ਦਾ ਕੀ ਏ? ਕਿਤੇ ਵੀ ਹੋਵੇ! ਮੇਰੇ ਲਈ ਕਿਸੇ ਥਾਂ ਦੀ ਕੋਈ ਅਹਿਮੀਅਤ ਨਹੀਂ। ਖੰਨਾ ਹੋਵੇ ਜਾਂ ਜਲੰਧਰ ਜਾਂ ਬੱਸ ਜਾਂ ਟਰੇਨ। ਕੀ ਫਰਕ ਪੈਂਦਾ ਏ? ... ਮੈਨੂੰ ਕਈ ਵਾਰ ਹੈਰਾਨੀ ਹੁੰਦੀ ਏ ਇਸਮਤ ਚੁਗ਼ਤਾਈ ਦੀ ਇਹ ਵਸੀਅਤ ਯਾਦ ਕਰ ਕੇ ਕਿ ਉਹਨੂੰ ਦਫਨ ਕਰਨ ਦੀ ਥਾਂ ਫੂਕਿਆ ਜਾਵੇ। ਕਿਉਂਕਿ ਉਹਨੂੰ ਕਬਰ 'ਚ ਚੰਬੜਨ ਵਾਲੇ ਕੀੜਿਆਂ ਤੋਂ ਡਰ ਲੱਗਦਾ ਏ। ... ਜਾਂ ਮੇਰੇ ਸ਼ਰੀਰ ਦਾ ਇਹ ਕਰਨਾ ਜਾਂ ਉਹ ਕਰਨਾ। ਕੀ ਫਰਕ ਪੈਂਦਾ ਏ ਮਿੱਟੀ ਨੂੰ। ਸਾਂਭਣ ਵਾਲਿਆਂ ਦੀ ਮਰਜ਼ੀ ਚੱਲਣੀ ਚਾਹੀਦੀ ਏ। ਮਰਨ ਬਾਅਦ ਵੀ ਅਪਣੀ ਮਰਜ਼ੀ ਚਲਾਓਣਾ ਅਜੀਬ ਲੱਗਦਾ ਏ।.... ਉਂਜ ਮੈਂ ਏਸ ਵਿਸ਼ੇ 'ਤੇ ਕਹਾਣੀ 'ਮੋਹੜੀ' ਲਿਖੀ ਏ। ਉਹ ਮੈਨੂੰ ਅਪਣੇ ਦਾਦੇ ਤੇ ਹੋਰ ਬਜ਼ੁਰਗਾਂ ਦੀਆਂ ਗੱਲਾਂ ਸੁਣ ਕੇ ਸੁਝੀ ਸੀ।... ਪਰ ਉਹਦੇ ਅੰਤ ਵਾਲੀ ਇਹ ਗੱਲ ਹੁਣ ਵੀ ਮੇਰੇ ਮਨ 'ਚ ਏ ਕਿ ਨਾਇਕ ਦਾ ਖੰਨੇ ਵਾਲਾ ਸਾਂਝਾ ਖੋ਼ਲਾ ਵੇਚਣ ਨੂੰ ਦਿਲ ਨਹੀਂ ਕਰਦਾ। ਜਾਂ ਵੇਚਣ ਨੂੰ ਕਹਿ ਦੇਣ ਲਈ ਦਿਲ ਨਹੀਂ ਕਰਦਾ। ਹਾਲਾਂਕਿ ਖੰਨੇ ਮੇਰਾ ਕੋਈ ਖੋ਼ਲਾ ਨਹੀਂ।

: ਨੇੜਲੇ ਭਵਿੱਖ ਵਿਚ ਤੁਹਾਡੀਆਂ ਲਿਖਣ ਦੀਆਂ ਕੀ ਯੋਜਨਾਵਾਂ ਹਨ?

:ਕਹਾਣੀ ਲਿਖਾਂਗਾ, ਜਦ ਉਹ ਮੈਨੂੰ ਧੱਕੇ ਮਾਰ ਕੇ ਮਜਬੂਰ ਕਰ ਦੇਵੇਗੀ। ...ਨਾਵਲਿਟ ਵਰਗੀ ਇਕ ਰਚਨਾ ਅਪਣੇ ਦਾਦੇ ਦੇ ਟੱਬਰ ਤੋਂ ਸ਼ੁਰੂ ਕਰ ਕੇ ਅਪਣੇ ਖੰਨੇ ਰਹਿਣ ਤਕ ਦੀ ਜ਼ਿੰਦਗੀ ਬਾਰੇ ਲਿਖਣ ਨੂੰ ਦਿਲ ਕਰਦਾ ਏ। ਮੈਂ ਪੰਜਾਬੀ 'ਚ ਖੱਤਰੀਆਂ ਦੇ ਸ਼ਾਹੂਕਾਰ ਤੇ ਜ਼ਿਮੀਂਦਾਰ ਪਰਿਵਾਰ ਦੀ ਕਹਾਣੀ ਕਦੇ ਕਿਤੇ ਨਹੀਂ ਪੜ੍ਹੀ। ਜੱਟਾਂ ਤੇ ਹੋਰ ਜ਼ਾਤਾਂ ਦੇ ਲੋਕਾਂ ਨੇ ਇਹਨਾਂ ਨੂੰ ਨਫਰਤ ਨਾਲ ਪੇਸ਼ ਕੀਤਾ ਏ। ਮੈਂ ਪੰਜਾਬੀ ਪਾਠਕਾਂ ਨੂੰ ਅਸਲੀ ਤਸਵੀਰ ਦਿਖਾਓਣਾ ਚਾਹੁੰਦਾ ਹਾਂ। □

## Matrimonial

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224
e-mail : engg.money@yahoo.com

Suitable match for hindu Khatri girl 25, 5'-3", M.A., B.Ed. status family, decent marrage, contact 0161-2880799, e-mail.: raman.mlp@gmail.com

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

ਖ਼ੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5'-9", ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

ਖ਼ੂਬਸੂਰਤ ਬੀ-ਟੈਕ, ਕੰਪਿਊਟਰ ਸਾਇੰਸ, ਸਾਫਟ ਵੇਅਰ ਇੰਜੀਨੀਅਰ ਰਾਜਪੂਤ, ਚੌਹਾਨ ਕਲੀਨ ਸ਼ੇਵਨ, ਅਗਾਂਹਵਧ ਵਿਚਾਰਾਂ ਵਾਲੇ ਮਿਹਨਤੀ 5'-11" ਲੰਮੇ, 4 ਨਵੰਬਰ 1985 ਨੂੰ ਜਨਮੇ ਲੜਕੇ ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਤੇ ਸ਼ੁਸੀਲ ਲੜਕੀ ਦੀ ਲੋੜ ਹੈ। ਜਾਤ ਬੰਧਨ ਨਹੀਂ। ਸੰਪਰਕ: 98151-94782, 94633-91876, ਈ-ਮੇਲ : hardev.chauhan@yahoo.co.in

# ਰੰਗ ਕਰਮੀ ਗੁਰਦੀਪ ਭੁੱਲਰ ਨਾਲ ਗੱਲਬਾਤ

'ਗੁਰਦੀਪ ਆਰਟਸ ਅਕੈਡਮੀ ਸਰੀ' ਦੇ ਡਾਇਰੈਕਟਰ ਗੁਰਦੀਪ ਭੁੱਲਰ ਪਿਛਲੇ ਦਿਨੀਂ ਆਪਣੇ ਨਾਟਕ 'ਰਿਸ਼ਤੇ' ਦਾ ਮੰਚਨ ਕਰਨ ਲਈ ਐਡਮਿੰਟਨ ਆਏ। ਉਨ੍ਹਾਂ ਨਾਲ ਇਸ ਮੌਕੇ 'ਤੇ ਹੋਈ ਗੱਲਬਾਤ 'ਨਵੀਂ ਦੁਨੀਆ' ਦੇ ਪਾਠਕਾਂ ਨਾਲ ਸਾਂਝੀ ਕਰਨ ਦੀ ਖ਼ੁਸ਼ੀ ਲੈ ਰਹੇ ਹਾਂ।

ਸੰਪਾਦਕ

## ਨਵੀਂ ਦੁਨੀਆ ਵਲੋਂ ਸਵਾਲ



ਗੁਰਦੀਪ ਭੁੱਲਰ

**ਸਵਾਲ: ਨਾਟਕ ਚਿਣਗ?**

ਭੁੱਲਰ : ਗ ੱ ਲ 1977 ਦੀ ਹੈ, ਲੋਕ ਕਲਾ ਮੰਚ ਚੰਡੀਗੜ੍ਹ ਦੇ ਕੰਵਲ ਵਿਦਰੋਹੀ ਨੇ ਮੇਰੀ ਆਵਾਜ਼ ਤੋਂ ਪ੍ਰਭਾਵਿਤ ਹੋ ਕੇ ਪਿੱਠ ਵਰਤੀ ਗਾਇਕ ਵਜੋਂ ਗਾਉਣ ਦਾ ਮੌਕਾ ਦਿਤਾ। ਫਿਰ ਸੰਗੀਤ ਕੰਪੋਜ਼ਿੰਗ ਤੇ ਭੂਮਿਕਾਵਾਂ ਮਿਲਣ ਉਪਰੰਤ ਪੂਰੀ ਤਰ੍ਹਾਂ ਨਾਟਕ ਨੂੰ ਹੀ ਸਮਰਪਿਤ ਹੋ ਗਿਆ। 'ਇਕ ਰਮਾਇਣ ਹੋਰ, ਤੂਤਾਂ ਵਾਲਾ ਖੂਹ, ਸਾਹਿਬ' ਆਦਿ ਪ੍ਰਸਿੱਧ ਨਾਟਕਾਂ 'ਚ ਕੰਮ ਕੀਤਾ। ਗੁਰਕੀਰਤਨ ਚੌਹਾਨ, ਬੀ.ਐਨ. ਸ਼ਰਮਾ, ਅਮਰੀਕ ਤੇਜਾ ਅਤੇ ਪੁਰਬਾ ਵਰਗੇ ਸਹਿਕਰਮੀਆਂ ਤੋਂ ਨਾਟਕ ਬਾਰੇ ਬਹੁਤ ਕੁੱਝ ਸਿੱਖਣ ਸਮਝਣ ਦਾ ਮੌਕਾ ਮਿਲਆ।

**ਸਵਾਲ: ਨਵੇਂ ਤਜਰਬੇ?**

ਭੁੱਲਰ : ਪ੍ਰਸਿੱਧ ਪੰਜਾਬੀ ਗਾਇਕਾ ਮਰਹੂਮ ਸੁਰਿੰਦਰ ਕੌਰ ਦੇ ਗੀਤਾਂ ਨੂੰ ਲੈ ਕੇ 'ਚਿੜੀਆਂ ਦਾ ਚੰਬਾ' ਨਾਮੀ ਓਪੇਰਾ ਤਿਆਰ ਕੀਤਾ, ਜਿਸ ਵਿਚ ਲਗਭਗ 75-80 ਬੱਚਿਆਂ ਦਾ ਭਾਗ ਲੈਣਾ ਨਵਾਂ ਤਜਰਬਾ ਸੀ।

**ਸਵਾਲ: ਤੁਹਾਡੇ ਨਾਟਕਾਂ ਦੇ ਵਿਸ਼ੇ?**

ਭੁੱਲਰ : ਅਜੋਕਾ ਪੰਜਾਬ ਆਮ ਕਰ ਕੇ ਪਿੱਛੇ ਵਸਦੇ ਪਰਿਵਾਰਾਂ, ਦੋਸਤਾਂ-ਮਿੱਤਰਾਂ, ਉਨ੍ਹਾਂ ਦੀਆਂ ਸਮਾਜਿਕ, ਆਰਥਿਕ ਤੇ ਰਾਜਨੀਤਕ ਸਮੱਸਿਆਵਾਂ ਦੇ ਸਨਮੁੱਖ ਰਹਿਣ ਦੇ ਨਾਲ-ਨਾਲ ਕੈਨੇਡਾ, ਅਮਰੀਕਾ, ਬਰਤਾਨੀਆ ਵਰਗੇ ਦੇਸ਼ਾਂ ਦੇ ਵਸੇਬੇ ਦੌਰਾਨ ਅੱਡ-ਅੱਡ ਕਿਸਮ ਦੀਆਂ ਮੁਸ਼ਕਲਾਂ ਨਾਲ ਦੋ ਚਾਰ ਹੋਣ ਦੀ ਦੁਬਿਧਾ ਵਿਚ ਫਸਿਆ ਹੋਇਆ ਹੈ। ਨਾਟਕ ਦੀ ਵਿਸ਼ਾ ਚੋਣ ਲਈ ਮੈਂ ਦੋਵਾਂ ਪੱਖਾਂ ਨਾਲ ਧਿਆਨ ਦਿੰਦਾ ਹਾਂ। ਜਿਥੇ ਮੈਂ ਆਪਣੀ ਟੀਮ ਨਾਲ ਸ਼ਹੀਦ ਭਗਤ ਸਿੰਘ ਬਾਰੇ 'ਦੇਸ਼ ਮੇਰੇ ਦੱਸੀਂ' ਗੀਤ 'ਤੇ ਕੋਰੀਓਗਰਾਫ਼ੀ ਕੀਤੀ ਉਥੇ ਸੰਤ ਰਾਮ ਉਦਾਸੀ ਦੇ ਗੀਤਾਂ 'ਕੰਮੀਆਂ ਦਾ ਵਿਹੜਾ' 'ਚੂੜੀਆਂ ਦਾ ਹੋਕਾ' ਤੇ ਕੰਮ ਕਰ ਕੇ ਵੀ ਮੈਨੂੰ ਤਸੱਲੀ ਹੋਈ।

ਇਸੇ ਤਰ੍ਹਾਂ ਵਿਗੜ ਰਹੇ ਲਿੰਗ ਅਨੁਪਾਤ ਦੀ ਜੜ੍ਹ 'ਭਰੂਣ ਹੱਤਿਆ' ਨੂੰ ਲੈ ਕੇ ਨਾਟਕ 'ਬੁੱਝੋ ਭਲਾ ਮੈਂ ਕੌਣ' ਦੀ ਪੇਸ਼ਕਾਰੀ ਕੀਤੀ। ਸਾਡੇ ਸਮਾਜ ਦੀ ਇਕ ਬੁਰਾਈ ਹੈ, ਆਮਦਨ ਤੋਂ ਵੱਧ ਖ਼ਰਚ ਕਰਨਾ, ਇਸ ਵਿਸ਼ੇ ਨੂੰ ਲੈ ਕੇ ਇਕ ਇਕਾਂਗੀ ਅਸੀਂ 'ਵੱਡਾ ਘਰ' ਵੀ ਖੇਡਿਆ।

**ਸਵਾਲ: ਫ਼ਿਲਮਾਂ ਜਾਂ ਦਸਤਾਵੇਜ਼ੀ ਫ਼ਿਲਮਾਂ ਵੀ ਬਣਾਈਆਂ?**

ਭੁੱਲਰ : ਮੇਰੇ ਨਾਟਕ ਸਮਾਜਿਕ ਸਮੱਸਿਆਵਾਂ ਵੱਲ ਸੇਧਿਤ ਹੁੰਦੇ ਹਨ। ਮੈਂ ਦੋ ਦਸਤਾਵੇਜ਼ੀ ਫ਼ਿਲਮਾਂ 'ਤਿਲਕਣ' (ਏਡਜ਼ ਬਾਰੇ) ਤੇ 'ਕੰਮੋ' (ਭਰੂਣ ਹੱਤਿਆ ਬਾਰੇ) ਬਣਾਈਆਂ, ਜੋ ਕਾਫ਼ੀ ਸਲਾਹੀਆਂ ਗਈਆਂ। ਇਨ੍ਹਾਂ ਦਾ ਪ੍ਰਦਰਸ਼ਨ ਮੈਂ ਸਰਘੀ ਕਲਾ ਕੇਂਦਰ ਮੋਹਾਲੀ ਦੇ ਸਹਿਯੋਗ ਨਾਲ ਚੰਡੀਗੜ੍ਹ ਦੇ ਪੰਜਾਬ ਕਲਾ ਭਵਨ ਵਿਚ ਵੀ ਕਰ ਚੁੱਕਾ ਹਾਂ। ਪਰਵਾਰਕ ਹਿੰਸਾ ਨੂੰ ਉਜਾਗਰ ਕਰਦਾ ਅਜਮੇਰ ਰੋਡੇ ਦਾ ਨਾਟਕ 'ਤੀਸਰੀ ਅੱਖ' ਵੀ ਅਸੀਂ ਖੇਡਿਆ ਹੈ।

**ਸਵਾਲ: ਨਾਟਕ ਦੀ ਸਫ਼ਲਤਾ ਦਾ ਅੰਦਾਜ਼ਾ ਕਿਵੇਂ ਲਾਉਂਦੇ ਹੋ? ਜਾਂ ਫਿਰ ਪੰਜਾਬੀ ਦਰਸ਼ਕਾਂ ਦੀ ਨਾਟਕਾਂ 'ਚ ਘੱਟ ਰਹੀ ਰੁਚੀ ਕੀ ਦਰਸਾਉਂਦੀ ਹੈ?**

ਭੁੱਲਰ : ਅਸਲ 'ਚ ਕਹਾਣੀ, ਨਿਰਦੇਸ਼ਨ, ਅਦਾਕਾਰੀ ਆਦਿ ਕਈ ਚੀਜ਼ਾਂ ਰਲ ਕੇ ਕਿਸੇ ਨਾਟਕ ਨੂੰ ਸਫ਼ਲਤਾ ਵੱਲ ਲਿਆਂਦੀਆਂ ਹਨ। ਇਸ ਸਾਰੇ ਫ਼ੈਕਟਰ ਇਕ ਦੂਜੇ ਦੇ ਪੂਰਕ ਹਨ। ਕਹਾਣੀ ਦੀਆਂ ਟੁੱਟਦੀਆਂ ਕੜੀਆਂ ਨੂੰ ਚੰਗਾ ਨਿਰਦੇਸ਼ਨ ਅਤੇ ਅਦਾਕਾਰੀ ਕੁੱਝ ਹੱਦ ਤਕ ਹੀ ਜੋੜ ਸਕਦੀ ਹੈ। ਨਾਟਕ ਪਾਤਰਾਂ ਜ਼ਰੀਏ ਇਕ ਚੰਗਾ ਸੰਵਾਦ ਰਚਾ ਕੇ ਪੂਰਾ ਸਮਾਂ ਬੰਨ੍ਹੀ ਰੱਖਣ ਦੀ ਕਲਾ ਹੈ। ਜੇਕਰ ਨਾਟਕ ਦੀ ਕਹਾਣੀ ਤੇ ਵਿਸ਼ਾ ਆਮ ਜ਼ਿੰਦਗੀ ਦਾ ਹਿੱਸਾ ਪ੍ਰਤੀਤ ਹੋਵੇ, ਪਾਤਰ ਸੁਭਾਵਿਕ ਜਾਪਣ, ਪੇਸ਼ਕਾਰੀ ਦੌਰਾਨ ਦਰਸ਼ਕਾਂ ਦੀ ਹਿਲ ਜੁਲ ਘੱਟ ਹੋਵੇ ਤਾਂ ਨਾਟਕ ਰਾਹੀਂ ਨਿਰਦੇਸ਼ਕ ਆਪਣਾ ਸੰਦੇਸ਼ ਦੇਣ 'ਚ ਸਫ਼ਲ ਰਹਿੰਦਾ ਹੈ। ਕੀ ਇਸੇ ਨੂੰ ਨਾਟਕ ਦੀ ਸਫ਼ਲਤਾ ਨਹੀਂ ਕਿਹਾ ਜਾ ਸਕਦਾ?

**ਸਵਾਲ: ਕੁੱਝ ਅਜਿਹਾ ਜੋ ਪੰਜਾਬੀ ਰੰਗਮੰਚ 'ਚ ਪਹਿਲੀ ਵਾਰ ਕੇਵਲ ਤੁਹਾਡੇ ਰਾਹੀਂ ਹੋਇਆ ਹੋਵੇ?**

ਭੁੱਲਰ : ਆਮ ਤੌਰ 'ਤੇ ਪੰਜਾਬ ਜਾਂ ਭਾਰਤ ਤੋਂ ਰੰਗ ਮੰਡਲੀਆਂ ਆ ਕੇ ਵਿਦੇਸ਼ ਵਸਦੇ ਪੰਜਾਬੀਆਂ ਦੇ ਰੂ-ਬ-ਰੂ ਨਾਟਕ ਪੇਸ਼ ਕਰਦੀਆਂ ਆਈਆਂ ਹਨ ਪਰ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਕੈਨੇਡਾ ਦੀ ਸਮੁੱਚੀ ਨਾਟਕ ਟੀਮ ਨੇ ਕੈਨੇਡਾ 'ਚ ਤਿਆਰ ਕੀਤਾ ਗਿਆ ਨਾਟਕ ਪੰਜਾਬ ਵਿਚ 16-17 ਥਾਵਾਂ 'ਤੇ ਖੇਡਿਆ। ਉਥੋਂ ਦੇ ਦਰਸ਼ਕ ਸਾਡੀ ਪੰਜਾਬੀ ਬੋਲੀ, ਵੇਸਭੂਸ਼ਾ, ਅਦਾਕਾਰੀ ਦੇਖ ਕੇ ਹੈਰਾਨ ਹੀ ਨਹੀਂ ਹੋਏ, ਸਗੋਂ ਉਨ੍ਹਾਂ ਦਾ ਭਰਮ ਵੀ ਟੁੱਟਾ ਕਿ 'ਵਿਦੇਸ਼ ਵਸਦਾ ਪੰਜਾਬ ਆਪਣੀ ਮਾਂ ਬੋਲੀ ਨੂੰ ਭੁਲਦਾ ਜਾ ਰਿਹਾ ਹੈ।' □

**City Estates**

**All Types of Property, Plots & Kothis available for Sale & Purchase in Chandigarh/Mohali.**

* Newly Built 10 Marla Triple Story House for Sale in Sector 35-C, Chandigarh.

** 1 Kanal Kothis for Sale in Sector 10, 34 & 35 Chandigarh.

For More Info Contact:

**City Estates**

SCO 123, Phase 7, Mohali (Punjab)
011 91 98147 11263 or

## Classified Plus

**Your guide to every search**

**House for Sale by Owner**

Built in 2007, 1500 sq feet 2 story home, with 3 bedrooms upstairs, fireplace, 3 full bath, double attached garage, in quite crescent location, owner occupied available for immediate possession. For more information please call @ 780-245-0351/780-474-0351 or email: suman1950@yahoo.com

****

**2 STORY CONDO FOR RENT**

(LAKEWOOD VILLAGE, Edmonton)
Contact: 780 490 6023
Best Location, All Amenities
3 Bed Rooms, 1½ Bathroom
1 Bed Room in Basement
4 Appliances, Patio Door, Deck

****

**Sold**

**House For Sale by Owner**

2 Story House with walk out Basement having 3800 Plus Finished Area. Maple Kitchen, Granite Counter Top, Maple Hardwood Flooring, Maple and Metal Railing, 2 Furnaces, Separate entry for Basement and many more.
Ready for Possession.
Contact: 780 965 7390 or 780 906 4497

* * * *

**ਮੋਹਾਲੀ 'ਚ ਪਲਾਟ ਵਿਕਾਊ**

ਗ੍ਰੇਟਰ ਮੋਹਾਲੀ ਸੈਕਟਰ 127 'ਚ 477 ਵਰਗ ਗਜ਼ ਦਾ ਪਲਾਟ ਮਾਲਕ ਵੱਲੋਂ ਵਿਕਾਊ ਹੈ। ਇਹ ਪਲਾਟ ਏਅਰਪੋਰਟ ਰੋਡ ਦੇ ਨਾਲ ਲੱਗਦੇ ਸ਼ਾਨਦਾਰ ਅਤੇ ਪੌਸ਼ ਇਲਾਕੇ ਸਿਵਾਲਿਕ ਸਿਟੀ ਵਿਚ ਹੈ।
ਸੰਪਰਕ: 011 91 97813 60066

* * * *

**2 Story House For Sale By Owner In Leduc**

2 Story 2000 Sq. ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. House backs on to the City Park. For details
call 780 965 0808.

* Newly Built Bi-Level House with KEY-LESS ENTRY for Sale
* Don't Miss this Great opportunity… Must See the House
* Buyers still have time to Choose Carpet Color…Hurry Up

Newly Built Bi-Level House 2405 Sq Ft with Front Exposed Double Door, 4 Bed Rooms with attached Baths on the Main Floor, 3 Kitchens (Main Kitchen has Granite Counter Tops), 2 Furnaces, 2 Hot Water Tanks, 2 Laundries (1 Upstairs & 1 in the Basement). Finished/Heated 2 Car Attached Garage. 700+ sq. ft Finished Concrete drive way for Parking in the Back Alley, Exposed aggregate Drive Way in the Front, Enjoy Barbecue on the Large Deck. House has Stucco Exterior.

* Fully Finished 2 Basements having 2 Bedrooms 9' Ceiling and a Washroom each.

For details/appointments
Contact 780 964 7001.

****

*"We Had Dinner along with my friends family, it was really nice, pure Indian taste......
I will recommend this to any-one who like REAL Indian food."*



"Service was prompt friendly.
Food was hot and tasty. Loved it!"





**"quite authentic Indian Food"**

# NIRVANA

**Take-Out/Delivery/Catering Big & Small Function/Private Banquet Room**

Lunch Buffet 7 Days A Week
11.30-2.30

Mondays
South Indian Delights 5-10
All you can eat South Indian Specialties

Tuesdays
Kabab Khazana 5-10
All you can eat Kababs with Naan
or Roomali Roti
Chi. Tikka/Haryali Tikka/Malai Tikka/Resmbi
Kabab/seek Kabab/Veg. Kabab

Wednesday
Lounge Night Belly Dancing 8-10
All Beer

Dinner Buffet
Friday, Saturday

Thursday
Punjab Di Yaad
Makki de Roti Sarson Da Saag
with Salty Lassi

Friday
Bhangra Night 10-2
No Cover Charge 18+
Sunday
Indo Chinese Night 5-0
All You Can Eat
Chilli Chiken/Veg or
Chiken Fried Rice/Veg. or Chiken
Mein/Manchorian

**1009-5075 FALCONRIDGE BL.VD.NE CALGARY, AB. T3J SK9**
**EMAIL: info@nirvanacalgary.com Phone (403) 590-9797 Fax. (403) 590-9798**

# ਤਾਕਿ ਜੀਵਨ ਚੱਕਰ ਚਲਦਾ ਰਹੇ...

ਸਤਿਆਵਾਨ

ਭਾਰਤ ਵਿਚ ਵਧਦੇ ਜਲ ਸੰਕਟ ਨੂੰ ਬਹੁਤੇ ਲੋਕ ਕੁਦਰਤੀ ਸੰਕਟ ਕਹਿ ਸਕਦੇ ਹਨ ਪਰ ਇਹ ਸੱਚਾਈ ਤਾਂ ਕੋਹਾਂ ਦੂਰ ਹੈ। ਅਸਲ ਵਿਚ ਇਹ ਮਨੁੱਖ ਨਿਰਮਤ ਸੰਕਟ ਹੈ। ਪਿਛਲੇ ਸੌ ਸਾਲ ਦੇ ਇਤਿਹਾਸ 'ਤੇ ਝਾਤ ਮਾਰੀਏ ਤਾਂ ਭਾਰਤ ਨੇ ਦੋ ਵੱਡੇ ਬਦਲਾਅ ਵੇਖੇ। ਲੋਕਾਂ ਨੇ ਹੌਲੀ-ਹੌਲੀ ਆਪਣੀ ਜਵਾਬਦੇਹੀ ਸਰਕਾਰ 'ਤੇ ਪਾ ਦਿਤੀ। ਪਹਿਲਾਂ ਇਥੇ ਪਾਣੀ ਮੁਹੱਈਆ ਕਰਾਉਣਾ ਸਰਕਾਰ ਦੀ ਜ਼ੁੰਮੇਵਾਰੀ ਨਹੀਂ ਸੀ। ਉਦਯੋਗਿਕ ਕ੍ਰਾਂਤੀ ਨਾਲ ਮੀਂਹ ਦੇ ਪਾਣੀ ਦੀ ਵਰਤੋਂ ਕਰਨ ਦੀ ਸਧਾਰਨ ਤਕਨੀਕ ਗ਼ਾਇਬ ਹੋਣ ਲੱਗੀ। ਇਸ ਦੀ ਥਾਂ ਟਿਊਬਵੈੱਲਾਂ ਰਾਹੀਂ ਨਦੀਆਂ ਅਤੇ ਧਰਤੀ ਹੇਠਲੇ ਪਾਣੀ ਦੀ ਵਰਤੋਂ ਹੋਣ ਲੱਗੀ। ਇਹੀ ਕਾਰਨ ਹੈ ਕਿ ਪਾਣੀ ਦਾ ਸੰਕਟ ਦਿਨੋਂ ਦਿਨ ਵਧਣ ਲੱਗਾ।

ਭਾਰਤ ਦੁਨੀਆ ਦੀ 2.45 ਫ਼ੀ ਸਦੀ ਧਰਤੀ 'ਤੇ ਫੈਲਿਆ ਹੋਇਆ ਹੈ। ਇਥੇ ਦੁਨੀਆਂ ਦਾ 4 ਫ਼ੀ ਸਦੀ ਸਾਫ ਪਾਣੀ ਉਪਲਬਧ ਹੈ ਅਤੇ ਦੁਨੀਆ ਦੀ 16 ਫ਼ੀ ਸਦੀ ਆਬਾਦੀ ਇਥੇ ਰਹਿੰਦੀ ਹੈ। ਮੀਂਹ ਅਤੇ ਬਰਫ਼ ਪੈਣ ਨਾਲ 4000 ਘਣ ਮੀਟਰ ਪਾਣੀ ਹਰ ਸਾਲ ਪ੍ਰਾਪਤ ਹੁੰਦਾ ਹੈ। 1,869 ਘਣ ਮੀਟਰ ਪਾਣੀ ਨਦੀਆਂ 'ਚ ਵਹਿੰਦਾ ਹੈ ਜਿਸ ਵਿਚੋਂ 690 ਘਣ ਮੀਟਰ ਪਾਣੀ ਪ੍ਰਯੋਗ ਵਿਚ ਲਿਆਂਦਾ ਜਾਂਦਾ ਹੈ ਅਤੇ 1179 ਅਰਬ ਘਣ ਮੀਟਰ ਪਾਣੀ ਸਮੁੰਦਰ 'ਚ ਵਹਿ ਜਾਂਦਾ ਹੈ। ਅੱਜ ਜ਼ਮੀਨ 'ਚੋਂ 433 ਅਰਬ ਘਣ ਮੀਟਰ ਪਾਣੀ ਪ੍ਰਾਪਤ ਕੀਤਾ ਜਾਂਦਾ ਹੈ। ਇਸ ਕਰ ਕੇ ਕੁਲ 1,123 ਅਰਬ ਘਣ ਮੀਟਰ ਪਾਣੀ ਦੀ ਅਸਲ ਉਪਲਬਧਤਾ ਦਾ ਮਤਲਬ ਹੈ ਕਿ ਇਕ ਅਰਬ ਤੋਂ ਜ਼ਿਆਦਾ ਆਬਾਦੀ ਵਾਲੇ ਦੇਸ਼ 'ਚ ਹਰ ਵਿਅਕਤੀ ਲਈ 1,123 ਘਣ ਮੀਟਰ ਪਾਣੀ ਸਾਲਾਨਾ ਉਪਲਬਧ ਹੋਵੇ। ਇਹ ਅਨੁਮਾਨ ਅੱਜ ਦੀ ਪਾਣੀ ਦੀ ਸਾਲਾਨਾ ਖਪਤ ਨੂੰ ਦੇਖਦੇ ਹੋਏ ਠੀਕ ਹੈ ਪਰ ਪਾਣੀ ਦੀ ਬਰਬਾਦੀ ਅਤੇ ਮੀਂਹ ਦੇ ਅਚਨਚੇਤ ਪੈਣ ਨਾਲ ਸਾਰਾ ਹਿਸਾਬ ਵਿਗੜ ਜਾਂਦਾ ਹੈ। ਸਾਡੇ ਦੇਸ਼ 'ਚ ਪੱਛਮੀ ਖਿੱਤੇ ਦੇ ਸਭ ਤੋਂ ਘੱਟ ਵਰਖਾ ਵਾਲੇ ਖੇਤਰਾਂ 'ਚ ਸੌ ਮਿਲੀਮੀਟਰ ਮੀਂਹ ਤਬਦੀਲ ਕਰ ਲਿਆ ਜਾਂਦਾ ਹੈ। ਇਸ ਦੇ ਉਲਟ 1170 ਮਿਲੀਮੀਟਰ ਮੀਂਹ ਵਾਲੇ ਖੇਤਰ ਚਿਰਾਪੂੰਜੀ 'ਚ ਪਾਣੀ ਦੀ ਸੰਭਾਲ ਦੇ ਤਰੀਕੇ ਨਾ ਅਪਣਾਉਣ ਕਾਰਨ ਉਥੇ ਲੋਕਾਂ ਨੂੰ 7 ਰੁਪਏ ਪ੍ਰਤੀ ਬਾਲਟੀ ਪਾਣੀ ਖ਼ਰੀਦਣਾ ਪੈਂਦਾ ਹੈ। ਪਾਣੀ ਦੀ ਸਮੱਸਿਆ ਤੋਂ ਨਜਾਤ ਪਾਉਣ ਲਈ ਸਾਨੂੰ ਪਹਿਲਾਂ ਆਪਣਾ ਨਜ਼ਰੀਆ ਬਦਲਣਾ ਪਵੇਗਾ ਅਤੇ ਪਾਣੀ ਦੀ ਕੀਮਤ ਨੂੰ ਸਮਝਣਾ ਹੋਵੇਗਾ।

ਪਾਣੀ ਜੇ ਬਹੁਮੁੱਲਾ ਹੈ ਤਾਂ ਉਸ ਦੀ ਬਚਤ ਕਰਨਾ ਉਸ ਤੋਂ ਵੀ ਵਧੇਰੇ ਕੀਮਤੀ ਹੈ। ਪਾਣੀ ਨੂੰ ਬਚਾਉਣ ਦਾ ਮਤਲਬ ਹੀ ਪਾਣੀ ਬਣਾਉਣਾ ਹੈ। ਪਾਣੀ ਨੂੰ ਬਣਾਇਆ ਨਹੀਂ ਜਾ ਸਕਦਾ ਇਸ ਲਈ ਪਾਣੀ ਦੀ ਬਚਤ ਕਰਨਾ ਹੀ ਇਕੋ ਇਕ ਹੱਲ ਹੈ। ਪਾਣੀ ਸਾਡੀ ਰੋਜ਼ਮਰਾ ਦੀ ਜ਼ਿੰਦਗੀ 'ਚ ਕਿੰਨਾ ਅਹਿਮ ਹਿੱਸਾ ਨਿਭਾਉਂਦਾ ਹੈ ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਕ ਲੀਟਰ ਪੈਟਰੋਲ ਬਣਾਉਣ ਲਈ 100 ਲੀਟਰ ਪਾਣੀ, ਇਕ ਕਿਲੋ ਕਾਗ਼ਜ਼ ਲਈ 100 ਲੀਟਰ, ਇਕ ਟਨ ਸੀਮਿੰਟ ਲਈ 4500, ਇਕ ਟਨ ਇਸਪਾਤ ਲਈ ਵੀਹ ਹਜ਼ਾਰ ਲੀਟਰ ਲੀਟਰ ਅਤੇ ਇਕ ਮੋਟਰ ਲਈ ਇਕ ਲੱਖ ਲੀਟਰ ਪਾਣੀ ਦੀ ਲੋੜ ਪੈਂਦੀ ਹੈ। ਅੰਗਰੇਜ਼ੀ ਹਕੂਮਤ ਤੋਂ ਪਹਿਲਾਂ ਅਸੀਂ ਜਲ, ਜੰਗਲ ਅਤੇ ਜ਼ਮੀਨ ਦਾ ਮਹੱਤਵ ਚੰਗੀ ਤਰ੍ਹਾਂ ਸਮਝਦੇ ਸੀ, ਇਸ ਲਈ ਹਾੜ ਦੇ ਪਹਿਲੇ ਦਿਨ ਤੋਂ ਲੈ ਕੇ ਭਾਦੋਂ ਦੇ ਆਖਰੀ ਦਿਨ ਤਕ ਦੇਸ਼ ਦੇ ਲਗਭਗ 12 ਲੱਖ ਤਲਾਬ ਪਾਣੀ ਨਾਲ ਨੱਕੋ ਨੱਕ ਭਰ ਜਾਂਦੇ ਸਨ ਅਤੇ ਜੇਠ ਤਕ ਉਨ੍ਹਾਂ ਦੀ ਵਰਤੋਂ ਹੁੰਦੀ ਰਹਿੰਦੀ ਸੀ। ਮੀਂਹ ਦੇ ਪਾਣੀ ਨੂੰ ਸੁਚੱਜੇ ਢੰਗ ਨਾਲ ਇਕੱਠਾ ਕਰ ਕੇ ਪੀਣ ਵਾਲੇ ਪਾਣੀ ਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਜਾਂਦੀਆਂ ਸਨ। ਇਸ ਕਰ ਕੇ ਨਾ ਤਾਂ ਸਰਕਾਰ ਪ੍ਰਤੀ ਲੋਕਾਂ ਦੇ ਮਨ 'ਚ ਕੋਈ ਗਿਲਾ ਸ਼ਿਕਵਾ ਜਾਂ ਸ਼ਿਕਾਇਤ ਸੀ ਅਤੇ ਨਾ ਹੀ ਸੜਕਾਂ ਜਾਮ ਕੀਤੀਆਂ ਜਾਂਦੀਆਂ ਸਨ। ਇਸ ਤੋਂ ਉਲਟ ਅੱਜ ਹਰ ਪਿੰਡ ਅਤੇ ਹਰ ਘਰ 'ਚ ਪਾਣੀ ਦੀ ਸਪਲਾਈ ਲਈ ਟੂਟੀਆਂ ਲਾਉਣ ਦੇ ਬਾਵਜੂਦ ਪੀਣ ਵਾਲੇ ਪਾਣੀ ਦਾ ਸੰਕਟ ਗੰਭੀਰ ਹੁੰਦਾ ਜਾ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਅਸੀਂ ਸਾਰੇ ਆਪਣੀ ਆਪਣੀ ਜ਼ੁੰਮੇਵਾਰੀ ਤੋਂ ਪੱਲਾ ਝਾੜ ਚੁਕੇ ਹਾਂ। ਪਾਣੀ ਦੀ ਬਰਬਾਦੀ ਨਾਲ ਪਿੰਡਾਂ 'ਚ ਇਹ ਹਾਲ ਹੈ ਕਿ 70 ਫ਼ੀ ਸਦੀ ਪਾਣੀ ਪਾਈਪ ਲਾਈਨਾਂ ਦੀ ਲੀਕੇਜ, ਟੂਟੀਆਂ ਖੁਲ੍ਹੀਆਂ ਰਹਿਣ, ਪਸ਼ੂਆਂ ਅਤੇ ਗੱਡੀਆਂ ਆਦਿ ਨੂੰ ਧੋਣ ਕਾਰਨ ਹੀ ਵਿਅਰਥ ਜਾ ਰਿਹਾ ਹੈ।



ਕੁਦਰਤ ਤੋਂ ਮਿਲੀਆਂ ਦਾਤਾਂ ਇਕ ਦੂਜੇ 'ਤੇ ਨਿਰਭਰ ਕਰਦੀਆਂ ਹਨ। ਜੇ ਇਨ੍ਹਾਂ ਵਿਚੋਂ ਕਿਸੇ ਇਕ ਦੀ ਹੋਂਦ ਨੂੰ ਖ਼ਤਰਾ ਪੈਦਾ ਹੈ ਤਾਂ ਲਾਜ਼ਮੀ ਤੌਰ 'ਤੇ ਦੂਜੀ ਦੀ ਹੋਂਦ ਵੀ ਖ਼ਾਤਮੇ ਦੇ ਰਾਹ 'ਤੇ ਤੁਰ ਪੈਂਦੀ ਹੈ। ਪਾਣੀ ਅਤੇ ਦਰਖ਼ਤਾਂ ਦਾ ਆਪਸ ਵਿਚ ਡੂੰਘਾ ਸਬੰਧ ਹੈ। ਹਰ ਸਾਲ ਹਜ਼ਾਰਾਂ ਲੱਖਾਂ ਦੀ ਗਿਣਤੀ 'ਚ ਦਰਖ਼ੱਤ ਕੱਟੇ ਜਾਣ ਨਾਲ ਭਾਰਤ 'ਚ ਰੇਗਿਸਤਾਨ ਪੈਰ ਪਸਾਰਦਾ ਜਾ ਰਿਹਾ ਹੈ। ਜੰਗਲੀ ਖੇਤਰ ਘੱਟ ਹੋ ਜਾਣ ਕਾਰਨ ਮਿੱਟੀ 'ਚ ਮੌਜੂਦ ਨਮੀ ਘੱਟ ਹੋ ਰਹੀ ਹੈ ਅਤੇ ਜ਼ਮੀਨ ਹੇਠਲਾ ਪਾਣੀ ਦਾ ਪੱਧਰ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ।

ਖੇਤੀ ਸਿਰਫ਼ ਮਨੁੱਖ ਅਤੇ ਫ਼ਸਲ ਦਾ ਰਿਸ਼ਤਾ ਨਹੀਂ ਹੈ। ਕੁਦਰਤ 'ਚ ਮੌਜੂਦ ਹਰੇਕ ਜੀਵਨ ਦਾ ਇਸ ਵਿਚ ਸਹਿਯੋਗ ਹੁੰਦਾ ਹੈ ਜਿਵੇਂ ਮਿੱਟੀ 'ਚ ਘਾਹ ਉਗਦਾ ਹੈ, ਜਿਸ ਨੂੰ ਹਿਰਨ ਖਾਂਦੇ ਹਨ, ਹਿਰਨ ਨੂੰ ਸ਼ੇਰ ਖਾਂਦਾ ਹੈ ਅਤੇ ਸ਼ੇਰ ਦੇ ਮਰਨ ਤੋਂ ਬਾਅਦ ਹੋਰ ਜੀਵਾਣੂ ਉਸ ਨੂੰ ਮੁੜ ਮਿੱਟੀ 'ਚ ਮਿਲਾ ਦਿੰਦੇ ਹਨ। ਇਹ ਇਕ ਅਜਿਹਾ ਚੱਕਰ ਹੈ ਜਿਸ ਨੂੰ ਤੋੜਨ ਨਾਲ ਭਿਆਨਕ ਅਸੰਤੁਲਨ ਪੈਦਾ ਹੋ ਜਾਂਦਾ ਹੈ। ਰਸਾਇਣਿਕ ਖਾਦਾਂ ਅਤੇ ਕੀਟ ਨਾਸ਼ਕਾਂ ਦੀ ਵਰਤੋਂ ਨਾਲ ਅਚੇਤੀ ਦੀ ਇਹ ਭੋਜਨ ਲੜੀ ਵੀ ਟੁੱਟ ਗਈ ਹੈ ਜਿਸ ਦੇ ਸਿੱਟੇ ਸਾਡੇ ਸਾਹਮਣੇ ਹਨ। ਇਸ ਖ਼ਤਰਨਾਕ ਕਿਰਿਆ ਨੂੰ ਜੀਵਨ ਲੜੀ 'ਚ ਬਦਲਣ ਲਈ 'ਜੈਵਿਕ ਖੇਤੀ' ਹੀ ਇਕੋ ਇਕ ਹੱਲ ਹੈ। ਜੈਵਿਕ ਖੇਤੀ ਅਪਨਾਉਣ ਲਈ ਸਾਨੂੰ ਆਪਣੀਆਂ ਪੁਰਾਣੀਆਂ ਰਵਾਇਤਾਂ ਨੂੰ ਮੁੜ ਸਮਝਣਾ ਪਵੇਗਾ, ਤਾਂ ਹੀ ਇਹ ਚੱਕਰ ਮੁੜ ਸਥਾਪਤ ਹੋਵੇਗਾ। ਕੁੱਝ ਜੀਵ ਜਿਵੇਂ ਮਧੂ ਮੱਖੀ, ਡੱਡੂ, ਕੇਂਚੂਆ, ਕੀਟ ਖਾਣ ਵਾਲੀ ਚਿੜੀ ਆਦਿ ਦਾ ਖੇਤਾਂ 'ਚ ਆਉਣਾ ਇਸ ਗੱਲ ਦਾ ਸੰਕੇਤ ਹੈ ਕਿ 'ਜੀਵਨਲੜੀ' ਠੀਕ ਢੰਗ ਨਾਲ ਚੱਲ ਰਹੀ ਹੈ। ਮਿੱਟੀ 'ਚ ਕਾਰਬੋਨਿਕ ਤੱਤ ਅਤੇ ਨਮੀ ਨਾ ਹੋਣ ਕਾਰਨ ਖੇਤੀ ਘਾਟੇ ਦਾ ਸੌਦਾ ਹੁੰਦੀ ਜਾ ਰਹੀ ਹੈ। ਖੇਤੀ ਤੋਂ ਬਿਨਾਂ ਜੀਵਨ ਸੰਭਵ ਨਹੀਂ ਇਸ ਲਈ ਕਿਸਾਨਾਂ ਨੂੰ ਆਪਣੀ ਸੋਚ ਬਦਲਣੀ ਪਵੇਗੀ। ਜ਼ਮੀਨ ਵਿਚ ਕਾਰਬੋਨਿਕ ਤੱਤ ਵਧਾਉਣ ਲਈ ਜੈਵਿਕ ਖਾਦ ਦੇ ਨਾਲ ਨਾਲ ਅਪਣੇ ਖੇਤ ਦੇ ਚਾਰੇ ਪਾਸੇ ਦਰਖ਼ੱਤ ਲਾਏ ਜਾਣ। ਦਰਖ਼ੱਤਾਂ ਦੀਆਂ ਜੜ੍ਹਾਂ ਪਾਣੀ ਸੋਖਦੀਆਂ ਹਨ ਅਤੇ ਮਿੱਟੀ ਨੂੰ ਮਜ਼ਬੂਤੀ ਨਾਲ ਜਕੜ ਕੇ ਰਖਦੀਆਂ ਹਨ। ਇਨ੍ਹਾਂ ਦਰਖ਼ੱਤਾਂ 'ਤੇ ਕੀਟ ਖਾਣ ਵਾਲੀਆਂ ਚਿੜੀਆਂ ਆਦਿ ਦਾ ਵੀ ਆਲ੍ਹਣਾ ਬਣੇਗਾ ਅਤੇ ਪਾਣੀ ਦਾ ਪੱਧਰ ਉਠੇਗਾ।

ਅੱਜ ਸਾਡਾ ਸਭ ਦਾ ਇਹ ਮੁੱਖ ਟੀਚਾ ਹੋਣਾ ਚਾਹੀਦਾ ਹੈ ਕਿ ਆਉਣ ਵਾਲੀ ਨਸਲ ਸੁਖੀ ਰਹੇ, ਜਿਸ ਦੇ ਲਈ ਸਾਡੇ ਬਜ਼ੁਰਗ ਕੋਸ਼ਿਸ਼ ਕਰਦੇ ਰਹੇ ਹਨ, ਪਰ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਲਈ ਕੀ ਛੱਡ ਕੇ ਜਾਵਾਂਗੇ? ਜੇ ਇਹੀ ਹਾਲ ਰਿਹਾ ਤਾਂ ਆਉਣ ਵਾਲੀ ਪੀੜ੍ਹੀ ਲਈ ਜ਼ਮੀਨ ਅਤੇ ਵਾਤਾਵਰਣ 'ਚ ਅਜਿਹਾ ਜ਼ਹਿਰ ਜ਼ਰੂਰ ਛੱਡ ਜਾਵਾਂਗੇ ਜਿਥੇ ਕੋਈ ਫ਼ਸਲ ਉਗਾਉਣਾ ਨਾ ਮੁਮਕਿਨ ਹੋ ਜਾਵੇਗਾ।

## ਪਾਨੀ ਰੇ ਪਾਨੀ ਤੇਰਾ ਰੰਗ ਕੈਸਾ

# ਤੇਰਾ ਵਿਕਦਾ ਜੈ ਕੂਰੇ ਪਾਣੀ...।

ਅਮਰਪਾਲ ਸਿੰਘ ਬੈਂਸ ਰੂਪਨਗਰ



ਪਾਣੀ ਦੇ ਵਿਕਣ ਬਾਰੇ ਲਿਖੀਆਂ ਗਈਆਂ ਇਹ ਸਤਰਾਂ, ਤੇਰਾ ਵਿਕਦਾ ਜੈ ਕੂਰੇ ਪਾਣੀ, ਭਾਵੇਂ ਸਹਿਜ ਸੁਭਾਵਕ ਹੀ ਲਿਖੀਆਂ ਗਈਆਂ ਹੋਣ, ਪਰ ਉਸ ਸਮੇਂ ਕਿਸੇ ਨੂੰ ਇਸ ਗੱਲ ਦਾ ਚਿੱਤ ਚੇਤਾ ਵੀ ਨਹੀਂ ਹੋਣਾ ਕਿ ਇਹ ਇੱਕ ਤਲਖ਼ ਸੱਚਾਈ ਹੋ ਨਿਬੜਨਗੀਆਂ। ਪੰਜਾਬ ਦੀ ਧਰਤੀ ਜਿਸ ਦਾ ਨਾਂ ਹੀ ਪਾਣੀਆਂ ਦੇ ਨਾਂ ਤੇ ਰੱਖਿਆ ਹੋਇਆ ਹੈ, ਦੇ ਮਿੱਠੇ ਪਾਣੀਆਂ ਵਿੱਚ ਘੁਲ ਰਹੀਆਂ ਜ਼ਹਿਰਾਂ ਨੇ ਧਰਤੀ ਹੇਠਲੇ ਪਾਣੀ ਨੂੰ ਵੀ ਇਸ ਕਦਰ ਜ਼ਹਿਰੀਲਾ ਕਰ ਦਿੱਤਾ ਹੈ ਕਿ ਸਾਨੂੰ ਮੁੱਲ ਦਾ ਪਾਣੀ ਪੀਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਲਗਭਗ ਦਹਾਕਾ ਕੁ ਪਹਿਲਾਂ ਖੇਤੀ ਵਿਰਾਸਤ ਮਿਸ਼ਨ ਦੇ ਡਾਇਰੈਕਟਰ ਉਮੇਂਦਰ ਦੱਤ ਨਾਲ ਚਲਾਈ ਜਾ ਰਹੀ ਮੁਹਿੰਮ ਵਿੱਚ ਭਾਗ ਲੈਣ ਦਾ ਮੌਕਾ ਮਿਲਿਆ ਤਾਂ ਉਸ ਸਮੇਂ ਹੋਣ ਵਾਲੇ ਸਮਾਗਮਾਂ ਵਿੱਚ ਜਦੋਂ ਪਾਣੀ ਦੇ ਵਿਕਣ ਬਾਰੇ ਗੱਲਾਂ ਹੁੰਦੀਆ ਤਾਂ ਉਹ ਕਈ ਵਾਰ ਓਪਰੀਆਂ ਲੱਗਦੀਆਂ ਪਰ ਅੱਜ ਆਪਣੇ ਪਿੰਡਾਂ ਵਿੱਚ ਵਿਕਦੀਆਂ ਪਾਣੀ ਦੀਆਂ ਬੋਤਲਾਂ ਨੂੰ ਦੇਖਕੇ ਇਹ ਸਭ ਆਮ ਜਿਹਾ ਹੀ ਲੱਗਦਾ ਹੈ। ਪੜ੍ਹਾਈ ਕਰਦਿਆਂ ਜਦੋਂ ਕਿਤੇ ਪਹਾੜਾਂ 'ਤੇ ਜਾਣ ਦਾ ਮੌਕਾ ਮਿਲਦਾ ਤਾਂ ਉਸ ਸਮੇਂ ਵਿਦੇਸ਼ੀ, ਖਾਸ ਕਰਕੇ ਗੋਰੇ ਸੈਲਾਨੀਆਂ ਦੇ ਹੱਥਾਂ ਵਿੱਚ ਮੁੱਲ ਦੇ ਪਾਣੀ ਦੀਆਂ ਬੋਤਲਾਂ ਵੇਖ ਕੇ ਹੈਰਾਨੀ ਹੁੰਦੀ ਅਤੇ ਕਈ ਵਾਰ ਲੱਗਦਾ ਕਿ ਹੋ ਸਕਦੈ ਇਨ੍ਹਾਂ ਲੋਕਾਂ ਨੂੰ ਸਾਡਾ ਪਾਣੀ ਸੁਆਦ ਨਹੀਂ ਲੱਗਦਾ। ਇਸ ਤੋਂ ਬਾਅਦ ਕਿਤੇ ਕਤਾਈਂ ਜਦੋਂ ਚੰਡੀਗੜ੍ਹ ਗੇੜਾ ਲੱਗਦਾ ਤਾਂ ਇੱਥੇ ਕੁਝ ਕੁ ਦੁਕਾਨਾਂ 'ਤੇ ਵੇਚਣ ਲਈ ਰੱਖਿਆ ਪਾਣੀ ਦੇਖ ਕੇ ਵੱਡੇ ਲੋਕਾਂ ਦੀ ਖਰੀਦਦਾਰੀ ਦਾ ਸ਼ੋਸ਼ਾ ਸਮਝ ਕੇ ਮਨ ਨੂੰ ਮੋੜਾ ਦੇ ਲਈਦਾ ਸੀ। ਕਹਿੰਦੇ ਨੇ ਸਮਾਂ ਆਪਣੀ ਚਾਲ ਚੱਲਦਾ ਰਹਿੰਦਾ ਹੈ। ਇੱਕ ਦਿਨ ਕੁਰਾਲੀ ਦੇ ਰੇਲਵੇ ਫਾਟਕ ਤੇ ਪਾਣੀ ਦੀਆਂ ਵਿਕਣ ਲਈ ਰੱਖੀਆਂ ਬੋਤਲਾਂ ਦੇਖ ਕੇ ਫੇਰ ਮਨ ਨੂੰ ਹੈਰਾਨੀ ਹੋਈ ਕਿ ਆਖਰ ਇਨ੍ਹਾਂ ਬੋਤਲਾਂ ਨੂੰ ਕੌਣ ਖਰੀਦੇਗਾ, ਫੇਰ ਸੋਚਿਆ ਕਿ ਹੋ ਸਕਦਾ ਹੈ ਕਿ ਇੱਥੋਂ ਲੰਘਣ ਵਾਲੇ ਵਿਦੇਸ਼ੀ ਸੈਲਾਨੀਆਂ ਕਾਰਨ ਦੁਕਾਨਦਾਰਾਂ ਨੇ ਇਹ ਪਾਣੀ ਰੱਖਿਆ ਹੋਵੇ, ਪਰ ਹੁਣ ਹਰ ਮੋੜ ਤੇ ਜਿੱਥੇ ਬੋਤਲ ਮਾਰਕਾ ਬੱਤਾ ਵਿਕਦਾ ਹੋਵੇ, ਉੱਥੇ ਪਾਣੀ ਦੀਆਂ ਬੋਤਲਾਂ ਵੀ ਵਿਕਣ ਲਈ ਰੱਖੀਆਂ ਹੁੰਦੀਆਂ ਹਨ।

ਸੂਬੇ ਵਿੱਚ ਆਈ ਹਰੀ ਕ੍ਰਾਂਤੀ ਨੇ ਜਿੱਥੇ ਦੇਸ਼ ਵਾਸੀਆਂ ਦਾ ਢਿੱਡ ਭਰਿਆ ਉੱਥੇ ਸਾਡੇ ਕੁਦਰਤੀ ਖਜਾਨੇ ਪਾਣੀ ਦਾ ਜੋ ਨੁਕਸਾਨ ਕੀਤਾ ਹੈ ਇਸ ਦੇ ਸਿੱਟੇ ਹੁਣ ਅਸੀਂ ਬਿਮਾਰੀਆਂ ਦੇ ਰੂਪ ਵਿੱਚ ਭੁਗਤ ਰਹੇ ਹਾਂ ਅਤੇ ਆਉਣ ਵਾਲੀਆ ਪੀੜ੍ਹੀਆਂ ਲਈ ਇਸ ਤੋਂ ਵੀ ਭਿਆਨਕ ਜੂਝਣ ਦਾ ਅਸੀਂ ਆਪਣੇ ਹੱਥੀਂ ਪੈਦਾ ਕਰ ਰਹੇ ਹਾਂ। ਪਿੰਡਾਂ ਵਿੱਚ ਵਿਕਾਸ ਦੇ ਨਾਂ ਤੇ ਅਸੀਂ ਪਿੰਡਾਂ ਦਾ ਗੰਦਾ ਪਾਣੀ ਪਿੰਡ ਦੇ ਟੋਭਿਆਂ ਵਿੱਚ ਸੁੱਟ ਕੇ ਉਨ੍ਹਾਂ ਨੂੰ ਬਦਬੂਦਾਰ ਬਣਾ ਦਿੱਤਾ ਹੈ ਅਤੇ ਅਜਿਹੀਆਂ ਸਥਿਤੀਆਂ ਦੇ ਇਵਜ਼ ਵਿੱਚ ਸਾਨੂੰ ਕੀ ਮਿਲੇਗਾ ਇਹ ਸੋਚਣ ਲਈ ਕੋਈ ਤਿਆਰ ਨਹੀਂ।

ਹੁਣ ਸਰਕਾਰਾਂ ਇਸ ਖਜ਼ਾਨੇ ਦੀ ਰਾਇਲਟੀ ਨੂੰ ਲੈ ਕੇ ਆਪਸ ਵਿੱਚ ਉਲਝਣ ਲੱਗੀਆਂ ਹਨ। ਇਨ੍ਹਾਂ ਦਾ ਤਰਕ ਹੈ ਕਿ ਦੂਸਰੇ ਸੂਬਿਆਂ ਦੇ ਕੁਦਰਤੀ ਖਜ਼ਾਨਿਆਂ ਦੀ ਤਰ੍ਹਾਂ ਪੰਜਾਬ ਦਾ ਇਸ ਤੇ ਹੱਕ ਬਣਦਾ ਹੈ, ਪਰ ਦੁੱਖਦਾਇਕ ਪਹਿਲੂ ਇਹ ਹੈ ਕਿ ਸਰਕਾਰਾਂ ਨੇ ਇਸ ਅਨਮੋਲ ਖਜ਼ਾਨੇ ਨੂੰ ਦੂਸ਼ਿਤ ਹੋਣ ਤੋਂ ਰੋਕਣ ਲਈ ਕੋਈ ਸਾਰਥਕ ਕਦਮ ਨਹੀਂ ਚੁੱਕਿਆ, ਜਿਸ ਕਾਰਨ ਸਥਿਤੀ ਗੰਭੀਰ ਬਣਦੀ ਜਾ ਰਹੀ ਹੈ।

ਕੁਝ ਬੁੱਧੀਜੀਵੀਆਂ ਦਾ ਇਹ ਵੀ ਖਦਸ਼ਾ ਹੈ ਕਿ 21ਵੀਂ ਸਦੀ ਵਿੱਚ ਜੇਕਰ ਵੱਡੀ ਜੰਗ ਹੋਈ ਤਾਂ ਉਹ ਪਾਣੀਆਂ ਲਈ ਹੋ ਸਕਦੀ ਹੈ। ਪਰ ਪਾਣੀਆਂ ਦੀ ਧਰਤੀ ਦੇ ਬੇਫਿਕਰ ਬਸ਼ਿੰਦਿਆਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਉਨ੍ਹਾਂ ਦੀ ਹਾਲਤ ਵੀ ਮਲਾਹ ਦੇ ਹੁੱਕੇ ਵਾਲੀ ਸਥਿਤੀ ਵੱਲ ਨੂੰ ਵੱਧ ਰਹੀ ਹੈ।



ਆਮ ਤੌਰ ਤੇ ਇਹ ਕਿਹਾ ਜਾਂਦਾ ਸੀ ਪੂਰੀ ਲੋਕਾਈ ਵਿੱਚ ਪੰਜਾਬੀ ਤੇ ਆਲੂ ਹਰ ਥਾਂ ਤੇ ਪਾਏ ਜਾਂਦੇ ਹਨ, ਸ਼ਾਇਦ ਅਜਿਹਾ ਇਸ ਲਈ ਸੀ ਕਿ ਪੰਜਾਬ ਦੀ ਆਬੋਹਵਾ ਤੇ ਮਿੱਠੇ ਪਾਣੀਆਂ ਵਿੱਚ ਜੰਮਿਆ ਪਲਿਆ ਵਿਅਕਤੀ ਸੰਸਾਰ ਦੇ ਹਰ ਤਰ੍ਹਾਂ ਦੇ ਮੌਸਮ ਦਾ ਟਾਕਰਾ ਕਰ ਸਕਦਾ ਸੀ। ਪਰ ਜੋ ਸਥਿਤੀ ਹੁਣ ਬਣ ਰਹੀ ਹੈ ਭਾਵੇਂ ਇਸ ਦੇ ਪਾਣੀ ਦੇ ਨਾਲ ਨਾਲ ਕੁਝ ਹੋਰ ਕਾਰਣ ਵੀ ਹਨ, ਉਸ ਸਦਕਾ ਇਹ ਕਹਾਵਤ ਝੁਠਲਾਉਣ ਦੀ ਕਤਾਰ ਵਿੱਚ ਆਉਣ ਵੱਲ ਨੂੰ ਵੱਧ ਰਹੀ ਹੈ।

ਪਾਣੀ ਦੀ ਸਥਿਤੀ ਬਾਰੇ ਜੇਕਰ ਮੋਟੇ ਤੌਰ ਤੇ ਦੇਖਿਆ ਜਾਵੇ ਤਾਂ ਸਮੁੱਚੀ ਧਰਤੀ ਦਾ ਦੋ ਤਿਹਾਈ ਹਿੱਸਾ ਪਾਣੀ ਹੈ ਅਤੇ ਮਨੁੱਖ ਨੇ ਆਪਣੀ ਸਮਝਦਾਰੀ ਦੇ ਝੰਡੇ ਗੱਡਣ ਦੀ ਦੌੜ ਵਿੱਚ ਬੱਜਰ ਮੂਰਖਤਾਵਾਂ ਕਰਦੇ ਹੋਏ ਇਸ ਗੱਲ ਵੱਲ ਉੱਕਾ ਹੀ ਧਿਆਨ ਨਹੀਂ ਦਿੱਤਾ ਕਿ ਜਿਸ ਪਾਣੀ ਤੋਂ ਬਿਨਾ ਸਾਡਾ ਜੀਵਨ ਹੀ ਨਹੀਂ ਚੱਲ ਸਕਦਾ ਉਸਨੂੰ ਉਹ ਜ਼ਹਿਰੀਲਾ ਬਣਾ ਰਿਹਾ ਹੈ।

ਧਾਰਮਿਕ ਗ੍ਰੰਥਾਂ ਵਿੱਚ ਪਿਤਾ ਦਾ ਦਰਜਾ ਪ੍ਰਾਪਤ ਪਾਣੀ ਨੂੰ ਵਿਕਦਾ ਦੇਖ ਕਦੇ ਅਧਿਆਤਮਕ ਲੋਕਾਂ ਨੇ ਵੀ ਇਸ ਪਾਸੇ ਵੱਲ ਏਨਾ ਧਿਆਨ ਨਹੀਂ ਦਿੱਤਾ। ਬਾਬਾ ਬਲਵੀਰ ਸਿੰਘ ਸੀਚੇਵਾਲ ਦੁਆਰਾ ਸ਼ੁਰੂ ਕੀਤੀ ਮੁਹਿੰਮ ਵੀ ਅਜੇ ਤੱਕ ਸਿਰਫ ਕਾਲੀ ਵੇਂਈ ਤੱਕ ਹੀ ਸੀਮਤ ਹੈ ਅਤੇ ਇੱਕ ਜਨ ਲਹਿਰ ਨਹੀਂ ਬਣ ਸਕੀ ਜਿਸਦੀ ਕਿ ਲੋੜ ਮਹਿਸੂਸ ਕੀਤੀ ਜਾ ਰਹੀ ਹੈ।

ਆਪਣੀਆਂ ਜੜ੍ਹਾਂ 'ਤੇ ਕੁਹਾੜਾ ਚਲਾਉਣ ਵਾਲੀ ਸਥਿਤੀ ਵਿੱਚ ਅਸੀਂ ਕਿੰਨਾ ਚਿਰ ਅੱਖਾਂ ਮੀਟੀ ਰੱਖਾਂਗੇ ਇਹ ਸਮਝਣ ਤੇ ਵਿਚਾਰਨ ਦੀ ਲੋੜ ਹੈ। ਸਮੁੱਚੀ ਕਾਇਨਾਤ ਵਿੱਚ ਆਪਣੇ ਆਪ ਨੂੰ ਸਭ ਤੋਂ ਸਮਝਦਾਰ ਸਮਝਣ ਦਾ ਭੁਲੇਖਾ ਪਾਲਣ ਵਾਲੇ ਮਨੁੱਖ ਨੂੰ ਇਹ ਸਮਝਣ ਦੀ ਲੋੜ ਹੈ ਕਿ ਵਿਕਾਸ ਦੇ ਨਾਂ ਤੇ ਕੁਦਰਤ ਨਾਲ ਜਿੰਨਾ ਖਿਲਵਾੜ ਅਸੀਂ ਕਰ ਰਹੇ ਉਸ ਦੇ ਨਤੀਜੇ ਸਾਨੂੰ ਹੀ ਭੁਗਤਣੇ ਪੈਣਗੇ। ਕਾਗਜ਼ੀ ਅਮਲਾਂ ਨਾਲ ਪੰਜਾਬ ਦੇ ਪਾਣੀਆਂ ਦਾ ਕੁਝ ਨਹੀਂ ਸੰਵਰਨਾ, ਸਗੋਂ ਇਸ ਪਾਸੇ ਵੱਲ ਸਾਰਥਕ ਯਤਨਾਂ ਦੀ ਲੋੜ ਹੈ। ਇੱਕ ਪਾਸੇ ਅਸੀਂ ਨਦੀਆਂ ਦੀ ਪੂਜਾ ਕਰਦੇ ਹਾਂ ਅਤੇ ਇਨ੍ਹਾ ਦੇ ਜਲ ਨੂੰ ਅੰਮ੍ਰਿਤ ਸਮਾਨ ਸਮਝਦੇ ਹਾਂ ਤੇ ਦੂਜੇ ਪਾਸੇ ਸਾਨੂੰ ਪਾਣੀ ਖਰੀਦਣ ਦੀ ਕੀ ਲੋੜ ਪੈ ਗਈ?

ਇਹ ਹੁਣ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਕਿਸ ਪਾਸੇ ਵੱਲ ਜਾਣਾ ਹੈ ਕਿਉਂਕਿ ਪਾਣੀ ਨੂੰ ਸ਼ੁੱਧ ਜਾਂ ਅਸ਼ੁੱਧ ਰੱਖਣਾ ਸਾਡੇ ਹੱਥ ਵਿੱਚ ਹੈ। ਪਾਣੀ ਸਬੰਧੀ ਲਿਖੀਆਂ ਗਈਆਂ ਨਿਮਨ ਸਤਰਾਂ ਇਸ ਦੀ ਗਵਾਹੀ ਭਰਦੀਆਂ ਹਨ:

"ਪਾਨੀ ਰੇ ਪਾਨੀ ਤੇਰਾ ਰੰਗ ਕੈਸਾ,
ਜਿਸ ਮੇਂ ਮਿਲਾਦੋ ਲਗੇ ਉਸ ਜੈਸਾ,"



# ਅਣਖ ਲਈ ਕੀਤੇ ਜਾ ਰਹੇ ਕਤਲਾਂ ਪਿੱਛੇ ਮਾਨਸਿਕਤਾ



ਰਾਜਿੰਦਰ ਕੌਰ ਚੋਹਕਾ

ਪਿਛਲੇ ਕੁਝ ਸਮੇਂ ਤੋਂ ਭਾਰਤ ਦੇ ਉਤਰੀ ਹਿੱਸੇ ਖ਼ਾਸ ਕਰ ਕੇ ਪੰਜਾਬ, ਹਰਿਆਣਾ, ਪੱਛਮੀ ਯੂ.ਪੀ. ਤੇ ਕਈ ਹੋਰ ਰਾਜਾਂ ਤੋਂ ਇਲਾਵਾ ਗੁਆਂਢੀ ਦੇਸ਼ ਪਾਕਿਸਤਾਨ ਵਿਚ ਅਣਖ ਖ਼ਾਤਰ ਪ੍ਰੇਮ ਵਿਆਹਾਂ ਲਈ ਨੌਜਵਾਨ ਲੜਕੀਆਂ ਤੇ ਲੜਕਿਆਂ ਦੇ ਕਤਲਾਂ ਦੀ ਇਕ ਝੜੀ ਜਿਹੀ ਲੱਗ ਗਈ ਹੈ। ਹੁਣ ਤਕ ਲਗਭਗ 1000 ਤੋਂ ਵੱਧ ਕਤਲ ਹੋ ਚੁਕੇ ਹਨ। ਇਸ ਲਈ ਇਸ ਘਿਨਾਉਣੇ ਕਾਰਿਆਂ ਦੀ ਤਹਿ ਤਕ ਜਾਣ ਲਈ ਸਾਨੂੰ ਮੌਜੂਦਾ ਅਵਸਥਾਵਾਂ ਨੂੰ ਸਮਝਣਾ ਪਵੇਗਾ। ਭਾਰਤ ਦੀ ਆਜ਼ਾਦੀ ਦੇ ਨਾਲ ਭਾਰਤ ਦੀਆਂ ਇਸਤਰੀਆਂ ਨੂੰ ਸਦੀਆਂ ਪੁਰਾਣੇ ਜਗੀਰੂ ਤੇ ਲਿੰਗਕ ਦਾਬੇ ਦੀਆਂ ਜੰਜੀਰਾਂ ਤੋਂ ਮੁਕਤੀ ਹਾਸਲ ਕਰਨ ਦੀ ਉਮੀਦ ਸੀ। ਪਰ ਮੁਕਤੀ ਦੀ ਗੱਲ ਤਾਂ ਛੱਡੋ, ਪਿਛਲੇ ਛੇ ਦਹਾਕਿਆਂ ਤੋਂ ਦੇਸ਼ ਦੇ ਹਾਕਮਾਂ ਨੇ ਹਰ ਖੇਤਰ ਵਿਚ ਪਿਤਰਿਕ ਵਿਵਸਥਾ ਦੀ ਜਕੜ ਦੀ ਉਮਰ ਹੋਰ ਲੰਮੀ ਕਰ ਦਿਤੀ ਹੈ। ਇਸਤਰੀ ਦਾ ਇਸਤਰੀ ਵਜੋਂ, ਕਿਰਤੀ ਵਜੋਂ ਅਤੇ ਇਕ ਨਾਗਰਿਕ ਵਜੋਂ ਵੱਖ-ਵੱਖ ਪੱਧਰਾਂ ਉਤੇ ਸ਼ੋਸ਼ਣ ਕੀਤਾ ਜਾਂਦਾ ਹੈ। ਉਦਾਰੀਕਰਨ ਦੀ ਪ੍ਰਕ੍ਰਿਆ ਨੇ ਆਰਥਕ ਤੇ ਸਮਾਜਕ ਦੋਹਾਂ ਖੇਤਰਾਂ ਵਿਚ ਲਿੰਗਕ ਸ਼ੋਸ਼ਣ ਦੇ ਨਵੇਂ ਰੂਪ ਲੈ ਆਂਦੇ ਹਨ। ਜਿਸ ਦੇ ਸਿੱਟੇ ਵਜੋਂ ਇਸਤਰੀਆਂ ਵਿਰੁਧ ਹਿੰਸਾ ਵਿਚ ਵਾਧਾ ਹੀ ਹੋਇਆ ਹੈ। ਆਰਥਕ ਤੌਰ ’ਤੇ ਆਜ਼ਾਦੀ, ਸਮਾਜਕ ਅਤੇ ਰਾਜਨੀਤਕ ਜੀਵਨ ਵਿਚ ਆਜ਼ਾਦ ਭੂਮਿਕਾ ਇਸਤਰੀ ਦੀ ਤਰੱਕੀ ਲਈ ਬੁਨਿਆਦੀ ਸ਼ਰਤਾਂ ਹਨ। ਇਸ ਨਾ-ਬਰਾਬਰ ਦਰਜੇ ਕਾਰਨ ਇਸਤਰੀਆਂ ਦੀ ਨਾ-ਬਰਾਬਰੀ ਦਾ ਸਵਾਲ ਅਜੇ ਤਕ ਜਿਉਂ ਦਾ ਤਿਉਂ ਖੜਾ ਹੈ।

ਅੱਜ ਭਾਵੇਂ ਅਸੀਂ 21ਵੀਂ ਸਦੀ ਦੇ ਵਿਚ ਪ੍ਰਵੇਸ਼ ਕਰ ਗਏ ਹਾਂ ਪਰ ਸਮਾਜਕ ਨਿਆਂ ਤੇ ਬੁਨਿਆਦੀ ਹੱਕਾਂ ਤੋਂ ਵਾਂਝੇ ਹੋ ਰਹੇ ਹਾਂ। ਸੰਸਾਰੀਕਰਨ ਦੇ ਦੌਰ ਵਿਚ ਜਿੱਥੇ ਮਨੁੱਖੀ ਕਿਰਤ ਦੀ ਲੁੱਟ ਤੇਜ਼ ਹੋਈ ਹੈ ਉੱਥੇ ਸਮਾਜਕ ਕਦਰਾਂ ਕੀਮਤਾਂ ਦਾ ਵੀ ਘਾਣ ਹੋ ਰਿਹਾ ਹੈ। ਪੂੰਜੀਵਾਦ ਤੇ ਮੌਜੂਦਾ ਖਪਤਵਾਦੀ ਵਿਕਾਸ ਦੇ ਦੌਰ ਅੰਦਰ ਜਿੱਥੇ ਕਿਰਤੀ ਵਰਗ ਦਾ ਜਿਉਣਾ ਦੁੱਭਰ ਹੋ ਗਿਆ ਹੈ ਉੱਥੇ ਸੰਸਾਰ ਦੀ ਸਿਰਜਕ ਤੇ ਜਨਨੀ ਇਸਤਰੀ ਦੀ ਅਧੋਗਤੀ ਵਿਚ ਵਾਧਾ ਹੋ ਗਿਆ ਹੈ। ਇਸਤਰੀ ਨੂੰ ਇਸ ਸੰਸਾਰੀਕਰਨ ਨੇ ਮੰਡੀ ਦੀ ਇਕ ਵਸਤੂ ਬਣਾ ਦਿੱਤਾ ਹੈ। ਤੇਜ਼ ਰਫ਼ਤਾਰ ਵਾਲੇ ਚੱਕਾ-ਚੌਂਦ ਕਰਨ ਵਾਲੇ ਖਪਤਵਾਦੀ ਸਮਾਜ ਨੇ ਭਾਵੇਂ ਵਿਕਾਸ ਕੀਤਾ ਹੈ ਪਰ ਜੋ ਮਨੁੱਖੀ ਕਦਰਾਂ ਕੀਮਤਾਂ ਅਤੇ ਉਸ ਦੀ ਪਛਾਣ ਹੁੰਦੀ ਸੀ, ਉਹ ਹੁਣ ਖ਼ਤਮ ਹੁੰਦੀ ਜਾ ਰਹੀ ਹੈ। ਸੱਭ ਤੋਂ ਨਾਜ਼ੁਕ ਅਤੇ ਕੋਮਲ ਇਸਤਰੀ ਵਰਗ ਦੀਆਂ ਦੁਸ਼ਵਾਰੀਆਂ ਵਿਚ ਮਣਾ-ਮੂੰਹੀ ਵਾਧਾ ਹੋ ਗਿਆ ਹੈ। ਖਾਸ ਕਰ ਕੇ ਪੂੰਜੀਵਾਦੀ ਵਿਕਾਸ ਜਿਥੇ ਅਜੇ ਵੀ ਸਾਮੰਤਵਾਦੀ (ਜਗੀਰੂ) ਰਹਿੰਦ-ਖੂੰਹਦ ਹੈ, ਇਸ ਵਿਚ ਇਸਤਰੀ ਸੱਭ ਤੋਂ ਵੱਧ ਨਪੀੜੀ ਜਾ ਰਹੀ ਹੈ। ਮਰਦ ਪ੍ਰਧਾਨ ਸਮਾਜ ਅਜੇ ਵੀ ਉਸ ਨੂੰ ਸਮਾਜ ਦਾ ਹਿੱਸਾ ਸਮਝਣ ਦੀ ਥਾਂ ਬੱਚੇ ਪੈਦਾ ਕਰ ਕੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਨ ਤੱਕ ਸੀਮਤ ਕਰ ਰਿਹਾ ਹੈ। ਭਾਵੇਂ ਘਰ ਪਰਵਾਰ ਉਸ ਤੋਂ ਬਿਨਾਂ ਚੱਲ ਨਹੀਂ ਸਕਦਾ ਪਰ ਉਸ ਦੀ ਕਦਰ ਨਹੀਂ ਹੈ।



ਇਸਤਰੀ ਇਕ ਕਾਮਾ ਹੈ। ਉਹ ਘਰ ਦਾ ਕੰਮ ਕਰਦੀ ਹੈ, ਦਫ਼ਤਰ ਜਾਂਦੀ ਹੈ, ਖੇਤ ਮਜ਼ਦੂਰ ਹੈ ਤੇ ਖੇਤੀ ਵਿਚ ਹੱਥ ਵਟਾਉਂਦੀ ਹੈ। ਉਹ ਸਮਾਜ ਦੀ ਉਸਾਰੀ ਵਿਚ ਮਰਦ ਦੇ ਬਰਾਬਰ ਹਿੱਸਾ ਪਾ ਰਹੀ ਹੈ। ਪਰ ਉਸ ਨੂੰ ਅਜੇ ਵੀ ਮਰਦ ਕਿਰਤੀ ਦੇ ਬਰਾਬਰ ਜਾਣਿਆਂ ਹੀ ਨਹੀਂ ਜਾਂਦਾ। ਉਸ ਦੇ ਨਾਲ ਕੰਮ ਦੇ ਸਥਾਨ ’ਤੇ, ਰਸਤੇ ਅਤੇ ਬੱਸਾਂ ਗੱਡੀਆਂ ਵਿਚ ਵਿਤਕਰੇ ਜਾਰੀ ਹਨ ਤੇ ਉਹ ਹਿੰਸਕ ਹਮਲਿਆਂ ਦੀ ਸ਼ਿਕਾਰ ਹੁੰਦੀ ਹੈ। ਉਹ ਦੇਸ਼ ਦੀ ਇਕ ਨਾਗਰਿਕ ਵੀ ਹੈ। ਕਾਨੂੰਨਸਾਜ ਅਦਾਰਿਆਂ, ਸੰਸਦ ਅਤੇ ਐਸੰਬਲੀਆਂ ਵਿਚ ਸਰਕਾਰ ਦੇ ਗਠਨ ਵਿਚ ਉਸ ਨੂੰ ਵੋਟ ਦਾ ਅਧਿਕਾਰ ਤਾਂ ਮਿਲ ਗਿਆ ਹੈ ਪਰ ਅਜੇ ਤਕ ਉਹ ਆਜ਼ਾਦਾਨਾ ਢੰਗ ਦੇ ਨਾਲ ਨਾ ਤਾਂ ਨਿਰਣਾ ਕਰ ਸਕਦੀ ਹੈ ਅਤੇ ਨਾ ਹੀ ਵੋਟ ਪਾ ਸਕਦੀ ਹੈ। ਅਪਣੇ ਹਿੱਤ ਦੇ ਕਾਨੂੰਨ ਘੜਨ ਵਾਲੀ ਸੰਸਥਾ ਵਿਚ ਉਹ ਜ਼ੀਰੋ ਹੈ। ਇਨ੍ਹਾਂ ਬੇ-ਇਨਸਾਫ਼ੀਆਂ ਵਿਰੁਧ ਉਸ ਦੇ ਗੁੱਸੇ ਦਾ ਵੇਗ਼ ਤੇਜ਼ ਹੋ ਰਿਹਾ ਹੈ ਤੇ ਆਖ਼ਰ 'ਜਵਾਲਾ ਮੁਖੀ’ ਨੇ ਫਟਣਾ ਹੀ ਹੈ। ਸਮਾਜ ਗਤੀਸ਼ੀਲ ਅਤੇ ਪਰਿਵਰਤਨਸ਼ੀਲ ਹੈ। ਮਨੁੱਖ ਪਸ਼ੂ ਸ਼੍ਰੇਣੀ ਤੋਂ ਵੱਖ ਹੋ ਕੇ ਮੌਜੂਦਾ ਹੋਂਦ ਵਿਚ ਆਇਆ ਹੈ। ਮਨੁੱਖੀ ਦਿਮਾਗ਼ ਦੁਨੀਆ ਅੰਦਰ ਸੱਭ ਤੋਂ ਵਿਕਸਤ ਹੈ। ਪਰ ਭਾਰਤ ਦੇ ਉਤਰੀ ਹਿੱਸੇ ਖਾਸ ਕਰ ਕੇ ਪੰਜਾਬ, ਹਰਿਆਣਾ, ਪਛਮੀ ਯੂ.ਪੀ. ਜਿਥੇ ਜਗੀਰੂ ਰਹਿੰਦ-ਖੂੰਹਦ ਅਜੇ ਖ਼ਤਮ ਨਹੀਂ ਹੋਈ, ਮਨੁੱਖੀ ਮਾਨਸਿਕਤਾ ਵਿਚ ਪਿਛਾਂਹ ਖਿੱਚੂ ਚਿੰਨ੍ਹ ਮੌਜੂਦ ਹਨ।

ਭਾਰਤ ਅੰਦਰ ਮਰਦ ਆਪਣੀ ਮਰਜ਼ੀ ਨਾਲ ਵਿਆਹ ਕਰਦਾ ਹੈ। ਪਰ ਜੇਕਰ ਬਾਲਗ਼ ਲੜਕੀ ਆਪਣੀ ਮਰਜ਼ੀ ਦਾ ਹਾਣ ਟੋਲ ਲਵੇ ਤਾਂ ਪਰਵਾਰ ਵਾਲੇ ਉਸ ਨੂੰ ਅਪਣੇ ਉਪਰ ਲੱਗਾ ਕਾਲਾ ਧੱਬਾ ਸਮਝ ਕੇ ਲੜਕੀ ਨੂੰ ਕਤਲ ਕਰ ਦਿੰਦੇ ਹਨ। ਸਾਨੂੰ ਇਹ ਅਖੌਤੀ ਅਣਖ ਤਾਂ ਜ਼ਰੂਰ ਵੰਗਾਰ ਰਹੀ ਹੈ। ਪਰ ਮੌਜੂਦਾ ਸਮਾਜ ਜਿਸ ਅੰਦਰ ਸਾਡਾ ਹਰ ਤਰ੍ਹਾਂ ਦਾ ਸ਼ੋਸ਼ਣ ਹੋ ਰਿਹਾ ਹੈ ਅਤੇ ਸਾਡਾ ਅਖ਼ਲਾਕ ਪੈਰਾਂ ਹੇਠਾਂ ਮਧੋਲਿਆ ਜਾ ਰਿਹਾ ਹੈ, ਉਸ ਦੀ ਤਾਂ ਸਾਨੂੰ ਭੋਰਾ ਵੀ ਚਿੰਤਾ ਨਹੀਂ ਹੈ। ਅਜਿਹੇ ਪ੍ਰੇਮ ਵਿਆਹ ਜੋੜਿਆਂ ਦੇ ਕਤਲਾਂ ਦੀ ਲਿਸਟ ਰੋਜ਼ ਹੀ ਲੰਬੀ ਹੁੰਦੀ ਜਾ ਰਹੀ ਹੈ। ਹਾਕਮ ਆਪਣੇ ਹਿੱਤਾਂ ਲਈ ਅਜਿਹੀ ਜਾਤ-ਪਾਤ ਨੂੰ ਮੁੜ ਸੁਰਜੀਤ ਕਰਨ ਲਈ 'ਪੱਤਾ’ ਵਰਤ ਰਹੇ ਹਨ। ਹਾਕਮਾਂ ਨੇ ਭਾਵੇਂ ਕਈ ਐਲਾਨਨਾਮੇ ਕੀਤੇ ਹਨ ਕਿ ਅੰਤਰਜਾਤੀ ਵਿਆਹ ਸ਼ਾਦੀਆਂ ਕਰਨ ਵਾਲੇ ਨੌਜਵਾਨ ਲੜਕੀਆਂ ਅਤੇ ਲੜਕਿਆਂ ਨੂੰ ਸੁਰੱਖਿਆ ਦਿਤੀ ਜਾਵੇਗੀ ਪਰ ਅਜੇ ਉਨ੍ਹਾਂ ਨੂੰ ਇਸ ਸਮੱਸਿਆ ਪ੍ਰਤੀ ਫ਼ੁਰਸਤ ਹੀ ਨਹੀਂ ਮਿਲਦੀ। ਦੇਸ਼ ਦੀ ਮਾਨਯੋਗ ਸੁਪਰੀਮ ਕੋਰਟ ਵਲੋਂ ਕੇਂਦਰ ਤੇ ਰਾਜ ਸਰਕਾਰਾਂ ਨੂੰ ਸਖ਼ਤ ਹਦਾਇਤਾਂ ਕੀਤੀਆਂ ਗਇਆਂ ਹਨ ਕਿ ਪ੍ਰੇਮ ਵਿਆਹਾਂ ਦੇ ਜੋੜਿਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ। ਪਰ ਇਨ੍ਹਾਂ ਹੁਕਮਾਂ ਦੇ ਬਾਵਜੂਦ ਪੰਜਾਬ ਅੰਦਰ 9 ਅਪ੍ਰੈਲ 2010 ਤੋਂ 30 ਜੂਨ 2010 ਤਕ 9 ਕਤਲ ਹੋਏ ਹਨ। ਗੁਆਂਢੀ ਰਾਜ ਹਰਿਆਣਾ ਅੰਦਰ ਆਪਣੇ 'ਔਰੰਗਜ਼ੇਬੀ ਹੁਕਮਾਂ’ ਰਾਹੀਂ ਪ੍ਰੇਮ ਵਿਆਹ ਕਰਨ ਵਾਲੇ ਜੋੜਿਆਂ ਨੂੰ 'ਅਣਖ ਕਾਰਨ’ ਜਾਂ 'ਇਕ ਗੋਤ’ ਦਾ ਬਹਾਨਾ ਬਣਾ ਕੇ ਕਤਲ ਕਰਨ, ਪਿੰਡ ਛੱਡਣ ਅਤੇ ਘਰਦਿਆਂ ਦਾ ਬਾਈਕਾਟ ਕਰਨਾ ਇਕ ਆਮ ਵਰਤਾਰਾ ਬਣ ਗਿਆ ਹੈ। ਹਰਿਆਣਾ ਅੰਦਰ ਹਾਕਮ ਕਾਂਗਰਸ ਪਾਰਟੀ ਅਤੇ ਵਿਰੋਧੀ ਧਿਰ ਰਾਸ਼ਟਰੀ ਲੋਕ ਦਲ ਆਪਣੀਆਂ ਵੋਟਾਂ ਲਈ ਅਜਿਹੇ ਘਿਨਾਉਣੇ ਕਾਰਿਆਂ ਨਾਲ 'ਸਖ਼ਤੀ’ ਨਾਲ ਨਜਿੱਠਣ ਦੀ ਥਾਂ 'ਪਤਿਆਉਣ’ ਵਾਲੀ ਬਿਆਨਬਾਜ਼ੀ ਕਰ ਰਹੇ ਹਨ। ਕੇਂਦਰ ਦੀ ਸਰਕਾਰ ਅਜੇ ਇਸ ਪ੍ਰਤੀ ਗੰਭੀਰ ਨਹੀਂ ਹੈ।

ਗਰੂਆਂ, ਪੀਰਾਂ, ਸੂਰਬੀਰਾਂ ਵਾਲਾ ਪੰਜਾਬ ਜੋ ਪਹਿਲਾਂ ਹੀ ਸਾਰੀ ਦੁਨੀਆ ਅੰਦਰ 'ਕੁੜੀਮਾਰ’ ਕਰ ਕੇ ਕਲਿੰਕਤ ਹੋ ਗਿਆ ਹੈ, ਹੁਣ ਇਸ ਧਰਤੀ ਉਤੇ ਪ੍ਰੇਮ ਵਿਆਹ ਕਰਨ ਤੇ ਨੌਜਵਾਨ ਪ੍ਰੇਮੀ ਜੋੜਿਆਂ ਦਾ ਕਤਲ ਕਰਨਾ ਇਕ ਆਮ ਹੋ ਗਿਆ ਹੈ। ਇਹ ਵਰਤਾਰਾ ਦੇਸ਼ ਅੰਦਰ ਹੀ ਨਹੀਂ ਸਗੋਂ ਵਿਦੇਸ਼ਾਂ ਅੰਦਰ ਵੀ ਵਧਣ ਫੁੱਲਣ ਲਗ ਪਿਆ ਹੈ। ਭਾਰਤ ਵਿਚ ਇਸ ਜੁਰਮ ਨੂੰ ਰੋਕਣ ਲਈ ਇਕ ਪ੍ਰਭਾਵਸ਼ਾਲੀ ਤੇ ਸਖ਼ਤ ਕਾਨੂੰਨ ਬਣਾਉਣ ਦੀ ਤੁਰੰਤ ਲੋੜ ਹੈ।


# Elite Driving School

Learn to drive with experienced,
caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience

15 Hours in Class Room & 10 Hours in Car Package Available

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.





Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

# ਪੰਜਾਬੀ ਸਾਹਿਤ ਦੇ ਪਿੜ 'ਚ ਕਲਮਾਂ ਦੇ ਭੇੜ



ਜਰਨੈਲ ਘੁਮਾਣ

ਸਿਆਣੇ ਕਹਿੰਦੇ ਹਨ ਕਿ ਕਲਮਾਂ ਦਾ ਕਲਮਾਂ ਨਾਲ ਟਕਰਾਅ ਜ਼ਰੂਰ ਹੋਣਾ ਚਾਹੀਂਦਾ ਹੈ ਕਿਉਂਕਿ ਸ਼ਬਦਾਂ ਦੇ ਖਹਿਣ ਵਿੱਚੋਂ ਉਪਜਦੇ ਨਵੇਂ ਨਵੇਂ ਵਿਚਾਰ, ਨਵੇਂ ਸਾਹਿਤ ਨੂੰ ਜਨਮ ਦਿੰਦੇ ਹਨ। ਤਰਕ ਨਾਲ ਕੀਤੀ ਅਲੋਚਨਾ ਸਮਾਜ ਵਿੱਚ ਪਨਪ ਰਹੀਆਂ ਕੁਰੀਤੀਆਂ ਦੀ ਸੰਘੀਂ ਨੱਪਣ ਵਾਸਤੇ ਸਹਾਇਕ ਸਿੱਧ ਹੁੰਦੀ ਹੈ। ਗ਼ੁਲਾਮੀਆਂ ਚੋਂ ਆਜ਼ਾਦੀਆਂ ਦੇ ਰਾਹ ਤਲਾਸ਼ਦੇ ਜੂਝਾਰੂਆਂ ਨੂੰ, ਕਲਮਾਂ ਦੀ ਸਿਆਹੀ ਚੋਂ ਚੰਗਿਆੜੇ ਛੱਡਦੇ ਸ਼ਬਦ ਤੀਰ - ਤਲਵਾਰਾਂ ਵਾਲਿਆਂ ਨੂੰ ,ਤੋਪਾਂ ਵਾਲਿਆਂ ਨਾਲ ਜਾ ਟਕਰਾਉਣ ਤੱਕ ਦਾ ਬਲ ਬਖਸ਼ ਦਿੰਦੇ ਹਨ। ਸੌਂ ਚੁੱਕੀਆਂ ਜਾਂ ਉੱਕਾ ਹੀ ਮਰ ਚੁੱਕੀਆਂ ਜ਼ਮੀਰਾਂ ਨੂੰ ਸ਼ਬਦ ਐਸਾ ਝੰਜੋੜਦੇ ਹਨ ਕਿ ਮਰ ਚੁੱਕੀ ਜ਼ਮੀਰ ਵਾਲੇ ਨੂੰ ਪਲ ਪਲ ਮਰਨ ਵਾਸਤੇ ਮਜਬੂਰ ਕਰ ਦਿੰਦੇ ਹਨ। ਮਰਦੇ ਜਾਂ ਮਾਰੇ ਜਾ ਰਹੇ ਇਨਸਾਨੀ ਹੱਕਾਂ ਦੀ ਮੰਗ ਕਰਦਿਆਂ ਮੱਠੇ ਪੈਂਦੇ ਜਾ ਰਹੇ ਸੰਘਰਸ਼ਾਂ ਦੀਆਂ ਕੋਸ਼ਿਸ਼ਾਂ ਵਿੱਚ ਸ਼ਬਦ ,ਇੱਕ ਨਵੀਂ ਰੂਹ ਫੂਕ ਦਿੰਦੇ ਹਨ ਅਤੇ ਹੱਕ ਰੱਖਦੇ ਲੋਕਾਂ ਨੂੰ ਹੱਕ ਦਿਵਾ ਕੇ ਹੀ ਸਾਹ ਲੈਂਦੇ ਹਨ। ਕਈ ਵਾਰੀ ਹਨੇਰਿਆਂ ਵਿੱਚ ਭਟਕਦੀ ਇਨਸਾਨੀਅਤ ਨੂੰ ਚਾਨਣਾਂ ਦੇ ਰਾਹ ਵੀ ਕਲਮਾਂ ਚੋਂ ਫੁੱਟਦੇ ਸ਼ਬਦ ਹੀ



ਵਿਖਾਉਂਦੇ ਹਨ।

ਸੋ ਇਹ ਇੱਕ ਅਟੱਲ ਸੱਚਾਈ ਹੈ ਕਿ ਕਲਮ ਦੀ ਤਾਕਤ ਤਲਵਾਰ ਦੀ ਤਾਕਤ ਨਾਲੋਂ ਕਿਤੇ ਵੱਡੀ ਹੁੰਦੀ ਹੈ ਇਸ ਗੱਲ ਨੂੰ ਸਾਬਤ ਕਰਨ ਵਾਸਤੇ ਬਹੁਤੀਆਂ ਦਲੀਲਾਂ ਜਾਂ ਵੱਡੇ ਵੱਡੇ ਸ਼ਬਦਾਂ ਨਾਲ ਭਾਰੂ ਤੋਂ ਭਾਰੂ ਤਸ਼ਬੀਹਾਂ ਦੇ ਕੇ ਲੇਖ ਦਾ ਕਾਗਜ਼ੀ ਅਕਾਰ ਵਧਾਉਣ ਦੀ ਬਹੁਤੀ ਲੋੜ ਨਹੀਂ ਬੱਸ :"ਸਾਹਿਬੇ ਕਮਾਲ, ਸਰਬੰਸਦਾਨੀ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਉਸਦੇ,ਉਸਦੀ ਫੌਜ,ਉਸਦੇ ਅਹਿਲਕਾਰਾਂ ਦੇ ਕਾਲੇ ਕਾਰਨਾਮਿਆਂ ਪ੍ਰਤੀ ਦੁਰਕਾਰਦੀ, ਫਿਟਕਾਰਦੀ ਜਿੱਤ ਦੀ ਚਿੱਠੀ "ਜ਼ਫ਼ਰਨਾਮਾ"ਦਾ ਜ਼ਿਕਰ ਕਰਨਾ ਹੀ ਕਾਫ਼ੀ ਹੈ, ਜਿਸ ਚਿੱਠੀ ਦੇ ਸ਼ਬਦਾਂ ਨੇ ਹੰਕਾਰੀ, ਤਾਕਤਵਰ, ਕੱਟੜ ਇਨਸਾਨ ਦੇ ਪੱਥਰ ਵਰਗੇ ਜੇਰੇ ਨੂੰ ਪਲਾਂ ਵਿੱਚ ਹੀ ਪਿਘਲਾ ਕੇ ਮੋਮ ਬਣਾ ਦਿੱਤਾ ਸੀ। ਸ਼ਬਦਾਂ ਵਿੱਚਲੇ ਅੱਖਰਾਂ ਨੇ ਜ਼ਹਿਰੀਲੇ ਫ਼ਨੀਅਰ ਕਾਲੇ ਨਾਗਾਂ ਦਾ ਰੂਪ ਧਾਰਨ ਕਰਕੇ, ਉਸ ਦੀ ਆਤਮਾ ਨੂੰ ਜਾ ਡੰਗਿਆ ਸੀ।

ਸੱਚ ਮੁੱਚ ਹੀ ਕਲਮ ਦੀ ਤਾਕਤ ਤਲਵਾਰ ਨਾਲੋਂ ਕਿਤੇ ਵੱਡੇਰੀ ਹੁੰਦੀ ਹੈ ਕਿਉਂਕਿ ਜੋ ਕੰਮ ਮੁਗ਼ਲ ਫੌਜ ਦੀਆਂ ਲੱਖਾਂ ਤੋਪਾਂ - ਤਲਵਾਰਾਂ ਨਾ ਕਰ ਸਕੀਆਂ ਉਸ ਨਾਲੋਂ ਕਿਤੇ ਵੱਡਾ ਕੰਮ 'ਮੇਰੇ ਸਾਹਿਬਾ' ਦੀ ਕਲਮ ਨੇ ਕਰ ਵਿਖਾਇਆ ਸੀ। ਔਰੰਗਜ਼ੇਬ 'ਜ਼ਫ਼ਰਨਾਮਾ' ਪੜ੍ਹਨ ਤੋਂ ਬਾਅਦ ਪਲ ਪਲ ਕਰਕੇ ਮਰਿਆ ਸੀ , ਅਖ਼ੀਰ ਉਹ ਜ਼ਹਿਰੀਲੇ ਸ਼ਬਦੀ ਡੰਗਾਂ ਨੂੰ ਨਾ ਸਹਾਰਦਾ , ਸੱਚਮੁੱਚ ਮਰ ਵੀ ਗਿਆ ਸੀ।

ਤਾਕਤ ਤੋਂ ਤਾਕਤਵਰ ਸਰਕਾਰਾਂ ਦੇ ਤਖ਼ਤ ਪਲਟਾਉਣ ਦੀ ਤਾਕਤ ਰੱਖਦੀਆਂ, ਅੱਜਕੱਲ੍ਹ ਦੀਆਂ ਕੁੱਝ ਕੁ ਕਲਮਾਂ ਮੁੱਦਿਆਂ ਤੇ ਖਹਿਣ ਦੀ ਬਜਾਏ, ਆਪਸ ਵਿੱਚ ਖਹਿੰਦੀਆਂ ਨਜ਼ਰੀਂ ਪੈਂਦੀਆਂ ਹਨ। ਅਜੋਕੇ ਸਮਾਜ ਵਿੱਚ ਸਰਕਾਰੀ ਜਾਂ ਗੈਰਸਰਕਾਰੀ ਨੀਤੀਆਂ ਕੁਰੀਤੀਆਂ ਨੇ ਕੁੱਝ ਅਣਗਿਣਤ ਮੁੱਦਿਆਂ ਨੂੰ ਜਨਮ ਦੇ ਦਿੱਤਾ ਹੈ ਜਿਹਨਾਂ ਬਾਰੇ ਲਿਖਦਿਆਂ ਲਿਖਦਿਆਂ ਸਾਡੀਆਂ ਕਲਮਾਂ ਦੀ ਸਿਆਹੀ ਤੱਕ ਖਤਮ ਹੋ ਸਕਦੀ ਹੈ ਪਰੰਤੂ ਤੇਜ਼ੀ ਨਾਲ ਵਧ ਰਹੀਆਂ ਅਲਾਮਤਾਂ ਦੀ ਜਮਾਤ ਮੁਲਕ ਦੀ ਅਬਾਦੀ ਵਾਂਗ ਨਿਰੰਤਰ ਵਧਦੀ ਜਾਏਗੀ। ਕਦੇ ਕਦੇ ਲੱਗਣ ਲਗਦਾ ਹੈ ਕਿ ਫਿਲਮਾਂ ਵਾਂਗ ਅਸਲ ਜ਼ਿੰਦਗੀ ਵਿੱਚ ਵੀ ਕਲਮਾਂ ਚੋਂ ਉਪਜਦੇ ਅਨੇਕਾਂ ਵਿਚਾਰ, ਕਿਸੇ ਅਜਿਹੀ ਧਿਰ ਦੀ ਪਿੱਠ ਠੋਕ ਰਹੇ ਹਨ, ਜਿਸ ਧਿਰ ਬਾਰੇ ਆਮ ਜਨਤਾ ਦੀ ਰਾਇ, ਤੱਥਾਂ ਦਾ ਅਧਾਰ ਅਤੇ ਕਲਮ ਵੱਲੋਂ ਪ੍ਰਗਟਾਏ ਵਿਚਾਰ ਰੇਲ ਗੱਡੀ ਦੀਆਂ ਲੀਹਾਂ ਵਾਂਗ ਦੂਰ ਦੂਰ ਤੱਕ ਮੇਲ ਨਹੀਂ ਖਾਂਦੇ, ਫਿਰ ਵੀ ਕਿਉਂ ਕੁੱਝ ਕੁ ਕਲਮਾਂ 'ਸੱਚ' ਸ਼ਬਦ ਨੂੰ ਲਿਖਦੇ ਲਿਖਦੇ , 'ਸੱਚ' ਵਾਸਤੇ ਵਰਤੇ ਜਾਂਦੇ ਅੱਖਰ 'ਸ' ਉਪਰ ੱ ਅੱਦਕ ਪਾ ਕੇ 'ਚ' ਯਾਨਿ 'ਸੱਚ' ਦੀ ਬਜਾਏ 'ਝ' ਨੂੰ ੂ (ਦੁਲੱਕੜ) 'ਠ' 'ਝੂਠ ਲਿਖ ਕੇ ਸਾਨੂੰ ਝੂਠ ਵਾਲੇ ਸ਼ਬਦ ਨੂੰ ਸੱਚ ਪੜ੍ਹ ਲੈਣ ਵਾਸਤੇ ਮਜਬੂਰ ਕਰਦੀਆਂ ਨਜ਼ਰੀਂ ਪੈਂਦੀਆਂ ਹਨ।

ਸਾਡੇ ਮੁਲਕ ਵਿੱਚਲੀ ਗੰਧਲੀ ਸਿਆਸਤ, ਹੁਣ ਥਾਂ ਥਾਂ ਬੁਰੀ ਤਰ੍ਹਾਂ ਆਪਣੇ ਖੰਭ ਫੈਲਾਅ ਚੁੱਕੀ ਹੈ। ਕਲਮਾਂ ਆਪਸੀ ਕਿੜ੍ਹਾਂ ਕੱਢਣ ਵਾਸਤੇ ਹਥਿਆਰ ਬਣਾ ਕੇ ਵਰਤੀਆਂ ਜਾਣ ਲੱਗੀਆਂ ਹਨ। ਗੰਧਲੀ ਸਿਆਸਤ ਦੀ ਗੱਲ ਨਾ ਕਰਕੇ ਪਹਿਲਾਂ 'ਕਲਮਾਂ ਦੀ ਸਿਆਹੀ ਦੀਆਂ ਦਵਾਤਾਂ' ਵਿੱਚਲੇ ਵਧਦੇ ਜਾ ਰਹੇ 'ਗੰਧਲੇਪਣ' ਦੀ ਗੱਲ ਕਰੀਏ। ਇੰਝ ਲਗਦਾ ਹੈ ਜਿਵੇਂ ਹੋਛੀ ਸ਼ੋਹਰਤ ਲੋੜੀਂਦੇ ਇਨਸਾਨਾਂ ਨੇ ਵੀ ਸ਼ਬਦਾਂ ਦੁਆਰਾ ਕਲਮਾਂ ਦਾ ਟਕਰਾ, ਕਲਮਾਂ ਨਾਲ ਕਰਵਾਉਂਣਾ ਸ਼ੁਰੂ ਕਰ ਦਿੱਤਾ ਹੈ। ਕਲਮਾਂ ਦੇ ਧਨੀਆਂ ਦੇ ਵਾਰਿਸ, ਹੁਣ ਲੋਕਾਂ ਨੂੰ ਦਿਸ਼ਾ ਦੇਣ ਦੀ ਬਜਾਏ ਖ਼ੁਦ ਦਿਸ਼ਾ ਤੋਂ ਭਟਕੇ ਜਿਹੇ ਲੱਗਣ ਲੱਗੇ ਹਨ। ਜਿਵੇਂ ਕਲਮਾਂ ਦੀ ਸਿਆਹੀ ਤੋਂ ਕਾਗਜ਼ ਤੇ ਕੁੱਝ ਚੰਗਾਂ ਲਿਖਣ ਦਾ ਕੰਮ ਲੈਣ ਦੀ ਥਾਂ, ਕਲਮ ਨੂੰ ਝਟਕ ਕੇ ਸਾਹਮਣੇ ਵਾਲੇ ਦੇ 'ਕਿਰਦਾਰ ਰੂਪੀ ਚਿੱਟੇ ਕਪੜਿਆਂ ਤੇ ਸਿਆਹੀ ਨੁਮਾ ਚਿੱਕੜ ਉਛਾਲਣ' ਦਾ ਕੰਮ ਕੀਤਾ ਜਾ ਰਿਹਾ ਹੋਵੇ।ਕੋਈ ਤਾਜ਼ਾ ਤਾਜ਼ਾ ਘੜੀ ਕਲਮ ਕਹਿੰਦੀ ਹੈ ਕਿ :

'ਮਹਾਨ ਸ਼ਾਇਰ ਸ਼ਿਵ ਕੁਮਾਰ ਬਟਾਲਵੀ' ਦੇ ਗੀਤ, ਗੁਰਦਾਸ ਮਾਨ ਨੇ ਚੋਰੀ ਕਰਕੇ ਗਾ ਦਿੱਤੇ।

ਕੋਈ ਕਲਮ ਕਹਿੰਦੀ ਹੈ ਕਿ ਨਹੀਂ ਭਾਅ ਜੀ ਨਹੀਂ :

'ਸ਼ਿਵ ਕੁਮਾਰ ਜੀ' ਨੇ ਵੀ ਕਿਸੇ ਉਹਨਾਂ ਤੋਂ ਵੀ ਪੁਰਾਣੇ ਸ਼ਾਇਰ ਦੀਆਂ ਸਤਰਾਂ ਨੂੰ ਤਰੋੜਿਆ ਮਰੋੜਿਆ ਹੈ।

ਅੱਜਕੱਲ੍ਹ ਕਈਂ ਨਵੇਂ ਲਿਖਾਰੂ, ਇਹਨਾਂ ਮ ਹ ਾ ਨ



ਸ਼ਾਇਰਾਂ ਦੀ ਮਹਾਨਤਾ ਨੂੰ ਪੰਜਾਬੀ ਪ੍ਰੇਮੀਆਂ ਵੱਲੋਂ ਬਖਸ਼ੀਆਂ 'ਸ਼ੋਹਰਤਾਂ ਅਤੇ ਸਤਿਕਾਰ ਰੂਪੀ ਪੌਸ਼ਾਕਾਂ' ਦੀਆਂ ਕੰਨੀਆਂ ਖਿੱਚ ਖਿੱਚ ਉਹਨਾਂ ਨੂੰ ਬੇਪਰਦ ਕਰਨ ਦੀ ਨਾਕਾਮ ਕੋਸ਼ਿਸ਼ ਕਰਨ ਵਿੱਚ ਰੁੱਝੇ ਹੋਏ ਹਨ।

ਕੋਈ ਕਹਿੰਦਾ ਹੈ ਕਿ :

'ਦੇਵ ਥਰੀਕੇ ਵਾਲੇ ਦੀਆਂ ਕਲੀਆਂ, ਕਿੱਸਿਆਂ ਚੋਂ ਕਾਪੀ ਮਾਰੀਆਂ ਹੋਈਆਂ ਸਨ।

ਕੋਈ ਕਹਿ ਰਿਹਾ ਹੈ ਕਿ :

'ਸੱਤ ਰੰਗੇ ਦੁਪੱਟਿਆਂ' ਦੇ ਰੰਗ ਵੀ ਵਿਦੇਸ਼ੀ ਸਨ ਅਤੇ ਕੋਈ ਕਹਿੰਦਾ ਹੈ ਕਿ :

ਨਹੀਂ ਜੀ, ਗੀਤਕਾਰੀ ਇਤਿਹਾਸ ਦੀ ਜਾਣਕਾਰੀ ਮੈਨੂੰ ਤੁਹਾਡੇ ਨਾਲੋ ਜ਼ਿਆਦਾ ਹੈ

'ਦੁਪੱਟੇ ਅਤੇ ਰੰਗ' ਦੋਨੋਂ ਦੇਸੀ ਹੀ ਸਨ।

ਕਈ ਕਲਮਾਂ ਵੱਲੋਂ :

'ਜੱਜ ਸਾਹਿਬਾਂ' ਨਾਲ ਵੀ ਬੇਇਨਸਾਫ਼ੀ ਕਰਨ ਦੀਆਂ ਖ਼ਬਰਾਂ ਸੁਰਖ਼ੀਆਂ ਵਿੱਚ ਹਨ।

ਆਖਿਰ ਇਹ ਕਾਵਾਂ ਰੌਲੀ ਜਿਹੀ ਕੀ ਹੈ ਸਭ ਕੁੱਝ ?

'ਦੀਵੇ ਹੇਠਾਂ ਏਨਾਂ ਕਿੰਨਾਂ ਕੁ ਹਨ੍ਹੇਰਾ ਪਸਰਿਆ ਹੈ ਕਿ ਕਿਸੇ ਨੂੰ ਕੁੱਝ ਵੀ ਨਜ਼ਰ ਨਹੀਂ ਆ ਰਿਹਾ'

'ਵਾਰ ਵਾਰ ਉਠਦਾ 'ਸ਼ਬਦੀ ਧੂੰਆਂ' ਅਜਿਹੀ ਕਿਹੜੀ ਡੂੰਘੇਰੀ ਸੁਲਗ ਰਹੀ ਅਗਨੀ ਦੇ ਭਾਂਬੜ ਬਣਨ ਦਾ ਸੰਕੇਤ ਦੇ ਰਿਹਾ ਹੈ ਜਿਹੜੀ ਹਾਲੇ ਅੰਦਰੋਂ ਅੰਦਰੀ ਧੁੱਖ ਤਾਂ ਰਹੀ ਹੈ ਪਰੰਤੂ ਲਟ ਲਟ ਕਰਕੇ ਬਲ਼ਣ ਵਾਸਤੇ ਕਿਸੇ ਹੋਰ 'ਸ਼ਬਦੀ ਹਵਾ ਦੇ ਇਸ਼ਾਰੇ' ਦਾ ਇੰਤਜ਼ਾਰ ਕਰ ਰਹੀ ਹੈ।

ਮੈਨੂੰ ਤਾਂ ਮੇਰੀ ਜ਼ੁਬਾਨ ਯਾਨਿ 'ਪੰਜਾਬੀ ਮਾਂ ਬੋਲੀ' ਦੇ ਮਹਾਨ ਸ਼ਾਇਰਾਂ, ਅਦਬ ਯੋਗ ਬੁੱਧੀ ਜੀਵੀਆਂ, ਪੰਜਾਬੀ ਸਾਹਿਤ ਦੇ ਆਸਮਾਨ 'ਤੇ ਪੂਰਨਮਾਸ਼ੀ ਦੇ ਚੰਦ ਨਾਲੋਂ ਵੀ ਵਧਕੇ ਚਮਕਦਿਆਂ, ਆਪਣੇ ਸ਼ਬਦਾਂ ਨੂੰ ਵਿਚਾਰਾਂ ਦੇ ਸਮੁੰਦਰਾਂ ਵਿੱਚ, ਛੱਲਾਂ ਦੇ ਤੂਫਾਨੀ ਦੌਰ ਵਿੱਚ ਵੀ ਤਾਰੀਆਂ ਲੁਆ ਲੁਆ,ਲੋਕਾਈ ਨੂੰ ਸਮਾਜਿਕ ਅਤੇ ਸਾਹਿਤਕ ਸੇਧ ਦਿੰਦੀਆਂ ਰਚਨਾਵਾਂ ਰੂਪੀ ਕਿਸ਼ਤੀਆਂ ਨੂੰ ਸਹਿਜ ਤੇ ਸੁਚੱਜੇ ਢੰਗ ਨਾਲ ਕਿਸੇ ਕੰਢੇ ਬੰਨੇ ਲਾਈਂ ਬੈਠੇ 'ਪੰਜਾਬੀ ਮਾਂ ਬੋਲੀ ਦੇ ਸਹਿਤਕ ਮਲਾਹਾਂ' ਦੇ ਸਨਮਾਨ ਯੋਗ ਸੰਬੋਧਨੀ ਨਾਵਾਂ ਨੂੰ ਲਗਦੇ ਪੰਜਾਬੀ ਭਾਸ਼ਾ ਦੇ ਚਾਰ - ਛੇ ਜਾਂ ਅੱਠ ਅੱਖਰ ਵੀ ਸਹੀ ਲਿਖਣੇ ਨਾ ਆਉਣ ਵਾਲੇ ਕਈ ਲਿਖਾਰੀਆਂ ਦੀ ਸੋਚ ਬਾਰੇ, ਸੋਚ ਸੋਚ ਹੈਰਾਨਗੀ ਅਤੇ ਦੁੱਖ ਦੋਵੇਂ ਹੋ ਰਹੇ ਹਨ ਕਿ ਮੈਂ ਕਿਉਂ :

"ਬਾਬਾ ਬੁਲ੍ਹੇ ਸ਼ਾਹ ,ਸ਼ਾਇਰ ਸ਼ਿਵ ਕੁਮਾਰ ਬਟਾਲਵੀ , ਅੰਮ੍ਰਿਤਾ ਪ੍ਰੀਤਮ, ਪ੍ਰੋ:ਮੋਹਨ ਸਿੰਘ , ਸੁਰਜੀਤ ਪਾਤਰ ਅਤੇ ਗੁਰਦਾਸ ਮਾਨ ਵਰਗੀਆਂ ਮਹਾਨ ਸਖਸ਼ੀਅਤਾਂ ਦੀਆਂ ਰਚਨਾਵਾਂ ਦੀ ਅਲੋਚਨਾ ਨੂੰ ਪੌੜੀਆਂ ਬਣਾਕੇ, ਉਹਨਾਂ ਦੀਆਂ ਹਾਸਿਲ ਕੀਤੀਆਂ ਸਿਖ਼ਰਾਂ ਨੂੰ ਛੂਹਣ ਦੀ ਨਾਕਾਮ ਕੋਸ਼ਿਸ਼ ਵਿੱਚ ਰੁੱਝਾ ਹਾਂ ਜਿੰਨ੍ਹਾ ਸਿਖ਼ਰਾਂ ਤੱਕ ਹਾਲੇ ਨਾ ਮੇਰੀ ਨਿਗ੍ਹਾ ਦੀ ਪਹੁੰਚ ਹੈ ਅਤੇ ਨਾ ਹੀ ਮੇਰੀ ਸੋਚ ਦੀ।

ਕੀ ਮੇਰੇ ਇਹ ਲੇਖਕ ਦੋਸਤ ,ਇੱਕ ਜੁਗਨੂੰ ਜਿਹੇ ਬਣਕੇ ਪੂਰਨਿਮਾਂ ਦੇ ਚੰਦ ਨੂੰ ਰੋਸ਼ਨੀ ਮੁਕਾਬਲੇ ਲਈ ਵੰਗਾਰਨ ਦੀ ਭੁੱਲ ਨਹੀਂ ਕਰ ਰਹੇ।

ਮੈਂ ਕਿਤੇ ਪੜ੍ਹਿਆ ਸੀ ਕਿ :

"ਸ਼ਬਦਾਂ ਨੂੰ ਹਕੀਕਤ ਦੀਆਂ ਪਰਤਾਂ ਤੱਕ ਫਰੋਲਦੇ ਰਹੋ"।

ਹਾਂ ! ਸ਼ ਾ ਇ ਦ ਅ ਸੀ ਂ

ਸ਼ਬਦਾਂ ਨੂੰ ਫਰੋਲ ਤਾਂ ਰਹੇ ਹਾਂ ਲੇਕਿਨ ਉਹਨਾਂ ਨੂੰ ਫਰੋਲ ਕੇ ਕੁੱਝ ਚੰਗਾਂ ਲੱਭਣ ਦੀ ਬਜਾਏ, ਸ਼ਬਦਾਂ ਨੂੰ ਕੁਰੇਦਨ ਲੱਗ ਪਏ ਹਾਂ।

ਕਾਸ਼ ! ਮੇਰੀਆਂ ਕਈ ਹੋਰ ਸਮਕਾਲੀ ਕਲਮਾਂ ਨੂੰ ਏਸ ਗੱਲ ਦੀ ਸਮਝ ਜਲਦੀ ਪੈ ਜਾਵੇ ਕਿ ਸਾਨੂੰ ਇਹਨਾਂ ਸ਼ਾਇਰਾਂ ਦਾ ਭੰਡੀ ਪ੍ਰਚਾਰ ਕਰਕੇ ਫੋਕੀ ਸ਼ੋਹਰਤ ਹਾਸਿਲ ਕਰਨ ਵਾਲਾ ਸੁਪਨਾ ਵੇਖਣ ਦੀ ਬਜਾਏ ਇਹਨਾਂ ਸਾਹਿਤਕਾਰਾਂ ਦੀਆਂ ਲਿਖਤਾਂ ਨੂੰ ਪੜ੍ਹ ਪੜ੍ਹ ਕੇ ਕੁੱਝ ਸਿੱਖਣ ਦੀ ਜ਼ਿਆਦਾ ਜਰੂਰਤ ਹੈ ਤਾਂ ਕਿ ਸ਼ਾਇਦ ਕਾਗਜ਼ਾਂ ਤੇ ਕਲਮ ਘਸਾਉਂਦੇ ਘਸਾਉਂਦੇ, ਸਾਡੇ ਵਿੱਚੋਂ ਵੀ ਕਿਸੇ ਨੂੰ ਆਪਣੇ ਨਾਂ ਨਾਲ 'ਮਹਾਨ' ,'ਉੱਘੇ', 'ਨਾਮੀਂ' ਸ਼ਾਇਰ ਵਰਗੇ ਸ਼ਬਦਾਂ ਚੋਂ ਕੋਈ ਵਿਸੇਸ਼ਣ ਆਪਣੇ ਨਾਂ ਤੋਂ ਪਹਿਲਾਂ ਲਿਖਵਾਉਣ ਵਾਲਾ ਜਾਂ 'ਮਹਾਨ ਸ਼ਾਇਰ' ਲਿਖਵਾਉਣ ਵਾਲਾ ਸੁਭਾਗ ਪ੍ਰਾਪਤ ਹੋ ਜਾਵੇ।

ਬੜੇ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਕਲਮਾਂ ਵੱਲ, ਕਲਮਾਂ ਵਾਲਿਆਂ ਦੀਆ ਉਠਦੀਆਂ ਉਂਗਲਾਂ ਪੰਜਾਬੀ ਸਾਹਿਤ, ਪੰਜਾਬੀ ਗੀਤਕਾਰੀ ਨਾਲ ਸਬੰਧ ਰੱਖਣ ਵਾਲਿਆਂ ਜਾਂ ਪੰਜਾਬੀ ਪਾਠਕਾਂ ਵਾਸਤੇ ਕੋਈ ਚਿਟਕਾਰੀਆਂ ਲੈ ਲੈ ਕੇ ਪੜ੍ਹਨ ਵਾਲੀ ਖ਼ਬਰ ਨਹੀਂ ਸਗੋਂ ਦੁੱਖ ਵਿੱਚ ਸੋਗ ਮਨਾਉਂਣ ਵਾਲੀ ਮੰਦਭਾਗੀ ਗੱਲ ਹੈ , ਕਿਉਂਕਿ ਸਾਡੇ ਸਾਹਿਤਕ ਵਿਹੜੇ ,ਕਿਸੇ ਸ਼ਾਇਰ ਦੀ ਔਲਾਦ ਨਾਲੋਂ ਵੀ ਪਿਆਰੀ ਰਚਨਾ ਦਾ ਕਤਲ ਹੋ ਗਿਆ ਹੈ ਜਾਂ ਇਹ ਕਹਾਂ ਕਿ ਸਾਡੇ ਮੁਹੱਲੇ ਦੀ ਹੀ , ਦੂਜੇ ਪਾਸੇ ਦੀ ਸ਼ਰਾਰਤੀ ਕਲਮ ਨੇ ਵੱਢ ਟੁੱਕ ਦਿੱਤੀ ਹੈ। ਅਸੀਂ ਕਿਸੇ ਦੀ ਸਾਲਾਂ ਦੀ ਕਮਾਈ ,ਟਹਿਕਦੀ ਮਹਿਕਦੀ ਭਾਵਨਾਵਾਂ ਦੀ ਕਿਆਰੀ ਨੂੰ ਈਰਖਾਲੂ ਪੈਰਾਂ ਹੇਠ ਲਤਾੜ ਕੇ, ਸ਼ਬਦੀ ਹੜ੍ਹਾਂ ਵਿੱਚ ਰੋੜ੍ਹਨ ਤੋਂ ਪਹਿਲਾਂ ਇੱਕ ਨਜ਼ਰ ਆਪਣੇ ਅੰਦਰ 'ਅੰਤਰ ਝਾਤ' ਵਜੋਂ ਮਾਰ ਕੇ ਤਾਂ ਵੇਖੀਏ ਕਿ ਜੇ ਏਦਾਂ ਕੋਈ ਦੂਜਾ ਮੇਰੀ ਔਲਾਦ ਜਾਂ ਮੇਰੀ ਰਚਨਾ ਨਾਲ ਕਰ ਜਾਵੇ ਤਾਂ ਮੇਰੀ ਆਤਮਾ ਕਿੰਨਾਂ ਕੁ ਕੁਰਲਾਵੇਗੀ ਅਤੇ ਹਾਲ ਦੁਹਾਈ ਪਾਉਂਦੀ ਪਾਉਂਦੀ, ਆਪਣੇ ਪਿੱਟ ਸਿਆਪੇ ਨਾਲ ਆਪਣੇ ਲੀੜੇ ਤੱਕ ਪਾੜ ਕੇ ਕਿੰਨਿਆਂ ਕੁ ਹੋਰਾਂ ਦੇ ਕੰਨਾਂ ਨੂੰ ਪਾੜ ਵੀ ਦੇਵੇਗੀ।

ਸੋਚੋ ! ਭਲਾ ਕਿਹੋ ਜਿਹੀ ਹੋਵੇਗੀ, ਉਹ ਹਾਅ ਕੁਰਲਾਹਟ ?

ਇਲਜ਼ਾਮਾਂ ਦੇ ਘੇਰੇ ਵਿੱਚ ਆਈਆਂ ਕਲਮਾਂ ਦੀ ਸਿਆਹੀ ਸਪੱਸ਼ਟੀਕਰਨ ਦੇਣ ਵਰਗੇ ਚਾਰ ਅੱਖਰ ਝਰੀਟਣ ਵਾਸਤੇ ਕਿਉਂ ਜਾਮ ਹੋ ਜਾਂਦੀ ਹੈ। ਉੱਠ ਰਹੇ 'ਰਚਨਾ ਚੋਰੀ ਰੂਪੀ ਇਲਜ਼ਾਮਾਂ' ਦੇ ਧੂੰਏ ਉਪਰ 'ਸੱਚ ਕੀ ਹੈ' ਵਾਲੀ ਦਵਾਤ ਚੋਂ ਦੋ ਬੂੰਦਾਂ 'ਸੱਚ ਰੂਪੀ ਸਿਆਹੀ' ਦੀਆਂ ਝਟਕ ਕੇ, ਭਾਂਬੜ ਬਣਨ ਤੋਂ ਪਹਿਲਾਂ ਪਹਿਲਾਂ ਧੂੰਏ ਨਾਲ ਕੌੜੀਆਂ ਹੋ ਰਹੀਆਂ 'ਇਨਸਾਨੀ ਕਿਰਦਾਰ ਰੂਪੀ ਅੱਖਾਂ' ਨੂੰ ਕਿਉਂ ਨਹੀਂ ਬਚਾਇਆ ਜਾ ਰਿਹਾ।

ਗੱਲ ਮੇਰੀ ਸਮਝ ਤੋਂ ਬਾਹਰ ਹੈ ਜਾਂ ਇਲਜ਼ਾਮ ਝੱਲਣ ਵਾਲਿਆਂ ਦੀ।

ਮੈਂ ਹਾਲੇ ਵੀ ਨਹੀਂ ਸਮਝ ਰਿਹਾ ਕਿ :

ਆਖਿਰ ਐਸੀ ਕਿਹੜੀ ਮਜਬੂਰੀ ਸੀ ਕਿ ਕਿਸੇ ਦੀ ਰਚਨਾ ਦਾ ਗਲਾ ਦਬਾ ਕੇ ਹੀ ਘਰ 'ਚ ਰੋਟੀ ਪੱਕਣੀ ਸੀ। ਜੇ ਇਲਜ਼ਾਮ ਗਲਤ ਹਨ ਤਾਂ ਹੁਣ ਇਲਜ਼ਾਮਾਂ ਦਾ ਖੰਡਨ ਕਰਨ ਲੱਗਿਆਂ ਕਿਹੜੀ ਆਫ਼ਤ ਆਉਣ ਲੱਗੀ ਐ ਕਿ ਖੰਡਨ ਵੀ ਨਹੀਂ ਕੀਤਾ ਜਾ ਸਕਦਾ।

ਜੇ ਜਾਣੇ ਅਣਜਾਣੇ ਵਿੱਚ ਗਲਤੀ ਜਾਂ ਸ਼ਰਾਰਤ ਹੋ ਵੀ ਗਈ ਹੈ ਤਾਂ ਮੁਆਫ਼ੀ ਵਰਗੇ ਚਾਰ ਸ਼ਬਦ ਲਿਖਣ ਨੂੰ ਜ਼ਮੀਰ ਨਹੀਂ ਮੰਨਦੀ ਤਾਂ ਨਹੀਂ ਸਹੀ ਕਲਮ ਤਾਂ ਔਖੀ ਸੁਖਾਲੀ ਝਰੀਟ ਹੀ ਦੇਊ ਕਿਉਂਕਿ ਜ਼ਮੀਰ ਨੇ ਤਾਂ ਓਸ ਦਿਨ ਵੀ ਇਕੇਰਾਂ ਟੋਕਿਆ ਸੀ। ਜ਼ਮੀਰ ਦੀ ਨਾ ਉਸ ਦਿਨ ਮੰਨੀ ਨਾ ਅੱਜ ਮੰਨੋ ਬਸ !

ਲਓ ! ਤੁਹਾਡੀ ਦੁਬਿੱਧਾ - ਦੁਚਿੱਤੀ ਨੂੰ ਮੈਂ ਹੀ ਹੋਰ ਸੁਖਾਲਾ ਕਰ ਦੇਵਾਂ।

ਮੈਂ ਕਿਸੇ ਵੀ ਦੋਸਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਸਤੇ ਇਹ ਸਤਰਾਂ ਨਹੀਂ ਲਿਖੀਆਂ, ਨਾ ਹੀ ਮੈਂ ਇਹ ਦਾਅਵਾ ਕਰਦਾ ਹਾਂ ਕਿ ਮੈਂ ਇਸ ਲੇਖ ਵਿੱਚ ਕੋਈ ਸ਼ਬਦਾਵਲੀ ,ਬਿੰਬਾਵਲੀ , ਵਿਆਕਰਨ ਜਾਂ ਭਾਸ਼ਾ ਆਦਿ ਦੀ ਵਰਤੋਂ ਕਰਨ ਦੀ ਗਲਤੀ ਨਹੀਂ ਕੀਤੀ। ਮੇਰੇ ਲੇਖ ਵਿੱਚ ਅਣਗਿਣਤ ਗਲਤੀਆਂ ਹਨ ਸੋ ਸਮੂਹ ਪੰਜਾਬੀਓ ! ਖਿਮਾਂ ਦਾ ਜਾਚਕ ਹਾਂ।

ਸ਼ਾਲਾ ! ਕਲਮਾਂ ਦਾ ਕਲਮਾਂ ਨਾਲ ਟਕਰਾ ਨਾ ਹੋਵੇ ਹਾਂ ਜੇ ਕਲਮਾਂ ਟਕਰਾਉਣ ਵੀ ਤਾਂ ਕਿਸੇ ਅਜਿਹੇ ਮੁੱਦੇ ਤੇ ਟਕਰਾਉਣ ਜਿਸ ਟਕਰਾ ਨਾਲ ਸਮਾਜ ਵਿੱਚ ਡੂੰਘੇਰੀਆਂ ਜੜ੍ਹਾਂ ਫੈਲਾਈਂ ਬੈਠੀਆਂ ਅਨੇਕਾਂ ਭੈੜੀਆਂ ਤੋਂ ਭੈੜੀਆਂ ਅਲਾਮਤਾਂ ਦੀਆਂ ਜੜ੍ਹਾਂ ਹਮੇਸ਼ਾਂ ਹਮੇਸ਼ਾਂ ਲਈ ਪੁੱਟੀਆਂ ਜਾ ਸਕਣ।

ਪੜ੍ਹਨ ਸੁਣਨ ਨੂੰ ਹਾਸੋ ਹੀਣੇ ਲੱਗਦੇ ਮੁੱਦੇ ਉਛਾਲ ਉਛਾਲ



ਕੀ ਕਲਮਾਂ ਪੰਜਾਬੀ ਸਾਹਿਤ ਲਈ ਵਿਕਾਸਕਾਰੀ ਸਿੱਧ ਹੋਣਗੀਆਂ ਜਾਂ ਵਿਨਾਸ਼ਕਾਰੀ ? ਇਹ ਫੈਸਲਾ ਵੀ ਹਾਲ ਦੀ ਘੜੀ ਤੁਸੀਂ ਹੀ ਕਰ ਲਵੋ।

ਗੱਲ ਹਾਲੇ ਵੀ ਮੇਰੀ ਸਮਝ ਤੋਂ ਬਾਹਰ ਹੈ।

ਮੈਂ ਭਾਵੇਂ ਸੂਝਵਾਨ ਸਾਹਿਤਕਾਰਾਂ ਜਾਂ ਗੀਤਕਾਰਾਂ ਨੂੰ ਕੋਈ ਵੀ ਮੱਤ ਦੇਣ ਦੇ ਕਾਬਿਲ ਤਾਂ ਨਹੀਂ ਫਿਰ ਵੀ ਬੱਸ ਏਨਾ ਹੀ ਕਹਾਂਗਾ ਕਿ :

ਸਮੇਂ ਦੇ ਹਾਣੀਓ !

ਲਿਖਾਰੀਓ , ਸਾਹਿਤਕਾਰੋ ਅਤੇ ਪੱਤਰਕਾਰੋ।

ਚੁੱਕੋ ਕਲਮ ਦਵਾਤ ਜ਼ਰਾ ਇੱਕ ਹੰਭਲਾ ਮਾਰੋ।

ਨਿੱਘਰ ਗਏ ਸਮਾਜ ਨੇ ਕੈਸਾ ਘਾਤਕ ਕੱਟਿਆ ਮੋੜ ਹੈ।

ਲੋੜ ਹੈ ! ਮੇਰੇ ਲੋਕਾਂ ਨੂੰ ਇੱਕ ਦਿਸ਼ਾ ਦੇਣ ਦੀ ਲੋੜ ਹੈ।

ਲੋੜ ਹੈ। ਮੇਰੇ ਲੋਕਾਂ ਨੂੰ ਇੱਕ ਸੇਧ ਦੇਣ ਦੀ ਲੋੜ ਹੈ।

# ਕਾਮਨ 'ਵੈਲਥ' ਦੀ ਲੁੱਟ



ਸਤਿਨਾਮ ਔਜਲਾ

ਖੇਡ ਪ੍ਰਵਿਰਤੀ ਮਨੁੱਖ ਨੂੰ ਕੁਦਰਤ ਵਲੋਂ ਬਖ਼ਸ਼ੀ ਪ੍ਰਬਲ ਪ੍ਰਵਿਰਤੀ ਹੈ। ਜਨਮ ਤੋਂ ਹੱਥ ਪੈਰ ਮਾਰਨੇ, ਲੋਅ ਨਾਲ ਇਸ਼ਾਰੇ ਕਰ ਕੇ ਖੇਡਣਾ, ਹੱਸਣਾ, ਕਿਲਕਾਰੀਆਂ ਮਾਰਨਾ ਕਾਦਰ ਦੀ ਮਹਾਂਸ਼ਕਤੀ ਦੀ ਹੋਂਦ ਦਾ ਪ੍ਰਤੀਕ ਹੈ। ਖੇਡ ਜੀਵਨ ਦਾ ਅਨਿਖੱੜਵਾਂ ਅੰਗ ਹੈ। ਖੇਡ ਖ਼ਤਮ ਹੋ ਜਾਂਦੀ ਹੈ, ਜੀਵਨ ਮਹੱਤਵਹੀਣ ਹੋ ਜਾਂਦਾ ਹੈ।

ਕਾਮਨਵੈਲਥ ਖੇਡਾਂ ਦੀ ਮੇਜ਼ਬਾਨੀ ਭਾਰਤ ਕਰ ਰਿਹਾ ਹੈ। ਕਾਮਨਵੈਲਥ ਖੇਡਾਂ ਬਰਤਾਨਵੀ ਸਾਮਰਾਜ ਤੋਂ ਆਜ਼ਾਦ ਹੋਏ ਦੇਸ਼ਾਂ ਦੇ ਸਮੂਹ ਵਲੋਂ ਆਪਸ ਵਿਚ ਖੇਡੀਆਂ ਜਾਂਦੀਆਂ ਹਨ। ਆਜ਼ਾਦ ਕੀਤੇ ਲਗਭਗ 86 ਦੇਸ਼ ਇਸ ਵਿਚ ਹਿੱਸਾ ਲੈ ਰਹੇ ਹਨ। ਅੱਜ ਸਵਾਲ ਇਹ ਹੈ ਕਿ ਬਰਤਾਨੀਆ ਇਹ ਤਾਂ ਨਹੀਂ ਸਮਝ ਰਿਹਾ ਕਿ ਉਹ ਆਪਣੇ ਹੇਠ ਗੁਲਾਮ ਰਹੇ ਦੇਸ਼ਾਂ ਦਾ ਵਿਸ਼ਵ ਪੱਧਰ 'ਤੇ ਮੁਜ਼ਾਹਰਾ ਕਰ ਰਿਹਾ ਹੈ ਜਾਂ ਇਹ ਸਮਝਦਾ ਹੋਵੇ ਕਿ ਇਹ ਦੇਸ਼ ਕਦੇ ਮੇਰੇ ਗੁਲਾਮ ਸਨ।

ਅਸਲ 'ਚ ਖੇਡ ਖੇਡ ਹੀ ਹੈ। ਖੇਡ ਦਾ ਸਨਮਾਨ ਖੇਡ ਪ੍ਰਵਿਰਤੀ 'ਚ ਹੀ ਹੋਣਾ ਚਾਹੀਦਾ ਹੈ। ਅੱਜ ਏਥੇ ਸਵਾਲ ਇਹ ਨਹੀਂ ਹੈ, ਸਵਾਲ ਹੈ ਕਿ ਕੀ ਭਾਰਤ ਵਰਗੇ ਗ਼ਰੀਬ ਦੇਸ਼ ਨੂੰ ਮੇਜ਼ਬਾਨੀ ਕਰਨੀ ਚਾਹੀਦੀ ਹੈ ਜਾਂ ਨਹੀਂ? ਜੇਕਰ ਅਸੀਂ ਆਪਣੇ ਪਰਵਾਰ 'ਚ ਬੈਠ ਕੇ ਇਹ ਕਹਿ ਸਕਦੇ ਹਾਂ ਕੇ ਸਾਨੂੰ ਚਾਦਰ ਵੇਖ ਕੇ ਪੈਰ ਪਸਾਰਨੇ ਚਾਹੀਦੇ ਹਨ ਤਾਂ ਸਾਨੂੰ ਆਪਣੀ ਮਾਲੀ ਹਾਲਤ ਵਲ ਵੇਖਣ ਪਵੇਗਾ। ਜੇ ਗਰੀਬ ਆਦਮੀ ਅਪਣੇ ਮੁੰਡੇ ਕੁੜੀ ਦਾ ਵਿਆਹ ਨੱਕ ਦੀ ਖ਼ਾਤਰ ਕਰਜ਼ਾ ਚੁੱਕ ਕੇ ਕਰ ਦਵੇ ਤਾਂ ਸਾਰੀ ਉਮਰ ਉਸ ਤੋਂ ਕਰਜ਼ਾ ਨਹੀਂ ਮੁੜਦਾ। ਸਾਡੇ ਤੋਂ ਸੰਪਨ ਦੇਸ਼ ਗ਼ਰੀਸ ਨੇ 2004 ਵਿਚ ਓਲੰਪਿਕ ਖੇਡਾਂ ਕਰਵਾਈਆਂ ਪਰ ਅਜੇ ਤੱਕ ਉਸ ਦੇਸ਼ ਦੇ ਸਿਰ ਤੋਂ ਕਰਜ਼ਾ ਨਹੀਂ ਲੱਥਾ। ਹਰੇਕ ਯੂਨਾਨੀ ਪਰਵਾਰ ਸਿਰ 50 ਹਜ਼ਾਰ ਪੌਂਡ ਅੱਜ ਵੀ ਕਰਜ਼ਾ ਹੈ ਜਦਕਿ 21 ਸਟੇਡੀਅਮਾਂ 'ਚੋਂ 20 ਖ਼ਰਾਬ ਹੋ ਚੁਕੇ ਹਨ। ਕੀ ਅਸੀਂ ਕਾਮਨਵੈਲਥ ਵਿਆਹ ਦਾ ਕਰਜ਼ਾ ਉਤਾਰ ਸਕਾਂਗੇ? ਜਿਸ ਦੇਸ਼ ਦੀ ਆਰਥਕ ਦਸ਼ਾ ਪਹਿਲਾਂ ਹੀ ਵਿਗੜੀ ਹੋਈ ਹੈ। ਸਾਨੂੰ ਆਪਣੀ ਆਰਥਕ ਦਸ਼ਾ ਤੋਂ ਜਾਣੂ ਹੋਣਾ ਜ਼ਰੂਰੀ ਹੈ। ਵਿਸ਼ਵ ਦੀ ਗਰੀਬੀ ਦੀ ਪੱਧਰ 'ਚ ਸਾਡਾ 127ਵਾਂ ਨੰਬਰ ਹੈ। ਸਾਡੇ ਦੇਸ਼ ਦੇ ਅੱਠ ਪ੍ਰਾਂਤ ਅਫ਼ਰੀਕਾ ਦੇ 26 ਦੇਸ਼ਾਂ ਤੋਂ ਵੀ ਗਰੀਬ ਹਨ। 64 ਕਰੋੜ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਹਨ। 46 ਫ਼ੀਸਦੀ ਬੱਚੇ ਕੁਪੋਸ਼ਨ ਦੇ ਸ਼ਿਕਾਰ ਹਨ। ਇਕ ਤਿਹਾਈ ਬੱਚੇ ਜਨਮ ਤੋਂ ਸੋਕੜੇ ਦੇ ਬੀਮਾਰ ਹਨ। ਹਰ ਪੰਜਵਾਂ ਵਿਅਕਤੀ ਰਾਤ ਨੂੰ ਭੁੱਖਾ ਸੌਂਦਾ ਹੈ। 8 ਕਰੋੜ ਪਰਵਾਰਾਂ ਕੋਲ ਬਿਜਲੀ ਨਹੀਂ। ਹਜ਼ਾਰਾਂ ਕਿਸਾਨ ਕਰਜ਼ੇ ਤੋਂ ਦੁਖੀ ਹੋ ਕੇ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਇਕ ਲੱਖ ਤੋਂ ਵੱਧ ਕਿਸਾਨਾਂ ਦੇ ਘਰ ਗਿਰਵੀ ਪਏ ਹਨ। ਗਿਰਵੀ ਪਏ ਲੋਕਾਂ ਨੂੰ ਅੰਨਦਾਤਾ ਕਿਹਾ ਜਾਂਦਾ ਹੈ।

2003 'ਚ ਭਾਰਤ ਨੂੰ ਮੇਜ਼ਬਾਨੀ ਮਿਲੀ। ਉਸ ਸਮੇਂ ਇਨ੍ਹਾਂ ਖੇਡਾਂ ਦੀ ਲਾਗਤ 635 ਕਰੋੜ ਕਰੋੜ ਰੁਪਏ ਮਿੱਥੀ ਗਈ ਸੀ। ਖੇਡਾਂ ਦੇ ਪ੍ਰਾਜੈਕਟ ਤੇ 2007 'ਚ ਚਾਰ ਸਾਲ ਬਾਅਦ ਕੰਮ ਸ਼ੁਰੂ ਕੀਤਾ ਗਿਆ। ਉਸ ਸਮੇਂ ਬਜਟ ਸੋਧ ਕੇ 767 ਕਰੋੜ ਰੁਪਏ ਤੇ 2008 'ਚ 1780 ਕਰੋੜ ਕਰ ਦਿਤਾ ਗਿਆ। ਹੁਣ ਜਦ 2010 'ਚ ਖੇਡਾਂ ਸਿਰ 'ਤੇ ਆ ਗਈਆਂ ਹਨ ਤੇ ਅਨੁਮਾਨਤ ਰਾਸ਼ੀ ਵੱਧ ਕੇ 35 ਹਜ਼ਾਰ ਕਰੋੜ ਤਕ ਪਹੁੰਚਣ ਦੀਆਂ ਗੱਲਾਂ ਚਲ ਰਹੀਆਂ ਹਨ। ਕੁਲ 19 ਪ੍ਰਾਜੈਕਟ ਹਨ ਜ਼ਿਨ੍ਹਾਂ 'ਚੋਂ 13 'ਤੇ ਕੰਮ ਚਲ ਰਿਹਾ ਹੈ, ਉਹ ਵੀ ਅਧੂਰਾ ਹੈ ਤੇ 6 ਪ੍ਰਾਜੈਕਟ ਬਿਲਕੁਲ ਤਿਆਰ ਦਿੱਤੇ ਗਏ ਹਨ। ਸੰਸਦ 'ਚ ਕੁਰਪਸ਼ਨ ਦੇ ਕਲਮਾਡੀ 'ਤੇ ਲੱਗੇ ਦੋਸ਼ਾਂ ਨੇ ਹਰ ਨਾਗਰਿਕ ਦੇ ਮਨ 'ਚ ਸ਼ੰਕੇ ਖੜੇ ਕਰ ਦਿਤੇ ਹਨ। ਖੇਡਾਂ ਨਾਲ ਸਬੰਧਤ ਹਰ ਵਿਭਾਗ ਇਕ ਦੂਜੇ 'ਤੇ ਚਿੱਕੜ ਸੁੱਟ ਕੇ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਨ ਲੱਗਾ ਹੋਇਆ ਹੈ। ਖੇਡ ਦੇ ਮੈਦਾਨ ਅਜੇ ਖਿਡਾਰੀਆਂ ਨੂੰ ਪ੍ਰੈਕਟਸ ਲਈ ਵੀ ਨਹੀਂ ਦਿਤੇ ਗਏ। ਕਈ ਅਧੂਰੇ ਸਟੇਡੀਅਮ ਹਨ, ਉਨ੍ਹਾਂ ਦਾ ਉਦਘਾਟਨ ਵੀ ਕਰ ਦਿਤਾ ਗਿਆ ਹੈ।

ਸਵਾਲ ਹੈ ਕਿ ਸਾਨੂੰ 7 ਸਾਲ ਦਾ ਸਮਾਂ ਮੈਦਾਨ ਅਤੇ ਦੂਜੇ ਕੰਮਾਂ ਲਈ ਮਿਲਿਆ ਪਰ ਅਸੀਂ 2003 ਦੀ ਬਜਾਏ ਕੰਮ 2007 'ਚ ਕਿਉਂ ਸ਼ੁਰੂ ਕੀਤੇ। ਇਸ ਪਿੱਛੇ ਕੀ ਕਾਰਨ ਸਨ? ਕੀ ਸਾਡੇ ਕੋਲ ਵਿਆਪਕ ਧੰਨ ਦੀ ਕਮੀ ਸੀ? ਜੇਕਰ ਧੰਨ ਦੀ ਕਮੀ ਸੀ ਫਿਰ ਸਾਨੂੰ ਏਡਾ ਫਾਹਾ ਲੈਣ ਦੀ ਜ਼ਰੂਰਤ ਨਹੀਂ ਸੀ। ਕਿਤੇ ਨਾ ਕਿਤੇ ਗੱਲ ਦਿਮਾਗ਼ 'ਚ ਜ਼ਰੂਰ ਰੜਕਦੀ ਹੈ। ਸਾਡੀ ਢਿਲ ਦੀ ਨੀਤੀ ਹੋਰ ਥਾਂ ਪੈਸਾ ਖ਼ਰਚਣ ਦੀ ਵਿਧੀ ਅਤੇ ਸਮਾਂ ਟਪਾਉਣ ਦੀ ਵਿਧੀ ਨੇ ਖੇਡਾਂ ਦੀ ਮਹੱਤਤਾ ਨੂੰ ਘਟਾ ਦਿਤਾ ਹੈ ਜਿਸ ਨੇ ਸਾਡੀ ਹੁਣ ਵਾਲੀ ਸਥਿਤੀ ਜਾਂ ਦੁਰਦਸ਼ਾ ਬਣਾ ਦਿਤੀ ਹੈ। ਉਹਦਾ ਇਹ ਨੁਕਸਾਨ ਹੋਇਆ ਕਿ ਮਹਿੰਗਾਈ ਵਧਣ ਨਾਲ ਹਰ ਸ਼ੈਅ ਮਹਿੰਗੀ ਖ਼ਰੀਦਣੀ ਪਈ ਜਿਸ ਨਾਲ ਲਾਗਤ ਦਾ ਬਜਟ




ਵਧਦਾ ਗਿਆ। ਦੂਜੇ ਪਾਸੇ ਦਿੱਲੀ ਦੀ ਮੁੱਖ ਮੰਤਰੀ ਸ਼ਿਲਾ ਦੀਕਸ਼ਿਤ ਨੇ ਦਿੱਲੀ ਦੀਆਂ ਚੋਣਾਂ ਸਿਰ 'ਤੇ ਹੋਣ ਕਰ ਕੇ ਜਿੱਤਣ ਲਈ ਆਪਣਾ ਧਿਆਨ ਖੇਡਾਂ 'ਤੇ ਕੇਂਦਰਤ ਨਾ ਕਰ ਕੇ ਸ਼ਹਿਰ ਦੇ ਸੁੰਦਰੀਕਰਨ ਅਤੇ ਹੋਰ ਸਮੱਸਿਆਵਾਂ ਵਲ ਰੱਖਿਆ। ਉਹ ਦਿੱਲੀ ਦੀਆਂ ਸਮੱਸਿਆਵਾਂ ਵੀ ਬਹੁਤੀਆਂ ਹੱਲ ਨਾ ਕਰ ਸਕੀ ਤੇ ਨਾ ਖੇਡ ਚੌਗਿਰਦਾ ਪੂਰਾ ਕਰ ਸਕੀ। ਸਮਾਂ ਘੱਟ ਗਿਆ, ਬਹਾਨੇ ਬਨਾਉਣੇ ਪਏ। ਉਹ ਕੰਮ ਪੂਰੇ ਨਾ ਹੁੰਦੇ ਦੇਖ ਅਫ਼ਰਾ-ਤਫ਼ਰੀ 'ਚ ਕੰਮ ਹੋ ਰਹੇ ਹਨ ਜੋ ਮਿਆਰੀ ਨਹੀਂ ਹਨ। ਜਿਥੋਂ ਮਰਜ਼ੀ ਮਹਿੰਗਾ ਘਟੀਆ ਮਾਲ ਮਿਲੇ, ਲੱਗ ਰਿਹਾ ਹੈ। ਪੈਸਾ ਲੁਟਾਇਆ ਜਾ ਰਿਹਾ ਹੈ। ਸੋ ਅਯੋਗ ਵਿਉਂਤਬੰਦੀ, ਆਲਸ ਅਤੇ ਸਾਨੂੰ ਕੌਣ ਪੁੱਛਣ ਵਾਲੀ ਹਉਮੈ ਨੇ ਸਾਡੀ ਇਹ ਦੁਰਦਸ਼ਾ ਕੀਤੀ ਹੈ। ਇਸ ਲਈ ਮੁੱਖ ਮੰਤਰੀ ਸ਼ਿਲਾ ਦੀਕਸ਼ਿਤ, ਕਲਮਾਡੀ ਅਤੇ ਪ੍ਰਧਾਨ ਮੰਤਰੀ ਸਿੱਧੇ ਤੌਰ 'ਤੇ ਜ਼ੁੰਮੇਵਾਰ ਹਨ। ਪ੍ਰਧਾਨ ਮੰਤਰੀ ਨੇ ਏਡੇ ਵੱਡੇ ਕਾਰਜ ਲਈ ਸਮੇਂ-ਸਮੇਂ 'ਤੇ ਨਾ ਸਮੀਖਿਆ ਕਰ ਕੇ ਖੇਡ ਮੰਤਰਾਲੇ ਨੂੰ ਖੁੱਲ੍ਹਾ ਛੱਡੀ ਰਖਿਆ। ਅਗਲਾ ਸਵਾਲ ਹੈ, ਜਦ ਮਨੁੱਖ ਦੀ ਨੀਯਤ 'ਚ ਖੋਟ ਹੁੰਦੀ ਹੈ ਤਾਂ ਅਨਿਯਮਤਾ ਆਪਣੇ ਆਪ ਜਨਮ ਲੈ ਲੈਂਦੀ ਹੈ। ਮਹਾਰਾਣੀ ਬਰਤਾਨੀਆ ਦੇ ਬੈਟਨ ਪ੍ਰਾਪਤ ਕਰਨ ਸਮੇਂ ਤੋਂ ਹੀ ਅਨਿਯਮਤਾ ਸ਼ੁਰੂ ਹੋ ਗਈ ਸੀ। ਬਾਕਿੰਗਮ ਪੈਲਸ ਪਹੁੰਚਣ



'ਚ ਟੈਕਸੀ ਕਿਰਾਏ 'ਤੇ ਵੱਧ ਪੈਸੇ ਖ਼ਰਚਣ ਦੇ ਸਵਾਲ ਖੜੇ ਹੋ ਗਏ। 225 ਪੌਂਡ ਵਾਲੀ ਟੈਕਸੀ ਦੀ ਪੇਮੈਂਟ 450 ਪੌਂਡ ਦਿਖਾਈ ਗਈ। ਇਸ ਬੈਟਨ ਨੂੰ ਪ੍ਰਾਪਤ ਕਰਨ ਲਈ ਖੇਡ ਮੰਤਰੀ, ਕਲਮਾਡੀ ਹੋਰ ਪਤਵੰਤੇ ਸੱਜਣ ਗਏ ਸਨ। ਹੋਰ ਬੇਨਿਯਮੀਆਂ ਅਤੇ ਭ੍ਰਿਸ਼ਟਾਚਾਰੀਆਂ ਤੁਸੀਂ ਰੋਜ਼ ਟੀ.ਵੀ. 'ਤੇ ਦੇਖ ਰਹੇ ਹੋ, ਏਥੇ ਬਹੁਤ ਜ਼ਿਕਰ ਦੀ ਲੋੜ ਨਹੀਂ।
ਜੋ ਵੀ ਹੈ ਭਾਰਤੀ ਸਿਆਸਤ 'ਚ ਵਕਤ ਕਢਣਾ, ਸੱਤਾ ਨਾਲ ਚੁੰਬੜੇ ਰਹਿਣਾ ਅਤੇ ਮੂਲ ਵਿਸ਼ੇ ਨੂੰ ਹੋਰ ਰੂਪ ਦੇਣਾ ਵੱਡਾ ਗੁਣ ਅਤੇ ਕਲਾਬਾਜ਼ੀ ਮਾਰਨਾ ਪੂਰੀ ਬਾਜ਼ੀਗਰੀ ਹੈ। ਜੋ ਨੇਤਾਵਾਂ ਨੇ ਕਰ ਵਿਖਾਈ ਹੈ।

ਖੇਡ ਮੰਤਰੀ ਮਨੋਹਰ ਸਿੰਘ ਗਿੱਲ ਦਾ ਸੰਸਦ 'ਚ ਬਿਆਨ ਕਿ ਹੁਣ ਬਾਰਾਤ ਬਰੂਹਾਂ 'ਤੇ ਆ ਗਈ ਹੈ, ਸਾਡਾ ਹੁਣ ਫ਼ਰਜ਼ ਸਵਾਗਤ ਕਰਨਾ ਬਣਦਾ ਹੈ, ਨਾਲ ਅਸੀਂ ਸਹਿਮਤ ਹਾਂ। ਪਰ ਸਵਾਲ ਹੈ ਕਿ ਗਿੱਲ ਸਾਹਿਬ ਖੇਡਾਂ ਹੋਣ ਤੋਂ ਬਾਅਦ ਇਹ ਨਾ ਕਹਿਣ 'ਬਾਤ ਗਈ ਘਸੀਟ ਗਈ, ਚਲੋ ਛੱਡੋ ਯਾਰ ਜੋ ਹੋਣਾ ਸੀ ਹੋ ਗਿਆ। ਜੋ ਖਾ ਗਿਆ ਖਾ ਗਿਆ। ਹੁਣ ਰੌਲਾ ਕਾਹਦਾ, ਅਗਲੀ ਗੱਲ ਕਰੋ।' ਮਹੱਲਾਂ ਵਾਲਿਆਂ ਦੇ ਗੱਦੇ ਨਵੇਂ ਬਣ ਗਏ। ਖੇਡਾਂ ਦੇ ਨਾਂ 'ਤੇ ਉਜੜੇ ਲੋਕ ਰੋੜਾਂ 'ਤੇ ਹੀ ਸੌਣਗੇ। ਗਿੱਲ ਸਾਹਿਬ ਗੱਦਿਆਂ 'ਤੇ ਸੌਣ ਵਾਲਿਆਂ ਨੂੰ ਚਿੰਤਾ ਨੀਂਦ ਨਹੀਂ ਆਉਣ ਦਿੰਦੀ। ਰੋੜਾਂ 'ਤੇ ਸੌਣ ਵਾਲੇ ਫਿਰ ਵੀ ਅੱਖਾਂ ਘੁੱਟ ਕੇ ਰਾਤ ਕੱਟ ਲੈਂਦੇ ਹਨ ਪਰ ਰਹਿਣ-ਗੇ ਬੇਘਰੇ ਦੇ ਬੇਘਰੇ। ਪੰਜਾਬੀ 'ਚ ਅਖਾਣ ਹੈ 'ਵਿਹੜੇ ਆਈ ਜੰਞ ਵਿੰਨੋਂ ਕੁੜੀ ਦੇ ਕੰਨ' ਘਰ ਬਾਰਾਤ ਆਈ ਹੋਵੇ, ਤੁਸੀਂ ਕੁੜੀ ਟੋਲਦੇ ਹੋਵੋ ਲਭੋ ਕੰਨ ਵਿੰਨ ਕੇ ਮੁਰਕੀਆਂ ਪਾਉਣੀਆਂ ਹਨ। ਫ਼ਰਸ਼ਾਂ ਉਖੜੀਆਂ ਫਿਰਨ। ਸਟੇਡੀਅਮ 'ਚ ਫੁੱਟ-ਫੁੱਟ ਪਾਣੀ ਫਿਰਦਾ ਹੋਵੇ। ਤੁਸੀਂ ਰਿਬਨ ਲੈ ਕੇ ਕੈਂਚੀ ਲਭਦੇ ਫਿਰੋ। ਲਹਿੰਦੇ ਪੰਜਾਬ 'ਚ ਇਕ ਅਖਾਣ ਹੈ 'ਬੇਗ਼ਾਨੀ ਬਾਰਾਤ 'ਚ ਅਬਦੁਲਾ ਬਰਾਤੀ' ਇਹ ਨਾ ਹੋਵੇ ਖੇਡ ਮੰਤਰੀ ਕਲਮਾਡੀ ਟੋਲਦਾ ਫਿਰੇ, ਕਲਮਾਡੀ ਕਹੇ ਸਕੱਤਰ ਨੂੰ ਪੁੱਛੋ, ਸਕੱਤਰ ਕਹੇ ਮੈਨੂੰ ਕੋਈ ਦਫ਼ਤਰੋਂ ਸੁਨੇਹਾ ਨਹੀਂ ਆਇਆ। ਕਲਮਾਡੀ ਦੇ ਪਰ ਕਤਰ ਹੋ ਚੁੱਕੇ ਹਨ ਪਰ ਸ਼ੰਕਾਵਾਂ ਵੱਧ ਗਈਆਂ ਹਨ। ਖ਼ੈਰ ਖੇਡਾਂ ਠੀਕ ਹੋ ਜਾਣ। ਹੁਣ ਚੌਕਸੀ ਜ਼ਰੂਰੀ ਹੈ। ਕਿਤੇ ਲੱਤਾਂ ਖਿੱਚਣ ਦੀ ਪ੍ਰਤੀਕ੍ਰਿਆ ਨਾ ਸ਼ੁਰੂ ਹੋ ਜਾਵੇ। ਇਸ ਦਾ ਬਹੁਤ ਡਰ ਹੈ। ਕਲਮਾਡੀ ਦੇ ਪਰ ਬਹੁਤ ਪਹਿਲਾਂ ਕਤਰ ਦੇਣੇ ਚਾਹੀਦੇ ਸਨ।

ਅੱਜ ਖੇਡਾਂ 'ਚ ਕੁਝ ਦਿਨ ਹੀ ਬਚੇ ਹਨ। ਭ੍ਰਿਸ਼ਟਾਚਾਰ ਘੁਟਾਲੇ ਨੇ ਸਾਡੀ ਵਿਸ਼ਵ ਭਰ 'ਚ ਕਿਰਕਰੀ ਕੀਤੀ ਹੈ। ਖੇਡਾਂ ਦੌਰਾਨ ਵੀ ਇਸ ਦਾ ਮਾਨਸਕ ਪ੍ਰਭਾਵ ਬਣਿਆ ਰਹੇਗਾ। ਕਿਤੇ ਸਟੇਡੀਅਮ ਨਾ ਡਿੱਗ ਪਵੇ, ਰੱਬ ਮੀਂਹ ਨਾ ਪਾਵੇ, ਕੋਈ ਫ਼ਰਸ਼ ਨਾ ਟੁੱਟ ਜਾਵੇ, ਮਨੋਬਲ ਡਿੱਗਿਆ-ਡਿੱਗਿਆ ਰਹੇਗਾ। ਇਹ ਹੀਣ ਭਾਵਨਾ ਮੱਥੇ 'ਤੇ ਸ਼ਿਕਨ ਬਣ ਕੇ ਦਿਸਦੀ ਰਹੇਗੀ।

ਦਹਿਸ਼ਤਵਾਦ ਦਾ ਡਰ ਵੀ ਖੇਡਾਂ 'ਤੇ ਵਿਸ਼ੇਸ਼ ਅਸਰ ਪਾਏਗਾ। ਹੋ ਸਕਦਾ ਹੈ ਵਿਦੇਸ਼ੀ ਖਿਡਾਰੀ ਘੱਟ ਗਿਣਤੀ ਵਿਚ ਆਉਣ। ਪ੍ਰਸ਼ੰਸਕਾਂ ਦੇ ਆਉਣ ਦੀ ਗਿਣਤੀ ਘੱਟ ਸਕਦੀ ਹੈ। ਇਸ ਦਾ ਪ੍ਰਭਾਵ ਸਾਡੇ ਅਪਣੇ ਦਰਸ਼ਕਾਂ 'ਤੇ ਵੀ ਪੈ ਸਕਦਾ ਹੈ। ਜਿਸ ਨਾਲ ਸਾਡਾ ਵਿੱਤੀ ਘਾਟਾ ਹੋਰ ਵੱਧ ਜਾਵੇਗਾ। ਹੋਟਲ ਬਿਜਨਸ ਬੁਰੀ ਤਰ੍ਹਾਂ ਪ੍ਰਭਾਵਤ ਹੋਵ-ੇਗਾ। ਇਸ ਤੋਂ ਬਿਨਾਂ ਬਰਤਾਨੀਆਂ ਵਲੋਂ ਸਾਡੇ ਦੇਸ਼ ਨੂੰ ਇਕ ਵਿਸ਼ੇਸ਼ ਬੈਕਟੀਰੀਆ ਗ੍ਰਸਤ ਹੋਣ ਦਾ ਤਮਗ਼ਾ ਦਿੱਤਾ ਗਿਆ ਹੈ ਜਿਸ ਦਾ ਨਾਂ ਵੀ ਸਾਡੀ ਰਾਜਧਾਨੀ ਨਵੀਂ ਦਿੱਲੀ 'ਤੇ ਰਖਿਆ ਗਿਆ ਹੈ। ਇਸ ਦਾ ਨਾਂ ਹੈ ਨਵੀਂ ਦਿੱਲੀ ਮੇਟਾਲੋ-1, ਇਸ ਬੈਕਟੀਰੀਆ ਨੂੰ ਫਿਲਹਾਲ ਲਾ-ਇਲਾਜ ਬੀਮਾਰੀ ਵਲੋਂ ਪੇਸ਼ ਕੀਤਾ ਗਿਆ ਹੈ ਜੋ ਟੀ.ਬੀ. ਤੋਂ ਵੀ ਘਾਤਕ ਐਲਾਨਿਆ ਗਿਆ ਹੈ। ਇਹ ਮੇਟਾਲੋ-1 ਛੂਤ ਦੀ ਬੀਮਾਰੀ ਹੈ ਜੋ ਅੱਗੇ ਤੋਂ ਅੱਗੇ ਛੂਹਣ ਨਾਲ ਫੈਲਦੀ ਹੈ। ਬਰਤਾਨੀਆਂ 'ਚ ਐਲਾਨ ਕੀਤਾ ਗਿਆ ਹੈ ਕਿ ਭਾਰਤੀਆਂ ਨੂੰ ਛੂਹਣ ਤੋਂ ਥੋੜ੍ਹਾ ਪ੍ਰਹੇਜ ਕੀਤਾ ਜਾਵੇ। ਇਸ ਐਲਾਨ ਨਾਲ ਸਾਡੀ ਸ਼ਾਖ ਘੱਟੀ ਹੈ ਅਤੇ ਡਰ ਹੈ ਯੂਰਪੀ ਕੌਮਾਂ ਖੇਡ ਦੇਖਣ ਜਾਂ ਖੇਡਣ 'ਚ ਰੁਚੀ ਘੱਟ ਲੈਣ। ਇਸ ਨਾਲ ਸਾਡਾ ਆਰਥਕ ਨੁਕਸਾਨ ਹੋਰ ਵੀ ਵੱਧ ਸਕਦਾ ਹੈ।

ਖੇਡਾਂ 'ਚ ਭ੍ਰਿਸ਼ਟਾਚਾਰ ਤੇ ਹੋਈ ਬਹਿਸ ਨੇ ਦੇਸ਼ ਨੂੰ ਹਲੂਣਿਆ ਹੈ। ਸੰਸਦ 'ਚ ਹੋਈ ਬਹਿਸ ਬੇਮਾਹਨੀ ਨਹੀਂ ਹੈ ਉਸ ਬਹਿਸ ਨੇ ਭਗਤ ਸਿੰਘ ਦੇ ਉਨ੍ਹਾਂ ਬਿਆਨਾਂ ਦੀ ਪੁਸ਼ਟੀ ਕੀਤੀ ਹੈ, ਜੋ ਉਸ ਨੇ ਅਪਣੇ ਜੀਵਨ ਕਾਲ 'ਚ ਅੱਜ ਤੋਂ ਲਗਭਗ 80 ਸਾਲ ਪਹਿਲਾਂ ਕਹੀ ਸੀ 'ਅਸੀਂ ਗੋਰੇ ਅੰਗਰੇਜ਼ ਤਾਂ ਬਾਹਰ ਕੱਢ ਦਿਆਂਗੇ ਪਰ ਸਾਨੂੰ ਕਾਲੇ ਭ੍ਰਿਸ਼ਟ ਅੰਗਰੇਜ਼ਾਂ ਵਿਰੁਧ ਇਕ ਹੋਰ ਜੰਗ ਲੜਨੀ ਪਵੇਗੀ।' ਕਾਮਨਵੈਲਥ ਖੇਡਾਂ 'ਚ ਹੋਏ ਭ੍ਰਿਸ਼ਟਾਚਾਰ ਨੇ ਕਾਲੇ ਅੰਗਰੇਜ਼ਾਂ ਦਾ ਚਿਹਰਾ ਨੰਗਾ ਕਰ ਦਿਤਾ ਹੈ। ਚਲੋ ਇਸ ਭ੍ਰਿਸ਼ਟਾਚਾਰ ਨੇ ਨਵੀਂ ਪੀੜ੍ਹੀ ਨੂੰ ਹਲੂਣਿਆ ਤਾਂ ਹੈ ਪਰ ਇਕ ਡਰ ਬਣਿਆ ਰਹੇਗਾ ਕਿ ਨਸ਼ੇ ਦੇ ਵਗਦੇ ਦਰਿਆ 'ਚ ਨਵੀਂ ਪੀੜ੍ਹੀ ਕਿਤੇ ਕੰਡੋਮ ਦੀਆਂ ਦੁਕਾਨਾਂ 'ਤੇ ਭੀੜ ਨਾ ਬਣ ਜਾਵੇ।

ਸਿਆਣੇ ਕਹਿੰਦੇ ਹਨ, ਘਰਾਂ 'ਚ ਬਹੁਤਾ ਕਲੇਸ਼ ਚੰਗਾ ਨਹੀਂ ਹੁੰਦਾ। ਕਾਮਨਵੈਲਥ ਖੇਡਾਂ 'ਤੇ ਜਿੰਨਾਂ ਕਲੇਸ਼ ਹੋਇਆ ਹੈ ਕਿਤੇ ਇਹਦਾ ਅੰਤ ਸੱਚਮੁਚ ਦੁੱਖਦਾਈ ਨਾ ਹੋਵੇ। ਜਿੰਨੀ ਨੈਤਿਕ ਕਦਰਾਂ ਕੀਮਤਾਂ 'ਚ ਹੁਣ ਗਿਰਾਵਟ ਦੇਖੀ ਹੈ ਕਦੀ 63 ਸਾਲਾਂ ਦੇ ਇਤਿਹਾਸ 'ਚ ਦੇਖਣ ਨੂੰ ਨਹੀਂ ਮਿਲੀ। ਪਤਾ ਨਹੀਂ ਇਹ ਭ੍ਰਿਸ਼ਟਾਚਾਰ ਦਾ ਪੈਸਾ ਅਗਲੀਆਂ ਚੋਣਾਂ ਨੂੰ ਕੀ ਰੰਗ ਦੇਵੇਗਾ।

ਮੇਰੇ ਰਹਿਬਰ ਅਗਰ ਤੂੰ ਦਿਲ ਕਾ ਕਾਲਾ ਨਾ ਹੋਤਾ
ਯਹਾਂ ਉਜਾਲਾ ਹੀ ਉਜਾਲਾ ਹੋਤਾ।

# ਕਾਮਨਵੈਲਥ ਲਾਟਰੀ ਨਾਲ ਸਾਈਬਰ ਲੁੱਟ



ਨਵੀਂ ਦਿੱਲੀ : ਨ ਦ ਬ- ਭਾਰਤ ਵਿਚ ਕਾਮਨਵੈਲਥ ਖੇਡਾਂ ਹੋ ਰਹੀਆਂ ਹਨ ਅਤੇ ਉਸ ਵਿਚ ਭਾਗ ਲੈਣ ਲਈ ਬ੍ਰਿਟੇਨ ਤੋਂ ਸਿੱਧੇ 3 ਮਿਲੀਅਨ ਪਾਉਂਡ (ਲਗਭਗ 24 ਕਰੋੜ ਰੁਪਏ) ਸਾਡੀ ਝੋਲੀ ਵਿਚ ਆ ਡਿੱਗਣ ਤਾਂ ਕੀ ਸਾਡੇ ਪੈਰ ਜ਼ਮੀਨ 'ਤੇ ਟਿਕ ਪਾਉਣਗੇ।

ਭਾਰਤ ਵਿਚ ਹੋ ਹਹੀਆਂ ਖੇਡਾਂ ਨੂੰ ਹੁਲਾਰਾ ਦੇਣ ਲਈ ਬ੍ਰਿਟਿਸ਼ ਸਰਕਾਰ ਦੇ 'ਕਾਮਨਵੈਲਥ ਪ੍ਰਮੋਸ਼ਨ' ਕਾਰਜ ਦੇ ਕੋਆਰਡੀਨੇਟਰ ਪਾਲ ਐਂਡਰਸਨ ਪੈਸਾ ਵੰਡ ਰਹੇ ਹਨ। ਜਨਤਾ ਦੇ ਧਿਆਨ 'ਚ ਲਿਆਉਣਾ ਇਹ ਬਹੁਤ ਜ਼ਰੂਰੀ ਹੈ ਕਿ ਜੇ ਤੁਹਾਨੂੰ ਈ-ਮੇਲ ਆਵੇ ਜਿਸ ਵਿਚ ਲਿਖਿਆ ਹੋਵੇ 'ਵਧਾਈ ਹੋਵੇ ਤੁਸੀਂ ਉਸ 10 ਲੱਖ ਖ਼ੁਸ਼ਕਿਸਮਤ ਜੇਤੂਆਂ ਵਿਚੋਂ ਇਕ ਹੋ ਜਿਨ੍ਹਾਂ ਨੂੰ ਬ੍ਰਿਟਿਸ਼ ਸਰਕਾਰ ਵਲੋਂ 3 ਮਿਲੀਅਨ ਪਾਉਂਡ ਦੀ ਰਾਸ਼ੀ ਦੇਣ ਲਈ ਚੁਣਿਆ ਗਿਆ ਹੈ' ਖ਼ੁਸ਼ ਹੋਣ ਦੀ ਲੋੜ ਨਹੀਂ ਹੈ। ਜੇ ਤੁਸੀਂ ਇਸ ਇਸ ਜਾਲ 'ਚ ਫਸ ਗਏ ਤਾਂ ਤੁਹਾਡੇ ਤੋਂ ਵੱਡਾ ਬਦਕਿਸਮਤ ਕੋਈ ਨਹੀਂ ਹੋਵੇਗਾ। ਤੁਹਾਡੀ ਝੋਲੀ ਵਿਚ ਜਿਹੜੇ ਚਾਰ ਪੈਸੇ ਜੁੜੇ ਹਨ, ਉਹ ਵੀ 'ਗ਼ਾਇਬ' ਹੋਣ ਜਾਣਗੇ। ਜਿਹੜੇ ਪਾਲ ਐਂਡਰਸਨ ਉਰਫ਼ ਕੁਆਡੀਨੇਟਰ ਦੀ ਗੱਲ ਅਸੀਂ ਕੀਤੀ ਹੈ, ਉਹ ਸਾਈਬਰ ਨਟਵਰ ਲਾਲ ਹੈ।

## ਕਿਵੇਂ ਲੁਟੀਂਦੇ ਨੇ ਫਸਣ ਵਾਲੇ




ਸਾਰੀ ਖੇਡ ਦੀ ਸ਼ੁਰੂਆਤ ਈ-ਮੇਲ ਤੋਂ ਹੁੰਦੀ ਹੈ। ਜੇਕਰ ਤੁਸੀ ਜਾਲ 'ਚ ਫਸ ਗਏ ਤਾਂ ਜਿੱਤੀ ਹੋਈ ਰਾਸ਼ੀ ਡਰਾਫ਼ਟ ਜਰੀਏ ਤੁਹਾਡੇ ਤਕ ਪਹੁੰਚਾਉਣ ਲਈ ਤੁਹਾਡੇ ਤੋਂ ਨਾਮ, ਪਤਾ, ਫ਼ੋਨ ਨੰਬਰ, ਬੈਂਕ ਅਕਾਊਂਟ ਨੰਬਰ ਵਗੈਰਾ ਪੁੱਛਿਆ ਜਾਂਦਾ ਹੈ।

## ਅੱਗੇ ਕੀ ਹੋਵੇਗਾ

ਇਕ ਕਲੇਮ ਅਧਿਕਾਰੀ ਜਿਵੇਂ ਬਿਲ ਜੈਮ ਤੁਹਾਡੇ ਨਾਲ ਸੰਪਰਕ ਕਰ ਕੇ ਕਹਿੰਦਾ ਹੈ ਕਿ ਉਹ ਖ਼ੁਦ ਫ਼ਲਾਇਟ ਤੋਂ ਭਾਰਤ ਆ ਰਿਹਾ ਹੈ ਅਤੇ ਇਥੇ ਆ ਕੇ ਤੁਹਾਨੂੰ ਡਰਾਫ਼ਟ ਦੇਵੇਗਾ।

## ਲੁੱਟਣ ਦਾ ਢੰਗ

ਜੇ ਤੁਸੀਂ ਦਿੱਲੀ ਵਿਚ ਹੋ ਤਾਂ ਬਿਲ ਭਾਈ ਤੁਹਾਨੂੰ ਫ਼ੋਨ ਕਰ ਕੇ ਕਹੇਗਾ ਕਿ ਮੈਂ ਮੁੰਬਈ ਏਅਰਪੋਰਟ 'ਤੇ ਹਾਂ। ਪਾਰਸਲ ਕਸਟਮ ਵਿਚ ਫਸ ਗਿਆ ਹੈ ਤੇ ਉਸ ਨੂੰ ਛੁਡਵਾਉਣ ਲਈ ਛੋਟੀ ਜਿਹੀ ਰਕਮ 16 ਹਜ਼ਾਰ ਰੁਪਏ ਉਸ ਨੂੰ ਚਾਹੀਦੇ ਹਨ। ਉਹ ਦਿੱਲੀ ਆ ਕੇ ਵਾਪਸ ਕਰ ਦੇਵੇਗਾ। ਉਹ ਰਕਮ ਟਰਾਂਸਫ਼ਰ ਕਰਾਉਣ ਲਈ ਇਕ ਅਕਾਊਂਟ ਨੰਬਰ ਦੇਵੇਗਾ। ਜਿਵੇਂ ਹੀ ਤੁਸੀਂ ਇਹ ਰਕਮ ਟਰਾਂਸਫ਼ਰ ਕੀਤੀ ਤਾਂ ਤੁਹ-ਾਡੇ ਖਾਤੇ ਵਿਚੋਂ ਸਾਰਾ ਪੈਸਾ 'ਗ਼ਾਇਬ' ਹੋ ਜਾਵੇਗਾ। ਜੇ ਨਾ ਵੀ ਗ਼ਾਇਬ ਹੋਇਆ ਤਾਂ ਵੀ 16 ਹਜ਼ਾਰ ਰੁਪਏ ਤਾਂ ਗਏ।

## ਉਸ ਤੋਂ ਬਾਅਦ

ਹਮ ਆਪ ਕੇ ਹੈਂ ਕੌਣ? ਪੈਸਾ ਮਿਲਣ ਤੋਂ ਬਾਅਦ ਅਕਸਰ ਫ਼ੋਨ ਬੰਦ ਕਰ ਦਿਤਾ ਜਾਂਦਾ ਹੈ।

# ਸੰਧੂ ਪਰਿਵਾਰ ਖਿਲਾਫ਼ ਕੋਝੀ ਤੇ ਇਖਲਾਕੋਂ ਹੀਣੀ ਹਰਕਤ ਦਾ ਤਿੱਖਾ ਨੋਟਿਸ

## ਦੇਸ ਪ੍ਰਦੇਸ ਟਾਈਮਜ਼ ਵੱਲੋਂ ਸ਼ਰਾਰਤੀਆਂ ਦੀ ਸੂਹ ਦੇਣ ਵਾਲੇ ਨੂੰ 10,000 ਡਾਲਰ ਇਨਾਮ ਦੇਣ ਦਾ ਐਲਾਨ, ਦੋ ਕਮੇਟੀਆਂ ਦਾ ਗਠਨ

ਐਡਮਿੰਟਨ _ ਐਡਮਿੰਟਨ ਸ਼ਹਿਰ ਵਿਚ ਵਸਦੇ ਪੰਜਾਬੀ ਭਾਈਚਾਰੇ ਵਿਚ ਸਰਗਰਮ ਕੁਝ ਗੈਰ-ਸਮਾਜੀ ਤੱਤਾਂ ਵੱਲੋਂ ਕਿਸੇ ਵਿਅਕਤੀ ਵਿਸ਼ੇਸ਼ ਜਾਂ ਕਿਸੇ ਪਰਿਵਾਰ ਨੂੰ ਗਿਣੀ ਮਿਥੀ ਸਾਜ਼ਿਸ਼ ਤਹਿਤ ਨਿਸ਼ਾਨਾ ਬਣਾਕੇ ਭੰਡੀ ਪ੍ਰਚਾਰ ਕਰਨ ਦੀਆਂ ਕੋਝੀਆਂ ਚਾਲਾਂ ਦੀ ਉਸ ਸਮੇਂ ਸਿਖਰ ਹੋ ਨਿਬੜੀ ਜਦੋਂ ਦੇਸ ਪ੍ਰਦੇਸ਼ ਟਾਈਮਜ਼ ਦੇ ਮੁੱਖ ਸੰਪਾਦਕ ਸ ਗੁਰਭਲਿੰਦਰ ਸਿੰਘ ਸੰਧੂ ਅਤੇ ਉਹਨਾਂ ਦੇ ਪਰਿਵਾਰ ਖਿਲਾਫ ਚਿੱਕੜ ਉਛਾਲਣ ਦੀ ਕੋਸ਼ਿਸ਼ ਕੀਤੀ ਗਈ। ਸ ਸੰਧੂ ਅਤੇ ਉਹਨਾਂ ਦੇ ਪਰਿਵਾਰ ਖਿਲਾਫ ਇਖਲਾਕੋਂ ਹੀਣੀ ਅਤੇ ਘਟੀਆਂ ਸ਼ਬਦਾਵਲੀ ਦੀ ਵਰਤੋਂ ਕਰਦਿਆਂ ਸ਼ਰਾਰਤੀ ਅਨਸਰਾਂ ਵੱਲੋਂ ਸ਼ਹਿਰ ਦੇ ਚੋਣਵੇਂ ਤੇ ਪਤਵੰਤੇ ਸੱਜਣਾਂ ਦੇ ਘਰੀਂ ਇਕ ਅਜਿਹਾ ਦੂਸ਼ਿਤ ਪੱਤਰ ਪੋਸਟ ਕੀਤਾ ਗਿਆ ਜਿਸ ਨੂੰ ਪੜ੍ਹਕੇ ਪੰਜਾਬੀ ਭਾਈਚਾਰੇ ਵਿਚ ਇਕ ਰੋਸ ਤੇ ਅਫਸੋਸ ਦੀ ਲਹਿਰ ਉਠ ਖੜੀ ਹੋਈ। ਸ਼ਰਾਰਤੀ ਅਨਸਰਾਂ ਵੱਲੋਂ ਕੀਤੀ ਗਈ ਇਸ ਕੋਝੀ ਹਰਕਤ ਨੂੰ ਗੰਭੀਰਤਾਨਾਲ ਲੈਂਦਿਆਂ ਅਦਾਰਾ ਦੇਸ ਪ੍ਰਦੇਸ ਟਾਈਮਜ਼, ਪੰਜਾਬੀ ਮੀਡੀਆ ਐਸੋਸੀਏਸ਼ਨ ਅਤੇ ਵੱਖ-ਵੱਖ ਗੁਰੂ ਘਰਾਂ ਨਾਲ ਸਬੰਧਿਤ ਪ੍ਰਬੰਧਕ ਕਮੇਟੀਆਂ ਵੱਲੋਂ ਮੀਟਿੰਗਾਂ ਕਰਕੇ ਜਿਥੇ ਇਸ ਦੀ ਕਰੜੀ ਨਿੰਦਾ ਕੀਤੀ ਗਈ ਉਥੇ ਪੰਜਾਬੀ ਭਾਈਚਾਰੇ ਦੇ ਮਾਣ-ਸਨਮਾਨ ਨੂੰ ਦਾਗਦਾਰ ਕਰਨ ਵਾਲੇ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਬੇਪਰਦ ਕਰਨ ਦਾ ਸੱਦਾ ਦਿੱਤਾ ਗਿਆ।

ਅਦਾਰਾ ਦੇਸ ਪ੍ਰਦੇਸ, ਪੰਜਾਬੀ ਮੀਡੀਆ ਐਸੋਸੀਏਸਨ ਅਤੇ ਗੁਰਦੁਆਰਾ ਸਿੰਘ ਸਭਾ ਵਿਖੇ ਹੋਈਆਂ ਇਕੱਤਰਤਾਵਾਂ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਇਸ ਘਟਨਾ ਦੀ ਜ਼ੋਰਦ-ਾਰ ਨਿੰਦਾ ਕਰਦਿਆਂ ਕਿਹਾ ਕਿ ਸ਼ਰਾਰਤੀ ਅਨਸਰਾਂ ਦੀ ਇਹ ਕਾਰਵਾਈ ਇਕੱਲੇ ਦੇਸ ਪ੍ਰਦੇਸ਼ ਟਾਈਮਜ਼ ਦੇ ਮੁੱਖ ਸੰਪਾਦਕ ਸ ਗੁਰਭਲਿੰਦਰ ਸਿੰਘ ਤੇ ਉਹਨਾਂ ਦੇ ਪਰਿਵਾਰ ਖਿਲਾਫ ਨਹੀਂ ਬਲਕਿ ਇਹ ਐਡਮਿੰਟਨ ਵਿਚ ਵਸਦੇ ਸਮੁੱ-ਚੇ ਪੰਜਾਬੀ ਭਾਈਚਾਰੇ ਦੀ ਤੌਹੀਨ ਹੈ। ਬੁਲਾਰਿਆਂ ਨੇ ਕਿਹਾ ਕਿ ਅਗਰ ਸ਼ਰਾਰਤੀ ਅਨਸਰਾਂ ਦੀ ਇਸ ਕੋਝੀ ਹਰਕਤ ਦਾ ਅੱਜ ਮੂੰਹ-ਤੋੜ ਜਵਾਬ ਨਾ ਦਿੱਤਾ ਗਿਆ ਤਾਂ ਸ਼ਰਾਰਤੀਆਂ ਦੇ ਹੌਂਸਲ ਹੋਰ ਵਧ ਸਕਦੇ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਭਾਈਚਾਰੇ ਵਿਚ ਛਿਪੇ ਅਜਿਹੇ ਗੈਰ-ਸਮਾਜੀ ਤੱਤਾਂ ਨੂੰ ਨੰਗਿਆਂ ਕੀਤਾ ਜਾਵੇ। ਦੇਸ ਪ੍ਰਦੇਸ ਟਾਈਮਜ਼ ਦੇ ਦਫਤਰ ਵਿਖੇ ਹੋਈ ਇਕੱਤਰਤਾ ਵਿਚ ਸ਼ਾਮਿਲ ਵਿਧਾਇਕ ਸ੍ਰੀ ਸੋਹੀ, ਸ ਪਾਲ ਸਿੰਘ ਪੁਰੇਵਾਲ, ਡਾ ਪੀ ਆਰ ਕਾਲੀਆ, ਕੁਲਮੀਤ ਸਿੰਘ ਸੰਘਾ, ਗੁਰਸ਼ਰਨ ਸਿੰਘ ਬੁੱਟਰ, ਹਰਜੀਤ ਸੰਧੂ, ਪਰਮਜੀਤ ਸਿੰਘ ਉਭੀ, ਬਲਬੀਰ ਸਿੰਘ ਚਾਨਾ, ਜਗਜੀਤ ਸਿੰਘ ਗਿੱਲ, ਗੁਰਚਰਨ ਸਿੰਘ ਸੰਘਾ, ਭਾਰਤ ਅਗਨੀਹੋਤਰੀ, ਜੋਅ ਸੂਨਰ, ਕਮਲ ਲਾਇਲ, ਸੁਖਦੀਪ ਸਿੰਘ ਢੀਂਡਸਾ, ਸਤਵਿੰਦਰ ਸਿੰਘ ਕਾਹਲੋਂ ਆਦਿ ਨੇ ਇਕ-ਸੁਰ ਇਸ ਸ਼ਰਾਰਤ ਦੀ ਨਿਖੇਧੀ ਕਰਦਿਆਂ ਸ ਗੁਰਭਲਿੰਦਰ ਸਿੰਘ ਸੰਧੂ ਨਾਲ ਇਕਮੁੱਠਤਾ ਦਾ ਪ੍ਰਗਟਾਵਾ ਕੀਤਾ। ਸ਼ਰਾਰਤੀ ਅਨਸਰਾਂ ਨੂੰ ਬੇਪਰਦ ਕਰਨ ਅਤੇ ਘਟਨਾ ਦੀ ਜਾਂਚ ਲਈ ਇਕ ਚਾਰ ਮੈਂਬਰੀ ਅਤੇ ਦੂਸਰੀ 21 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ।

ਇਸੇ ਦੌਰਾਨ ਪੰਜਾਬੀ ਮੀਡੀਆ ਐਸੋਸੀਏਸਨ ਦੀ ਹੋਈ ਹੰਗਾਮੀ ਇਕੱਤਰਤਾ ਵਿਚ ਸ ਗੁਰਭਲਿੰਦਰ ਸਿੰਘ ਸੰਧੂ ਦੀਆਂ ਪੰਜਾਬੀ ਭਾਈਚਾਰੇ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਉਹਨਾਂ ਖਿਲਾਫ ਭੰਡੀ ਪ੍ਰਚਾਰ ਵਾਲੇ ਇਸ਼ਤਿਹ-ਾਰ ਵੰਡੇ ਜਾਣ ਦੀ ਕਰੜੀ ਨਿੰਦਾ ਕੀਤੀ ਗਈ। ਐਸੋਸੀਏਸ਼ਨ ਦੀ ਮੀਟਿੰਗ ਵਿਚ ਸ਼ਾਮਿਲ ਸਰਵਸ਼੍ਰੀ ਡਾ ਪੀ ਆਰ ਕਾਲੀਆ, ਗੁਰਸ਼ਰਨ ਸਿੰਘ ਬੁੱਟਰ, ਕੁਲਮੀਤ ਸਿੰਘ ਸੰਘਾ, ਹਰਜੀਤ ਸਿੰਘ ਸੰਧੂ, ਸੁਖਦੇਵ ਸਿੰਘ ਢਿੱਲੋਂ, ਯਸ਼ ਸ਼ਰਮਾ, ਰਘਬੀਰ ਬਿਲਾਸਪੁਰੀ, ਜਸਬੀਰ ਦਿਓਲ, ਅਮਰਜੀਤ ਪੁਰੇਵਾਲ ਅਤੇ ਲਾਟ ਭਿੰਡਰ ਨੇ ਇਕਮੱਤ ੍ਹੁੰਦਿਆਂ ਸ਼ਰਾਰਤੀ ਅਨਸਰਾਂ ਦੀ ਸ਼ਖਤ ਨਿੰਦਾ ਕੀਤੀ। ਐਸੋਸੀਏਸ਼ਨ ਵੱਲੋਂ ਸ਼ਰਾਰਤੀ ਅਨਸਰਾਂ ਨੂੰ ਨੰਗਿਆਂ ਕਰਨ ਅਤੇ ਉਹਨਾਂ ਦੇ ਸਮਾਜਿਕ ਬਾਈਕਾਟ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਦੇਸ ਪ੍ਰਦੇਸ ਟਾਈਮਜ਼ ਦੇ ਮੁੱਖ ਸੰਪਾਦਕ ਸ ਗੁਰਭਲਿੰਦਰ ਸਿੰਘ ਸੰਧੂ ਨੇ ਇਸ ਘਟਨਾ 'ਤੇ ਦੁੱਖ ਅਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਜੋ ਵੀ ਵਿਅਕਤੀ ਸ਼ਰਾਰਤੀ ਅਨਸਰਾਂ ਨੂੰ ਬੇਪਰਦ ਕਰਨ ਲਈ ਉਹਨਾਂ ਨੂੰ ਸਹਿਯੋਗ ਦੇਵੇਗਾ ਅਤੇ ਦੋਸ਼ੀ ਵਿਅਕਤੀ ਦੀ ਸੂਹ ਦੇਵੇਗਾ ਉਸ ਵਿਅਕਤੀ ਨੂੰ ਅਦਾਰੇ ਵੱਲੋਂ 10,000 ਡਾਲਰ ਇਨਾਮ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਸ਼ਰਾਰਤੀ ਅਨਸਰਾਂ ਨੂੰ ਨੰਗਿਆਂ ਕਰਨਾ ਕੇਵਲ ਉਹਨਾਂ ਦੇ ਪਰਿਵਾਰ ਲਈ ਨਹੀਂ ਸਗੋਂ ਪੂਰੇ ਭਾਈਚਾਰੇ ਲਈ ਇਕ ਚੁਣੈਤੀ ਹੈ।

ਇਸੇ ਦੌਰਾਨ ਗੁਰਦੁਆਰਾ ਸਿੰਘ ਸਭਾ ਵਿਖੇ ਇਕ ਵਿਸ਼ਾਲ ਇਕੱਤਰਤਾ ਦੌਰਾਨ ਉਕਤ ਸਾਰੇ ਘਟਨਾਕ੍ਰਮ ਦੀ ਨਿੰਦਾ ਕਰਦਿਆਂ ਇਸ ਘਟਨਾ ਨੂੰ ਪੰਜਾਬੀ ਭਾਈਚਾਰੇ ਲਈ ਸ਼ਰਮਨਾਕ ਕਰਾਰ ਦਿੱਤਾ ਗਿਆ। ਸਾਰੇ ਬੁਲਾਰਿਆਂ ਨੇ ਪਿਛਾਖੜੀ ਤੇ ਬੀਮਾਰ ਸੋਚ ਵਾਲੇ ਅਨਸਰਾਂ ਨੂੰ ਬੇਪਰਦ ਕਰਕੇ ਉਹਨਾਂ ਦੇ ਸਮਾਜਿਕ ਬਾਈਕਾਟ ਦਾ ਸੱਦਾ ਦਿੱਤਾ।

# Mudslinging Campaign Against Editor Des Pardes Times

## Eminent citizens and media condemn the authors of this utter nonsense.

Edmonton, August 5: It is very disturbing to note that on 2nd September, public in-general and Edmonton & Calgary media in particular, received a poster in the mail defaming the family of one of our media members - Mr. Gurbhalinder Singh Sandhu, Editor Des Pardes Times, Edmonton.

The colored poster in Panjabi, has a picture of Mr. & Mrs. Sandhu in it. The shocking contents of the poster are a clear indication that the brains behind this mudslinging campaign have crossed all limits of civility and decency. By authoring this dirty story, they have not only dishonored their mother tongue, rather they have lowered the prestige of Panjabiat in the eyes of all Canadians.

The concocted story, of an anonymous woman, reveals that how Mr. and Mrs. Sandhu, in the name of fun and frolic, are misleading poor young women to sex. According to the story, a young lady said to be a friend of Mrs. Sandhu, needed some extra money to help his brother back in India. To materialize the required amount, Mrs. Sandhu took her friend to a happy-go-around, and for a night stayed in a hotel. When both of them were enjoying drinks, a grey-haired person came to their room. He was a friend of the Sandhus. The lady further relates that due to heavy drinking she fell on her bed, and when at midnight she woke up she found herself naked in the arms of that grey-haired man, a known industrialist of Edmonton. Then, she wept and made hue and cry, but she was told that money comes with a cost. The poster neither names the lady nor it reveal's the name of the industrialist.

At the request of Mr. Sandhu, a meeting of some eminent citizens was held in the office of the Des Pardes Times on the same day, September 2nd, 2010. This was chaired by Mr. Pal Singh Purewal. Each and every member in presence condemned and discarded the dirty concocted story. They said that whosoever has committed this unbelievable dirty act should immediately be brought to the book. Police should be contacted and, at the same time, the issue should also be made public. Some members pointed out that the language and style of the poster clearly points finger to a particular local media persons, so at the same time we should also engage a forensic investigator.

With one voice, all members praised the services of Mr. Gurbhalinder Singh Sandhu as editor of the Des Pardes Times. From the views expressed in the meeting, it looked that the mudslinging campaign has deeply shocked and touched the community at large.

[Members who participated in the meeting included: Pal Singh Purewal, Ex President Mill woods Cultural Society, Dr. P. R. Kalia, President Punjabi Media Association of Alberta, Naresh Bhardwaj, MLA Edmonton Ellerslie, Peter Sandhu , MLA Edmonton Manning, Amarjit Sohi, Councilor Ward No 6, Bharat Agnihotri , former MLA Edmonton Ellerslie, Gurcharan Buttar, Vice President Punjabi Media Association Of Alberta, Kulmit Singh Sangha, Vice President Punjabi Media Association Of Alberta, Harjit Sandhu, Secretary Punjabi Media Association of Alberta, Jagjit Singh Gill, President Gurdwara Sri Guru Singh Sabha, Paramjit Singh Ubhi, Vice President Gurdwara Millwoods, Gurcharan Singh Sangha, Secretary Gurdwara Sri Guru Singh Sabha, Balbir Singh Kullar, Vice President Mill woods Cultural Society, Joe Sunner and some more…]

Following the public meeting, Panjabi Media Association of Alberta, on September 4, called an emergency meeting of its Executive to take stock of the situation. Under the chairmanship of Dr. P. R. Kalia, it was decided that besides helping to implement the decisions taken in the public meeting, we should immediately release a Press Note in Panjabi and English and publish it in all our newspapers. At the same time we should educate the people through Radio, TV, and by holding seminars on all such issues which are giving a bad name to the community.

[Present in the meeting were: Dr. P. R. Kalia, Gurcharan Singh Buttar, Kulmit Singh Sangha, Harjit Sandhu, Amarjit Purewal, Gurbhalinder Singh Sandhu, G. S. Dhillon, Jasvir Deol, Raghbir Blaspuri, Yash Sharma and Laat Bhinder; Remaining 3 media members - Desh Videsh Times, Indo-Canadian, and Parivartan - who couldn't attend the meeting, assured that they will honor the resolution passed in the emergency media meeting.]

Then, on Sunday, September 5, according to the recommendations of the eminent Citizens Council and the media association, the issue was placed before the SANGAT at Gurdwara Sri Guru Singh Sabha. Mr. Gurcharan Singh Sangha and Mr. Kulmit Singh Sangha, in an impressive way introduced and shared the issue with the Sangat. With one voice they outright rejected all the dirty allegations being circulated through the poster against Mr. Gurbhalinder Singh Sandhu and his family. Further, they also felt serious concern about spreading of numerous rumours within our community, during the last two-three months. It has harmed many people in the community. Expressing his unbearable pain and shock, Mr. Sandhu announced an award worth $10,000:00 to help to catch hold of the culprits, at the earliest possible.

This kind of mudslinging can lead to a very grave situation in the community. No one would like the repetition of such ugly situations which have already disturbed, particularly, the community in several other cities in Canada. Hope we all can help to stop it. The Panjabi Media Association of Alberta feels grateful to the community at large to play a very commendable role to face and fight the grave problem raised by a mudslinging campaign against Gurbhalinder Singh Sandhu and his family.

(Dr.) P. R. Kalia, President
Panjabi Media Association of Alberta

# ਮੋਹਾਲੀ ਦੇ ਤਿੰਨ ਇਲਾਕਿਆਂ 'ਚੋਂ ਹਟਾਇਆ ਪੰਜਾਬ ਲੈਂਡ ਪ੍ਰਿਜਵੇਸ਼ਨ ਐਕਟ

## ਜੰਗਲ ਦੀ ਜ਼ਮੀਨ ਉਤੇ ਬਣਨਗੇ ਮਕਾਨ

ਚੰਡੀਗੜ੍ਹ :ਨ ਦ ਬ-ਪੰਜਾਬ ਸਰਕਾਰ ਨੇ ਮੋਹਾਲੀ ਦੇ ਤਿੰਨ ਵੱਡੇ ਖੇਤਰਾਂ ਵਿਚ ਲੱਗੇ ਜੰਗਲਾਤ ਵਿਭਾਗ ਦੇ ਪੰਜਾਬ ਲੈਂਡ ਪ੍ਰਿਜਵੇਸ਼ਨ ਐਕਟ (ਪੀ.ਐਲ.ਪੀ.ਏ) ਨੂੰ ਹਟਾ ਦਿੱਤਾ ਹੈ। ਇਨ੍ਹਾਂ ਵਿਚ ਨਾਡਾ ਕਰੋਰਾਂ ਅਤੇ ਪਰਛ ਪਿੰਡਾਂ ਦੇ ਖੇਤਰ ਸ਼ਾਮਲ ਹਨ। ਇਸ ਸਬੰਧ ਵਿਚ ਜੰਗਲਾਤ ਵਿਭਾਗ ਦੇ ਆਰ. ਨਈਯਰ ਨੇ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਹੈ। ਨੋਟੀਫ਼ਿਕੇਸ਼ਨ ਅਨੁਸਾਰ ਕਰੋਰਾਂ ਦੇ 442.11 ਹੈਕਟੇਅਰ ਤੋਂ ਪੀ.ਐਲ.ਪੀ.ਏ. ਹਟਾਇਆ ਗਿਆ ਹੈ। ਇਸ ਤਰ੍ਹਾਂ ਨਾਡਾ ਦੇ 265.59 ਹੈਕਟੇਅਰ ਅਤੇ ਪਰਛ ਦੇ 287.85 ਹੈਕਟਰ ਖੇਤਰ 'ਚੋਂ ਇਹ ਐਕਟ ਹਟਾਇਆ ਗਿਆ। ਹਾਲ ਹੀ ਵਿਚ ਮੁੱਖ ਸਕੱਤਰ ਐਸ ਸੀ ਅਗਰਵਾਲ ਨੇ ਬੈਠਕ ਵਿਚ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚ ਲੱਗੇ ਪੀ.ਐਲ.ਪੀ.ਏ. ਨੂੰ ਰਸਮੀ ਤੌਰ 'ਤੇ ਹਟਾਉਣ ਦਾ ਫ਼ੈਸਲਾ ਲਿਆ ਹੈ। ਕਿਹੜੇ ਖੇਤਰ ਵਿਚੋਂ ਇਹ ਐਕਟ ਹਟਾਇਆ ਜਾਵੇਗਾ, ਉਸ ਉਤੇ ਵਿਚਾਰਾਂ ਕਰਨੀਆਂ ਹਾਲੇ ਬਾਕੀ ਸਨ। ਇਸੇ ਕਾਰਨ ਉਸ ਵੇਲੇ ਨੋਟੀਫ਼ਿਕੇਸ਼ਨ ਜਾਰੀ ਨਹੀਂ ਕੀਤਾ ਗਿਆ। ਸ਼ੁਰੂਆਤੀ ਪੜਾਅ 'ਚ ਮੋਹਾਲੀ ਦੇ ਇਨ੍ਹਾਂ ਪਿੰਡਾਂ ਤੋਂ ਪੀ.ਐਲ.ਪੀ.ਏ. ਹਟਾ ਲਿਆ ਗਿਆ ਹੈ।

### ਰਿਹਾਇਸ਼ ਲਈ ਮਨਮਰਜ਼ੀ ਦੇ ਨਿਰਮਾਣ ਦੀ ਛੋਟ

ਨੋਟੀਫ਼ਿਕੇਸ਼ਨ ਅਨੁਸਾਰ ਇਨ੍ਹਾਂ ਖੇਤਰਾਂ ਵਿਚ ਹੁਣ ਖੇਤੀ ਯੋਗ ਤੇ ਰਿਹਾਇਸ਼ੀ ਏਰੀਆ ਵੀ ਸਥਾਪਤ ਕੀਤਾ ਜਾਵੇਗਾ। ਕੋਈ ਵੀ ਵਿਅਕਤੀ ਇਸ ਖੇਤਰ 'ਤੇ ਅਪਣੀ ਰਿਹਾਇਸ਼ ਲਈ ਮਨਰਜ਼ੀ ਨਾਲ ਨਿਰਮਾਣ ਕਰ ਸਕੇਗਾ। ਜਾਣਕਾਰੀ ਅਨੁਸਾਰ ਜ਼ਮੀਨ ਦੀ ਕਾਸ਼ਤ ਲਈ ਪਾਣੀ ਦਾ ਪ੍ਰਬੰਧ ਵੀ ਕਰ ਸਕਦੇ ਹਨ।

### ਮੁਨਾਫ਼ਾ ਕਿਸ ਨੂੰ

ਇਨ੍ਹਾਂ ਖੇਤਰਾਂ ਵਿਚੋਂ ਪੀ.ਐਲ.ਪੀ.ਏ. ਹਟਾਉਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਉਤੇ ਰਾਜਨੀਤਕ ਦਬਾਅ ਸੀ। ਇਸ ਪਿੱਛੇ ਮੁੱਖ ਤੌਰ 'ਤੇ ਸਬੰਧਤ ਇਲਾਕਿਆਂ ਦੇ .ਵੀ.ਆਈ.ਪੀ. ਅਤੇ ਵੱਖ-ਵੱਖ ਦਲਾਂ ਦੇ ਰਾਜ ਨੇਤਾਵਾਂ ਦੀ ਜ਼ਮੀਨ ਹੈ। ਇਨ੍ਹਾਂ ਅਧਿਕਾਰੀਆਂ ਅਤੇ ਰਾਜ ਨੇਤਾਵਾਂ ਨੇ ਸਸਤੇ ਭਾਅ 'ਤੇ ਜ਼ਮੀਨ ਖ਼ਰੀਦੀ ਹੋਈ ਸੀ ਪਰ ਪੀ.ਐਲ.ਪੀ.ਏ. ਨੇ ਉਨ੍ਹਾਂ ਦੇ ਹੱਥ ਬੰਨ੍ਹ ਰੱਖੇ ਸਨ ਜਿਸ ਨਾਲ ਸਬੰਧਤ ਜ਼ਮੀਨਾਂ 'ਤੇ ਕੋਈ ਗਤੀਵਿਧੀ ਨਹੀਂ ਹੋ ਸਕਦੀ ਸੀ


NEW WAY
Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph.: (780)-708-1436, Fax: (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ


Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070


RESIDENTIAL | COMMERCIAL | INVESTMENT PROPERTIES
Harinder Hundal
Sales Representative
M.Sc. Eco. M.B.A.
Cell: 647-818-6880
Bus: 905-672-1234
Fax: 905-672-0672
hpshundal@gmail.com
HomeLife/United Realty Inc. Brokerage
Independently Owned & Operated
50 Sunnyvale Gate, Unit # 7, Brampton, ON L6S 0C4
Higher Standards Agents... Higher Results


Mulaquat
PRODUCTIONS
TV Program Mulaqat
Aired on VISION TV (Channel 60)
3.00 p.m. to 3.30 p.m. (Every Saturday)
Charanjit Brar
Producer & Host
647-300-8436


SUZUKI
Way of Life!
FACTORY AUTHORIZED
2010 CLEARANCE EVENT
PRICE
PLUS YOUR CHOICE:
FREE GAS
Free
WARRANTY All Suzuki vehicles come with a 5-year, 100,000 kilometre powertrain limited warranty and 3-year unlimited kilometre roadside assistance.
2010 GRAND VITARA JX 4WD
· Automatic Transmission
· 4 Mode 4WD
· Keyless Entry and Start System
· Automatic Climate Control
· Cruise Control
· 6 Airbags
· Alloy Wheels, ABS with EBD
· Auxiliary jack
· 6 Speaker stereo
The Grand Vitara is priced to be competitive, it's comfortable, and it offers a high level of standard equipment and safety features.
ALL-IN-ONE-PRICE
$168*
0.9%
financing
OR
CLEARANCE CASH PRICE
$25,995
3.66%
STANDARD 4WD
Includes destination, delivery and fees
2010 SX4 HATCHBACK JX AWD
· Intelligent All Wheel Drive
· Cruise Control
· Leather wrapped steering wheel with remote audio controls
· Heated power mirrors
· Alloy wheels
· Roof rails
ALL-IN-ONE-PRICE
$131*
Bi-weekly payment plus tax
Includes destination, delivery and fees
Most fuel efficient compact AWD in Canada
Quick and sporty character that makes it really fun to drive.
$0 DOWN PAYMENT
0.9%
financing for 84 months*
2010 SX4 SEDAN OR HATCHBACK FWD
· Air conditioning
· Power Package
· 2.0L DOHC engine with variable valve timing
· AM/FM/CD/MP3 player
· Auxiliary input jack
· ABS with EBD
· 6 Airbags
ALL-IN-ONE-PRICE
$99*
Bi-weekly payment plus tax
Includes destination, delivery and fees
You get a lot more than you expect for a lot less than you expect.
$0 DOWN PAYMENT
0.9%
financing for 84 months*
WINNER: "BEST IN CLASS MID-SIZE SEDAN"
Kizashi
THE POWER OF CONTROL
Tuned in Europe. Made in Japan.
Introducing the new Suzuki Kizashi, winner of the Auto123.com Best in Class mid-size sedan comparison road test.
2011 Kizashi iAWD
Test Drive One Today
2.9% 60
"BEST IN CLASS"
WWW.WESTENDSUZUKI.COM
SPECIAL TOLL FREE
1-888-702-8363
17431-102 AVENUE
SHOP 24/7 @
BBB ACCREDITED BUSINESS
MILLWOODS SUZUKI.COM
SPECIAL TOLL FREE
1-866-897-4500
ON THE AUTO ROW 3403-93 ST.



# Supreme Pizza
## Punjabi Pizza

Menisa Plaza (on Millwood Road) 1079 Knottwood Road East NW Edmonton

**(780) 485-1213 or (780) 485-1231**

**Chicken Wings Hot, Honey Garlic**

1 Large Pizza with 4 Toppings, 2 Can Coke & 24 Wings

**Paneer Pizza**
Paneer, Red Onion, Green Peppers, Mushrooms, Tomatoes.

**Vegetarian**
Olives, Mushrooms, Pineapple, Tomatoes Green Peppers, Red Onions,

**Supreme Special**
Ham, pepperoni, Salami, Mushrooms, Pineapple, Tomatoes, Olive, Red Onion, Green Peppers

**Chicken Special**
Tandoori Chicken, Red Onions, Green peppers, Mushrooms, Tomatoes

**The Pasta Niche**
Baked Lasagna with Meat Sauce and Veggi Sauce

Delivery Charges Will Apply to All Areas

## ਸੁਪਰੀਮ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

ਪੰਜਾਬੀ ਸਟਾਈਲ ਪੀਜ਼ਾ



**Delivery Hours**
Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

**Try Us Tonight For Best Deal In Town**
**3 For 1**
Any 3 Toppings
12" Medium - 14" Large

**Buy 1 Get 1 Free**

**List of Toppings**
Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

For Delivery: Please Call 1/2 Hour before we close! Its faster if you call 780 485 1213.

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ ਸਵਾਦੀ ਪੀਜ਼ਾ ਖਾਣ ਲਈ ਇਕੋ-ਇਕ ਨਾ **ਸੁਪਰੀਮ ਪੀਜ਼ਾ** ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

2 Large Fully Loaded Pizza for $25. 1 Large Pizza 5 Toppings for $14.

2 Medium Pizza Fully Loaded for $22. 1 Medium Pizza 5 Toppings for $13.

**Call at: 780 485 1213**



# BRIDGEPORT
HOMES LTD.

**WE ASSURE BEATING MARKET PRICE**

**$ 539,999 for 2 story, 2800 sq. ft. in Wildwood Crescent (with all upgrades).**





**Lots available for bi-Level homes in Silverberry Area**

**For more information call: Dolly Chauhan @ 780-935-7718**